TAJ INSURANCE SERVICES
*Local or Long Haul Trucking (48 States) *Personal or Commercial Lines *Standard or Non Satandard Market *Auto and Home package Available

To beat your rates, Visit or Call
Gurdawar S. Mann Or Pal Rai
4 Union Square, Union city, CA 94587
Ph:(510) 487-1000, Fax (510)740-3451
Gurdawar S. Mann
Lic#0F34231
Note:Also Income Tax filing Available

Hardeep S.Rai Attorney-at-Law
ਇੰਮੀਗਰੇਸ਼ਨ ਵਕੀਲ
□ਨੌਂਵੀਂ ਸਰਕਟ ਕੋਰਟ □ਬੋਰਡ ਆਫ ਇਮਿਗ੍ਰੇਸ਼ਨ ਅਪੀਲਾਂ
□ਇਮੀਗ੍ਰੇਸ਼ਨ ਕੋਰਟ ਦੇ ਕੇਸ □ਫੈਮਿਲੀ ਪਟੀਸ਼ਨਾਂ □ਲੇਬਰ ਦੇ ਕੇਸ
SAN FRANCISCO
TEL: 415.693.9131
FAX: 415.693.9135
rai@hsrai.com
www.hsrai.com
SAN JOSE
TEL: 408.280.1111
FAX: 408.280.1212

ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ

Kuldip Singh Dhariwal
Attorney At Law
Tel: (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Eleventh Year in Publication
ਕੈਲੇਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 11, Issue 33, August 14, 2010 20451 N Plum Grove Rd. Palatine, IL 60074 Ph:847-359-0746, Fax:847-705-9388

## ਤੇਜਸਵਨੀ ਨੇ ਵਿਸ਼ਵ ਚੈਂਪੀਅਨਸ਼ਿਪ ‘ਚ ਸੋਨ ਤਮਗਾ ਫੁੰਡਿਆ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਤੇਜਸਵਨੀ ਸਾਵੰਤ ਨੇ ਵਿਸ਼ਵ ਨਿਸ਼ਾਨੇਬਾਜ਼ੀ ਚੈਂਪੀਅਨਸ਼ਿਪ ਵਿਚ ਸੋਨ ਤਮਗ਼ਾ ਜਿੱਤ ਕੇ ਨਵਾਂ ਇਤਿਹਾਸ ਸਿਰਜਿਆ ਹੈ। ਤੇਜਸਵਨੀ ਨੇ ਜਰਮਨੀ ਦੇ ਸ਼ਹਿਰ ਮਿਊਨਿਖ਼ ‘ਚ ਚੱਲ ਰਹੀ ਵਿਸ਼ਵ ਚੈਂਪੀਅਨਸ਼ਿਪ ਦੀ 50 ਮੀਟਰ ਰਾਈਫ਼ਲ ਪ੍ਰੋਨ ਮੁਕਾਬਲੇ ਵਿਚ ਸੰਸਾਰ ਰਿਕਾਰਡ ਦੀ ਬਰਾਬਰੀ ਕਰਦਿਆਂ ਸੋਨੇ ਦਾ ਤਮਗ਼ਾ ਜਿੱਤਿਆ ਤੇ ਵਿਸ਼ਵ ਚੈਂਪੀਅਨਸ਼ਿਪ ਵਿਚ ਇਹ ਰੁਤਬਾ ਹਾਸਲ ਕਰਨ ਵਾਲੀ ਭਾਰਤ ਦੀ ਪਹਿਲੀ ਮਹਿਲਾ ਬਣ ਗਈ। ਸਾਵੰਤ ਨੇ 597 (100,100,100, 99,99, 99,) ਅੰਕ ਦੇ ਸਕੋਰ ਨਾਲ ਰੂਸ ਦੀ ਮਰੀਨਾ ਬਾਬਕੋਵਾ ਵਲੋਂ 1998 ਵਿਚ ਬਣਾਏ ਗਏ ਰਿਕਾਰਡ ਦੀ ਬਰਾਬਰੀ

(ਬਾਕੀ ਸਫਾ 12 ’ਤੇ)



*ਤੇਜਸਵਨੀ ਦਿੱਲੀ ਵਿਚ ਖੇਡ ਮੰਤਰੀ ਮਨਮੋਹਨ ਸਿੰਘ ਗਿੱਲ ਅਤੇ ਆਪਣੇ ਕੋਚ ਨਾਲ*

## ਲੇਹ ਵਿਚ ਬੱਦਲ ਫਟਣ ਨਾਲ ਭਿਆਨਕ ਤਬਾਹੀ

### *28 ਜਵਾਨਾਂ ਸਣੇ 500 ਲੋਕ ਲਾਪਤਾ, 166 ਲਾਸ਼ਾਂ ਮਿਲੀਆਂ*

**ਲੇਹ:** ਬੀਤੀ 5-6 ਅਗਸਤ ਦੀ ਦਰਮਿਆਨੀ ਰਾਤ ਨੂੰ ਬੱਦਲ ਫਟਣ ਤੋਂ ਬਾਅਦ ਮੱਚੀ ਤਬਾਹੀ ਦੀ ਭਿਆਨਕਤਾ ਦਾ ਮੰਜ਼ਰ ਅੱਜ ਵੀ ਵੇਖਿਆ ਜਾ ਸਕਦਾ ਹੈ। ਹਾਲੇ ਤੱਕ ਵੀ 500 ਦੇ ਕਰੀਬ ਲੋਕਾਂ ਦਾ ਪਤਾ ਨਹੀਂ ਲਗਾ। ਜ਼ਿੰਦਗੀ ਦੀ ਉਮੀਦ ‘ਚ ਮਲਬਿਆਂ ਦੀ ਤਲਾਸ਼ ਜਾਰੀ ਹੈ, ਪਰ ਮਲਬਿਆਂ ‘ਚ ਸਿਰਫ਼ ਲਾਸ਼ਾਂ ਹੀ ਨਿਕਲ ਰਹੀਆਂ ਹਨ। ਹੁਣ ਤੱਕ 166 ਲਾਸ਼ਾਂ ਮਿਲ ਚੁੱਕੀਆਂ ਹਨ। 400 ਦੇ ਕਰੀਬ ਲੋਕਾਂ ਦੇ ਮਾਰੇ ਜਾਣ ਦਾ ਖਦਸ਼ਾ ਹੈ। ਅਣਗਿਣਤ ਲੋਕ ਗਾਰੇ ਹੇਠ 15 ਤੋਂ 20 ਫੁੱਟ ਡੂੰਘੇ ਦੱਬੇ ਗਏ ਹਨ, ਜਿਨ੍ਹਾਂ ਨੂੰ ਲੱਭਣਾ ਮੁਸ਼ਕਿਲ ਹੈ।

ਯਾਦ ਰਹੇ ਲਦਾਖ ‘ਚ ਬੀਤੀ 6 ਅਗਸਤ ਨੂੰ ਬੱਦਲ ਫਟਣ ਤੋਂ ਬਾਅਦ ਆਏ ਹੜ੍ਹ ਕਾਰਨ ਇੱਕ ਜੂਨੀਅਰ ਕਮਿਸ਼ੰਡ ਅਫ਼ਸਰ (ਜੇ ਸੀ ਓ) ਸਮੇਤ ਫੌਜ ਦੇ 28 ਜਵਾਨਾਂ ਸਮੇਤ 500 ਲੋਕਾਂ ਦਾ ਅਜੇ ਤੱਕ ਕੁਝ ਵੀ ਪਤਾ ਨਹੀਂ ਲੱਗ ਰਿਹਾ। ਖਦਸ਼ਾ ਪ੍ਰਗਟਾਇਆ ਜਾ ਰਿਹਾ ਹੈ ਕਿ ਸਿਆਚਿਨ ਗਲੇਸ਼ੀਅਰ ਦੇ ਨੇੜੇ ਮੌਜੂਦ ਕੰਟਰੋਲ ਰੇਖਾ ਕੋਲ ਤੈਨਾਤ ਇਨ੍ਹਾਂ ਜਵਾਨਾਂ ‘ਚੋਂ ਕੁਝ ਪਾਕਿ ਦੇ ਕਬਜ਼ੇ ਵਾਲੇ ਕਸ਼ਮੀਰ ‘ਚ ਰੁੜ ਗਏ ਹਨ। ਇਸ ਸਬੰਧ ‘ਚ ਫੌਜ ਨੇ ਸਰਹੱਦ ਪਾਰੋਂ ਪਾਕਿਸਤਾਨੀ ਫੌਜ ਤੋਂ ਮਦਦ ਮੰਗੀ ਹੈ। ਜ਼ਿਕਰਯੋਗ ਹੈ ਕਿ 2 ਜਵਾਨਾਂ ਦੀਆਂ ਲਾਸ਼ਾਂ ਬੀਤੀ 9 ਅਗਸਤ ਨੂੰ ਸਥਾਨਕ ਸ਼ਯੋਕ ਨਦੀ ਦੇ ਤੱਟ ਤੋਂ ਮਿਲ ਗਈਆਂ ਸਨ। ਹੁਣ ਤੱਕ ਗਿਆਰਾਂ ਜਵਾਨਾਂ ਦੀਆਂ ਲਾਸ਼ਾਂ ਮਿਲ ਚੁੱਕੀਆਂ ਹਨ।

ਫੌਜ ਦੇ ਇਕ ਸੀਨੀਅਰ ਅਫਸਰ ਨੇ ਦੱਸਿਆ ਕਿ ਤਤੁਰਕ ਕੋਲ ਇੱਕ ਚੌਕੀ ‘ਤੇ ਤੈਨਾਤ 15 ਬਿਹਾਰ ਇਨਫੈਂਟਰੀ ਰੈਜੀਮੈਂਟ ਦੇ ਇਨ੍ਹਾਂ ਜਵਾਨਾਂ ਦਾ ਸ਼ੁੱਕਰਵਾਰ ਤੋਂ ਕੋਈ ਅਤਾ-ਪਤਾ ਨਹੀਂ ਹੈ। ਦੱਸਣਾ ਬਣਦਾ ਹੈ ਕਿ ਲੇਹ ‘ਚ ਬੱਦਲ ਫਟਣ ਦੀ ਘਟਨਾ ਤੋਂ ਬਾਅਦ ਇਸ ਚੌਕੀ ‘ਤੇ ਇੱਕ ਪਹਾੜੀ ਖਿੱਸਕ ਕੇ ਡਿੱਗ ਪਈ ਸੀ ਤੇ ਖਦਸ਼ਾ ਪ੍ਰਗਟਾਇਆ ਜਾ ਰਿਹਾ ਹੈ ਕਿ ਇਹ ਜਵਾਨ ਪਹਾੜੀ ਦੇ ਮਲਬੇ ਹੇਠ ਦਬੇ ਹੋਏ ਹਨ। ਲਾਪਤਾ ਜਵਾਨਾਂ ਦੀ ਭਾਲ ਲਈ ਭਾਰਤੀ ਫੌਜ ਨੇ ਪਾਕਿਸਤਾਨ ਤੋਂ ਮਦਦ ਮੰਗੀ ਹੈ। ਹਾਲਾਂਕਿ ਇਸ ਬਾਰੇ ਦੋਵੇਂ ਦੇਸ਼ਾਂ

(ਬਾਕੀ ਸਫਾ 6 ’ਤੇ)

## ਭਾਰਤੀ ਹਾਕੀ ਦਾ ਸੰਕਟ ਗਹਿਰਾਇਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਭਾਰਤੀ ਹਾਕੀ ਬਾਰੇ ਪੈਦਾ ਹੋਇਆ ਵਿਵਾਦ ਦਿਨੋਂ ਦਿਨ ਗੁੰਝਲਦਾਰ ਹੁੰਦਾ ਜਾ ਰਿਹਾ ਹੈ। ਭਾਰਤ ਸਰਕਾਰ ਨੇ ਹਾਕੀ ਇੰਡੀਆ ਦੀ ਮਾਨਤਾ ਰੱਦ ਕਰਕੇ ਕੇ.ਪੀ.ਐਸ. ਗਿੱਲ ਦੀ ਅਗਵਾਈ ਵਾਲੇ ਭਾਰਤੀ ਹਾਕੀ ਫੈਡਰੇਸ਼ਨ (ਆਈ.ਐਚ.ਐਫ.) ਨੂੰ ਕੌਮਾਂਤਰੀ ਹਾਕੀ ਫੈਡਰੇਸ਼ਨ (ਐਫ.ਆਈ.ਐਚ.) ਤੋਂ ਮਾਨਤਾ ਦਿਵਾਉਣ ਦੀ ਕੋਸ਼ਿਸ਼ ਕੀਤੀ ਸੀ ਪਰ ਉਸ ਨੂੰ ਬੂਰ ਨਹੀਂ ਪਿਆ। ਹੁਣ ਸਥਿਤੀ ਅਜੀਬ ਕਿਸਮ ਦੀ ਬਣ ਗਈ ਹੈ ਕਿਉਂਕਿ ਸਰਕਾਰ ਨੇ ਹਾਕੀ ਇੰਡੀਆ ਦੀ ਮਾਨਤਾ ਰੱਦ ਕਰਕੇ ਆਈ.ਐਚ.ਐਫ. ਦੀ ਮਾਨਤਾ ਬਹਾਲ ਕਰ ਦਿੱਤੀ

(ਬਾਕੀ ਸਫਾ 12 ’ਤੇ)

## ਪੰਜਾਬ ਪੁਲਿਸ ਦਾ ਵਹਿਸ਼ੀ ਚਿਹਰਾ ਬੇਨਕਾਬ


**ਚੰਡੀਗੜ੍ਹ:** ਪੰਜਾਬ ‘ਚ ਮਨੁੱਖੀ ਹੱਕਾਂ ਲਈ ਕੰਮ ਕਰ ਰਹੀਆਂ ਤਿੰਨ ਅਹਿਮ ਜਥੇਬੰਦੀਆਂ ਨੇ ਖਾੜਕੂਵਾਦ ਦੇ ਦੌਰ ‘ਚ ਪੁਲਿਸ ਵਲੋਂ ਝੂਠੇ ਪੁਲਿਸ ਮੁਕਾਬਲਿਆਂ ‘ਚ ਮਾਰੇ ਗਏ ਨੌਜਾਵਾਨਾਂ ਦੀ ਨਵੀਂ ਸੂਚੀ ਜਾਰੀ ਕਰਕੇ ਇੱਕ ਵਾਰ ਫਿਰ ਪੰਜਾਬ ਪੁਲਿਸ ਦਾ ਜਾਲਮ ਚਿਹਰਾ ਬੇਨਕਾਬ ਕੀਤਾ ਹੈ।

ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਤੇ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਨੇ 231 ਹੋਰ ਅਜਿਹੇ ਲੋਕਾਂ ਦੇ ਨਾਂਵਾਂ ਦਾ ਖੁਲਾਸਾ ਕੀਤਾ ਹੈ ਜਿਨ੍ਹਾਂ ਨੂੰ ਦਹਾਕੇ ਪਹਿਲਾਂ ਪੁਲਿਸ ਨੇ ਚੁੱਕ ਲਿਆ ਸੀ ਪਰ ਉਹ ਘਰ ਨਹੀਂ ਪਰਤੇ। ਇਹ ਵਿਅਕਤੀ ਸੰਗਰੂਰ, ਪਟਿਆਲਾ, ਗੁਰਦਾਸਪੁਰ, ਫਿਰੋਜ਼ਪੁਰ ਤੇ ਜਲੰਧਰ ਜ਼ਿਲ੍ਹਿਆਂ ਦੇ ਹਨ। ਪੁਲਿਸ ਵਲੋਂ ਇਹ ਝੂਠੇ ਮੁਕਾਬਲੇ 1991 ਤੋਂ 1995 ਵਿਚਾਲੇ ਕੀਤੇ ਗਏ ਹਨ। ਖਾਲੜਾ ਮਿਸ਼ਨ ਨੇ ਇਸ ਤੋ ਪਹਿਲਾਂ 2097 ਲਵਾਰਿਸ ਲਾਸ਼ਾਂ ਦਾ ਸਨਸਨੀਖੇਜ ਮਾਮਲਾ ਸਾਹਮਣੇ ਲਿਆਂਦਾ ਸੀ ਪਰ ਇਨ੍ਹਾਂ ਵਿਚੋਂ ਅਜੇ

### ਖਾੜਕੂਵਾਦ ਦੌਰਾਨ ਗਾਇਬ ਕੀਤੇ 231 ਨੌਜਵਾਨਾਂ ਦੀ ਨਵੀਂ ਸੂਚੀ ਜਾਰੀ

ਤੱਕ ਵੀ 643 ਅਣਪਛਾਤੀਆਂ ਲਾਸ਼ਾਂ ਦੇ ਮਾਮਲੇ ‘ਚ ਲੋਕਾਂ ਨੂੰ ਇਨਸਾਫ਼ ਨਹੀਂ ਮਿਲਿਆ। ਜਸਟਿਸ ਅਜੀਤ ਸਿੰਘ ਬੈਂਸ, ਇੰਦਰਜੀਤ ਸਿੰਘ ਜੇਜੀ, ਹਰਮਨਦੀਪ ਸਿੰਘ, ਗੁਰਤੇਜ ਸਿੰਘ, ਬਲਜੀਤ ਕੌਰ, ਡਾ. ਗੁਰਦਰਸ਼ਨ ਸਿੰਘ, ਐਡਵੋਕੇਟ ਅਮਰ ਸਿੰਘ, ਦਲਬੀਰ ਸਿੰਘ, ਕ੍ਰਿਪਾਲ ਸਿੰਘ ਰੰਧਾਵਾ, ਸਤਵਿੰਦਰ ਸਿੰਘ ਤੇ ਵਿਰਸਾ ਸਿੰਘ ਬਹਿਲਾ ਆਦਿ ਆਗੂਆਂ ਨੇ ਕਿਹਾ ਕਿ ਉਹ ਪੰਜਾਬ ਪੁਲਿਸ ਵਲੋਂ ਚੁੱਕੇ ਤੇ ਝੂਠੇ ਮੁਕਾਬਲਿਆਂ ਵਿਚ ਮਾਰੇ ਇਨ੍ਹਾਂ 231 ਪੰਜਾਬੀਆਂ ਦੀ ਸੂਚੀ ਰਾਹੀਂ ਪੰਜਾਬ ਪੁਲਿਸ ਦਾ ਕੱਚਾ ਚਿੱਠਾ ਲੋਕਾਂ ਦੇ ਸਾਹਮਣੇ ਲਿਆਏ ਹਨ। ਇਨ੍ਹਾਂ ਵਿਚੋਂ ਕਈ ਤਾਂ ਇਹੋ ਜਿਹੇ ਬੰਦੇ ਵੀ ਪੁਲਿਸ ਨੇ ਝੂਠੇ ਮੁਕਾਬਲਿਆਂ ਵਿਚ ਮਾਰ ਦਿੱਤੇ ਜਾਂ ਗਾਇਬ ਕਰ ਦਿੱਤੇ ਜੋ ਇਲਾਕੇ ਦੇ ਵਿਧਾਇਕ ਜਾਂ ਸਰਪੰਚ ਵਲੋਂ ਪੁਲਿਸ ਨੂੰ ਸੌਂਪੇ ਗਏ ਸਨ ਜਾਂ ਨਿਆਇਕ ਹਿਰਾਸਤ ਵਿਚ ਸਨ। ਇੰਦਰਜੀਤ ਸਿੰਘ ਜੇਜੀ ਨੇ ਕਿਹਾ ਕਿ ਉਨ੍ਹਾਂ ਨੇ 8 ਜੁਲਾਈ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ

(ਬਾਕੀ ਸਫਾ 8 ’ਤੇ)

ਇੰਡੀਆ ਕਾਲ ਕਰੋ
$100
125 ਘੰਟੇ

ਬਿਨਾ ਪਿਨ ਤੋਂ ਗੱਲ ਕਰੋ
ਵਧੀਆ ਸਾਫ ਆਵਾਜ਼
Great Rates For UK, Canada & other countries
ਰੇਟ ਲੋਕਲ ਨੰਬਰ ‘ਤੇ ਆਧਾਰਤ ਹਨ
ਹੋਰ ਜਾਣਕਾਰੀ ਲਈ ਕਾਲ ਕਰੋ
1-800-914-1013
WWW.1EZPIN.COM

ਮਠਿਆਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & INDIAN CUISINE
LUNCH BUFFET - DINNER - TAKE OUT - CATERING - BANQUETS
TOLL FREE 1-866-FOR RAJA
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ-ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਤੱਕ ਬੰਦਿਆਂ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਨ।
ਅਸੀਂ ਕੈਲੀਫੋਰਨੀਆ ਵਿਚ ਕੁਆਲਟੀ ਮਠਿਆਈਆਂ ਅਤੇ ਕੇਟਰਿੰਗ ਦੀਆਂ ਕੀਮਤਾਂ ਨੂੰ ਮਾਤ ਪਾਉਂਦੇ ਹਾਂ।
Wholesale and Retail
Raja Indian Cuisine & Bar
Ph: 510-264-9300
1275 W Winton Ave
Hayward, CA 94545
Ph: 510-489-9100
Fax:510-489-9111
31853 Alvrado Blvd
Union City, CA 94587
ਧਾਰਮਿਕ ਸਮਾਗਮਾਂ ਲਈ ਸਪੈਸ਼ਲ ਰੇਟ।
Call Makhan Bains or Ravinder Singh for your next party
Or visit us: www.rajasweets.com

Law Offices Of Manpreet S. Gahra

*ਇਮੀਗਰੇਸ਼ਨ ਸੇਵਾਵਾਂ
*ਫੈਮਿਲੀ ਲਾਅ
*ਬਿਜਨਸ ਲਾਅ
Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582
Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com



ਬੇਕਰਜ਼ਫੀਲਡ ਵਿਚ ਗੁਰਦਾਸ ਮਾਨ ਦੇ ਸ਼ੋਅ ਨੂੰ ਭਰਵਾਂ ਹੁੰਗਾਰਾ, ਰਿਪੋਰਟ ਅਗਲੇ ਹਫਤੇ




*To Advertise with Punjab Times Call: 847-359-0746*
*Visit us on the web: wwwpunjabtimesusa.com*

## ਗੁਰਦੁਆਰਾ ਟਾਇਰਾ ਬਿਊਨਾ ਵਿਚ ਪੰਜਾਬੀ ਕਲਾਸਾਂ 29 ਤੋਂ

**ਯੂਬਾ ਸਿਟੀ:** ਸਥਾਨਕ ਗੁਰਦੁਆਰਾ ਟਾਇਰਾ ਬਿਊਨਾ ਦੇ ਖਾਲਸਾ ਸਕੂਲ ਦੀਆਂ ਪੰਜਾਬੀ ਕਲਾਸਾਂ 29 ਅਗਸਤ ਤੋਂ ਅਰੰਭ ਹੋ ਰਹੀਆਂ ਹਨ ਅਤੇ ਇਹ ਹਰ ਐਤਵਾਰ ਸਵੇਰੇ 10 ਵਜੇ ਤੋਂ 12 ਵਜੇ ਤੱਕ ਹੋਣਗੀਆਂ। ਇਨ੍ਹਾਂ ਕਲਾਸਾਂ ਲਈ ਢਾਈ ਸੌ ਦੇ ਕਰੀਬ ਬੱਚੇ ਰਜਿਸਟਰ ਹੋ ਚੁਕੇ ਹਨ।

ਇਹ ਜਾਣਕਾਰੀ ਦਿੰਦਿਆਂ ਸ੍ਰੀ ਮੇਵਾ ਸਿੰਘ ਬੈਂਸ ਨੇ ਦੱਸਿਆ ਕਿ ਰਜਿਸਟਰੇਸ਼ਨ ਅਗਲੇ ਦੋ ਹਫਤੇ ਹਰ ਐਤਵਾਰ ਗੁਰੂ ਘਰ ਦੇ ਲੰਗਰ ਹਾਲ ਵਿਚ ਸਵੇਰੇ 10 ਤੋਂ 2 ਵਜੇ ਤੱਕ ਖੁੱਲ੍ਹੀ ਰਹੇਗੀ। ਗੁਰਦੁਆਰਾ ਪ੍ਰਬੰਧਕਾਂ ਵਲੋਂ ਵਾਲੰਟੀਅਰ ਅਧਿਆਪਕਾਂ ਅਤੇ ਸਹਾਇਕ ਅਧਿਆਪਕਾਂ ਨੂੰ ਵੀ ਆਪਣੇ ਨਾਂ ਦੇਣ ਦੀ ਬੇਨਤੀ ਕੀਤੀ ਗਈ ਹੈ। ਖਾਲਸਾ ਸਕੂਲ ਵਿਚ ਬੱਚਿਆਂ ਲਈ ਤਬਲੇ ਅਤੇ ਕੀਰਤਨ ਦੀਆਂ ਕਲਾਸਾਂ ਵੀ ਲਾਈਆਂ ਜਾਣਗੀਆਂ। ਹੋਰ ਜਾਣਕਾਰੀ ਸ. ਕੁਲਵੰਤ ਸਿੰਘ ਜੌਹਲ (ਫੋਨ:530-671-3922) ਤੋਂ ਹਾਸਲ ਕੀਤੀ ਜਾ ਸਕਦੀ ਹੈ।






* ਵਿਆਹ ਸ਼ਾਦੀਆਂ
* ਜਨਮ ਦਿਨ
* ਮੰਗਣੀ
* ਗਰੈਜੂਏਸ਼ਨ ਪਾਰਟੀ
* ਖੁਸ਼ੀ ਦੇ ਹੋਰ ਮੌਕੇ
* ਢੋਲੀ
* ਡਾਂਸਰ
* ਲਾਈਟਾਂ

» Explicit Dholis
» Dancers
» Intelligent Lighting

PUNJABI | HINDI | HIP HOP | RAP

**desi soundz**
HOTTEST DJ IN BAY AREA
DJ Kamal 408.413.8350
DJ Kirna 510.648.4354
desi_soundz408@yahoo.com



**LONGMAN Photo Studio**
HD Videography & Digital Photography



We use "FULL HD 1080" to deliver Blu-Ray or Standard DVD
Magazine style Album & CD of Pictures
All Occasions

Call
916-712-8485
916-256-8888
510-200-3976
Email: info@longmanstudios.com



**Are Worries Keeping You Awake?**
*Watch Your Business AnyTime Any Place.*

**Attention Business Owners!!**

Are You Worried About Your Business When You`re Not There?

Watch your business from anywhere on
iPhone
with our new technology

QuikStop Shell am pm Holiday Inn Denny's Arby's 76 7 ELEVEN

ਆਪਣੇ ਘਰ ਜਾਂ ਬਿਜਨਸ 'ਤੇ ਸਿਕਿਊਰਟੀ ਸਿਸਟਮ ਲਵਾਓ ਅਤੇ ਨਿਸ਼ਚਿੰਤ ਹੋ ਜਾਓ

Financing & Lease Options For 12, 24, 36 Months Available.

ਵਾਜਬ ਕੀਮਤ ਸਹੀ ਕੰਮ

**DVR UNLIMITED**
Call:1-800-780-0032 www.dvrunlimited.com



**M.K. Nijjar DDS**
**Ruchi Nijjar DDS**

*Laser Dentistry*
*No shots, No Drill, No Pain.*
*Family Dentistry*
*Cosmetic Dentistry*

*Esthetic Crowns, Bridges & Dentures Teeth Whitening * Oral Surgery Root Canal Treatments*
*Treatments & Prevention of Gum Diseases New Patients & Children Welcome*

**510-794-7058**
WWW.DRNIJJAR.COM

*(Across From Washigton Hospital & Bart)*
*1895 Mowry Ave. Ste 104 Fremont*



**G.M. Lawrence Insurance Brokerage ਅਤੇ Valley Truck Services**

**ਟਰੱਕ ਇੰਸ਼ੋਰੈਂਸ ਸੇਵਾਵਾਂ**
- 28 Years of Experience in Truck Insurance Industry
- Appointed by 24 Top Rated US Insurance Companies
- All type of Trucking Coverage for Trucks, Container and Cargo
- Flexible Down Payment and Monthly Payment Options
- Quick Certificates & Excellent Services Guaranted!

**ਸਾਡੀਆਂ ਟਰੱਕਿੰਗ ਸੇਵਾਵਾਂ**
- California DMV Services
  - » New License Plates & Renewals
- Interstate & Intrastate Permits
  - » DOT #, MC #, CA #
  - » IFTA, UCR, MCP
  - » NM, KY, NY, OR Permits
  - » Highway Use Tax(2290)
- Truck Financing
- Corporation Setup
- Document Typing



ਸਾਨੂੰ ਅੱਜ ਹੀ ਕਾਲ ਕਰੋ

ਟਰੱਕ ਇੰਸ਼ੋਰੈਂਸ ਵਾਸਤੇ
Daljit Singh Khehra,
License No: 0522491
Tel: 209-474-2771
Fax: 209-474-0215
Daljit@gmlawernceins.com

ਟਰਕਿੰਗ ਸੇਵਾਵਾਂ ਵਾਸਤੇ
Rajwinder Khehra and Daljit Kaur
Tel: 209-390-8800
Fax: 209-594-1380
Raj@valleytruckservices.com
www.valleytruckservices.com

ਟਰੱਕ ਇੰਸ਼ੋਰੈਂਸ ਵਿਚ ਸਾਡਾ 28 ਸਾਲ ਦਾ ਤਜਰਬਾ

ਟਰੱਕਿੰਗ ਬਿਜਨਸ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਇਕੋ ਜਗ੍ਹਾ 'ਤੇ
Ph:(209) 474-2771, (888) 474-2771
7746 Lorraine Aenue #214, Stockton, CA 95210

ਟਰੱਕਿੰਗ ਬਿਜਨਸ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਇਕੋ ਜਗ੍ਹਾ 'ਤੇ

## ਫਰਿਜ਼ਨੋ 'ਚ ਗਦਰੀ ਬਾਬਿਆਂ ਦਾ ਮੇਲਾ 29 ਨੂੰ

**ਫਰਿਜ਼ਨੋ:** ਇੰਡੋ-ਯੂ-ਐਸ ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ ਵੱਲੋਂ 29 ਅਗਸਤ ਨੂੰ ਕਰਵਾਏ ਜਾ ਰਹੇ ਗਦਰੀ ਬਾਬਿਆਂ ਦੇ ਮੇਲੇ ਵਿਚ ਇਸ ਵਾਰ ਵਿਸ਼ੇਸ਼ ਤੌਰ 'ਤੇ ਇੰਡੀਆ ਤੋਂ ਪੰਜਾਬੀ ਟ੍ਰਿਬਿਊਨ ਦੇ ਸਾਬਕਾ ਐਡੀਟਰ ਅਤੇ 'ਜੀ-ਪੰਜਾਬ ਸਾਡਾ ਚੈਨਲ' ਟੀ.ਵੀ. ਦੇ ਸੀ ਈ ਓ ਸਿੱਧੂ ਦਮਦਮੀ ਪਹੁੰਚ ਰਹੇ ਹਨ। ਉਹ ਇਸ ਮੇਲੇ ਦੇ ਮੁੱਖ ਮਹਿਮਾਨ ਤੇ ਬੁਲਾਰੇ ਹੋਣਗੇ।



ਸਿੱਧੂ ਦਮਦਮੀ

ਅਮਰੀਕਾ ਵਿਚ ਬਹੁਤ ਥੋੜ੍ਹੇ ਸਮੇਂ ਵਿਚ ਇਕ ਮਿਆਰੀ ਟੀ.ਵੀ. ਚੈਨਲ ਵਜੋਂ ਸਥਾਪਤ ਹੋ ਗਏ 'ਜੀ-ਪੰਜਾਬ ਸਾਡਾ ਚੈਨਲ' ਟੀ.ਵੀ. ਦੇ 'ਸਿੱਧੂ ਸ਼ੋਅ' ਦੇ ਐਂਕਰ ਨੂੰ ਮਿਲਣ ਤੇ ਉਨ੍ਹਾਂ ਦੇ ਵਿਚਾਰ ਸੁਣਨ ਲਈ ਪੰਜਾਬੀ ਭਾਈਚਾਰੇ ਵਿਚ ਚੋਖਾ ਉਤਸ਼ਾਹ ਹੈ। ਤਰਕਸ਼ੀਲ ਸੁਸਾਇਟੀ ਪੰਜਾਬ ਦੀ ਸਰਗਰਮ ਮੈਂਬਰ ਸ੍ਰੀਮਤੀ ਸੁਰਿੰਦਰ ਗੋਂਦਾਰਾ ਵਹਿਮਾਂ-ਭਰਮਾਂ ਤੇ ਅੰਧ ਵਿਸ਼ਵਾਸ ਵਿਸ਼ੇ 'ਤੇ ਆਪਣੇ ਵਿਚਾਰ ਰੱਖਣਗੇ। ਧਰਮਵੀਰ ਥਾਂਦੀ, ਬੱਬੂ ਗੁਰਪਾਲ, ਰਾਜ ਬਰਾੜ ਤੇ ਪ੍ਰੀਤਮ ਸੋਹੀ ਆਪਣੇ ਮਿਆਰੀ ਗੀਤ ਲੈ ਕੇ ਹਾਜ਼ਰ ਹੋਣਗੇ। ਇਸ ਤੋਂ ਇਲਾਵਾ ਕੋਰੀਓਗ੍ਰਾਫੀ, ਸਕਿੱਟ, ਬਾਬਿਆਂ ਦਾ ਗਿੱਧਾ ਤੇ ਬੱਚਿਆਂ ਦੀਆਂ ਦਿਲਕਸ਼ ਆਈਟਮਾਂ ਹੋਣਗੀਆਂ। ਫੋਟੋ ਪ੍ਰਦਰਸ਼ਨੀ, ਮੁਫਤ ਮੈਡੀਕਲ, ਪਾਰਕਿੰਗ ਤੇ ਲੰਗਰ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ। ਵਿਸ਼ੇਸ਼ ਤੌਰ 'ਤੇ 4.0 ਤੋਂ ਉਪਰ ਗਰੇਡ ਵਾਲੇ ਬੱਚਿਆਂ ਨੂੰ ਨਕਦ ਇਨਾਮ ਦੇ ਕੇ ਸਨਮਾਨਿਤ ਕੀਤਾ ਜਾਵੇਗਾ।

ਸੰਸਥਾ ਦੀ ਇਸ ਮੇਲੇ ਸਬੰਧੀ ਹੋਈ ਮੀਟਿੰਗ ਵਿਚ ਸੰਸਥਾ ਦੇ ਪ੍ਰਧਾਨ ਪ੍ਰਿੰ. ਪ੍ਰੀਤਮ ਸਿੰਘ ਨਾਹਲ, ਸਾਧੂ ਸਿੰਘ ਸੰਘਾ, ਗੁਰਦੀਪ ਸਿੰਘ ਨਿੱਝਰ, ਆਤਮਾ ਸਿੰਘ ਚਾਹਲ, ਗੁਰਨੇਕ ਸਿੰਘ ਰਾਏ, ਹਾਕਮ ਸਿੰਘ ਢਿੱਲੋਂ, ਰਣਜੀਤ ਗਿੱਲ, ਨਿਰਮਲ ਗਿੱਲ, ਰਜਿੰਦਰ ਬਰਾੜ, ਸਤਵੰਤ ਸਿੰਘ ਵਿਰਕ, ਪਾਲ ਧਾਲੀਵਾਲ ਤੇ ਜਨਰਲ ਸਕੱਤਰ ਸੰਤੋਖ ਸਿੰਘ ਮਿਨਹਾਸ ਨੇ ਭਾਗ ਲਿਆ। ਯਾਦ ਰਹੇ ਇਹ ਮੇਲਾ ਪਿਛਲੇ ਸਾਲ ਦੀ ਤਰ੍ਹਾਂ ਇਸ ਵਾਰ ਵੀ ਫਰਿਜ਼ਨੋ ਫੇਅਰ ਗਰਾਊਂਡ ਦੇ ਹਾਲ ਵਿਚ ਹੋਵੇਗਾ।

## ਪੰਜਾਬ ਕਾਂਗਰਸ ਪ੍ਰਧਾਨ ਦੀ ਚੋਣ ਦੋ ਮਹੀਨੇ ਲਈ ਲਮਕੀ

**ਚੰਡੀਗੜ੍ਹ :** ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਦੀ ਚੋਣ ਦੋ ਮਹੀਨਿਆਂ ਲਈ ਅੱਗੇ ਪਾ ਦੇਣ ਨਾਲ ਮੌਜੂਦਾ ਪ੍ਰਧਾਨ ਮਹਿੰਦਰ ਸਿੰਘ ਕੇ.ਪੀ. ਫਿਲਹਾਲ ਆਪਣੇ ਅਹੁਦੇ 'ਤੇ ਬਣੇ ਰਹਿਣਗੇ। ਸੂਬਾ ਪ੍ਰਧਾਨਗੀ ਦਾ ਫੈਸਲਾ ਉਤਰ ਭਾਰਤ ਦੇ 8 ਸੂਬਿਆਂ ਦੇ ਪੰਜਾਬ ਵਿਚ ਹੋਣ ਵਾਲੇ ਮਿੰਨੀ ਸੈਸ਼ਨ ਤੋਂ ਬਾਅਦ ਲਿਆ ਜਾਵੇਗਾ। ਤੈਅਸ਼ੁਦਾ ਪ੍ਰੋਗਰਾਮ ਤਹਿਤ ਕਾਂਗਰਸ ਦਾ ਦੋ ਰੋਜ਼ਾ ਸੈਸ਼ਨ 27 ਅਤੇ 28 ਸਤੰਬਰ ਨੂੰ ਮੁਹਾਲੀ ਵਿਚ ਹੋਣ ਜਾ ਰਿਹਾ ਹੈ। ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੀ ਨੇਤਾ ਬੀਬੀ ਰਾਜਿੰਦਰ ਕੌਰ ਭੱਠਲ ਨੇ ਇਸ ਦੀ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਪਾਰਟੀ ਦੀਆਂ ਕੇਂਦਰੀ ਚੋਣਾਂ ਦਾ ਅਮਲ ਮੁਲਤਵੀ ਹੋਣ ਕਾਰਨ ਸੂਬੇ ਦੀਆਂ ਚੋਣਾਂ ਦਾ ਪ੍ਰੋਗਰਾਮ ਵੀ ਅੱਗੇ ਪਾ ਦਿੱਤਾ ਗਿਆ ਹੈ।

ਬੀਬੀ ਭੱਠਲ ਨੇ ਦੱਸਿਆ ਕਿ ਕੇਂਦਰੀ ਚੋਣ ਕਮੇਟੀ ਵਲੋਂ ਪੰਜਾਬ ਕਾਂਗਰਸ ਦੇ ਮੈਂਬਰਾਂ ਦਾ ਐਲਾਨ ਇਕ ਹਫ਼ਤੇ ਦੇ ਅੰਦਰ ਅੰਦਰ ਕਰ ਦਿੱਤਾ ਜਾਣਾ ਹੈ। ਪਟਿਆਲਾ, ਬਠਿੰਡਾ ਅਤੇ ਲੁਧਿਆਣਾ ਜ਼ਿਲ੍ਹਿਆਂ ਵਿਚ ਡੈਲੀਗੇਟਾਂ ਦੀ ਚੋਣ ਸਬੰਧੀ ਮਾਮੂਲੀ ਅੜਿੱਕਾ ਹੋਣ ਕਾਰਨ ਇਹ ਐਲਾਨ ਲਮਕਿਆ ਹੋਇਆ ਹੈ। ਪ੍ਰਧਾਨਗੀ ਲਈ ਉਹ ਆਪਣੇ ਸੁਭਾਅ ਮੁਤਾਬਕ ਜੋੜ ਤੋੜ ਕਰਨ ਵਿਚ ਯਕੀਨ ਨਹੀਂ ਰੱਖਦੇ ਪਰ ਸ੍ਰੀਮਤੀ ਸੋਨੀਆ ਗਾਂਧੀ ਦਾ ਕੋਈ ਵੀ ਫੈਸਲਾ ਪ੍ਰਵਾਨ ਹੋਵੇਗਾ।

ਪੰਜਾਬ ਕਾਂਗਰਸ ਦੇ ਮੈਂਬਰਾਂ ਦੀ ਚੋਣ ਸਬੰਧੀ ਸਾਰੇ ਆਗੂਆਂ ਵਿਚ ਆਪਸੀ ਸਹਿਮਤੀ ਦਾ ਮਾਹੌਲ ਬਣ ਗਿਆ ਹੈ। ਕੇਂਦਰੀ ਕਮੇਟੀ ਨੇ ਮਹਿੰਦਰ ਸਿੰਘ ਕੇ.ਪੀ., ਰਾਜਿੰਦਰ ਕੌਰ ਭੱਠਲ, ਕੈਪਟਨ ਅਮਰਿੰਦਰ ਸਿੰਘ, ਜਗਮੀਤ ਸਿੰਘ ਬਰਾੜ, ਪ੍ਰਤਾਪ ਸਿੰਘ ਬਾਜਵਾ, ਮੁਨੀਸ਼ ਤਿਵਾੜੀ ਅਤੇ ਹੋਰਨਾਂ ਦੀ ਇਕ ਮੀਟਿੰਗ ਕਰਵਾ ਕੇ ਡੈਲੀਗੇਟਾਂ ਅਤੇ ਪ੍ਰਦੇਸ਼ ਕਾਂਗਰਸ ਦੇ ਮੈਂਬਰਾਂ ਦੀ ਚੋਣ ਲਈ ਆਪਸੀ ਸਹਿਮਤੀ ਬਣਾਉਣ ਲਈ ਕਿਹਾ ਸੀ।

ਪਾਰਟੀ ਸੂਤਰਾਂ ਮੁਤਾਬਕ ਖੰਨਾ ਵਿਚ ਸਾਬਕਾ ਪ੍ਰਦੇਸ਼ ਕਾਂਗਰਸ ਪ੍ਰਧਾਨ ਸ਼ਮਸ਼ੇਰ ਸਿੰਘ ਦੂਲੋ, ਫਤਿਹਗੜ੍ਹ ਸਾਹਿਬ ਤੋਂ ਸੰਸਦ ਮੈਂਬਰ ਸੁਖਦੇਵ ਸਿੰਘ ਲਿਬੜਾ ਅਤੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਪਰਿਵਾਰ ਦਰਮਿਆਨ ਨਾਮਜ਼ਦਗੀਆਂ ਸਬੰਧੀ ਸਹਿਮਤੀ ਨਹੀਂ ਬਣੀ ਜਿਸ ਕਾਰਨ ਲੁਧਿਆਣਾ ਦੀ ਸੂਚੀ ਨੂੰ ਅੰਤਿਮ ਰੂਪ ਨਹੀਂ ਦਿੱਤਾ ਜਾ ਸਕਿਆ। ਪਟਿਆਲਾ ਅਤੇ ਬਠਿੰਡਾ ਵਿਚ ਵੀ ਕੁਝ ਆਗੂਆਂ ਦਰਮਿਆਨ ਅਸਿਹਮਤੀ ਵਾਲਾ ਮਾਹੌਲ ਬਣਿਆ ਰਹਿਣ ਕਾਰਨ ਇਨ੍ਹਾਂ ਜ਼ਿਲ੍ਹਿਆਂ ਦੀਆਂ ਨਾਮਜ਼ਦਗੀਆਂ ਨੂੰ ਬਰੇਕਾਂ ਲੱਗ ਗਈਆਂ ਹਨ। ਪਾਰਟੀ ਵਲੋਂ ਅਖ਼ਤਿਆਰ ਕੀਤੀ ਇਕ ਹੋਰ ਰਣਨੀਤੀ ਨੇ ਕਾਂਗਰਸ ਵਿਚ ਸ਼ਾਮਲ ਹੋਣ ਵਾਲਿਆਂ ਨੂੰ ਨਿਰਾਸ਼ ਕਰਨਾ ਹੈ।

ਇਸ ਨੀਤੀ ਮੁਤਾਬਕ ਕਿਸੇ ਹੋਰ ਪਾਰਟੀ ਨੂੰ ਛੱਡ ਕੇ ਕਾਂਗਰਸ ਵਿਚ ਆਉਣ ਵਾਲੇ, ਕਾਂਗਰਸ ਛੱਡ ਕੇ ਕਿਸੇ ਹੋਰ ਪਾਰਟੀ ਦਾ ਪੱਲਾ ਫੜਨ ਤੋਂ ਬਾਅਦ ਮੁੜ ਕਾਂਗਰਸ ਵਿਚ ਆਉਣ ਵਾਲੇ ਅਤੇ ਪਾਰਟੀ ਵਿਰੁਧ ਬਾਗੀ ਹੋਣ ਵਾਲੇ ਨੂੰ ਤਿੰਨ ਸਾਲ ਸਧਾਰਨ ਮੈਂਬਰ ਵਜੋਂ ਹੀ ਮਾਨਤਾ ਦਿੱਤੀ ਜਾਵੇਗੀ। ਅਜਿਹੇ ਰਾਜਨੀਤੀਵਾਨ ਨੂੰ ਤਿੰਨ ਸਾਲ ਦੇ ਸਮੇਂ ਦੌਰਾਨ ਕੋਈ ਅਹੁਦਾ ਨਹੀਂ ਦਿੱਤਾ ਜਾ ਸਕੇਗਾ। ਬੀਬੀ ਭੱਠਲ ਦਾ ਕਹਿਣਾ ਹੈ ਕਿ ਕਾਂਗਰਸ ਸੈਸ਼ਨ ਦੀ ਤਿਆਰੀ ਲਈ 15 ਅਗਸਤ ਤੋਂ ਬਾਅਦ ਉਹ ਜ਼ਿਲ੍ਹਾ ਪੱਧਰੀ ਰੈਲੀਆਂ ਸ਼ੁਰੂ ਕਰਨਗੇ।

## ਫਰਿਜ਼ਨੋ 'ਚ ਸੁਖਵਿੰਦਰ ਪੰਛੀ ਦਾ ਸਨਮਾਨ

**ਫਰਿਜ਼ਨੋ:** ਕਲੀਆਂ ਦੇ ਬਾਦਸ਼ਾਹ ਕਰਕੇ ਜਾਣੇ ਜਾਂਦੇ ਲੋਕ ਗਾਇਕ ਕੁਲਦੀਪ ਮਾਣਕ ਦੀ ਗਾਇਕੀ ਦੇ ਵਾਰਸ ਬੁਲੰਦ ਆਵਾਜ਼ ਦੇ ਮਾਲਕ ਗਾਇਕ ਸੁਖਵਿੰਦਰ ਪੰਛੀ ਦਾ ਵਿਸ਼ੇਸ਼ ਸਨਮਾਨ ਇਥੇ ਉਘੇ ਪੰਜਾਬੀਆਂ ਵਲੋਂ ਕੀਤਾ ਗਿਆ। ਛੱਲੇ-ਮੁੰਦੀਆਂ ਗੀਤ ਨਾਲ ਮਸ਼ਹੂਰ ਹੋਏ ਸੁਖਵਿੰਦਰ ਪੰਛੀ ਨੇ ਸੈਂਕੜੇ ਸਾਹਿਤਕ ਅਤੇ ਮਿਆਰੀ ਗੀਤ ਗਾਏ ਹਨ ਅਤੇ ਹਮੇਸ਼ਾ ਲੱਚਰ ਗਾਇਕੀ ਤੋਂ ਪਰਹੇਜ਼ ਕੀਤਾ ਹੈ। ਇਸ ਸਨਮਾਨ ਸਮਾਗਮ ਵਿਚ ਪੰਛੀ ਨੇ ਕੁਝ ਗੀਤ ਪੇਸ਼ ਕਰਕੇ ਸਰੋਤਿਆਂ ਦਾ ਮਨੋਰੰਜਨ ਕੀਤਾ।

ਇਸ ਸਮਾਗਮ ਮੌਕੇ ਹੋਰਨਾਂ ਤੋਂ ਇਲਾਵਾ ਕਾਲਮਨਵੀਸ ਅਸ਼ੋਕ ਭੌਰਾ, ਸੰਗੀਤਕਾਰ ਪੱਪੀ ਭਦੌੜ, ਢੋਲ ਦਾ ਬਾਦਸ਼ਾਹ ਸ਼ੌਕੀ ਧਰਮਕੋਟੀਆ, ਡਾ. ਸਿਮਰਨਜੀਤ ਸਿੰਘ ਧਾਲੀਵਾਲ ਅਤੇ ਪੱਤਰਕਾਰ ਨੀਟਾ ਮਾਛੀਕੇ ਹਾਜ਼ਰ ਸਨ।



## ਜਗਿਆਸੂ ਦੇ ਪਲੇਠੇ ਕਾਵਿ ਸੰਗ੍ਰਿਹ 'ਤੇ ਗੋਸ਼ਟੀ 22 ਨੂੰ

**ਯੂਨੀਅਨ ਸਿਟੀ:** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਬੇ-ਏਰੀਆ ਇਕਾਈ ਵਲੋਂ ਸਭਾ ਦੀ ਸੈਕਰਾਮੈਂਟੋ-ਯੂਬਾ ਸਿਟੀ ਇਕਾਈ ਦੇ ਪ੍ਰਧਾਨ ਹਰਬੰਸ ਸਿੰਘ ਜਗਿਆਸੂ ਦੇ ਪਲੇਠੇ ਕਾਵਿ-ਸੰਗ੍ਰਿਹ 'ਜਗਿਆਸਾ' 'ਤੇ ਇਕ ਗੋਸ਼ਟੀ 22 ਅਗਸਤ ਨੂੰ ਬਾਅਦ ਦੁਪਹਿਰ 1 ਤੋਂ 6 ਵਜੇ ਤੱਕ ਯੂਨੀਅਨ ਸਿਟੀ ਲਾਇਬਰੇਰੀ ਵਿਚ ਕਰਵਾਈ ਜਾ ਰਹੀ ਹੈ।

ਇਹ ਜਾਣਕਾਰੀ ਦਿੰਦਿਆਂ ਸਭਾ ਦੀ ਜਨਰਲ ਸਕੱਤਰ ਨੀਲਮ ਸੈਨੀ ਨੇ ਦੱਸਿਆ ਕਿ ਇਸ ਉਪਰੰਤ ਕਵੀ ਦਰਬਾਰ ਹੋਵੇਗਾ ਜਿਸ ਵਿਚ ਹਾਜ਼ਰ ਸ਼ਾਇਰ ਆਪਣੀਆਂ ਮੌਲਿਕ ਰਚਨਾਵਾਂ ਸੁਣਾ ਕੇ ਮਾਹੌਲ ਨੂੰ ਹੋਰ ਵੀ ਰੰਗੀਨ ਬਣਾਉਣਗੇ। ਹੋਰ ਜਾਣਕਾਰੀ ਲਈ ਉਨ੍ਹਾਂ ਨਾਲ ਫੋਨ 510-502-0551 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਕੈਪਟਨ ਵਲੋਂ ਪੰਜਾਬ ਸਰਕਾਰ ਅਸਫਲ ਕਰਾਰ

**ਮੋਹਾਲੀ :** ਪੰਜਾਬ ਵਿਜੀਲੈਂਸ ਬਿਊਰੋ ਵਲੋਂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਸਥਾਨਕ ਸਰਕਾਰਾਂ ਵਿਭਾਗ ਦੇ ਸਾਬਕਾ ਮੰਤਰੀ ਚੌਧਰੀ ਜਗਜੀਤ ਸਿੰਘ ਸਮੇਤ ਹੋਰਨਾਂ ਵਿਰੁਧ ਦਰਜ ਭ੍ਰਿਸ਼ਟਾਚਾਰ ਮਾਮਲੇ ਦੀ ਅਗਲੀ ਸੁਣਵਾਈ ਸਥਾਨਕ ਅਦਾਲਤ ਨੇ 4 ਸਤੰਬਰ 'ਤੇ ਪਾ ਦਿੱਤੀ ਹੈ। ਕੈਪਟਨ ਅਮਰਿੰਦਰ ਸਿੰਘ ਤੇ ਚੌਧਰੀ ਜਗਜੀਤ ਸਿੰਘ ਬੀਤੀ 5 ਅਗਸਤ ਨੂੰ ਆਪਣੇ ਵਕੀਲਾਂ ਰਾਹੀਂ ਵਧੀਕ ਤੇ ਜ਼ਿਲ੍ਹਾ ਸੈਸ਼ਨ ਜੱਜ ਐਸ ਕੇ ਗਰਗ ਦੀ ਅਦਾਲਤ ਵਿਚ ਪੇਸ਼ ਹੋਏ। ਅਦਾਲਤ ਵਿਚ ਇਸ ਮਾਮਲੇ ਸਬੰਧੀ ਦੋਹਾਂ ਧਿਰਾਂ ਵਿਚ ਤਿੱਖੀ ਬਹਿਸ ਹੋਈ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਮੌਜੂਦਾ ਅਕਾਲੀ-ਭਾਜਪਾ ਸਰਕਾਰ ਰਾਜ ਦੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨ ਵਿਚ ਬੁਰੀ ਤਰ੍ਹਾਂ ਫੇਲ੍ਹ ਸਾਬਤ ਹੋਈ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਬੇਰੁਜ਼ਗਾਰੀ ਦੀ ਬਹੁਤ ਵੱਡੀ ਸਮੱਸਿਆ ਪੈਦਾ ਹੋ ਗਈ ਹੈ। ਨੌਜਵਾਨ ਉਚ ਡਿਗਰੀਆਂ ਹਾਸਲ ਕਰਕੇ ਸੜਕਾਂ 'ਤੇ ਵਿਹਲੜ ਘੁੰਮ ਰਹੇ ਹਨ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਵਿਚ ਪਿੰਡਾਂ ਦੀਆਂ ਸ਼ਾਮਲਾਤਾਂ ਨਿੱਜੀ ਅਤੇ ਹੋਰਨਾਂ ਸਰਕਾਰੀ ਜ਼ਮੀਨਾਂ 'ਤੇ ਨਜਾਇਜ਼ ਕਬਜ਼ਿਆਂ ਦੇ ਮਾਮਲਿਆਂ ਵਿਚ ਅਕਾਲੀ ਆਗੂਆਂ ਦਾ ਨਾਂ ਸਾਹਮਣੇ ਆਉਣਾ ਸਰਕਾਰ ਲਈ ਬੜੀ ਸ਼ਰਮਨਾਕ ਗੱਲ ਹੈ। ਉਨ੍ਹਾਂ ਸਪੱਸ਼ਟ ਸ਼ਬਦਾਂ ਵਿਚ ਆਖਿਆ ਕਿ ਪੰਜਾਬ 'ਚ ਕਾਂਗਰਸ ਪਾਰਟੀ ਦੀ ਸਰਕਾਰ ਬਣਨ 'ਤੇ ਪਹਿਲ ਦੇ ਆਧਾਰ 'ਤੇ ਨਿੱਜੀ ਅਤੇ ਸਰਕਾਰੀ ਜ਼ਮੀਨਾਂ ਨੂੰ ਅਕਾਲੀਆਂ ਦੇ ਨਾਜਾਇਜ਼ ਕਬਜ਼ਿਆਂ ਤੋਂ ਮੁਕਤ ਕਰਵਾਇਆ ਜਾਵੇਗਾ। ਬਾਦਲ ਪਰਿਵਾਰ ਸਮੇਤ ਹੋਰਨਾਂ ਅਕਾਲੀ ਆਗੂਆਂ ਵਿਰੁਧ ਦਰਜ ਭ੍ਰਿਸ਼ਟਾਚਾਰ ਮਾਮਲਿਆਂ ਬਾਰੇ ਪੁੱਛੇ ਜਾਣ 'ਤੇ ਕੈਪਟਨ ਅਮਰਿੰਦਰ ਨੇ ਨਰਮ ਰੁਖ ਅਪਨਾਉਂਦੇ ਹੋਏ ਕਿਹਾ ਕਿ ਹੁਣ ਆਉਣ ਵਾਲੇ ਸਮੇਂ ਵਿਚ ਕਿਸੇ ਕਿਸਮ ਦੀ ਕੁੜੱਤਣ ਪੈਦਾ ਨਹੀਂ ਕੀਤੀ ਜਾਵੇਗੀ, ਕਿਉਂਕਿ ਇਹ ਸਾਰੇ ਮਾਮਲੇ ਵੱਖ-ਵੱਖ ਅਦਾਲਤਾਂ ਵਿਚ ਵਿਚਾਰ ਅਧੀਨ ਹਨ। ਜੋ ਵੀ ਅਦਾਲਤਾਂ ਫੈਸਲਾ ਸੁਣਾਉਣਗੀਆਂ, ਉਹ ਸਾਰਿਆਂ ਨੂੰ ਮੰਨ ਲੈਣਾ ਚਾਹੀਦਾ ਹੈ।

ਪੰਜਾਬ ਦੇ ਮੌਜੂਦਾ ਹਾਲਾਤਾਂ ਬਾਰੇ ਗੱਲਬਾਤ ਕਰਦਿਆਂ ਕੈਪਟਨ ਸਿੰਘ ਨੇ ਕਿਹਾ ਕਿ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ ਐਸ ਆਈ ਪੰਜਾਬ ਵਿਚ ਮੁੜ ਤੋਂ ਦਹਿਸ਼ਤਵਾਦ ਨੂੰ ਸੁਰਜੀਤ ਕਰਨ ਦੀ ਤਾਕ ਵਿਚ ਹੈ। ਸਰਹੱਦੀ ਇਲਾਕਿਆਂ ਰਾਹੀਂ ਦਹਿਸ਼ਤਗਰਦਾਂ ਨੂੰ ਟਰੇਨਿੰਗ ਦੇ ਕੇ ਭੇਜਿਆ ਜਾ ਰਿਹਾ ਹੈ ਪਰ ਪੰਜਾਬ ਦੇ ਲੋਕ ਹੁਣ ਇਸ ਲਹਿਰ ਨੂੰ ਮੂੰਹ ਨਹੀਂ ਲਾਉਣਗੇ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੇ ਨਾਲ ਨਾਲ ਪੰਜਾਬ ਅਤੇ ਹੋਰਨਾਂ ਸੂਬਿਆਂ ਨੂੰ ਵੀ ਦਹਿਸ਼ਤਵਾਦ ਦੇ ਖਾਤਮੇ ਲਈ ਠੋਸ ਕਦਮ ਚੁੱਕਣੇ ਚਾਹੀਦੇ ਹਨ। ਨੌਜਵਾਨਾਂ ਨੂੰ ਵਧ ਤੋਂ ਵਧ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨੇ ਚਾਹੀਦੇ ਹਨ।

### ਭਾਈ ਮੋਹਨ ਲਾਲ ਮੱਲ੍ਹ ਨੂੰ ਨਿੱਘੀ ਸ਼ਰਧਾਂਜਲੀ


**ਸੈਕਰਾਮੈਂਟੋ:** ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਦੇ ਸਾਬਕਾ ਚੈਅਰਮੈਨ ਭਾਈ ਬਲਵੀਰ ਮੱਲ੍ਹ ਦੇ ਪਿਤਾ ਅਤੇ ਸਵਰਗਵਾਸੀ ਕਮਿਸ਼ਨਰ ਬਾਬੂ ਲਾਹੌਰੀ ਰਾਮ ਦੇ ਮਾਮਾ ਜੀ ਸੈਕਰਾਮੈਂਟੋ ਨਿਵਾਸੀ ਭਾਈ ਮੋਹਨ ਲਾਲ ਮੱਲ੍ਹ 28 ਜੁਲਾਈ ਨੂੰ ਪ੍ਰਲੋਕ ਸਿਧਾਰ ਗਏ। ਐਤਵਾਰ 2 ਅਗਸਤ ਨੂੰ ਉਨ੍ਹਾਂ ਦੇ ਅੰਤਿਮ ਸੰਸਕਾਰ ਪਿਛੋਂ ਅਰਦਾਸ ਵਿਚ ਸਭ ਸਨੇਹੀਆਂ ਨੇ ਪਹੁੰਚ ਕੇ ਸ਼ਰਧਾ ਦੇ ਫੁੱਲ ਅਰਪਿਤ ਕੀਤੇ। ਗਿਆਨੀ ਹਰਬਲਾਸ ਸਿੰਘ, ਜੈਕ ਰਾਮ, ਦਸ਼ਵਿੰਦਰ ਪਾਲ, ਬੀਬੀ ਸੁਰਜੀਤ ਕੌਰ, ਬਲਵੀਰ ਸ਼ੀਮਾਰ, ਡਾ. ਹਰਮੇਸ਼, ਦਿਦਾਰ ਸਿੰਘ ਬੈਂਸ, ਕਮਲ ਬੰਗਾ, ਸੰਤੋਖ ਜ਼ਿੰਗੜਾਂ, ਅਮਰੀਕ ਚੰਦ, ਪ੍ਰੇਮ ਚੁੰਬਰ, ਅਜੀਤ ਬੰਗੜ, ਸੇਵਕ ਦਾਸ, ਅਜੈਪਾਲ ਰਾਮ ਅਤੇ ਮੋਹਨ ਲਾਲ ਨੇ ਵਿਛੜੀ ਰੂਹ ਨੂੰ ਸ਼ਰਧਾਂਜਲੀ ਭੇਟ ਕੀਤੀ। ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਨੇ ਵੀ ਵਿਛੜੀ ਰੂਹ ਨੂੰ ਸ਼ਰਧਾਂਜਲੀ ਭੇਟ ਕੀਤੀ।



*ਪੰਥ ਪ੍ਰਸਿਧ ਢਾਡੀ ਗਿਆਨੀ ਕੁਲਜੀਤ ਸਿੰਘ ਦਿਲਬਰ ਨਵਾਂਸ਼ਹਿਰ ਵਾਲੇ ਇਨ੍ਹੀਂ ਦਿਨੀਂ ਆਪਣੇ ਜਥੇ ਸਮੇਤ ਅਮਰੀਕਾ ਦੌਰੇ 'ਤੇ ਹਨ। ਉਨ੍ਹਾਂ ਨਾਲ ਸੰਪਰਕ ਫੋਨ 337-415-0674 'ਤੇ ਕੀਤਾ ਜਾ ਸਕਦਾ ਹੈ।*


**Realtor & Mortgage Specialist**
**Bay Area & Central Valley**

ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ



ਬੈਂਕਾਂ ਨੂੰ ਮੁੜੇ ਜ਼ਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।

Doing Short Sale is much better than Forclosure home.

3.5% ਡਾਊਨ ਨਾਲ ਘਰ ਦੁਆ ਕੇ ਕਿਰਾਏ ਦਾ ਝੰਜਟ ਮੁਕਾ ਸਕਦੇ ਹਾਂ

RAJ SINGH
M.A., M.Ed Retd. Principal
Realtor & Financial Adviser
Lic#01776459 & OG22467

**RAJ SINGH**
**Cell:510-452-7370**

MISSIONPEAK BROKERS, INC.
46560 Fremont Blvd., Suite#111 Fremont, CA 94538
singhrajpaul@yahoo.com

**Wraich Transport LLC**
**North American Truck Stop**
14320 Slover Ave., Fontana, CA 92337

ਟਰੱਕ ਡਰਾਈਵਰਾਂ ਦੀ ਲੋੜ ਹੈ (ਟੀਮ ਅਤੇ ਸੋਲੋ)
ਸਾਡੇ ਕੋਲ ਕੈਲੀਫੋਰਨੀਆ ਤੋਂ ਮਿਡਵੈਸਟ
ਜਾਂ ਨੌਰਥ ਈਸਟ ਦੇ ਰੂਟ ਹਨ



*We have trailer engine for carrier and thermo king *North american truck stop offer all kind of truck repair @ economy price. *We have special deal on oil change $189 +

ਤੁਰਤ ਕਾਲ ਕਰੋ:800-746-6201, 909-350-3310

# ਸਰਨਾ-ਫੂਲਕਾ ਵਿਵਾਦ ਜਥੇਦਾਰਾਂ ਵਲੋਂ ਜਾਂਚ ਕਮੇਟੀ ਦੇ ਪੇਟੇ ਪਾਉਣ ਦਾ ਫੈਸਲਾ

**ਕੰਵਰਜੀਤ ਸਿੰਘ**

**ਅੰਮ੍ਰਿਤਸਰ:** ਐਡਵੋਕੇਟ ਹਰਵਿੰਦਰ ਸਿੰਘ ਫੂਲਕਾ ਅਤੇ ਸਰਨਾ ਭਰਾਵਾਂ ਦੇ ਵਿਵਾਦ ਨੂੰ ਵਿਚਾਰਨ ਲਈ ਸ੍ਰੀ ਅਕਾਲ ਤਖ਼ਤ ਵਿਖੇ ਪੰਜ ਸਿੰਘ ਸਾਹਿਬਾਨ ਦੀ ਬੀਤੀ 7 ਅਗਸਤ ਨੂੰ ਹੋਈ ਇਕੱਤਰਤਾ ਦੌਰਾਨ ਸਰਨਾ ਭਰਾਵਾਂ ਨੇ ਨਿੱਜੀ ਤੌਰ ‘ਤੇ ਪੇਸ਼ ਹੋ ਕੇ ਆਪਣਾ ਸਪਸ਼ਟੀਕਰਨ ਦਿੱਤਾ। ਸਿੰਘ ਸਾਹਿਬਾਨ ਨੇ ਦੋਵਾਂ ਧਿਰਾਂ ਵਲੋਂ ਦਿੱਤੇ ਗਏ ਸਪਸ਼ਟੀਕਰਨ ਨੂੰ ਘੋਖਣ ਲਈ ਇਕ ਕਮੇਟੀ ਬਣਾਉਣ ਦਾ ਐਲਾਨ ਕੀਤਾ ਹੈ, ਜਿਸ ਦੀ ਰਿਪੋਰਟ ਦੇ ਆਧਾਰ ‘ਤੇ ਇਸ ਮਾਮਲੇ ਵਿਚ ਅਗਲੀ ਕਾਰਵਾਈ ਕੀਤੀ ਜਾਵੇਗੀ।

ਸ੍ਰੀ ਅਕਾਲ ਤਖ਼ਤ ਸਕੱਤਰੇਤ ਵਿਖੇ ਹੋਈ ਇਕੱਤਰਤਾ ਵਿਚ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਤਰਲੋਚਨ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਭਾਈ ਬਲਵੰਤ ਸਿੰਘ ਨੰਦਗੜ੍ਹ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ ਗਿਆਨੀ ਰਾਮ ਸਿੰਘ ਸ਼ਾਮਲ ਹੋਏ। ਇਕੱਤਰਤਾ ਦੌਰਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ, ਸਾਬਕਾ ਪ੍ਰਧਾਨ ਸ. ਹਰਵਿੰਦਰ ਸਿੰਘ ਸਰਨਾ ਅਤੇ ਸੀਨੀਅਰ ਮੀਤ ਪ੍ਰਧਾਨ ਸ. ਹਰਭਜਨ ਸਿੰਘ ਵਾਲੀਆ ਨੇ ਸਿੰਘ ਸਾਹਿਬਾਨ ਨੂੰ ਆਪਣਾ ਸਪੱਸ਼ਟੀਕਰਨ ਸੌਂਪਿਆ। ਸਪਸ਼ਟੀਕਰਨ ਦੇ ਦਸਤਾਵੇਜ਼ਾਂ ਵਿਚ 200-250 ਸਫਿਆਂ ਦੀ ਇਕ ਫਾਈਲ ਹੈ, ਜਿਸ ਵਿਚ ਦਿੱਲੀ ਕਮੇਟੀ ਵਲੋਂ ਨਾਨਾਵਤੀ ਕਮਿਸ਼ਨ ਸਮੇਂ ਖ਼ਰਚ ਕੀਤੀ ਗਈ ਇਕ ਕਰੋੜ ਰੁਪਏ ਦੀ ਰਕਮ ਦਾ ਹਿਸਾਬ ਹੈ। ਇਸ ਤੋਂ ਇਲਾਵਾ ਸਰਨਾ ਭਰਾਵਾਂ ਨੇ ਸਿੰਘ ਸਾਹਿਬਾਨ ਨੂੰ ਇਕ ਸੀ.ਡੀ. ਸੌਂਪੀ ਜਿਸ ਵਿਚ ਐਡਵੋਕੇਟ ਫੂਲਕਾ ਵਲੋਂ ਇਕ ਨਿੱਜੀ ਚੈਨਲ ਨੂੰ ਦਿੱਤੀ ਹੋਈ ਇੰਟਰਵਿਊ ਦੇ ਅੰਸ਼ ਸ਼ਾਮਲ ਹਨ। ਸਰਨਾ ਭਰਾਵਾਂ ਨੇ ਸਿੰਘ ਸਾਹਿਬਾਨ ਨੂੰ ਸ੍ਰੀ ਗੁਰੂ ਹਰਿਕ੍ਰਿਸ਼ਨ ਮੈਡੀਕਲ ਟਰੱਸਟ ਦੀ ਉਸ ਮੀਟਿੰਗ ਦੀ ਕਾਰਵਾਈ ਰਿਪੋਰਟ ਵੀ ਸੌਂਪੀ, ਜਿਸ ਦੌਰਾਨ ਐਡਵੋਕੇਟ ਫੂਲਕਾ ਅਤੇ ਸ. ਹਰਵਿੰਦਰ ਸਿੰਘ ਸਰਨਾ ਵਿਚਾਲੇ ਮਤਭੇਦ ਉਭਰੇ ਸਨ। ਉਨ੍ਹਾਂ ਇਸ ਮਾਮਲੇ ਸਬੰਧੀ ਹੋਰ ਜਾਣਕਾਰੀ ਵੀ ਵਿਸਥਾਰ ਸਹਿਤ ਸਿੰਘ ਸਾਹਿਬਾਨ ਨੂੰ ਦਿੱਤੀ ਹੈ। ਇਸੇ ਦੌਰਾਨ ਐਡਵੋਕੇਟ ਐਚ.ਐਸ. ਫੂਲਕਾ, ਪੱਤਰਕਾਰ ਜਰਨੈਲ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਵੀ ਸਿੰਘ ਸਾਹਿਬਾਨ ਨਾਲ ਮੁਲਾਕਾਤ ਕਰਕੇ ਇਕ ਸੀ.ਡੀ. ਅਤੇ ਇਕ ਪੱਤਰ ਸੌਂਪਿਆ ਹੈ।



ਦੋਵਾਂ ਧਿਰਾਂ ਦੇ ਲਿਖਤੀ ਸਪੱਸ਼ਟੀਕਰਨ ਲੈਣ ਅਤੇ ਗੱਲਬਾਤ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗਿਆਨੀ ਗੁਰਬਚਨ ਸਿੰਘ ਨੇ ਦੱਸਿਆ ਕਿ ਇਕੱਤਰਤਾ ਦੌਰਾਨ ਦੋਵਾਂ ਧਿਰਾਂ ਵਲੋਂ ਲਿਖਤੀ ਅਤੇ ਜ਼ਬਾਨੀ ਤੌਰ ‘ਤੇ ਵੀ ਆਪੋ-ਆਪਣੇ ਸਪੱਸ਼ਟੀਕਰਨ ਦਿੱਤੇ ਗਏ ਹਨ। ਉਨ੍ਹਾਂ ਦੱਸਿਆ ਕਿ ਸਪੱਸ਼ਟੀਕਰਨ ਸਬੰਧੀ ਦਸਤਾਵੇਜ਼ਾਂ ਦੀ ਘੋਖ ਕਰਨ ਲਈ ਇਕ ਕਮੇਟੀ ਦਾ ਗਠਨ ਕੀਤਾ ਜਾਵੇਗਾ। ਇਸ ਕਮੇਟੀ ਵਿਚ ਤਿੰਨ ਜਾਂ ਪੰਜ ਮਾਹਿਰ ਸ਼ਾਮਲ ਹੋਣਗੇ। ਇਨ੍ਹਾਂ ਮਾਹਿਰਾਂ ਦੇ ਨਾਵਾਂ ਦਾ ਐਲਾਨ ਜਲਦੀ ਕਰ ਦਿੱਤਾ ਜਾਵੇਗਾ।

ਐਡਵੋਕੇਟ ਫੂਲਕਾ ਵਲੋਂ ਦਿੱਤੇ ਗਏ ਪੱਤਰ ਵਿਚ ਇਸ ਮਾਮਲੇ ਨੂੰ ਹੱਲ ਕਰਨ ਲਈ ਦਿੱਲੀ ਕਮੇਟੀ ਨੂੰ ਦੱਸੀਆਂ ਗਈਆਂ ਸ਼ਰਤਾਂ ਬਾਰੇ ਗੱਲ ਕਰਦਿਆਂ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਜੇਕਰ ਦੋਵਾਂ ਧਿਰਾਂ ਵਿਚਾਲੇ ਆਪਸੀ ਤੌਰ ‘ਤੇ ਕੋਈ ਰਜ਼ਾਮੰਦੀ ਹੁੰਦੀ ਹੈ ਤਾਂ ਉਨ੍ਹਾਂ ਨੂੰ ਇਸ ਬਾਰੇ ਅਕਾਲ ਤਖ਼ਤ ਸਾਹਿਬ ਨੂੰ ਸੂਚਿਤ ਕਰਨ ਲਈ ਹਦਾਇਤ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਐਡਵੋਕੇਟ ਫੂਲਕਾ ਨੂੰ ਹਦਾਇਤ ਕੀਤੀ ਗਈ ਹੈ ਕਿ ਸਿੱਖ ਨਸਲਕੁਸ਼ੀ ਦੇ ਕੇਸਾਂ ਦੀ ਪੈਰਵੀ ਪਹਿਲਾਂ ਵਾਂਗ ਹੀ ਜਾਰੀ ਰੱਖਣ। ਉਨ੍ਹਾਂ ਦੱਸਿਆ ਕਿ ਦਿੱਲੀ ਕਮੇਟੀ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਨੇ ਵੀ ਭਰੋਸਾ ਦਿੱਤਾ ਹੈ ਕਿ ਸਿੱਖ ਨਸਲਕੁਸ਼ੀ ਤੋਂ ਪ੍ਰਭਾਵਿਤ ਵਿਅਕਤੀਆਂ ਨੂੰ ਨਿਆਂ ਦਿਵਾਉਣ ਲਈ ਦਿੱਲੀ ਕਮੇਟੀ ਵਲੋਂ ਪਹਿਲਾਂ ਵਾਂਗ ਹੀ ਯਤਨ ਜਾਰੀ ਰੱਖੇ ਜਾਣਗੇ।

ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਸਪੱਸ਼ਟੀਕਰਨ ਦੇਣ ਲਈ ਪੁੱਜੇ ਸਰਨਾ ਭਰਾਵਾਂ ਨੂੰ ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਵਲੋਂ ਸਖ਼ਤ ਸੁਰੱਖਿਆ ਘੇਰੇ ਹੇਠ ਲੈ ਕੇ ਸੂਚਨਾ ਕੇਂਦਰ ਤੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਸਕੱਤਰੇਤ ਤਕ ਲੈ ਜਾਇਆ ਗਿਆ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਦਲਮੇਘ ਸਿੰਘ ਵੀ ਹਾਜ਼ਰ ਸਨ। ਇਸ ਤੋਂ ਇਲਾਵਾ ਸ. ਸਰਨਾ ਦੇ ਨਿੱਜੀ ਅੰਗ ਰੱਖਿਅਕ ਅਤੇ ਦਿੱਲੀ ਕਮੇਟੀ ਦੇ ਕੁਝ ਮੈਂਬਰ ਤੇ ਕੁਝ ਸੰਸਥਾਵਾਂ ਦੇ ਆਗੂ ਵੀ ਇਥੇ ਪੁੱਜੇ ਹੋਏ ਸਨ। ਇਨ੍ਹਾਂ ਤੋਂ ਇਲਾਵਾ ਸ਼੍ਰੋਮਣੀ ਪੰਥਕ ਕੌਂਸਲ ਦੇ ਚੇਅਰਮੈਨ ਮਨਜੀਤ ਸਿੰਘ ਕਲਕੱਤਾ, ਆਲ ਇੰਡੀਆ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਜਸਵੰਤ ਸਿੰਘ ਮਾਨ, ਖਾਲਸਾ ਐਕਸ਼ਨ ਕਮੇਟੀ ਦੇ ਕਨਵੀਨਰ ਮੋਹਕਮ ਸਿੰਘ ਤੇ ਹੋਰ ਪਤਵੰਤੇ ਹਾਜ਼ਰ ਸਨ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਦੇ ਜਵਾਨਾਂ ਵਲੋਂ ਮੀਡੀਆ ਨਾਲ ਕੁਝ ਬਦਸਲੂਕੀ ਕੀਤੀ ਗਈ। ਇਕ ਚੈਨਲ ਦੇ ਕੈਮਰਾਮੈਨ ਦੀ ਮਾਰ-ਕੁਟਾਈ ਵੀ ਕੀਤੀ ਗਈ। ਇਸ ਸਬੰਧ ਵਿਚ ਮੀਡੀਆ ਭਾਈਚਾਰੇ ਵਲੋਂ ਇਕ ਸ਼ਿਕਾਇਤ ਸਿੰਘ ਸਾਹਿਬਾਨ ਨੂੰ ਸੌਂਪੀ ਗਈ ਹੈ।

ਉਧਰ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਦੇ ਸੂਚਨਾ ਕੇਂਦਰ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ. ਪਰਮਜੀਤ ਸਿੰਘ ਸਰਨਾ ਨੇ ਐਡਵੋਕੇਟ ਫੂਲਕਾ ਵਲੋਂ ਉਨ੍ਹਾਂ ‘ਤੇ ਲਾਏ ਗਏ ਦੋਸ਼ਾਂ ਨੂੰ ਬੇਬੁਨਿਆਦ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਦਿੱਲੀ ਕਮੇਟੀ ਵਲੋਂ ਸਿੱਖ ਨਸਲਕੁਸ਼ੀ ਕਾਰਨ ਪ੍ਰਭਾਵਿਤ ਲੋਕਾਂ ਲਈ ਹੁਣ ਤਕ ਖਰਚ ਕੀਤੀ ਗਈ ਰਕਮ ਦੇ ਸਾਰੇ ਵੇਰਵੇ ਇਕ ਦਸਤਾਵੇਜ਼ ਵਿਚ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਉਹ ਇਥੇ ਨਿਮਾਣੇ ਸਿੱਖ ਵਜੋਂ ਪੇਸ਼ ਹੋਏ ਹਨ। ਉਨ੍ਹਾਂ ਦੱਸਿਆ ਕਿ ਆਪਣੇ ਪਰਿਵਾਰਕ ਰੁਝੇਵਿਆਂ ਕਾਰਨ ਸਿੰਘ ਸਾਹਿਬਾਨ ਦੀ ਪਿਛਲੀ ਇਕੱਤਰਤਾ ਸਮੇਂ ਹਾਜ਼ਰ ਨਹੀਂ ਹੋ ਸਕੇ ਸਨ, ਪਰ ਇਸ ਵਾਰ ਨਿੱਜੀ ਤੌਰ ‘ਤੇ ਹਾਜ਼ਰ ਹੋ ਕੇ ਸਪੱਸ਼ਟੀਕਰਨ ਦਿੱਤਾ ਹੈ। ਐਡਵੋਕੇਟ ਫੂਲਕਾ ਬਾਰੇ ਉਨ੍ਹਾਂ ਦਾਅਵਾ ਕੀਤਾ ਕਿ ਸਮੁੱਚਾ ਵਿਵਾਦ ਸ੍ਰੀ ਫੂਲਕਾ ਵਲੋਂ ਸ਼ੁਰੂ ਕੀਤਾ ਗਿਆ ਹੈ।

ਦੂਜੇ ਪਾਸੇ ਐਡਵੋਕੇਟ ਐਚ.ਐਸ. ਫੂਲਕਾ ਨੇ ਦੋਸ਼ ਲਾਇਆ ਕਿ ਸ. ਸਰਨਾ ਸਿੱਖ ਨਸਲਕੁਸ਼ੀ ਦੇ ਕੇਸਾਂ ’ਚ ਕਾਂਗਰਸੀ ਆਗੂ ਕਮਲ ਨਾਥ ਨੂੰ ਸਮਰਥਨ ਦੇ ਰਹੇ ਹਨ ਅਤੇ ਇਹ ਸਮਰਥਨ ਹੀ ਵਿਵਾਦ ਦਾ ਮੁੱਖ ਕਾਰਨ ਹੈ। ਉਨ੍ਹਾਂ ਦੱਸਿਆ ਕਿ ਸਰਨਾ ਚਾਹੁੰਦੇ ਹਨ ਕਿ ਕਮਲ ਨਾਥ ਦੇ ਖ਼ਿਲਾਫ਼ ਕੇਸ ਦਰਜ ਨਾ ਕਰਵਾਇਆ ਜਾਵੇ। ਇਸ ਸਬੰਧ ਵਿਚ ਉਨ੍ਹਾਂ ‘ਤੇ ਵੀ ਦਬਾਅ ਪਾਇਆ ਗਿਆ ਸੀ। ਸਿੱਖ ਨਸਲਕੁਸ਼ੀ ਦੇ ਕੇਸਾਂ ਦੀ ਪੈਰਵੀ ਲਈ ਕਰੋੜਾਂ ਰੁਪਏ ਲੈਣ ਦੇ ਦੋਸ਼ ਬਾਰੇ ਉਨ੍ਹਾਂ ਕਿਹਾ ਕਿ ਇਸ ਸਬੰਧ ਵਿਚ ਸਰਨਾ ਭਰਾਵਾਂ ਵਲੋਂ ਸਿੰਘ ਸਾਹਿਬਾਨ ਨੂੰ ਦਿੱਤੇ ਗਏ ਸਪੱਸ਼ਟੀਕਰਨ ਤੋਂ ਇਹ ਸਾਬਤ ਹੋ ਜਾਵੇਗਾ ਕਿ ਦਿੱਲੀ ਕਮੇਟੀ ਵਲੋਂ “ਮੈਨੂੰ ਕਿੰਨੀ ਰਕਮ ਦਿੱਤੀ ਗਈ ਹੈ।”



ਜਥੇਦਾਰ ਨੂੰ ਭੇਜੇ ਪੱਤਰ ਬਾਰੇ ਗੱਲ ਕਰਦਿਆਂ ਐਡਵੋਕੇਟ ਫੂਲਕਾ ਨੇ ਦੱਸਿਆ ਕਿ ਇਸ ਪੱਤਰ ਵਿਚ ਉਨ੍ਹਾਂ ਲਿਖਿਆ ਹੈ ਕਿ ਪੰਥ ਦੇ ਵਡੇਰੇ ਹਿਤਾਂ ਨੂੰ ਧਿਆਨ ਵਿਚ ਰੱਖਦਿਆਂ ਉਹ ਇਸ ਮਾਮਲੇ ਨੂੰ ਜਲਦੀ ਹੱਲ ਕਰਨਾ ਚਾਹੁੰਦੇ ਹਨ। ਉਨ੍ਹਾਂ ਦਿੱਲੀ ਕਮੇਟੀ ਨੂੰ ਕੁਝ ਸ਼ਰਤਾਂ ਪੂਰੀਆਂ ਕਰਨ ਲਈ ਕਿਹਾ ਹੈ। ਇਨ੍ਹਾਂ ਸ਼ਰਤਾਂ ਵਿਚ ਪੀੜਤ ਪਰਿਵਾਰਾਂ ਦੇ ਬੱਚਿਆਂ ਲਈ ਦਿੱਲੀ ਕਮੇਟੀ ਨੂੰ ਮੁਫ਼ਤ ਪੜ੍ਹਾਈ ਦਾ ਪ੍ਰਬੰਧ ਕਰਨ ਲਈ ਕਿਹਾ ਗਿਆ ਹੈ।

ਇਸ ਤੋਂ ਪਹਿਲਾਂ ਬੀਤੀ 6 ਅਗਸਤ ਨੂੰ ਦੰਗਾ ਪੀੜਤ ਵੈਲਫੇਅਰ ਸੁਸਾਇਟੀ ਦੇ ਕਾਰਕੁੰਨਾਂ ਵਲੋਂ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਇਕ ਯਾਦ ਪੱਤਰ ਦਿੱਤਾ ਗਿਆ ਸੀ ਜਿਸ ਵਿਚ ਸਰਨਾ ਉਪਰ ਕਈ ਗੰਭੀਰ ਦੋਸ਼ ਲਾਉਂਦਿਆਂ ਸਖਤ ਕਾਰਵਾਈ ਦੀ ਮੰਗ ਕੀਤੀ ਗਈ ਸੀ ਜਿਸ ਬਾਰੇ ਪ੍ਰਤੀਕਰਮ ਪ੍ਰਗਟ ਕਰਦਿਆਂ ਸ. ਸਰਨਾ ਨੇ ਕਿਹਾ ਸੀ ਕਿ ਸੁਸਾਇਟੀ ਦੇ ਕਾਰਕੁੰਨਾਂ ਦੀ ਇਹ ਕਾਰਵਾਈ ਅਕਾਲੀ ਸਰਕਾਰ ਦੀ ਸ਼ਹਿ ਉਤੇ ਕੀਤੀ ਗਈ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਸ ਜਥੇਬੰਦੀ ਦੇ ਪ੍ਰਧਾਨ ਸੁਰਜੀਤ ਸਿੰਘ ਵਲੋਂ ਕਈ ਜਾਅਲੀ ਵਿਅਕਤੀਆਂ ਦੇ ਲਾਲ ਕਾਰਡ ਬਣਵਾ ਕੇ ਉਨ੍ਹਾਂ ਨੂੰ ਦੰਗਾ ਪੀੜਤਾਂ ਵਰਗੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ ਹਨ। ਇਸ ਸਬੰਧੀ ਉਨ੍ਹਾਂ ਕੋਲ ਪੁਖਤਾ ਸਬੂਤ ਹਨ। ਇਸ ਦੌਰਾਨ ਸ਼੍ਰੋਮਣੀ ਪੰਥਕ ਕੌਂਸਲ ਦੇ ਚੇਅਰਮੈਨ ਮਨਜੀਤ ਸਿੰਘ ਕਲਕੱਤਾ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉਚਤਾ ਤੇ ਮਹਾਨਤਾ ਨੂੰ ਬਰਕਰਾਰ ਰੱਖਣ ਲਈ ਇਥੋਂ ਬਿਨਾਂ ਕਿਸੇ ਰਾਜਸੀ ਦਬਾਅ ਦੇ ਫੈਸਲਾ ਲਿਆ ਜਾਣਾ ਚਾਹੀਦਾ ਹੈ। ਇਥੇ ਦੱਸਣਯੋਗ ਹੈ ਕਿ ਐਡਵੋਕੇਟ ਐਚ.ਐਸ. ਫੂਲਕਾ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਇਕ ਪੱਤਰ ਭੇਜ ਕੇ ਸਰਨਾ ਭਰਾਵਾਂ ‘ਤੇ ਉਨ੍ਹਾਂ ਨਾਲ ਦੁਰਵਿਹਾਰ ਕਰਨ ਦਾ ਦੋਸ਼ ਲਾਇਆ ਸੀ ਅਤੇ ਇਸ ਮਾਮਲੇ ਵਿਚ ਸਿੰਘ ਸਾਹਿਬਾਨ ਦੀ ਦਖ਼ਲਅੰਦਾਜ਼ੀ ਦੀ ਅਪੀਲ ਕੀਤੀ ਸੀ। ਉਨ੍ਹਾਂ ਨੇ ਕਿਹਾ ਸੀ ਕਿ ਸਰਨਾ ਭਰਾਵਾਂ ਨੇ ਸਿੱਖ ਨਸਲਕੁਸ਼ੀ ਦੇ ਕੇਸਾਂ ਦੀ ਪੈਰਵੀ ਲਈ ਉਨ੍ਹਾਂ ’ਤੇ ਕਰੋੜਾਂ ਰੁਪਏ ਲੈਣ ਦੇ ਦੋਸ਼ ਲਾਏ ਹਨ। ਅਜਿਹੇ ਮਾਨਸਿਕ ਤਣਾਅ ਦੌਰਾਨ ਉਹ ਸਿੱਖ ਨਸਲਕੁਸ਼ੀ ਦੇ ਕੇਸਾਂ ਦੀ ਪੈਰਵੀ ਠੀਕ ਢੰਗ ਨਾਲ ਕਰਨ ਤੋਂ ਅਸਮਰੱਥ ਹਨ। ਇਸ ਲਈ ਉਹ ਇਸ ਜ਼ਿੰਮੇਵਾਰੀ ਨੂੰ ਛੱਡਣਾ ਚਾਹੁੰਦੇ ਹਨ। ਇਸ ਮਾਮਲੇ ਦਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਲੋਂ ਸਖ਼ਤ ਨੋਟਿਸ ਲੈਂਦਿਆਂ ਤੁਰੰਤ ਸਰਨਾ ਭਰਾਵਾਂ ਨੂੰ ਸਪੱਸ਼ਟੀਕਰਨ ਦੇਣ ਲਈ ਸੱਦਿਆ ਗਿਆ ਸੀ। ਉਸ ਵੇਲੇ ਸਰਨਾ ਭਰਾ ਸਪੱਸ਼ਟੀਕਰਨ ਦੇਣ ਲਈ ਹਾਜ਼ਰ ਨਹੀਂ ਹੋਏ ਸਨ ਅਤੇ ਸਿੰਘ ਸਾਹਿਬਾਨ ਵਲੋਂ ਉਨ੍ਹਾਂ ਨੂੰ 7 ਅਗਸਤ ਨੂੰ ਨਿੱਜੀ ਤੌਰ ਉਤੇ ਹਾਜ਼ਰ ਹੋ ਕੇ ਸਪੱਸ਼ਟੀਕਰਨ ਦੇਣ ਦੀ ਹਦਾਇਤ ਕੀਤੀ ਗਈ ਸੀ।


**ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!**

**ਕੀ ਪੰਜਾਬ ’ਚ ਤੁਹਾਡੀ ਕੋਈ ਜ਼ਮੀਨ ਜਾਇਦਾਦ ਹੈ? ਤੁਹਾਨੂੰ ਇਸ ਦੀ ਚਿੰਤਾ ਸਤਾਉਂਦੀ ਹੈ?**

ਮੇਰੇ ਪਿਆਰੇ ਵੀਰੋ ਤੇ ਭੈਣੋ,

ਜੋ ਮੇਰੇ ਵੀਰ, ਭੈਣ-ਭਰਾ ਅਤੇ ਬਜ਼ੁਰਗ ਲੰਮੇ ਸਮੇਂ ਤੋਂ ਵਿਦੇਸ਼ ਰਹਿੰਦੇ ਹਨ ਅਤੇ ਉਨ੍ਹਾਂ ਨੂੰ ਪਿਛੇ ਪੰਜਾਬ ਜਾਂ ਭਾਰਤ ਦੇ ਹੋਰਨਾਂ ਹਿੱਸਿਆਂ ਵਿਚ ਆਪਣੀ ਜ਼ਮੀਨ-ਜਾਇਦਾਦ ਦਾ ਫਿਕਰ ਹੈ। ਉਸ ਦੀ ਦੇਖ-ਭਾਲ ਨਹੀਂ ਕਰ ਸਕਦੇ, ਵੇਚ ਨਹੀਂ ਸਕਦੇ ਜਾਂ ਆਪਣੇ ਨਾਂ ਤਬਦੀਲ ਨਹੀਂ ਕਰਵਾ ਸਕਦੇ ਅਸੀਂ ਉਨ੍ਹਾਂ ਨੂੰ ਪਰਦੇਸ ਵਿਚ ਬੈਠਿਆਂ ਹੀ ਜ਼ਮੀਨ ਜਾਇਦਾਦ ਸਬੰਧੀ ਹਰ ਤਰ੍ਹਾਂ ਦੇ ਕਾਗਜ਼ਾਤ ਜਿਵੇਂ ਫਰਦਾਂ ਅਤੇ ਗਵਾਚੀਆਂ ਹੋਈਆਂ ਰਜਿਸਟਰੀਆਂ ਦੀਆਂ ਨਕਲਾਂ, ਇੰਤਕਾਲਾਂ ਆਦਿ ਦਾ ਪ੍ਰਬੰਧ ਕਰਕੇ ਪਹੁੰਚਾ ਸਕਦੇ ਹਾਂ। ਅਸੀਂ ਉਨ੍ਹਾਂ ਦੀ ਜ਼ਮੀਨ-ਜਾਇਦਾਦ ਅੱਗੋਂ ਵੇਚਣ ਵਿਚ ਵੀ ਮਦਦ ਕਰ ਸਕਦੇ ਹਾਂ।

ਪੰਜਾਬ, ਚੰਡੀਗੜ੍ਹ ਜਾਂ ਹਰਿਆਣਾ ਵਿਚ ਕਿਸੇ ਵੀ ਤਰ੍ਹਾਂ ਦੀ ਜ਼ਮੀਨ ਜਾਇਦਾਦ ਜਿਵੇਂ ਮਕਾਨ, ਦੁਕਾਨ, ਕੋਠੀ, ਪਲਾਟ, ਫਲੈਟ ਜਾਂ ਵਾਹੀਯੋਗ ਜ਼ਮੀਨ ਖਰੀਦਣੀ ਹੋਵੇ ਜਾਂ ਵੇਚਣੀ, ਸਾਨੂੰ ਸੇਵਾ ਦਾ ਮੌਕਾ ਦਿਓ। ਅਸੀਂ ਪੂਰੀ ਇਮਾਨਦਾਰੀ ਨਾਲ ਕਾਨੂੰਨੀ ਤੌਰ ‘ਤੇ ਕਾਗਜ਼ਾਤ ਤਿਆਰ ਕਰਕੇ ਸੌਦੇ ਕਰਵਾਉਂਦੇ ਹਾਂ। ਕਿਸੇ ਵੀ ਦਲਾਲ ਨੂੰ ਵਿਚ ਨਹੀਂ ਪਾਉਂਦੇ ਅਤੇ ਪਾਰਟੀ ਨਾਲ ਸਿੱਧੀ ਗੱਲ ਕਰਾਉਂਦੇ ਹਾਂ। ਸਾਡਾ ਦਫਤਰ ਪੰਜਾਬ ਵਿਚ ਅਤੇ ਇੰਗਲੈਂਡ ਵਿਚ ਦੋਹੀਂ ਥਾਂਈਂ ਹੈ। ਤੁਸੀਂ ਸਾਡੇ ਨਾਲ ਫੋਨ ‘ਤੇ ਸੰਪਰਕ ਕਰ ਸਕਦੇ ਹੋ ਜਾਂ ਸਾਡੇ ਫੋਨ ‘ਤੇ ਆਪਣਾ ਨਾਂ, ਪਤਾ, ਫੋਨ ਅਤੇ ਸੁਨੇਹਾ ਛੱਡ ਸਕਦੇ ਹੋ। ਅਸੀਂ ਖੁਦ ਤੁਹਾਡੇ ਨਾਲ ਸੰਪਰਕ ਕਰਾਂਗੇ। ਅਸੀਂ ਹਰ ਕੰਮ ਪੂਰੀ ਇਮਾਨਦਾਰੀ ਨਾਲ ਕਰਦੇ ਹਾਂ। ਇਕ ਵਾਰ ਜ਼ਰੂਰ ਸੇਵਾ ਦਾ ਮੌਕਾ ਦਿਓ।

**ਇਮਾਨਦਾਰੀ ਪ੍ਰਾਪਰਟੀ ਐਡਵਾਈਜ਼ਰ**

**Address: Imandari, P.O.Box 695, Hayes, Middlesex UB3 9PD, UK**
**Tel/Fax:0044-2087970259, Mobile:0044-7403071308**
**Tarsem: 91-94643-31245, Fax:91-182-4220156**
*e-mail: imandari@hotmail.co.uk*



**Gas Station For Sale**

**Once in a life time opportunity. Very profitable Gas Station with property for sale in Ohio. Doing inside store sales $90,000 to $95,000 per month and $60,000 gallons fule out side. Absentee owner.**

**If interested call with confidence**
**Ph:734-756-7463 or 734-660-2721**
**or contact via e-mail: ABRENTERPRISE@LIVE.COM**




ਓਹਾਇਓ ਵਿਚ ਬਹੁਤ ਹੀ ਵਧੀਆ ਮੁਨਾਫਾ ਦੇਣ ਵਾਲਾ ਗੈਸ ਸਟੇਸ਼ਨ ਪ੍ਰਾਪਰਟੀ ਸਮੇਤ ਵਿਕਾਊ ਹੈ। ਬਹੁਤ ਵੀ ਬਿਜ਼ੀ ਹਾਈਵੇ ਲੋਕੇਸ਼ਨ। ਬੀਅਰ, ਵਾਈਨ ਅਤੇ ਲਿੱਕਰ ਦੇ ਲਾਈਸੈਂਸ ਸਮੇਤ।

ਅੰਦਰ ਦੀ ਸੇਲ 90 ਤੋਂ 95 ਹਜ਼ਾਰ ਡਾਲਰ, ਗੈਸ ਦੀ ਸੇਲ 60 ਹਜ਼ਾਰ ਗੈਲਨ

**ਕਾਲ ਕਰੋ: 734-756-7463 ਜਾਂ 734-660-2721**

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mandeep Mann
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

**ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।**
**ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।**

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਲੇਹ ਵਿਚ ਬੱਦਲ ਫਟਣ ਨਾਲ ਭਿਆਨਕ ਤਬਾਹੀ



*ਲੇਹ-ਮਨਾਲੀ ਮਾਰਗ ਉਪਰ ਇਕ ਪਿੰਡ ਵਿਚ ਤਬਾਹੀ ਦਾ ਦ੍ਰਿਸ਼*

ਦੇ ਰੱਖਿਆ ਮੰਤਰਾਲੇ ਨੇ ਕੋਈ ਦਖ਼ਲਅੰਦਾਜ਼ੀ ਨਹੀਂ ਕੀਤੀ ਅਤੇ ਫੌਜ ਦੇ ਅਫ਼ਸਰਾਂ ਨੇ ਹਾਟ ਲਾਈਨ ਤੋਂ ਸੀਮਾ ਪਾਰ ਦੇ ਅਫ਼ਸਰਾਂ ਨਾਲ ਗੱਲ ਕੀਤੀ ਹੈ। ਉਨ੍ਹਾਂ ਪਾਕਿਸਤਾਨ ਦੇ ਕਬਜ਼ੇ ਵਾਲੇ ਇਲਾਕੇ ਇਨ੍ਹਾਂ ਜਵਾਨਾਂ ਨੂੰ ਲੱਭਣ ਲਈ ਕਿਹਾ ਹੈ।

ਜ਼ਿਕਰਯੋਗ ਹੈ ਕਿ ਇਹ ਸਾਰੇ ਜਵਾਨ ਇਸ ਤਰ੍ਹਾਂ ਦੇ ਹਾਲਾਤ ਨਾਲ ਨਜਿੱਠਣ ਲਈ ਟਰੇਂਡ ਸਨ, ਪਰ ਤਿੰਨ ਦਿਨ ਬਾਅਦ ਵੀ ਇਨ੍ਹਾਂ ਜਵਾਨਾਂ ਬਾਰੇ ਕੁਝ ਵੀ ਪਤਾ ਨਹੀਂ ਸੀ ਲੱਗ ਰਿਹਾ। ਦੱਸਣਾ ਬਣਦਾ ਹੈ ਕਿ ਕਈ ਸਾਲ ਪਹਿਲਾਂ ਪਾਕਿਸਤਾਨ 'ਚ ਵੀ ਅਜਿਹੇ ਹੀ ਹਾਲਾਤ ਬਣ ਗਏ ਸਨ ਕਿ ਕੁਝ ਜਵਾਨ ਲਾਪਤਾ ਹੋ ਗਏ ਸਨ, ਉਦੋਂ ਪਾਕਿ ਨੇ ਭਾਰਤ ਨੂੰ ਮਦਦ ਦੀ ਅਪੀਲ ਕੀਤੀ ਸੀ। ਦੂਜੇ ਪਾਸੇ ਲਦਾਖ ਇਲਾਕੇ ਦੇ ਵਾਡੋ ਪਿੰਡ ਨੇੜੇ ਬੱਦਲ ਫਟਣ ਬਾਰੇ ਪਤਾ ਲੱਗਾ ਹੈ, ਪਰ ਇਸ 'ਚ ਜਾਨੀ ਜਾਂ ਮਾਲੀ ਨੁਕਸਾਨ ਹੋਣ ਬਾਰੇ ਕੋਈ ਖ਼ਬਰ ਨਹੀਂ।

ਬੀਤੀ 6 ਅਗਸਤ ਨੂੰ ਜੰਮੂ ਕਸ਼ਮੀਰ ਸੂਬੇ ਦੇ ਲੱਦਾਖ ਖੇਤਰ ਵਿਚ ਬੱਦਲਾਂ ਦੇ ਫਟਣ ਤੋਂ ਬਾਅਦ ਆਏ ਹੜ੍ਹ ਕਾਰਨ ਵੱਡੀ ਗਿਣਤੀ ਵਿਚ ਲੋਕ ਇਸ ਦੀ ਲਪੇਟ ਵਿਚ ਆ ਗਏ ਸਨ। ਮਰਨ ਵਾਲਿਆਂ 'ਚ ਤਿੰਨ ਫ਼ੌਜੀ ਜਵਾਨ ਵੀ ਸ਼ਾਮਲ ਸਨ। ਜ਼ਖ਼ਮੀਆਂ ਨੂੰ ਫ਼ੌਜੀ ਹਸਪਤਾਲ ਲੇਹ ਵਿਚ ਭਰਤੀ ਕਰਵਾ ਦਿੱਤਾ ਗਿਆ ਸੀ। ਅਚਾਨਕ ਆਏ ਇਸ ਹੜ੍ਹ ਕਾਰਨ ਪ੍ਰਾਈਵੇਟ ਅਤੇ ਸਰਕਾਰੀ ਇਮਾਰਤਾਂ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ। ਬੱਦਲ ਫਟਣ ਤੋਂ ਬਾਅਦ ਹੋਈ ਭਾਰੀ ਬਾਰਸ਼ ਕਾਰਨ ਕਾਰਗਿਲ-ਲੇਹ ਅਤੇ ਲੇਹ-ਮਨਾਲੀ ਰਾਜ ਮਾਰਗ ਪੂਰੀ ਤਰ੍ਹਾਂ ਬੰਦ ਹੋ ਗਏ ਸਨ। ਲੇਹ ਮਾਰਗ 'ਤੇ ਢਿੱਗਾਂ ਡਿੱਗਣ ਕਾਰਨ ਨਿਮੋਂ ਇਲਾਕੇ 'ਚ ਕਈ ਤੇਲ ਟੈਂਕਰ ਮਲਬੇ 'ਚ ਫਸ ਗਏ ਸਨ। ਇਸ ਦੇ ਨਾਲ ਹੀ ਲੇਹ ਦੇ ਹਵਾਈ ਅੱਡੇ 'ਤੇ ਚਿੱਕੜ ਹੋ ਜਾਣ ਕਾਰਨ ਹਵਾਈ ਸੇਵਾ ਬੰਦ ਹੋ ਗਈ ਸੀ। ਪ੍ਰਸ਼ਾਸਨ ਵਲੋਂ ਫ਼ੌਜ ਦੀ ਮਦਦ ਲਈ ਜਾ ਰਹੀ ਹੈ ਅਤੇ 6 ਹਜ਼ਾਰ ਤੋਂ ਵੱਧ ਜਵਾਨ ਅਤੇ ਅਧਿਕਾਰੀ ਰਾਹਤ ਕੰਮਾਂ 'ਚ ਲੱਗੇ ਹੋਏ ਹਨ। ਸਰਕਾਰ ਵਲੋਂ ਮਰਨ ਵਾਲਿਆਂ ਦੇ ਪਰਿਵਾਰਾਂ ਨੂੰ ਤੁਰੰਤ ਇਕ-ਇਕ ਲੱਖ ਰੁਪਏ ਦੇਣ ਦਾ ਐਲਾਨ ਕੀਤਾ ਗਿਆ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ 6 ਅਗਸਤ ਨੂੰ ਦੇਰ ਰਾਤ ਲੇਹ ਦੇ ਪੁਰਾਣੇ ਸ਼ਹਿਰ, ਨਿਮੋ, ਬਾਸਗੋ, ਚੁਗਲਾਮਸਰ ਅਤੇ ਪਿੰਡ ਨੇਹ 'ਚ ਭਾਰੀ ਬਾਰਸ਼ ਅਤੇ ਬੱਦਲਾਂ ਦੇ ਫਟਣ ਕਾਰਨ ਅਨੇਕਾਂ ਲੋਕ ਮਾਰੇ ਗਏ।

ਬੱਦਲ ਫੱਟਣ ਅਤੇ ਢਿੱਗਾਂ ਖਿਸਕਣ ਕਾਰਨ ਇਸ ਇਲਾਕੇ ਵਿਚ ਮਚੀ ਕੁਦਰਤੀ ਤਬਾਹੀ ਕਾਰਨ 20 ਹਜ਼ਾਰ ਤੋਂ ਵੱਧ ਲੋਕ ਬੇਘਰ ਹੋ ਗਏ ਹਨ। ਖਿੱਤੇ ਵਿਚਲੀ ਇਸ ਤ੍ਰਾਸਦੀ ਦੇ ਦਾਗ਼ ਧੋਣ ਲਈ ਪੂਰੀ ਮਿਹਨਤ ਦੇ ਬਾਵਜੂਦ ਕਈ ਮਹੀਨੇ ਲੱਗ ਜਾਣਗੇ ਜਦੋਂ ਕਿ ਇਸ ਤ੍ਰਾਸਦੀ ਵਿਚੋਂ ਜ਼ਿੰਦਾ ਬਚੇ ਲੋਕਾਂ ਦੇ ਦਿਲਾਂ ਉਤੇ ਬਣੇ ਜ਼ਖ਼ਮ ਭਰਨ ਨੂੰ ਸ਼ਾਇਦ ਸਾਲਾਂ ਦਾ ਅਰਸਾ ਵੀ ਥੋੜ੍ਹਾ ਪੈ ਜਾਵੇ। ਦੂਜੇ ਪਾਸੇ ਬੇਘਰ ਤੇ ਬੇਰੁਜ਼ਗਾਰ ਹੋਏ ਇਥੋਂ ਦੇ ਸੈਂਕੜੇ ਕਾਮਿਆਂ ਨੇ ਮੰਗ ਕੀਤੀ ਹੈ ਕਿ ਉਨ੍ਹਾਂ ਨੂੰ ਹਵਾਈ ਜਹਾਜ਼ਾਂ ਰਾਹੀਂ ਇਲਾਕੇ ਤੋਂ ਬਾਹਰ ਲਿਜਾਇਆ ਜਾਵੇ।

ਇਸ ਤਬਾਹੀ ਨੇ ਸ਼ਹਿਰ ਲਾਗਲੇ ਛੋਟੇ ਜਿਹੇ ਪਿੰਡ ਚੋਗਲੁਮਸਰ ਨੂੰ ਪੂਰੀ ਤਰ੍ਹਾਂ ਤਬਾਹ ਕਰਨ ਦੇ ਨਾਲ ਹੀ ਲੱਦਾਖ ਖਿੱਤੇ ਵਿਚ ਕਰੀਬ 20 ਹਜ਼ਾਰ ਲੋਕਾਂ ਨੂੰ ਬੇਘਰ ਕਰ ਦਿੱਤਾ ਹੈ। ਖਾਸਕਰ ਚਾਂਗਾ ਲਾਲ ਲਾਗਲੀਆਂ ਸਾਰੀਆਂ ਬਸਤੀਆਂ ਨੂੰ ਗਾਰ ਅਤੇ ਹੜ੍ਹ ਨੇ ਧੋ ਸੁੱਟਿਆ ਹੈ ਅਤੇ ਬਚੇ ਹੋਏ ਲੋਕ ਫੌਜ ਅਤੇ ਸਿਵਲ ਪ੍ਰਸ਼ਾਸਨ ਵਲੋਂ ਬਣਾਏ ਕੈਂਪਾਂ ਵਿਚ ਰਹਿਣ ਲਈ ਮਜਬੂਰ ਹਨ।

ਸਰਦੀਆਂ ਸਿਰ ਉਤੇ ਹੋਣ ਕਾਰਨ ਪ੍ਰਸ਼ਾਸਨ ਦੀ ਚਿੰਤਾ ਹੋਰ ਵਧ ਗਈ ਹੈ। ਇਸ ਵੇਲੇ ਬੇਘਰੇ ਲੋਕ ਆਪਣੇ ਪੱਥਰਾਂ ਅਤੇ ਗਾਰ ਨਾਲ ਭਰੇ ਘਰਾਂ ਨੂੰ ਪੁੱਟਣ ਵਿਚ ਲੱਗੇ ਹੋਏ ਹਨ ਤਾਂ ਕਿ ਉਥੋਂ ਆਪਣੀਆਂ ਬਚੀਆਂ-ਖੁਚੀਆਂ ਵਸਤਾਂ ਲੱਭ ਸਕਣ। ਸ਼ਾਮ ਨੂੰ ਉਹ ਕੈਂਪਾਂ ਵਿਚ ਪਰਤ ਆਉਂਦੇ ਹਨ। ਉਨ੍ਹਾਂ ਨੂੰ ਨਹੀਂ ਪਤਾ ਕਿ ਅੱਗੋਂ ਉਨ੍ਹਾਂ ਦਾ ਕੀ ਬਣੇਗਾ?

ਪ੍ਰਧਾਨ ਮੰਤਰੀ ਦੇ ਕੌਮੀ ਰਾਹਤ ਫੰਡ ਵਿਚੋਂ ਮ੍ਰਿਤਕਾਂ ਦੇ ਵਾਰਸਾਂ ਲਈ ਇਕ-ਇਕ ਲੱਖ ਰੁਪਏ ਅਤੇ ਗੰਭੀਰ ਜ਼ਖ਼ਮੀਆਂ ਲਈ ਪੰਜਾਹ-ਪੰਜਾਹ ਹਜ਼ਾਰ ਰੁਪਏ ਦੀ ਰਾਹਤ ਐਲਾਨੀ ਗਈ ਹੈ, ਪਰ ਇਸ ਤ੍ਰਾਸਦੀ ਦੀ ਸ਼ਿੱਦਤ ਅੱਗੇ ਇਹ ਨਾਂਮਾਤਰ ਹੀ ਜਾਪਦੀ ਹੈ। ਇਕ ਪੀੜਤ ਕਾਨਚਾਕ ਦੋਰਜੇ ਦਾ ਕਹਿਣਾ ਹੈ ਕਿ ਇਹ ਰਾਹਤ ਘਰਾਂ ਦੀ ਮੁੜ ਉਸਾਰੀ ਲਈ ਪੂਰੀ ਨਹੀਂ ਪਵੇਗੀ।

ਤੀਜੀ ਇਨਫੈਂਟਰੀ ਡਿਵੀਜ਼ਨ ਦੇ ਕਰਨਲ ਐਨ.ਜੇ. ਸਿੰਘ, ਜਿਨ੍ਹਾਂ ਦੀ ਅਗਵਾਈ ਹੇਠ ਚੋਗਲੁਮਸਰ ਦੀ ਹਾਲਤ ਸੁਧਾਰਨ ਦੀ ਮੁਹਿੰਮ ਵਿੱਢੀ ਗਈ ਹੈ, ਦਾ ਕਹਿਣਾ ਸੀ, "ਮਲਬੇ ਨੂੰ ਪੂਰੀ ਤਰ੍ਹਾਂ ਹਟਾਉਣ ਵਿਚ ਕਈ ਮਹੀਨੇ ਲੱਗ ਜਾਣਗੇ।"

# ਇਤਿਹਾਸਕ ਗੁਰਦੁਆਰਾ ਪੱਥਰ ਸਾਹਿਬ ਦਾ ਭਾਰੀ ਨੁਕਸਾਨ

**ਲੇਹ:** ਢਿੱਗਾਂ ਡਿੱਗਣ ਤੇ ਬੱਦਲ ਫਟਣ ਦੀ ਘਟਨਾ ਨੇ ਇਥੋਂ ਕਰੀਬ 55 ਕਿਲੋਮੀਟਰ ਦੂਰ ਸਥਿਤ ਇਤਿਹਾਸਕ ਗੁਰਦੁਆਰਾ ਪੱਥਰ ਸਾਹਿਬ ਦੀ ਇਮਾਰਤ ਨੂੰ ਭਾਰੀ ਨੁਕਸਾਨ ਪਹੁੰਚਾਇਆ ਹੈ। ਸੂਤਰਾਂ ਨੇ ਦੱਸਿਆ ਕਿ ਫੌਜੀ ਜਵਾਨਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੀ ਪਵਿੱਤਰਤਾ ਕਾਇਮ ਰੱਖਣ ਲਈ ਅਹਿਮ ਭੂਮਿਕਾ ਨਿਭਾਈ। ਗੁਰਦੁਆਰਾ ਸਾਹਿਬ ਵਿਚ ਕਰੀਬ ਚਾਰ ਫੁੱਟ ਤੱਕ ਗਾਰ ਭਰ ਗਈ ਸੀ। ਇਸ ਦੌਰਾਨ ਫੌਜੀਆਂ ਦੀ ਇਕ ਟੀਮ ਨੇ ਹਨੇਰੀ ਰਾਤ ਵਿਚ ਵੀ ਕੰਮ ਕੀਤਾ ਅਤੇ ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਇਕ ਕੰਧ ਤੋੜ ਦਿੱਤੀ ਤਾਂ ਕਿ ਗਾਰ ਬਾਹਰ ਨਿਕਲ ਸਕੇ। ਅਧਿਕਾਰੀਆਂ ਨੇ ਇਨ੍ਹਾਂ ਜਵਾਨਾਂ ਦੀ ਸ਼ਲਾਘਾ ਕੀਤੀ ਹੈ ਜਿਨ੍ਹਾਂ ਵਿਚੋਂ ਕਈ ਸਿੱਖ ਸਨ। ਹੁਣ ਇਮਾਰਤ ਵਿਚੋਂ ਗਾਰ ਪੂਰੀ ਤਰ੍ਹਾਂ ਕੱਢ ਦਿੱਤੀ ਗਈ ਹੈ ਤੇ ਕੁਝ ਦਿਨਾਂ ਵਿਚ ਲੰਗਰ ਵੀ ਸ਼ੁਰੂ ਕਰ ਦਿੱਤਾ ਜਾਵੇਗਾ। ਗੌਰਤਲਬ ਹੈ ਕਿ ਲੇਹ-ਕਾਰਗਿਲ ਰਾਹ ਤੋਂ ਜਾਣ ਵਾਲੀਆਂ ਫੌਜਾਂ ਇਥੇ ਬੜੇ ਸ਼ੌਕ ਨਾਲ ਲੰਗਰ ਛਕਦੀਆਂ ਹਨ।

ਗੁਰਦੁਆਰਾ ਪੱਥਰ ਸਾਹਿਬ 1516 ਈ. ਤੋਂ ਹੀ ਲੱਦਾਖ ਦੇ ਸਭਿਆਚਾਰ ਤੇ ਧਰਮ ਵਿਚ ਰਚਿਆ-ਮਿਚਿਆ ਹੈ। ਦੱਸਿਆ ਜਾਂਦਾ ਹੈ ਕਿ ਗੁਰੂ ਨਾਨਕ ਦੇਵ 1516 ਵਿਚ ਇੱਥੇ ਆਏ ਸਨ ਅਤੇ ਉਨ੍ਹਾਂ ਨੇ ਇਕ ਦੈਂਤ ਦੇ ਕਹਿਰ ਤੋਂ ਲੇਹ ਵਾਸੀਆਂ ਨੂੰ ਬਚਾਇਆ ਸੀ। ਉਸ ਦੈਂਤ ਨੇ ਇਕ ਵੱਡੇ ਪੱਥਰ ਨਾਲ ਗੁਰੂ ਸਾਹਿਬ ਉਥੇ ਹਮਲਾ ਕੀਤਾ, ਪਰ ਗੁਰੂ ਸਾਹਿਬ ਨੂੰ ਛੂੰਹਦਿਆਂ ਹੀ ਪੱਥਰ ਮੋਮ ਵਿਚ ਬਦਲ ਗਿਆ।

# ਕਸ਼ਮੀਰ ਦੀ ਵਿਲੱਖਣ ਸਮੱਸਿਆ ਦਾ ਹੱਲ ਵੀ ਵਿਲੱਖਣ ਹੀ ਲੱਭਣਾ ਪਵੇਗਾ

**ਬਿੰਦਰ ਬਸਰਾ**

ਪੂਰੀ ਕਸ਼ਮੀਰ ਵਾਦੀ 'ਚ ਹਾਲਾਤ 'ਚ ਕੁਝ ਨਰਮੀ ਆਉਣ ਪਿੱਛੋਂ ਹਟਾਇਆ ਕਰਫਿਊ ਕਈ ਥਾਈਂ ਮੁੜ ਲਾਉਣ ਨਾਲ ਤਣਾਓ ਵਾਲੀ ਸਥਿਤੀ ਅਜੇ ਬਰਕਰਾਰ ਹੈ। ਜੰਮੂ-ਕਸ਼ਮੀਰ ਦੇ ਵੱਖਵਾਦੀ ਆਗੂਆਂ ਵਲੋਂ ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਦੀ ਗੱਲਬਾਤ ਦੀ ਪੇਸ਼ਕਸ਼ ਨੂੰ ਠੁਕਰਾ ਦਿੱਤੇ ਜਾਣ ਪਿਛੋਂ ਵਾਦੀ 'ਚ ਹਾਲਾਤ ਆਮ ਵਰਗੇ ਹੋਣ 'ਚ ਅਜੇ ਹੋਰ ਸਮਾਂ ਲੱਗੇਗਾ। ਕੁਝ ਹਲਕਿਆਂ ਨੂੰ ਖਦਸ਼ਾ ਹੈ ਕਿ ਇਹ ਵੀ ਸੰਭਵ ਹੈ ਕਿ ਕਸ਼ਮੀਰ ਵਾਦੀ ਦੇ ਹਾਲਾਤ ਹੋਰ ਵਿਗੜ ਜਾਣ।

ਉਧਰ ਭਾਜਪਾ ਦੇ ਸੀਨੀਅਰ ਨੇਤਾ ਅਤੇ ਸਾਬਕਾ ਉਪ ਪ੍ਰਧਾਨ ਮੰਤਰੀ ਐਲ.ਕੇ. ਅਡਵਾਨੀ ਨੇ ਵਾਦੀ 'ਚ ਅਰਾਜਕਤਾ ਵਰਗੇ ਹਾਲਾਤ ਲਈ ਸੂਬਾ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਹੈ, ਜੋ ਹਾਲਾਤ ਨਾਲ ਨਜਿੱਠਣ ਵਿਚ ਅਸਮਰਥ ਸਾਬਤ ਹੋ ਰਹੀ ਹੈ।

ਜੰਮੂ ਕਸ਼ਮੀਰ ਵਿਚ ਵੱਖਵਾਦੀ ਜਥੇਬੰਦੀ ਹੁਰੀਅਤ ਕਾਨਫਰੰਸ ਦੇ ਗਰਮ ਪੰਥੀ ਅਤੇ ਉਦਾਰਵਾਦੀ-ਦੋਹਾਂ ਧੜਿਆਂ ਵਲੋਂ ਕੇਂਦਰੀ ਗ੍ਰਹਿ ਮੰਤਰੀ ਪੀ. ਚਿੰਦਬਰਮ ਦੀ ਗੱਲਬਾਤ ਦੀ ਪੇਸ਼ਕਸ਼ ਨੂੰ ਠੁਕਰਾ ਦਿੱਤੇ ਜਾਣ ਨਾਲ ਵਾਦੀ 'ਚ ਹਾਲਾਤ ਆਮ ਵਰਗੇ ਹੋਣ ਦੇ ਆਸਾਰ ਮੱਧਮ ਪੈ ਗਏ ਹਨ। ਜ਼ਿਕਰਯੋਗ ਹੈ ਕਿ ਗ੍ਰਹਿ ਮੰਤਰੀ ਨੇ ਬੀਤੇ ਦਿਨੀਂ ਐਲਾਨ ਕੀਤਾ ਸੀ ਕਿ ਸਰਕਾਰ ਪਾਕਿਸਤਾਨ ਦੀ ਸਾਜ਼ਿਸ਼ ਨਾਕਾਮ ਕਰਨ ਲਈ ਕਸ਼ਮੀਰੀਆਂ ਦਾ ਦਿਲ ਜਿੱਤਣਾ ਸਭ ਤੋਂ ਅਹਿਮ ਸਮਝਦੀ ਹੈ ਜਿਸ ਦੇ ਲਈ ਉਨ੍ਹਾਂ ਹੁਰੀਅਤ ਦੇ ਕੱਟੜਪੰਥੀ ਧੜੇ ਦੇ ਆਗੂ ਸਈਅਦ ਅਲੀ ਸ਼ਾਹ ਗਿਲਾਨੀ ਸਣੇ ਸਾਰੇ ਵੱਖਵਾਦੀ ਧੜਿਆਂ ਨੂੰ ਗੱਲਬਾਤ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਸੀ। ਪਰ ਹੁਰੀਅਤ ਦੇ ਕੱਟੜਪੰਥੀ ਧੜੇ ਦੇ ਆਗੂ ਗਿਲਾਨੀ ਨੇ ਕਿਹਾ ਕਿ ਮੈਂ ਕਿਸੇ ਵੀ ਤਰ੍ਹਾਂ ਦੀ ਗੱਲਬਾਤ ਵਿਚ ਹਿੱਸਾ ਲੈਣ ਦੇ ਪੱਖ 'ਚ ਉਦੋਂ ਤਕ ਨਹੀਂ ਹਾਂ ਜਦੋਂ ਤੱਕ ਜੰਮੂ-ਕਸ਼ਮੀਰ ਨੂੰ ਵਿਵਾਦਤ ਖੇਤਰ ਐਲਾਨ ਕੇ ਇਥੋਂ ਫੌਜ ਨੂੰ ਵਾਪਸ ਨਹੀਂ ਬੁਲਾਇਆ ਜਾਂਦਾ ਅਤੇ ਕਸ਼ਮੀਰ ਬਾਰੇ ਸੰਯੁਕਤ ਰਾਸ਼ਟਰ ਵਿਚ ਪਾਸ ਕੀਤੇ ਪ੍ਰਸਤਾਵ ਨੂੰ ਲਾਗੂ ਨਹੀਂ ਕੀਤਾ ਜਾਂਦਾ। ਹੁਰੀਅਤ ਕਾਨਫਰੰਸ ਦੇ ਹੀ ਉਦਾਰਵਾਦੀ ਧੜੇ ਦੇ ਮੁਖੀ ਮੀਰਵਾਇਜ਼ ਉਮਰ ਫਾਰੂਕ ਨੇ ਗ੍ਰਹਿ ਮੰਤਰੀ ਦੀ ਪੇਸ਼ਕਸ਼ ਨੂੰ ਇਹ ਕਹਿ ਕੇ ਰੱਦ ਕੀਤਾ ਕਿ ਮੌਜੂਦਾ ਮਾਹੌਲ ਵਿਚ ਗੱਲਬਾਤ ਦੀ ਪ੍ਰਕਿਰਿਆ ਦੀ ਕੋਈ ਸੰਭਾਵਨਾ ਨਹੀਂ। ਮੀਰਵਾਇਜ਼ ਨੇ ਕਿਹਾ ਕਿ ਪਹਿਲਾਂ ਅਸੀਂ ਕੇਂਦਰ ਨਾਲ ਗੱਲਬਾਤ ਦੀ ਪ੍ਰਕਿਰਿਆ ਸ਼ੁਰੂ ਕਰਨ ਬਾਰੇ ਸਹਿਮਤੀ ਪ੍ਰਗਟਾਈ ਸੀ ਅਤੇ ਉਸ ਸਮੇਂ ਇਹ ਤੈਅ ਹੋਇਆ ਸੀ ਕਿ ਕਸ਼ਮੀਰ ਦੇ ਲੋਕ ਕੇਂਦਰ ਨਾਲ ਗੱਲਬਾਤ ਕਰਨਗੇ। ਸ਼ਰਤ ਇਹ ਸੀ ਕਿ ਕੇਂਦਰ ਸਰਕਾਰ ਪਾਕਿਸਤਾਨ ਨਾਲ ਗੱਲਬਾਤ ਕਰੇਗੀ ਅਤੇ ਕਸ਼ਮੀਰੀ ਲੋਕ ਕੇਂਦਰ ਨਾਲ ਗੱਲਬਾਤ ਕਰਨਗੇ, ਪਰ ਹੁਣ ਹਾਲਾਤ ਬਦਲ ਗਏ ਹਨ।

ਗ੍ਰਹਿ ਮੰਤਰੀ ਦੇ ਗੱਲਬਾਤ ਦੇ ਸੱਦੇ ਨੂੰ ਜੰਮੂ-ਕਸ਼ਮੀਰ ਲਿਬਰੇਸ਼ਨ ਫਰੰਟ (ਜੇ.ਕੇ.ਐਲ.ਐਫ.) ਨੇ ਪਖੰਡ ਦੱਸਦਿਆਂ ਕਿਹਾ ਹੈ ਕਿ ਗੱਲਬਾਤ ਅਤੇ ਹੱਤਿਆਵਾਂ ਨਾਲ-ਨਾਲ ਨਹੀਂ ਚੱਲ ਸਕਦੀਆਂ। ਸੂਬੇ ਵਿਚ ਮੁੱਖ ਵਿਰੋਧੀ ਧਿਰ ਪੀਪਲਜ਼ ਡੈਮੋਕ੍ਰੇਟਿਕ ਪਾਰਟੀ ਦੀ ਪ੍ਰਧਾਨ ਮਹਿਬੂਬਾ ਮੁਫਤੀ ਨੇ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਗੱਲਬਾਤ ਦੀ ਕੋਸ਼ਿਸ਼ ਤੋਂ ਪਹਿਲਾਂ ਸਰਕਾਰ ਨੂੰ ਵਿਸ਼ਵਾਸ ਬਹਾਲੀ ਲਈ ਕਦਮ ਚੁੱਕਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਮੁਜ਼ਾਹਰਿਆਂ ਦੌਰਾਨ ਗ੍ਰਿਫਤਾਰ ਲੋਕਾਂ ਦੀ ਰਿਹਾਈ ਇਸ ਦਿਸ਼ਾ ਵਿਚ ਪਹਿਲਾ ਕਦਮ ਹੋਣਾ ਚਾਹੀਦਾ ਹੈ। ਪਰ ਮਹਿਬੂਬਾ ਮੁਫਤੀ ਨੇ ਚਿਦੰਬਰਮ ਦੀ ਪੇਸ਼ਕਸ਼ ਬਾਰੇ ਕੁਝ ਵੀ ਕਹਿਣ ਤੋਂ ਇਨਕਾਰ ਕਰ ਦਿੱਤਾ। ਸ੍ਰੀ ਗਿਲਾਨੀ ਨੇ ਗ੍ਰਹਿ ਮੰਤਰੀ ਦੀ ਪੇਸ਼ਕਸ਼ ਨੂੰ ਉਨ੍ਹਾਂ ਦੇ ਏਕੇ ਨੂੰ ਭੰਗ ਕਰਨ ਦੀ ਸਾਜ਼ਿਸ਼ ਵੀ ਐਲਾਨਿਆ।

ਜੰਮੂ-ਕਸ਼ਮੀਰ ਦੇ ਮਸਲੇ 'ਤੇ ਲਗਾਤਾਰ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਦਖਲ ਦੀ ਮੰਗ ਕਰਦੀ ਰਹੀ ਪੀਪਲਜ਼ ਡੈਮੋਕ੍ਰੇਟਿਕ ਪਾਰਟੀ ਦੀ ਨੇਤਾ ਮਹਿਬੂਬਾ ਮੁਫਤੀ ਨੇ ਹੀ ਉਨ੍ਹਾਂ ਵਲੋਂ ਬੁਲਾਈ ਸਰਬ ਪਾਰਟੀ ਮੀਟਿੰਗ ਦਾ ਬਾਈਕਾਟ ਕਰਨ ਦਾ ਐਲਾਨ ਕਰ ਦਿੱਤਾ ਹੈ। ਉਨ੍ਹਾਂ ਸਰਬ ਪਾਰਟੀ ਮੀਟਿੰਗ ਨੂੰ ਕਾਂਗਰਸ ਅਤੇ ਨੈਸ਼ਨਲ ਕਾਨਫਰੰਸ ਦੀ ਜੁਗਲਬੰਦੀ ਕਰਾਰ ਦਿੱਤਾ।

ਦੂਜੇ ਪਾਸੇ ਗ੍ਰਹਿ ਮੰਤਰੀ ਕਸ਼ਮੀਰ ਦੇ ਤਾਜ਼ਾ ਹਾਲਾਤ ਨੂੰ ਪਾਕਿਸਤਾਨ ਨਾਲ ਜੋੜ ਕੇ ਦੇਖ ਰਹੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਪਾਕਿਸਤਾਨ ਨੇ ਵਾਦੀ ਵਿਚ ਗੜਬੜੀ ਪੈਦਾ ਕਰਨ ਦੀ ਆਪਣੀ ਰਣਨੀਤੀ ਬਦਲ ਦਿੱਤੀ ਹੈ ਕਿਉਂਕਿ ਅਜਿਹਾ ਨਜ਼ਰ ਆਉਂਦਾ ਹੈ ਕਿ ਉਹ ਫਾਇਦਾ ਹਾਸਲ ਕਰਨ ਲਈ ਲੋਕਾਂ ਵਿਚ ਫੈਲੇ ਰੋਸ 'ਤੇ ਨਿਰਭਰ ਹੈ। ਉਨ੍ਹਾਂ ਦਾ ਇਹ ਵੀ ਮੰਨਣਾ ਹੈ ਕਿ ਜੇ ਅਸੀਂ ਕਸ਼ਮੀਰ ਦੇ ਲੋਕਾਂ ਦਾ ਦਿਲ ਜਿੱਤ ਲਈਏ ਤਾਂ ਪਾਕਿਸਤਾਨ ਦੀ ਸਾਜ਼ਿਸ਼ ਅਸਫਲ ਹੋ ਜਾਵੇਗੀ। ਉਨ੍ਹਾਂ ਕਿਹਾ ਕਸ਼ਮੀਰ ਦੇ ਹਾਲਾਤ ਦਾ ਹੱਲ ਸਿਰਫ ਸਿਆਸੀ ਪ੍ਰਕਿਰਿਆ ਅਤੇ ਕਸ਼ਮੀਰ ਦੇ ਵੱਖ-ਵੱਖ ਵਰਗਾਂ ਨਾਲ ਗੱਲਬਾਤ ਰਾਹੀਂ ਹੀ ਨਿਕਲ ਸਕਦਾ ਹੈ। ਸ੍ਰੀ ਚਿਦੰਬਰਮ ਦਾ ਮੰਨਣਾ ਹੈ ਕਿ ਜੰਮੂ-ਕਸ਼ਮੀਰ ਦਾ ਮੁੱਦਾ ਇਕ ਵਿਲੱਖਣ ਸਮੱਸਿਆ ਹੈ ਅਤੇ ਸਾਨੂੰ ਇਸ ਦਾ ਵਿਲੱਖਣ ਹੱਲ ਹੀ ਲੱਭਣਾ ਹੋਵੇਗਾ।

ਪਰ ਕੁਝ ਰਾਜਸੀ ਮਾਹਿਰ ਕਸ਼ਮੀਰ ਦੀ ਮੌਜੂਦਾ ਸਮੱਸਿਆ ਨੂੰ ਹਿੰਸਾ 'ਤੇ ਉਤਾਰੂ ਕੁਝ ਲੋਕਾਂ ਦੇ ਸਮੂਹ ਅਤੇ ਖ਼ਰਾਬ ਪ੍ਰਬੰਧ ਦੀ ਸ਼ਿਕਾਰ ਕਸ਼ਮੀਰ ਪੁਲਿਸ ਵਿਚਾਲੇ ਹੁੰਦੇ ਟਕਰਾਅ ਨੂੰ ਹੀ ਮੰਨਦੇ ਹਨ। ਕੁਝ ਦਾ ਮੰਨਣਾ ਹੈ ਕਿ 26/11 ਦੀ ਘਟਨਾ ਪਿੱਛੋਂ ਪਾਕਿਸਤਾਨ 'ਤੇ ਭਾਰਤ ਅਤੇ ਅਮਰੀਕਾ ਵਲੋਂ ਵਧ ਰਹੇ ਦਬਾਅ ਕਿ ਉਹ ਅੱਤਵਾਦੀਆਂ ਨੂੰ ਸਮਰਥਨ ਅਤੇ ਸੁਰੱਖਿਆ ਦੇਣਾ ਬੰਦ ਕਰੇ, ਦੇ ਸਿੱਟੇ ਵਜੋਂ ਆਈ.ਐਸ.ਆਈ. ਨੇ ਕਸ਼ਮੀਰ 'ਚ ਸਰਗਰਮ ਆਪਣੇ ਅੱਤਵਾਦੀਆਂ ਨੂੰ ਵੱਡੀ ਪੱਧਰ 'ਤੇ ਗੜਬੜੀ ਫੈਲਾਉਣ ਦੇ ਨਿਰਦੇਸ਼ ਦਿੱਤੇ ਹਨ। ਕਸ਼ਮੀਰ 'ਚ ਕਰਫਿਊ ਕਿੰਨੇ ਦਿਨ ਜਾਰੀ ਰਹੇਗਾ, ਇਸ ਬਾਰੇ ਮਾਹੌਲ ਦੇ ਤਣਾਓ ਨੂੰ ਦੇਖਦਿਆਂ ਕੁਝ ਕਹਿਣਾ ਸੰਭਵ ਨਹੀਂ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

## ਤਿਰਛੀ ਨਜ਼ਰ

ਜਸਵੰਤ ਸਿੰਘ ਸ਼ਾਦ, ਸਟਾਕਟਨ
ਫੋਨ:209-992-7185

***ਬਦਨਾਮ ਪੁਲਿਸ ਅਫਸਰ ਮੁਹੰਮਦ ਇਜ਼ਹਾਰ ਆਲਮ ਨੂੰ ਬਾਦਲ ਨੇ ਅਕਾਲੀ ਦਲ ਵਿਚ ਸ਼ਾਮਲ ਕਰਵਾਇਆ**

-ਭਾਈ ਨੇ ਭਾਈ ਪਛਾਤਾ।

***ਸਰਨਾ ਭਰਾ ਕਾਂਗਰਸ ਦੇ ਏਜੰਟ-ਮੱਕੜ**

-ਤੇ ਆਪਾਂ ਭਾਜਪਾ ਦੇ।

***ਵਿਦੇਸ਼ ਜਾਣ ਲਈ ਗੈਰਕਾਨੂੰਨੀ ਹਥਕੰਡੇ ਅਪਨਾਉਣ ਦਾ ਰੁਝਾਨ ਘਟਿਆ।**

-ਜਦ ਪੜ੍ਹਾਈ ਦੇ ਨਾਂ 'ਤੇ ਠਾਹ ਠਾਹ ਵੀਜ਼ੇ ਲੱਗਣ ਡਹੇ ਆ ਫਿਰ ਪੰਗਾ ਲੈਣ ਦੀ ਕੀ ਲੋੜ ਆ!

***ਬੁਕਿੰਗ ਫੁੱਲ ਰਹਿਣ ਦੇ ਬਾਵਜੂਦ ਅੰਮ੍ਰਿਤਸਰੋਂ ਉਡੇਗੀ ਟੋਰਾਂਟੋ ਲਈ ਉਡਾਣ**

-ਦਿੱਲੀ ਏਅਰਪੋਰਟ ਵਾਲਿਆਂ ਦਾ ਪੰਜਾਬੀਆਂ ਬਿਨਾਂ ਦਿਲ ਨਹੀਂ ਨਾ ਲੱਗਦਾ, ਤਾਂ ਕਰਕੇ।

***ਇਰਾਕ 'ਚ ਅਮਰੀਕੀ ਮਿਸ਼ਨ ਦਾ ਅੰਤ 31 ਅਗਸਤ ਨੂੰ-ਓਬਾਮਾ**

-ਅਖੇ, ਜਾਨ ਬਚੀ ਤੋ ਲਾਖੋਂ ਪਾਏ, ਲੌਟ ਕੇ ਬੁੱਧੂ ਘਰ ਕੋ ਆਏ।

***ਸੰਘ ਦੇ ਨੇਤਾ ਸ਼ਬਦ 'ਹਿੰਦੂ-ਦਹਿਸ਼ਤਗਰਦੀ' ਤੋਂ ਦੁਖੀ।**

-ਬਈ, ਸ਼ਬਦ 'ਦਹਿਸ਼ਤਗਰਦੀ' ਬਣਾਇਆ ਤਾਂ ਸਿੱਖਾਂ ਤੇ ਮੁਸਲਮਾਨਾਂ ਲਈ ਸੀ, ਇਹ ਗਲ ਸਾਡੇ ਪੈ ਗਿਆ।

***ਸਰਕਾਰ ਇਤਿਹਾਸਕ ਥਾਂਵਾਂ ਦਾ ਸਤਿਕਾਰ ਕਰਨਾ ਭੁੱਲੀ, 'ਚਮਕੌਰ ਸਾਹਿਬ' ਦੀ ਥਾਂ ਸੜਕੀ ਬੋਰਡ 'ਤੇ ਲਿਖਿਆ 'ਚਮਕੌਰ'**

-ਹੁਣ ਤਾਂ ਲੀਡਰਾਂ ਦੇ ਪਿੰਡਾਂ ਦੇ ਬੋਰਡ ਹੋਇਆ ਕਰਨਗੇ-'ਬਾਦਲ ਸਾਹਿਬ,' 'ਸੇਖਵਾਂ ਸਾਹਿਬ,' 'ਭੂੰਦੜ ਸਾਹਿਬ,' 'ਰੱਖੜਾ ਸਾਹਿਬ'।

# ਬਾਦਲ ਸਰਕਾਰ ਮਾਲਵੇ ਵਲ ਖਿੱਚੀ ਜਾਂਦੀ ਸਾਰਾ ਧਨ

**ਚੰਡੀਗੜ੍ਹ :** ਪੰਜਾਬ ਦੇ ਮਾਲਵਾ ਖਿੱਤੇ ਨਾਲ ਸਬੰਧਤ ਕੁਝ ਖਾਸ ਜ਼ਿਲ੍ਹਿਆਂ ਦੇ ਕਿਸਾਨਾਂ 'ਤੇ ਸਰਕਾਰੀ ਮਿਹਰਬਾਨੀ ਇਸ ਕਦਰ ਹੋ ਰਹੀ ਹੈ ਕਿ ਰਾਜ ਸਰਕਾਰ ਨੇ ਜ਼ਮੀਨਦੋਜ਼ ਪਾਈਪਾਂ ਲਈ ਸਾਂਝੇ ਪ੍ਰਾਜੈਕਟਾਂ 'ਤੇ ਦਿੱਤੀ ਜਾਂਦੀ ਸਬਸਿਡੀ ਦੇ ਮਾਮਲੇ ਵਿਚ ਦੋਆਬੇ ਤੇ ਮਾਝੇ ਦੇ ਜ਼ਿਲ੍ਹਿਆਂ ਨੂੰ ਪੂਰੀ ਤਰ੍ਹਾਂ ਵਿਸਾਰ ਦਿੱਤਾ ਹੈ। ਇਨ੍ਹਾਂ ਪ੍ਰਾਜੈਕਟਾਂ 'ਤੇ ਸਰਕਾਰ ਵਲੋਂ 90 ਫੀਸਦੀ ਸਬਸਿਡੀ ਦਿੱਤੀ ਜਾ ਰਹੀ ਹੈ। ਕੇਂਦਰ ਸਰਕਾਰ ਵਲੋਂ ਕੌਮੀ ਖੇਤੀ ਵਿਕਾਸ ਯੋਜਨਾ ਤਹਿਤ ਭੇਜੀ ਜਾਂਦੀ ਸਬਸਿਡੀ ਦੀ ਸਹੂਲਤ ਲੈਣ ਵਿਚ ਮੁਕਤਸਰ, ਬਠਿੰਡਾ, ਫਿਰੋਜ਼ਪੁਰ ਜ਼ਿਲ੍ਹਿਆਂ ਦੇ ਕਿਸਾਨਾਂ ਦੀ ਝੰਡੀ ਹੈ। ਸੂਤਰਾਂ ਦਾ ਦੱਸਣਾ ਹੈ ਕਿ ਇਨ੍ਹਾਂ ਜ਼ਿਲ੍ਹਿਆਂ 'ਤੇ ਸਰਕਾਰੀ ਮਿਹਰਬਾਨੀ ਦਾ ਕਾਰਨ ਇੱਕੋ ਹੈ ਕਿ ਇਹ ਜ਼ਿਲ੍ਹੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਰਾਜਨੀਤੀ ਦਾ ਆਧਾਰ ਹਨ। ਮੁਕਤਸਰ ਉਨ੍ਹਾਂ ਦਾ ਜੱਦੀ ਜ਼ਿਲ੍ਹਾ ਹੈ। ਫਿਰੋਜ਼ਪੁਰ ਦੇ ਜਲਾਲਾਬਾਦ ਹਲਕੇ ਤੋਂ ਮੁੱਖ ਮੰਤਰੀ ਦੇ ਪੁੱਤਰ ਸੁਖਬੀਰ ਸਿੰਘ ਬਾਦਲ ਨੇ ਚੋਣ ਜਿੱਤੀ ਹੈ। ਇਸੇ ਤਰ੍ਹਾਂ ਬਠਿੰਡਾ ਲੋਕ ਸਭਾ ਹਲਕੇ ਤੋਂ ਮੁੱਖ ਮੰਤਰੀ ਦੀ ਨੂੰਹ ਹਰਸਿਮਰਤ ਕੌਰ ਬਾਦਲ ਸੰਸਦ ਮੈਂਬਰ ਹੈ। ਸਰਕਾਰੀ ਵਹੀ-ਖਾਤਿਆਂ ਮੁਤਾਬਕ ਪਿਛਲੇ ਤਿੰਨਾਂ ਸਾਲਾਂ ਦੌਰਾਨ ਇਸ ਸਬਸਿਡੀ ਦੀ ਸਹੂਲਤ ਰਾਜ ਦੇ ਸਿਰਫ਼ ਸੱਤ ਜ਼ਿਲ੍ਹਿਆਂ ਨੂੰ ਹੀ ਮਿਲ ਸਕੀ ਹੈ ਤੇ ਵੱਡਾ ਹਿੱਸਾ ਤਿੰਨ ਜ਼ਿਲ੍ਹਿਆਂ ਦੇ ਹਿੱਸੇ ਆਇਆ ਹੈ।

ਸੂਤਰਾਂ ਮੁਤਾਬਕ ਜ਼ਮੀਨਦੋਜ਼ ਪਾਈਪਾਂ ਦੇ ਪ੍ਰਾਜੈਕਟ ਲਾਉਣ ਲਈ ਕਿਸਾਨਾਂ ਨੂੰ ਸਭ ਤੋਂ ਜ਼ਿਆਦਾ ਸਬਸਿਡੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਆਪਣੇ ਜ਼ਿਲ੍ਹੇ ਮੁਕਤਸਰ ਵਿਚ ਦਿੱਤੀ ਗਈ ਹੈ। ਇਸ ਜ਼ਿਲ੍ਹੇ ਵਿਚ ਸਰਕਾਰ ਨੇ ਤਿੰਨਾਂ ਸਾਲਾਂ ਦੌਰਾਨ 441.05 ਲੱਖ ਰੁਪਏ ਜਾਰੀ ਕੀਤੇ। ਇਹ ਗੱਲ ਵੱਖਰੀ ਹੈ ਕਿ ਸਰਕਾਰੀ ਮਸ਼ੀਨਰੀ ਨੇ ਜਾਰੀ ਹੋਏ ਪੈਸੇ ਵਿਚੋਂ 137 ਲੱਖ ਹੀ ਖਰਚ ਕੀਤੇ। ਇਸ ਜ਼ਿਲ੍ਹੇ ਵਿਚ ਕੁੱਲ 46 ਪ੍ਰਾਜੈਕਟ ਲਗਾਏ ਗਏ ਤੇ ਦੂਜੇ ਜ਼ਿਲ੍ਹਿਆਂ ਦੇ ਹਿੱਸੇ ਇਕ ਤੋਂ ਤਿੰਨ ਪ੍ਰਾਜੈਕਟ ਹੀ ਆਏ। ਬਠਿੰਡਾ ਜ਼ਿਲ੍ਹੇ ਲਈ ਸਰਕਾਰ ਨੇ 130.20 ਲੱਖ ਰੁਪਏ ਦਿੱਤੇ, ਫਿਰੋਜ਼ਪੁਰ ਲਈ 159.79 ਲੱਖ ਰੁਪਏ ਜਾਰੀ ਕੀਤੇ। ਇਸ ਦੇ ਮੁਕਾਬਲੇ ਅੰਮ੍ਰਿਤਸਰ ਜ਼ਿਲ੍ਹੇ ਲਈ ਸਿਰਫ 7.82 ਲੱਖ ਰੁਪਏ ਜਾਰੀ ਹੋਏ ਤੇ ਸੰਗਰੂਰ ਜ਼ਿਲ੍ਹੇ ਦੇ ਹਿੱਸੇ 38.76 ਲੱਖ ਆਏ। ਫਰੀਦਕੋਟ ਜੋ ਕਿ ਮੁੱਖ ਮੰਤਰੀ ਦਾ ਪੁਰਾਣਾ ਇਲਾਕਾ ਹੈ, ਵੀ ਇਸ ਸਬਸਿਡੀ ਤੋਂ ਵਾਂਝਾ ਰਹਿ ਗਿਆ। ਇਸੇ ਜ਼ਿਲ੍ਹੇ ਦੇ ਹਿੱਸੇ 6.80 ਲੱਖ ਹੀ ਆਏ ਤੇ ਖਰਚ ਕੇਵਲ 2.73 ਲੱਖ ਹੀ ਹੋ ਸਕੇ। ਪੰਜਾਬ ਦੇ ਲੁਧਿਆਣਾ, ਗੁਰਦਾਸਪੁਰ, ਹੁਸ਼ਿਆਰਪੁਰ, ਮੁਹਾਲੀ, ਜਲੰਧਰ, ਕਪੂਰਥਲਾ, ਨਵਾਂਸ਼ਹਿਰ, ਮੋਗਾ, ਰੋਪੜ, ਤਰਨ ਤਾਰਨ, ਬਰਨਾਲਾ, ਜ਼ਿਲ੍ਹਿਆਂ ਦਾ ਤਾਂ ਇਸ ਯੋਜਨਾ ਤਹਿਤ ਖਾਤਾ ਵੀ ਨਹੀਂ ਖੁੱਲ੍ਹ ਸਕਿਆ।

ਭੂਮੀ ਰੱਖਿਆ ਵਿਭਾਗ ਦੇ ਉੱਚ ਪੱਧਰੀ ਸੂਤਰਾਂ ਦਾ ਕਹਿਣਾ ਹੈ ਕਿ ਸਰਕਾਰ ਵਲੋਂ ਮਾਲਵੇ ਦੇ ਖਾਸ ਜ਼ਿਲ੍ਹਿਆਂ ਲਈ ਹੀ ਇਹ ਪ੍ਰਾਜੈਕਟ ਤਿਆਰ ਕਰਨ ਦੀਆਂ ਜ਼ੁਬਾਨੀ ਹਦਾਇਤਾਂ ਦਿੱਤੀਆਂ ਜਾਂਦੀਆਂ ਹਨ। ਖੇਤੀਬਾੜੀ ਮੰਤਰੀ ਸੁੱਚਾ ਸਿੰਘ ਲੰਗਾਹ ਆਪਣੇ ਜ਼ਿਲ੍ਹੇ ਵਿਚ ਹੀ ਸਬਸਿਡੀ 'ਤੇ ਲੱਗਣ ਵਾਲੇ ਇਹ ਪ੍ਰਾਜੈਕਟ ਨਹੀਂ ਲਵਾ ਸਕੇ। ਖੇਤੀਬਾੜੀ ਮੰਤਰੀ ਨੇ ਹੋਰਨਾਂ ਜ਼ਿਲ੍ਹਿਆਂ ਨੂੰ ਅੱਖੋਂ-ਪਰੋਖੇ ਕਰਨ ਦਾ ਮਾਮਲਾ ਮੁੱਖ ਮੰਤਰੀ ਦੇ ਧਿਆਨ ਵਿਚ ਵੀ ਲਿਆਂਦਾ ਸੀ ਤੇ ਮੁੱਖ ਮੰਤਰੀ ਨੇ ਇਹ ਪ੍ਰਾਜੈਕਟ ਹੋਰਨਾਂ ਜ਼ਿਲ੍ਹਿਆਂ ਵਿਚ ਵੀ ਲਾਉਣ ਲਈ ਕਿਹਾ ਸੀ।

ਬਠਿੰਡਾ, ਮੁਕਤਸਰ ਤੇ ਫਿਰੋਜ਼ਪੁਰ ਜ਼ਿਲ੍ਹਿਆਂ ਦੇ ਲੋਕਾਂ ਨੂੰ ਸਰਕਾਰ ਸਹੂਲਤਾਂ ਦੇ ਮਾਮਲੇ ਵਿਚ ਇੰਨੀ ਪ੍ਰਮੁੱਖਤਾ ਦਿੰਦੀ ਹੈ ਕਿ ਪਿਛਲੇ ਸਾਲ ਬੁਢਾਪਾ ਪੈਨਸ਼ਨਾਂ ਦੀ ਅਦਾਇਗੀ ਹੋਰਨਾਂ ਜ਼ਿਲ੍ਹਿਆਂ ਵਿਚੋਂ ਕੱਟ ਕੇ ਇਨ੍ਹਾਂ ਜ਼ਿਲ੍ਹਿਆਂ ਵਿਚ ਹੀ ਕਰ ਦਿੱਤੀ ਗਈ ਹੈ।

# ਪਾਸਪੋਰਟ ਦਫ਼ਤਰ ਵਲੋਂ ਤੱਤਕਾਲ ਸੇਵਾ ਤੋਂ ਨਾਂਹ

**ਜਲੰਧਰ :** ਜਲੰਧਰ ਖੇਤਰੀ ਪਾਸਪੋਰਟ ਦਫਤਰ ਵਲੋਂ ਤੱਤਕਾਲ ਸੇਵਾ ਵਿਚ ਦਿੱਤੇ ਜਾਣ ਵਾਲੇ ਕਈ ਪਾਸਪੋਰਟਾਂ ਦੇ ਕੇਸ ਰੋਕਣ ਨਾਲ ਲੋਕਾਂ ਲਈ ਪ੍ਰੇਸ਼ਾਨੀ ਖੜ੍ਹੀ ਹੋ ਗਈ ਹੈ ਤੇ ਕਈ ਤਾਂ ਜ਼ਰੂਰੀ ਮਾਮਲਿਆਂ ਵਿਚ ਵਿਦੇਸ਼ ਜਾਣ ਤੋਂ ਰਹਿ ਗਏ ਹਨ। ਨਵੇਂ ਪਾਸਪੋਰਟ ਦਫਤਰ ਵਿਚ ਕਈ ਤੱਤਕਾਲ ਪਾਸਪੋਰਟ ਦੇ ਕੇਸ ਰੋਕਣ ਦੇ ਮਾਮਲੇ ਸਾਹਮਣੇ ਆਏ ਹਨ। ਕੁਝ ਲੋਕਾਂ ਨੇ ਆਪਣਾ ਨਾਂ ਨਾ ਛਾਪਣ ਦੀ ਸ਼ਰਤ 'ਤੇ ਕਿਹਾ ਕਿ ਉਨ੍ਹਾਂ ਨੇ ਤੱਤਕਾਲ ਸੇਵਾ ਵਿਚ ਪਾਸਪੋਰਟ ਲੈਣ ਲਈ ਸਾਰੀ ਕਾਰਵਾਈ ਪੂਰੀ ਕਰ ਲਈ ਹੈ ਤੇ ਇਸ ਲਈ ਇਲਾਕੇ ਦੇ ਥਾਣੇਦਾਰ ਦਾ ਡੀ.ਓ. ਪੱਤਰ ਵੀ ਨਾਲ ਨੱਥੀ ਹੈ ਪਰ ਇਸ ਦੇ ਬਾਵਜੂਦ ਉਨ੍ਹਾਂ ਦੇ ਕੇਸ ਪਾਸ ਨਹੀਂ ਕੀਤੇ ਗਏ ਸਨ।

ਜਾਣਕਾਰੀ ਮੁਤਾਬਿਕ ਜਿਨ੍ਹਾਂ ਦੇ ਤੱਤਕਾਲ ਸੇਵਾ ਵਿਚ ਪਾਸਪੋਰਟ ਦੇ ਕੇਸ ਰੋਕੇ ਗਏ ਹਨ, ਉਨ੍ਹਾਂ ਨੂੰ ਕਾਰਨ ਵੀ ਨਹੀਂ ਦੱਸਿਆ ਜਾ ਰਿਹਾ ਹੈ ਤੇ ਕਿਹਾ ਜਾ ਰਿਹਾ ਹੈ ਕਿ ਉਨ੍ਹਾਂ ਦੇ ਉਕਤ ਕੇਸ ਕਿਸੇ ਵੀ ਹਾਲਤ ਵਿਚ ਨਹੀਂ ਹੋਣਗੇ। ਇਸ ਬਾਰੇ ਪਾਸਪੋਰਟ ਅਫਸਰ ਨਾਲ ਤਾਂ ਸੰਪਰਕ ਨਹੀਂ ਹੋ ਸਕਿਆ ਪਰ ਉਨ੍ਹਾਂ ਦੇ ਪੀ.ਏ. ਸ੍ਰੀ ਬੀਰਬਲ ਦਾ ਕਹਿਣਾ ਸੀ ਕਿ ਦਫਤਰ ਵਿਚ ਤੱਤਕਾਲ ਸੇਵਾ ਵਿਚ ਕੇਸ ਨਹੀਂ ਰੋਕੇ ਗਏ ਹਨ ਤੇ ਸਗੋਂ ਉਨ੍ਹਾਂ ਦੇ ਕੇਸ ਨਹੀਂ ਕੀਤੇ ਗਏ ਹਨ, ਜਿਨ੍ਹਾਂ ਨੇ ਲੈਟਰ ਪੈਡ ਤੋਂ ਬਿਨਾਂ ਆਮ ਕਾਗਜ਼ 'ਤੇ ਡੀ.ਓ. ਪੱਤਰ ਬਣਾਇਆ ਹੈ।

ਲੈਟਰ ਪੈਡ ਸਰਕਾਰ ਦੀ ਮੋਹਰ ਵਾਲਾ ਹੋਣਾ ਚਾਹੀਦਾ ਹੈ। ਉਧਰ ਸੂਤਰਾਂ ਦਾ ਕਹਿਣਾ ਹੈ ਕਿ ਜਿਹੜੇ ਥਾਣੇਦਾਰ ਤੱਤਕਾਲ ਸੇਵਾ ਵਿਚ ਲੋਕਾਂ ਨੂੰ ਡੀ.ਓ. ਪੱਤਰ ਦਿੰਦੇ ਹਨ ਤੇ ਉਨ੍ਹਾਂ ਕੋਲ ਵੱਡੇ ਅਧਿਕਾਰੀਆਂ ਵਾਂਗ ਤਾਂ ਲੈਟਰ ਪੈਡ ਨਹੀਂ ਹਨ ਤਾਂ ਉਹ ਲੈਟਰ ਪੈਡ ਕਿੱਥੋਂ ਜਾਰੀ ਕਰਨ।

ਇਕ ਪਾਸੇ ਤਾਂ ਵਿਦੇਸ਼ ਮੰਤਰਾਲੇ ਨੇ ਆਉਣ ਵਾਲੇ ਦਿਨਾਂ ਵਿਚ ਇਕ ਦਿਨ ਵਿਚ ਤੱਤਕਾਲ ਪਾਸਪੋਰਟ ਜਾਰੀ ਕਰਨ ਦਾ ਦਾਅਵਾ ਕੀਤਾ ਹੈ ਪਰ ਜਿਸ ਤਰ੍ਹਾਂ ਨਿੱਤ ਨਵੇਂ ਕਾਨੂੰਨ ਲਾਗੂ ਕੀਤੇ ਜਾ ਰਹੇ ਹਨ, ਉਸ ਨਾਲ ਤਾਂ ਪਾਸਪੋਰਟ ਜਲਦੀ ਮਿਲਣੇ ਔਖੇ ਹੀ ਲਗਦੇ ਹਨ।

# ਪੰਜਾਬੀ ਨੌਜਵਾਨਾਂ ਦੇ ਮਾਪੇ ਪ੍ਰਨੀਤ ਕੌਰ ਨੂੰ ਮਿਲੇ

**ਫਤਿਹਗੜ੍ਹ ਸਾਹਿਬ:**ਦੁਬਈ ਦੀ ਸਰੀਅਤ ਅਦਾਲਤ ਵਲੋਂ ਫਾਂਸੀ ਦੀ ਸਜ਼ਾ ਅਧੀਨ ਨਜ਼ਰਬੰਦ 17 ਪੰਜਾਬੀ ਨੌਜਵਾਨਾਂ ਦੇ ਮਾਪਿਆਂ ਦਾ ਉਚ



ਪੱਧਰੀ ਵਫਦ ਫੈਡਰੇਸ਼ਨ ਪ੍ਰਧਾਨ ਸ. ਕਰਨੈਲ ਸਿੰਘ ਪੀਰ ਮੁਹੰਮਦ ਦੀ ਅਗਵਾਈ ਹੇਠ ਕੇਂਦਰੀ ਰਾਜ ਮੰਤਰੀ ਬੀਬੀ ਪ੍ਰਨੀਤ ਕੌਰ ਨੂੰ ਉਨ੍ਹਾਂ ਦੇ ਮੋਤੀ ਮਹਿਲ ਸਥਿਤ ਰਿਹਾਇਸ਼ 'ਤੇ ਬੀਤੀ 4 ਅਗਸਤ ਨੂੰ ਮਿਲਿਆ। ਇਸ ਮੌਕੇ ਉਨ੍ਹਾਂ ਨੇ ਮੌਜੂਦਾ ਹਾਲਤਾਂ ਵਿਚ ਨੌਜਵਾਨਾਂ ਦੀ ਰਿਹਾਈ ਲਈ ਠੋਸ ਤਰੀਕੇ ਨਾਲ ਭਾਰਤ ਸਰਕਾਰ ਨੂੰ ਕਾਰਵਾਈ ਕਰਨ ਲਈ ਬੀਬੀ ਪ੍ਰਨੀਤ ਕੌਰ ਨੂੰ ਅਪੀਲ ਕੀਤੀ। ਇਸ ਮੌਕੇ ਬੀਬੀ ਪ੍ਰਨੀਤ ਕੌਰ ਨੇ ਕਿਹਾ ਕਿ ਉਨ੍ਹਾਂ ਦੇ ਸੁਹਿਰਦ ਯਤਨ ਲਗਾਤਾਰ ਜਾਰੀ ਹਨ, ਭਾਵੇਂ ਕਿ ਹਰ ਗੱਲ ਮੀਡੀਆ ਵਿਚ ਨਹੀਂ ਲਿਆਂਦੀ ਜਾ ਰਹੀ। ਕਈ ਕਾਰਨਾਂ ਤੋਂ ਇਲਾਵਾ ਕਾਨੂੰਨੀ ਪ੍ਰਕ੍ਰਿਆ ਕਰਕੇ 17 ਪੰਜਾਬੀ ਨੌਜਵਾਨਾਂ ਦੀ ਰਿਹਾਈ ਸਬੰਧੀ ਭਾਵੇਂ ਉਹ ਮੀਡੀਏ ਨੂੰ ਜਾਣਕਾਰੀ ਨਹੀਂ ਦੇ ਰਹੇ, ਲੇਕਿਨ ਉਹ ਲਗਾਤਾਰ ਭਾਰਤੀ ਕੌਂਸਲਖਾਨੇ ਨਾਲ ਰਾਬਤਾ ਰੱਖ ਕੇ ਇਨ੍ਹਾਂ ਨੌਜਵਾਨਾਂ ਦੀ ਬੰਦ ਖੁਲਾਸੀ ਲਈ ਭਾਰਤ ਸਰਕਾਰ ਤਰਫੋਂ ਯਤਨ ਜਾਰੀ ਰੱਖ ਰਹੇ ਹਨ। ਮਹਾਰਾਣੀ ਪ੍ਰਨੀਤ ਕੌਰ ਨੇ ਕਿਹਾ ਕਿ ਉਹ ਕਈ ਵਾਰ ਦੁਬਈ ਵੀ ਇਸ ਮਸਲੇ ਸਬੰਧੀ ਜਾ ਚੁੱਕੇ ਹਨ।


## ਬੇ-ਏਰੀਆ ਕਾਲਜ ਆਫ ਨਰਸਿੰਗ

**...ਜਿਥੇ ਕੋਈ ਵੇਟਿੰਗ ਲਿਸਟ ਨਹੀਂ! ਰਜਿਸਟਰ ਹੋਵੋ ਤੇ ਨਰਸ ਬਣੋ!**

* ਇੰਡੀਆ ਤੋਂ ਵੀ ਵਿਦਿਆਰਥੀ M-1 ਵੀਜ਼ੇ ਰਾਹੀਂ ਦਾਖਲ ਹੋ ਸਕਦੇ ਹਨ।
* ਨਰਸਿੰਗ ਅਸਿਸਟੈਂਟ ਦੀਆਂ ਕਲਾਸਾਂ ਇਕ ਮਹੀਨੇ ਵਿਚ ਪੂਰੀਆਂ ਕਰੋ।
* ਵੋਕੇਸ਼ਨਲ ਨਰਸ ਦੀਆਂ ਕਲਾਸਾਂ 13 ਮਹੀਨਿਆਂ ਵਿਚ ਪੂਰੀਆਂ ਕਰੋ, ਫਿਰ ਬੋਰਡ ਦੀ ਪਰੀਖਿਆ ਪਾਸ ਕਰ ਕੇ LVN ਬਣੋ।
* ਹੋਰ ਤੇ ਹੋਰ, ਆਉਂਦੀਆਂ ਸਰਦੀਆਂ ਨੂੰ 8 ਮਹੀਨਿਆਂ ਵਿਚ RN ਦਾ ਕੋਰਸ ਵੀ ਕਰੋ।






**ਬੇ-ਏਰੀਆ ਵਿਚ ਤਿੰਨ ਲੋਕੇਸ਼ਨਾਂ**
-ਪਾਲੋ ਆਲਟੋ ਫੋਨ: 650-858-6810
-ਸੈਨ ਹੋਜੇ ਫੋਨ: 408-280-6888
-ਡੇਲੀ ਸਿਟੀ ਫੋਨ: 650-755-6888

**3 Locations in Bay Area:**
- Palo Alto (650) 858-6810
- San Jose (408) 280-6888
- Daly City (650) 755-6888

ਪੰਜਾਬੀ ਵਿਚ ਜਾਣਕਾਰੀ ਲੈਣ ਲਈ
ਪਾਲੋ ਆਲਟੋ ਲੋਕੇਸ਼ਨ ਤੇ ਕਮਲਪ੍ਰੀਤ ਟੂਟ ਨੂੰ ਫੋਨ ਕਰੋ ਜੀ।

**www.bayareacollege.net**



## Real Estate & Loans Under One Roof

**Call:Sam Chahal Tel: 916-612-5773**

*For Buying and Selling Residential, Commercial property and for Loans in Sacramento area*

**Multi-Million Dollars Producer-2007-08**



**Sam (Sohanpreet)Chahal**
CA Lic. 01504071
**Realtor/Notary Public**
e-mail:sam@jassigill.com

**Reo-Bankowned Properties**
**Serving from Bay Area to Sacramento**

**Short Sale Specialist**

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ 'ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale 'ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।
*Foreclosure ਦੇ ਮੁਕਾਬਲੇ Short Sale 'ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।
*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale 'ਤੇ ਲਾ ਕੇ ਘਰ ਵੇਚ ਸਕਦੇ ਹਾਂ।

**We Help You Buy/Sell Business & Homes**

**Call Master of Winners in Multiple Offers**

ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਜਾਣਕਾਰੀ ਲਈ ਕਾਲ ਕਰੋ।

## Golden State Realty

**Sacramento Office: 8695 Territorial Way, Elk Grove CA 95624**
**Tel: 916-612-5773 Fax: 916-689-5707**

# ਧਰਮ ਤੇ ਸਿਆਸਤ ਦੇ ਦੋਹਰੇ ਸਵਾਰ ਹੁਣ ਸੰਕਟ ਵਿਚ

**ਚੰਡੀਗੜ੍ਹ :** 1920 'ਚ ਸਥਾਪਤ ਹੋਈ ਸਿਆਸੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੂੰ ਕੋਈ ਖ਼ਾਬੋ-ਖ਼ਿਆਲ ਵੀ ਨਹੀਂ ਸੀ ਕਿ 90 ਸਾਲ ਮਗਰੋਂ ਧਰਮ ਅਤੇ ਸਿਆਸਤ ਦੀ ਰਲਗੱਡ ਇਕ ਇਤਰਾਜ਼ਯੋਗ ਕਾਨੂੰਨੀ ਮੁੱਦਾ ਬਣ ਜਾਵੇਗਾ।

ਸੋਸ਼ਲਿਸਟ ਜਨਤਾ ਪਾਰਟੀ ਦੇ ਕੌਮੀ ਉਪ ਪ੍ਰਧਾਨ ਸ. ਬਲਵੰਤ ਸਿੰਘ ਖੇੜਾ ਵਲੋਂ ਪਾਈ ਪਟੀਸ਼ਨ ਦੀ ਦਿੱਲੀ ਹਾਈ ਕੋਰਟ ਵਿਚ ਚਲ ਰਹੀ ਸੁਣਵਾਈ ਦੇ ਸੰਭਾਵੀ ਫ਼ੈਸਲੇ ਤੋਂ ਕਈ ਸੀਨੀਅਰ ਅਕਾਲੀ ਆਗੂ ਪ੍ਰੇਸ਼ਾਨ ਦਿਖਾਈ ਦੇ ਰਹੇ ਹਨ। ਸ. ਖੇੜਾ ਦੀ ਇਸ ਪਟੀਸ਼ਨ ਵਿਚ ਉਠਾਏ ਨੁਕਤਿਆਂ ਨੇ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਤੋਂ ਇਲਾਵਾ ਦਿੱਲੀ ਦੇ ਸਿੱਖ ਹਲਕਿਆਂ 'ਚ ਵੀ ਤਰਥੱਲੀ ਮਚਾਈ ਹੋਈ ਹੈ ਕਿ ਜੇ ਭਾਰਤ ਦੇ ਚੋਣ ਕਮਿਸ਼ਨ ਵਲੋਂ ਜਾਰੀ ਹਦਾਇਤ ਅਨੁਸਾਰ ਕਿਸੇ ਵੀ ਸਿਆਸੀ ਪਾਰਟੀ ਨੂੰ ਧਾਰਮਿਕ ਜਥੇਬੰਦੀ ਦੀਆਂ ਚੋਣਾਂ ਵਿਚ ਹਿੱਸਾ ਲੈਣ ਤੋਂ ਵਰਜਿਆ ਗਿਆ ਅਤੇ ਹਾਈ ਕੋਰਟ ਨੇ ਇਸ ਫ਼ੈਸਲੇ 'ਤੇ ਮੋਹਰ ਲਾ ਦਿੱਤੀ ਤਾਂ ਅਕਾਲੀ ਦਲ ਅੰਦਰ ਭੰਬਲਭੂਸਾ ਪੈ ਜਾਵੇਗਾ ਅਤੇ ਬਾਦਲਾਂ ਦਾ ਸ਼੍ਰੋਮਣੀ ਕਮੇਟੀ ਤੋਂ ਕੰਟਰੋਲ ਖਤਮ ਹੋ ਸਕਦਾ ਹੈ।

ਇਕ ਸੀਨੀਅਰ ਅਕਾਲੀ ਆਗੂ ਅਨੁਸਾਰ ਆਉਂਦੀਆਂ ਚੋਣਾਂ 'ਚ 170 ਮੈਂਬਰੀ ਸ਼੍ਰੋਮਣੀ ਕਮੇਟੀ ਲਈ ਟਿਕਟਾਂ ਨਿਰੋਲ ਧਾਰਮਿਕ ਵਿਅਕਤੀਆਂ ਨੂੰ ਹੀ ਦਿੱਤੀਆਂ ਜਾ ਸਕਣਗੀਆਂ। ਇਸ ਤਰ੍ਹਾਂ ਸੇਵਾ ਸਿੰਘ ਸੇਖਵਾਂ, ਸੁੱਚਾ ਸਿੰਘ ਲੰਗਾਹ, ਬੀਬੀ ਜਗੀਰ ਕੌਰ, ਤੋਤਾ ਸਿੰਘ, ਗੁਰਦੇਵ ਸਿੰਘ ਬਾਦਲ, ਅਲਵਿੰਦਰਪਾਲ ਸਿੰਘ ਪੱਖੋਕੇ, ਜਥੇਦਾਰ ਗੁਰਪ੍ਰਤਾਪ ਸਿੰਘ ਰਿਆੜ, ਸੰਤ ਅਜੀਤ ਸਿੰਘ ਵਰਗੇ ਸਿਆਸਤਦਾਨਾਂ ਨੂੰ ਦੋ ਬੇੜੀਆਂ ਵਿਚੋਂ ਇਕ ਦੀ ਸਵਾਰੀ ਕਰਨੀ ਪਵੇਗੀ ਜਿਸ ਨਾਲ ਸਮੁੱਚੇ ਤੌਰ 'ਤੇ ਅਕਾਲੀ ਦਲ ਨੂੰ ਡੂੰਘੀ ਢਾਹ ਲੱਗ ਸਕਦੀ ਹੈ। ਦੇਸ਼ ਦੀ ਆਜ਼ਾਦੀ ਪਿੱਛੋਂ 1952 ਦੀਆਂ ਅਸੈਂਬਲੀ ਅਤੇ ਲੋਕ ਸਭਾ ਚੋਣਾਂ ਉਪਰੰਤ ਦਰਜਨਾਂ ਸਿੱਖ ਆਗੂ ਦੋਵੇਂ ਪਾਸੇ ਭੂਮਿਕਾ ਨਿਭਾਉਂਦੇ ਰਹੇ ਹਨ। ਸੰਤ ਚੰਨਣ ਸਿੰਘ ਸਿਆਸੀ ਪਿੜ 'ਚ ਅਹਿਮ ਭੂਮਿਕਾ ਨਿਭਾਉਂਦੇ ਹੋਏ ਸ਼੍ਰੋਮਣੀ ਕਮੇਟੀ ਦੇ ਮੀਤ ਪ੍ਰਧਾਨ ਅਤੇ ਥੋੜੀ ਦੇਰ ਪ੍ਰਧਾਨ ਵੀ ਰਹੇ। ਹਰਦਿਆਲ ਸਿੰਘ ਰਾਜਲਾ 1985 'ਚ ਸਮਾਣਾ ਤੋਂ ਵਿਧਾਇਕ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਵੀ ਰਹੇ। ਜੀਵਨ ਸਿੰਘ ਉਮਰਾਨੰਗਲ ਵਜ਼ਾਰਤ ਅਤੇ ਸ਼੍ਰੋਮਣੀ ਕਮੇਟੀ ਵਿਚ ਰਹੇ।

ਇਸੇ ਤਰ੍ਹਾਂ ਮੱਲ ਸਿੰਘ ਘੁਮਾਣ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਹੁੰਦਿਆਂ ਮੰਡੀ ਬੋਰਡ ਦੇ ਚੇਅਰਮੈਨ ਲੱਗੇ ਰਹੇ। ਸਭ ਤੋਂ ਉਪਰ ਜਥੇਦਾਰ ਗੁਰਚਰਨ ਸਿੰਘ ਟੌਹੜਾ ਲੋਕ ਸਭਾ ਅਤੇ ਰਾਜ ਸਭਾ ਮੈਂਬਰ ਹੁੰਦਿਆਂ 23-24 ਸਾਲਾਂ ਤੱਕ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਕਰਦੇ ਰਹੇ। ਇਸ ਤੋਂ ਇਲਾਵਾ ਚਤਿੰਨ ਸਿੰਘ ਸਮਾਉਂ, ਬਸੰਤ ਸਿੰਘ ਖ਼ਾਲਸਾ ਅਤੇ ਹੋਰ ਕਈ ਆਗੂ ਦੋਵੇਂ ਪਾਸੇ ਫ਼ਰਜ਼ ਨਿਭਾਉਂਦੇ ਰਹੇ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਸਿਆਸੀ ਸਕੱਤਰ ਰਹੇ ਕ੍ਰਿਪਾਲ ਸਿੰਘ ਬਡੂੰਗਰ ਸ਼੍ਰੋਮਣੀ ਕਮੇਟੀ ਪ੍ਰਧਾਨ ਵੀ ਬਣੇ ਰਹੇ।

ਪੁਰਾਣੇ ਸਮਿਆਂ 'ਚ ਜਥੇਦਾਰ ਮੋਹਨ ਸਿੰਘ ਤੁੜ ਜੋ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਵੀ ਸਨ, ਤਰਨ ਤਾਰਨ ਤੋਂ ਐਮ.ਪੀ. ਰਹੇ। ਗਿਆਨੀ ਕਰਤਾਰ ਸਿੰਘ ਵਿਧਾਇਕ ਅਤੇ ਮੰਤਰੀ ਹੁੰਦਿਆਂ ਸ਼੍ਰੋਮਣੀ ਕਮੇਟੀ ਮੈਂਬਰ ਸਨ।

ਦਿਲਚਸਪ ਗੱਲ ਇਹ ਹੈ ਕਿ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਪ੍ਰਧਾਨ ਅਵਤਾਰ ਸਿੰਘ ਮੱਕੜ ਪਿਛਲੇ ਕਈ ਸਾਲਾਂ ਤੋਂ ਅਕਾਲੀ ਦਲ ਦੀ ਸਿਆਸੀ ਮਾਮਲਿਆਂ ਬਾਰੇ ਕਮੇਟੀ ਦੇ ਪ੍ਰਮੁੱਖ ਮੈਂਬਰ ਹਨ।

ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਅਕਾਲੀ ਦਲ ਤੋਂ ਕਾਂਗਰਸ 'ਚ ਗਏ ਸੁਖਦੇਵ ਸਿੰਘ ਲਿਬੜਾ ਵੀ ਕਈ ਸਾਲ ਸ਼੍ਰੋਮਣੀ ਕਮੇਟੀ ਦੇ ਮੈਂਬਰ ਰਹੇ। ਬੂਟਾ ਸਿੰਘ ਵੀ 1950 ਦੇ ਦਹਾਕੇ ਵਿਚ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਨਾਲ ਸਬੰਧਤ ਰਹੇ। ਪੰਜਾਬ ਵਿਚ ਅਕਾਲੀ ਦਲ ਦੇ ਕਈ ਜ਼ਿਲ੍ਹਾ ਜਥੇਦਾਰ ਸ਼੍ਰੋਮਣੀ ਕਮੇਟੀ ਦੇ ਚੁਣੇ ਹੋਏ ਜਾਂ ਕੋਆਪਟਡ ਮੈਂਬਰ ਹਨ ਜਿਨ੍ਹਾਂ ਨੂੰ ਹੁਣ ਚਿੰਤਾ ਲੱਗੀ ਹੋਈ ਹੈ ਕਿ ਪਾਰਟੀ ਆਗੂਆਂ ਵਲੋਂ ਜੇ ਇਸ ਕੇਸ ਦੀ ਹਾਈ ਕੋਰਟ ਵਿਚ ਪੈਰਵੀ ਨਾ ਕੀਤੀ ਗਈ ਤਾਂ ਆਉਂਦੇ ਸਾਲਾਂ 'ਚ ਪਾਰਟੀ ਖਿਲਰ ਸਕਦੀ ਹੈ।

ਇਨ੍ਹਾਂ ਵਿਚੋਂ ਕਈ ਤਾਂ ਇਹ ਕਹਿ ਕੇ ਧਰਵਾਸ ਕਰ ਲੈਂਦੇ ਹਨ ਕਿ ਜੋ ਹਿੰਦੂਆਂ, ਇਸਾਈਆਂ ਜਾਂ ਮੁਸਲਮਾਨਾਂ ਦੀਆਂ ਪਾਰਟੀਆਂ ਨਾਲ ਬੀਤੇਗੀ, ਉਹੀ ਸਿੱਖਾਂ ਦੇ ਅਕਾਲੀ ਦਲ ਨਾਲ ਹੋਵੇਗਾ।

# ਸਟਰੈੱਸ ਗੁਰੂ ਦੀ ਪੈਗ ਥੈਰੇਪੀ ਉਤੇ ਨਵਾਂ ਵਿਵਾਦ ਛਿੜਿਆ

**ਟੋਰਾਂਟੋ :** ਸਟਰੈਸ ਗੁਰੂ ਨੇ ਆਖਰ ਬੀਤੀ 9 ਅਗਸਤ ਨੂੰ ਇਹ ਮੰਨ ਲਿਆ ਕਿ ਉਸ ਦੁਆਰਾ ਲਿਖੀ ਕਿਤਾਬ 'ਹੈਪੀਨੈਸ ਥਰੂ ਪੈਗ ਥੈਰੇਪੀ' ਨੂੰ ਪੂਰੀ ਤਰ੍ਹਾਂ ਵਿਗਿਆਨਕ ਨਹੀਂ ਕਿਹਾ ਜਾ ਸਕਦਾ। 63 ਸਾਲਾ ਸਾਬਕਾ ਕਰਨਲ ਗੁਰਸੇਵਕ ਸਿੰਘ ਉਰਫ ਸਟਰੈਸ ਗੁਰੂ ਨੂੰ ਲੋਕਾਂ ਦੇ ਵਧਦੇ ਦਬਾਅ ਕਾਰਨ ਇਸ ਕਿਤਾਬ 'ਚ ਦੱਸੀਆਂ ਮੁੰਡੇ ਕੁੜੀ ਦੇ ਲਿੰਗ ਨੂੰ ਚੁਣਨ ਜਾਂ ਬਦਲਣ ਦੀਆਂ ਵਿਧੀਆਂ ਨੂੰ ਵੀ ਅੱਗੇ ਤੋਂ ਨਾ ਪ੍ਰਚਾਰਨ ਦਾ ਐਲਾਨ ਕਰਨਾ ਪਿਆ। ਸਥਾਨਕ ਤਰਕਸ਼ੀਲ ਸੁਸਾਇਟੀ ਦੇ ਕਾਰਕੁਨਾਂ ਨਾਲ ਇਕ ਆਹਮੋ ਸਾਹਮਣੀ ਮੀਟਿੰਗ ਵਿਚ ਕਰਨਲ ਗੁਰੂ ਨੇ ਸਵੀਕਾਰ ਕਰ ਲਿਆ ਕਿ ਉਸ ਦੀ ਉਕਤ ਕਿਤਾਬ ਪੁਰਾਤਨ ਵੈਦਿਕ ਫਿਲਾਸਫੀ ਅਤੇ ਬਦਲਵੇਂ ਵਿਗਿਆਨ 'ਤੇ ਆਧਾਰਤ ਮਿਲਗੋਭਾ ਹੈ ਅਤੇ ਇਸ ਵਿਚ ਦਰਜ ਇਤਰਾਜ਼ਯੋਗ ਗੱਲਾਂ ਨੂੰ ਉਹ ਆਪਣੀ ਆ ਰਹੀ ਕਿਤਾਬ 'ਚ ਨਹੀਂ ਲਿਖੇਗਾ।



ਮੀਟਿੰਗ ਵਿਚ ਡਾ. ਬਲਜਿੰਦਰ ਸੇਖੋਂ, ਬਲਦੇਵ ਰਹਿਪਾ, ਜੁਝਾਰ ਢਿੱਲੋਂ, ਚਰਨਜੀਤ ਬਰਾੜ, ਬੀਬੀ ਸੁਰਿੰਦਰ ਕੌਰ ਅਤੇ ਗੁਰਦੀਸ਼ ਮਾਂਗਟ ਦੇ ਪੈਨਲ ਤੋਂ ਬਿਨਾਂ ਕੁਝ ਸੁਹਿਰਦ ਸੱਜਣ ਅਤੇ ਪੱਤਰਕਾਰ ਮੌਜੂਦ ਸਨ। ਮੀਟਿੰਗ ਗੁਰਦੁਆਰਾ ਸਿੱਖ ਲਹਿਰ ਵਿਚ ਸੱਦੀ ਗਈ ਸੀ ਜਿੱਥੇ ਕਰਨਲ ਗੁਰੂ ਨੇ ਦੋ ਹਫਤੇ ਪਹਿਲਾਂ ਸੈਮੀਨਾਰ ਵੀ ਲਾਇਆ ਸੀ। ਸ਼ਾਮੀਂ ਉਸ ਦੀ ਦੂਸਰੀ ਵਰਕਸ਼ਾਪ ਸਥਾਨਕ ਰੋਜ਼ ਥੀਏਟਰ 'ਚ ਲਗਾਈ ਗਈ ਜਿਸ 'ਚ ਮਸੀਂ 70-80 ਲੋਕ ਆਏ ਹਾਲਾਂਕਿ ਇਸ ਹਾਲ ਦੀ ਸਮਰੱਥਾ ਸਾਢੇ ਛੇ ਸੌ ਤੋਂ ਵੱਧ ਹੈ।

ਭਾਰਤੀ ਫੌਜ ਦਾ ਸੇਵਾਮੁਕਤ ਕਰਨਲ ਜੋ ਲੋਕਾਂ ਦੇ ਮਾਨਸਿਕ ਤਣਾਅ ਨੂੰ ਆਪਣੀ 'ਪੈਗ ਥੈਰੇਪੀ' ਨਾਲ ਠੀਕ ਕਰਨ ਦਾ ਦਾਅਵਾ ਕਰਦਾ ਹੈ, ਅੱਜਕੱਲ੍ਹ ਟੋਰਾਂਟੋ ਵਿਚ ਹੈ ਅਤੇ ਵਿਵਾਦ ਤੇ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਕਰਨਲ ਅਨੁਸਾਰ ਪੈਗ ਥੈਰੇਪੀ ਦਾਰੂ ਵਾਲਾ ਪੈਗ ਨਹੀਂ ਬਲਕਿ ਪਰਸਨੈਲਿਟੀ ਡਿਵੈਲਪਮੈਂਟ ਅਨੈਲਸਿਸ ਇਮੋਸ਼ਨਲ ਕੌਂਸਲਿੰਗ ਐਂਡ ਜੈਮੋਲੋਜੀ ਦਾ ਛੋਟਾ ਨਾਂ ਹੈ। 'ਸਟਰੈਸ ਗੁਰੂ' ਨੇ ਇੱਥੇ ਅਜੇ ਆਪਣਾ ਇਕ ਸੈਮੀਨਾਰ ਹੀ ਕੀਤਾ ਸੀ ਕਿ ਕਈ ਲੋਕ ਉਸ ਦੇ ਇਸ ਤਰੀਕੇ ਨੂੰ ਸਿਰਫ ਇਕ ਨਵਾਂ ਸ਼ੋਸ਼ਾ ਅਤੇ ਜਨਤਾ ਨੂੰ ਗੁਮਰਾਹ ਕਰਕੇ ਠੱਗਣ ਦਾ ਧੰਦਾ ਕਹਿ ਕੇ ਵਿਰੋਧ 'ਚ ਖੜ੍ਹੇ ਹੋ ਗਏ। ਤਰਕਸ਼ੀਲ ਸੁਸਾਇਟੀ ਨੇ ਤਾਂ ਉਸ ਦੇ ਕੁਝ ਤਰੀਕਿਆਂ ਨੂੰ ਚੈਲੰਜ ਕਰਕੇ ਇਕ ਲੱਖ ਡਾਲਰ ਦੇਣ ਦੇ ਬਿਆਨ ਵੀ ਜਾਰੀ ਕੀਤੇ।

ਕਰਨਲ ਗੁਰੂ ਅਨੁਸਾਰ ਉਹ ਲੋਕਾਂ ਦੇ ਮਾਨਸਿਕ ਤਣਾਅ ਨੂੰ ਵੈਦਿਕ ਸਾਧਨਾ, ਬ੍ਰਹਿਮੰਡੀ ਥੈਰੇਪੀ, ਹੱਥ ਦੀਆਂ ਲਕੀਰਾਂ, ਵਿਹਾਰਕ ਕੌਂਸਲਿੰਗ ਅਤੇ ਨਗਾਂ ਦੀ ਵਿਗਿਆਨਕ ਵਿਧੀ ਰਾਹੀਂ ਦੂਰ ਕਰਦਾ ਹੈ। 1996 ਵਿਚ ਆਰਮੀ ਦਾ ਕਮਿਸ਼ਨ ਹਾਸਲ ਕਰਨ ਵਾਲੇ 'ਗੁਰੂ' ਦਾ ਕਾਲਜ ਦੀ ਪੜ੍ਹਾਈ 'ਚ ਪ੍ਰਮੁੱਖ ਵਿਸ਼ਾ ਸਾਈਕੋਲੋਜੀ ਰਿਹਾ ਹੋਣ ਕਰਕੇ ਉਸ ਨੇ ਆਪਣੇ ਫੌਜੀ ਸਾਥੀਆਂ 'ਤੇ ਹੀ ਇਹ 'ਥੈਰੇਪੀ' ਇਸਤੇਮਾਲ ਕਰਨੀ ਸ਼ੁਰੂ ਕਰ ਦਿੱਤੀ ਅਤੇ ਹੁਣ ਤੱਕ ਉਹ ਸਟਰੈਸ ਮਨੇਜਮੈਂਟ ਦੇ 50-60 ਕੈਂਪ ਇਕੱਲੀ ਮਿਲਟਰੀ 'ਚ ਹੀ ਲਾ ਚੁੱਕਾ ਹੈ। ਉਸ ਦਾ ਮੰਨਣਾ ਹੈ ਕਿ ਫੌਜੀਆਂ 'ਤੇ ਖਾਸ ਕਰ ਜੰਗ ਦੇ ਦੌਰਾਨ ਮਾਨਸਿਕ ਤਣਾਅ ਬਹੁਤ ਰਹਿੰਦਾ ਹੈ। ਕਾਰਗਿਲ ਦੀ ਜੰਗ ਵੇਲੇ ਵੀ ਉਹ ਆਪਣੇ ਸਾਥੀਆਂ ਲਈ ਸਟਰੈਸ ਸੈਸ਼ਨ ਲਗਾ ਰਿਹਾ ਸੀ। ਉਸ ਅਨੁਸਾਰ ਯੂ.ਟੀ. ਪੁਲੀਸ, ਸੀਨੀਅਰਜ਼ ਅਤੇ ਕਈ ਕਲੱਬਾਂ ਤੋਂ ਇਲਾਵਾ ਉਹ ਬਹੁਤ ਸੈਮੀਨਾਰ ਪੰਜਾਬ 'ਚ ਲਾ ਚੁੱਕਾ ਹੈ। ਇੱਥੇ ਇਕ ਗੁਰਦੁਆਰੇ ਅੰਦਰ ਹੀ ਪਹਿਲੇ ਕੈਂਪ ਵਿਚ ਕੋਈ ਛੇ-ਸੱਤ ਸੌ ਵਿਅਕਤੀ 'ਗੁਰੂ' ਦੇ ਵਿਚਾਰ ਸੁਣਨ ਲਈ ਪੁੱਜੇ।

ਤਰਕਸ਼ੀਲਾਂ ਨੇ ਉਸ ਦੇ ਹੱਥ ਦੀਆਂ ਲਕੀਰਾਂ ਵੇਖ ਕੇ ਜਾਂ ਨਗਾਂ ਨਾਲ ਇਲਾਜ ਕਰਨ 'ਤੇ ਇਤਰਾਜ਼ ਜਤਾਇਆ ਜਦਕਿ ਕਰਨਲ ਖੁਦ ਕਹਿੰਦਾ ਹੈ ਕਿ ਉਹ ਕੋਈ ਜੋਤਸ਼ੀ ਨਹੀਂ ਪਰ 'ਨਗਾਂ' ਅੰਦਰਲੀਆਂ ਤਰੰਗਾਂ ਨੂੰ ਮੰਨਦਾ ਹੈ। 'ਮੈਂ ਇਹ ਨਹੀਂ ਕਹਿੰਦਾ ਕਿ ਨਗਾਂ ਨਾਲ ਤੁਹਾਡੇ ਸਾਰੇ ਕੰਮ ਸਿੱਧੇ ਹੋ ਜਾਣਗੇ। ਮੈਂ ਅੰਧ-ਵਿਸ਼ਵਾਸ ਨੂੰ ਲੈ ਕੇ ਨਹੀਂ ਚਲਦਾ ਪਰ ਨਗਾਂ ਵਿਚ ਤਰੰਗਾਂ ਮੌਜੂਦ ਹਨ ਜੋ ਬੰਦੇ ਦੇ ਸਰੀਰ 'ਤੇ ਅਸਰ ਪਾ ਸਕਦੀਆਂ ਹਨ।'

ਲੁਧਿਆਣਾ ਦੇ ਪਿੰਡ ਮੋਹੀ ਦੇ ਜੰਮਪਲ ਕਰਨਲ ਗੁਰਸੇਵਕ ਸਿੰਘ ਗੁਰੂ ਜੋ ਹੁਣ ਮਨੀਮਾਜਰਾ 'ਚ ਪਰਿਵਾਰ ਨਾਲ ਰਹਿੰਦਾ ਹੈ, ਨੇ ਕਿਹਾ ਕਿ ਉਹ 'ਪੈਸੇ' ਲਈ ਨਹੀਂ ਸਗੋਂ ਲੋਕਾਂ ਦਾ ਭਲਾ ਕਰਨ ਲਈ ਇਹ ਸਭ ਕਰਦਾ ਹੈ ਪਰ ਕੁਝ 'ਸੌੜੀ' ਸੋਚ ਵਾਲੇ ਇਸ ਨੂੰ ਨਕਾਰ ਰਹੇ ਹਨ।

ਤਰਕਸ਼ੀਲ ਡਾ. ਬਲਜਿੰਦਰ ਸੇਖੋਂ ਇਸ ਗੱਲ ਨੂੰ ਨਹੀਂ ਮੰਨਦਾ ਕਿ ਨਗ ਵਿਚ ਕੋਈ ਸ਼ਕਤੀ ਹੈ ਅਤੇ ਨਾ ਹੀ ਉਹ ਕਰਨਲ ਗੁਰੂ ਵਲੋਂ ਪ੍ਰਚਾਰੀ ਜਾ ਰਹੀ "ਔਰਾ" (ਰੱਬੀ ਨੂਰ) ਨਾਲ ਹੀ ਸਹਿਮਤ ਹੈ। ਉਸ ਨੇ ਕਿਹਾ ਕਿ ਸਾਇੰਸ ਵਿਚ ਸਿੱਧ ਹੋ ਚੁੱਕਾ ਹੈ ਕਿ 'ਔਰਾ' ਨਾਂ ਦੀ ਕੋਈ ਸ਼ੈਅ ਨਹੀਂ। ਇਸੇ ਤਰ੍ਹਾਂ ਚਰਨਜੀਤ ਬਰਾੜ ਨੂੰ ਇਤਰਾਜ਼ ਹੈ ਕਿ ਉਹ ਆਪਣੀ ਕਿਤਾਬ 'ਚ ਬੱਚੇ ਦੇ ਲਿੰਗ ਨੂੰ ਬਦਲਣ ਦੇ ਭੁਲੇਖੇ ਪਾਊ ਤਰੀਕੇ ਲਿਖੀ ਬੈਠਾ ਹੈ।

ਸ. ਬਰਾੜ ਨੇ ਕਿਹਾ ਕਿ ਉਸ ਦੀ ਕਿਤਾਬ 'ਚ ਨਗਾਂ ਰਾਹੀਂ ਦੱਸੇ ਇਲਾਜ ਗੈਰ-ਵਿਗਿਆਨਕ ਹਨ ਅਤੇ ਇਨਸਾਨ ਲਈ ਨੁਕਸਾਨਦਾਇਕ ਹੋ ਸਕਦੇ ਹਨ। ਕਰਨਲ ਗੁਰੂ ਮੁਤਾਬਕ ਦਿੱਲੀ ਦੇ ਡਾ. ਗੰਗਾ ਸਿੰਘ ਹਸਪਤਾਲ ਦੁਆਰਾ ਪ੍ਰਾਪਤ ਕੁਝ ਮਨੁੱਖਾਂ ਦੀਆਂ 'ਔਰਾ' (ਬੰਦੇ ਦੇ ਆਲੇ ਦੁਆਲੇ ਕਿਸੇ ਅਦਿਸ ਰੌਸ਼ਨੀ ਦਾ ਘੇਰਾ) ਸੀ ਡੀ ਉਤੇ ਰਿਕਾਰਡ ਉਸ ਕੋਲ ਹਨ।

ਉਸ ਅਨੁਸਾਰ ਕਿਸੇ ਬੰਦੇ ਦੇ ਸਰੀਰ ਨੂੰ ਸਕੈਨ ਕਰੀਏ ਤਾਂ ਉਸ ਦੀ 'ਔਰਾ' ਸਾਫ ਨਜ਼ਰ ਆਉਂਦੀ ਹੈ ਬਿਲਕੁਲ ਉਸੇ ਤਰ੍ਹਾਂ ਜਿਵੇਂ ਇਕ ਪ੍ਰਿਜ਼ਮ ਵਿਚ ਦੀ ਲੰਘਣ ਵਾਲੀ ਲਾਈਟ ਅੱਗੋਂ 'ਸਤਰੰਗੀ' ਦਿਸਦੀ ਹੈ। ਉਸ ਨੇ ਕਿਰਲੀਅਨ ਫੋਟੋਗ੍ਰਾਫੀ ਦੀ ਉਦਾਹਰਣ ਦਿੱਤੀ। ਕਿਰਲੀਅਨ ਫੋਟੋ ਉਚ ਵੋਲਟੇਜ ਨਾਲ ਖਿੱਚੀ ਗਈ ਹੁੰਦੀ ਹੈ ਅਤੇ ਤਰਕਸ਼ੀਲ ਇਸ ਨੂੰ ਉਕਾ ਨਹੀਂ ਮੰਨਦੇ। ਉਸ ਨੇ ਆਪਣੀ ਵੈਬਸਾਈਟ 'ਸਟਰੈਸ ਗੁਰੂ ਜੀ' ਬਾਰੇ ਕਿਹਾ ਕਿ ਗੁਰੂ ਦਾ ਮਤਲਬ ਟੀਚਰ ਹੁੰਦਾ ਹੈ ਅਤੇ ਉਹ ਗੁਰੂ ਜੀ ਅਖਵਾਉਣ ਦਾ ਚਾਹਵਾਨ ਨਹੀਂ।

ਕਰਨਲ ਗੁਰੂ ਵਲੋਂ ਕਿਤਾਬ 'ਹੈਪੀਨੈਸ ਥਰੂ ਪੈਗ ਥੈਰੇਪੀ' 6 ਕੁ ਸਾਲ ਪਹਿਲਾਂ ਲਿਖੀ ਗਈ ਹੈ। ਬੀਤੇ ਦਿਨੀਂ ਬਲਤੇਜ ਪੰਨੂੰ ਨੇ ਵੀ ਉਸ ਨੂੰ ਆਪਣੇ ਟੀਵੀ ਸ਼ੋਅ ਦੌਰਾਨ ਤਿੱਖੇ ਸਵਾਲਾਂ ਨਾਲ ਤਣਾਅ ਵਿਚ ਲੈ ਆਂਦਾ। ਉਸ ਦੇ ਸਿੱਖ ਹੋਣ ਦੇ ਨਾਤੇ ਲਿੰਗ ਆਧਾਰਤ ਉਪਾਅ ਦੱਸਣ ਨੂੰ ਉਸ ਨੇ ਪਹਿਲਾਂ ਹੀ ਕੌਮ ਵਿਚ ਫੈਲੇ ਸਮਾਜੀ ਕੋਹੜ ਨੂੰ ਹਵਾ ਦੇਣ ਦੀ ਕੋਸ਼ਿਸ਼ ਗਰਦਾਨਿਆ।

## ਗੁਰਦੁਆਰਾ ਫੇਅਰਫੀਲਡ ਵਿਚ ਯੋਗਾ ਕੈਂਪ 22 ਤੋਂ

**ਫੇਅਰਫੀਲਡ, ਕੈਲੀਫੋਰਨੀਆ:** ਗੁਰਦੁਆਰਾ ਗੁਰੂ ਨਾਨਕ ਟੈਂਪਲ ਫੇਅਰਫੀਲਡ ਵਿਖੇ ਯੋਗ ਅਭਿਆਸ ਦਾ ਇਕ ਮੁੱਖ ਕੈਂਪ 22 ਅਗਸਤ ਤੋਂ 27 ਅਗਸਤ ਤੱਕ ਸ਼ਾਮ 5 ਤੋਂ 8 ਵਜੇ ਤੱਕ ਲਾਇਆ ਜਾਏਗਾ। ਯੋਗ ਅਭਿਆਸ ਸ. ਬਖਸ਼ੀਸ਼ ਸਿੰਘ ਅਤੇ ਬੀਬੀ ਸੁਖਪਾਲ ਕੌਰ ਸਿਖਾਉਣਗੇ।

ਇਸ ਯੋਗ ਅਭਿਆਸ ਕੈਂਪ ਵਿਚ ਸਿਮਰਨ ਦੇ ਨਾਲ ਕਸਰਤ, ਯੋਗਆਸਣ, ਪ੍ਰਾਣਾਯਾਮ, ਧਿਆਨ ਅਤੇ ਐਕਿਊਪ੍ਰੈਸ਼ਰ ਰਾਹੀਂ ਰੋਗਾਂ ਤੋਂ ਮੁਕਤ ਅਨੰਦਮਈ ਜੀਵਨ ਜੀਊਣ ਦੀ ਕਲਾ ਸਿਖਾਈ ਜਾਏਗੀ। ਇਹ ਕੈਂਪ ਪਤਾਂਜਲੀ ਯੋਗ ਸਮਿਤੀ ਸਵਾਭਿਮਾਨ ਟਰੱਸਟ ਅਤੇ ਨਿਰੋਗ ਯੋਗ ਸੰਸਥਾ (ਰਜਿਸਟਰਡ) ਦਿਵਯ ਯੋਗ ਆਸ਼ਰਮ, ਸ਼ਾਹਕੋਟ (ਜਲੰਧਰ) ਦੇ ਸਹਿਯੋਗ ਨਾਲ ਲਾਇਆ ਜਾ ਰਿਹਾ ਹੈ।

# ਮਾਨ ਦਲ ਨੇ ਗਿਆਨ ਸਰੋਵਰ ਮੁੱਦਾ ਉਭਾਰਿਆ



**ਅੰਮ੍ਰਿਤਸਰ :** ਪੁਸਤਕ 'ਗਿਆਨ ਸਰੋਵਰ' ਦੇ ਸੰਪਾਦਕੀ ਬੋਰਡ ਵਲੋਂ ਪੁਸਤਕ ਵਿਚ ਹੋਈਆਂ ਗਲਤੀਆਂ ਲਈ ਮੁਆਫ਼ੀ ਮੰਗੇ ਜਾਣ ਤੋਂ ਬਾਅਦ ਅਕਾਲ ਤਖ਼ਤ ਦੇ ਜਥੇਦਾਰ ਨੇ ਭਾਵੇਂ ਇਸ ਮਾਮਲੇ ਨੂੰ ਖ਼ਤਮ ਕਰ ਦਿੱਤਾ ਸੀ ਪਰ ਬੀਤੀ 4 ਅਗਸਤ ਨੂੰ ਅਕਾਲੀ ਦਲ (ਅੰਮ੍ਰਿਤਸਰ) ਨੇ ਮੁੜ ਇਸ ਮਾਮਲੇ ਨੂੰ ਉਭਾਰਦਿਆਂ ਅਕਾਲ ਤਖ਼ਤ ਦੇ ਜਥੇਦਾਰ ਤੋਂ ਮੰਗ ਕੀਤੀ ਹੈ ਕਿ ਪੰਜਾਬ ਸਰਕਾਰ ਨੂੰ ਇਸ ਅਧਿਕਾਰੀ ਨੂੰ ਆਪਣੇ ਅਹੁਦੇ ਤੋਂ ਹਟਾਉਣ ਦੀ ਹਦਾਇਤ ਕੀਤੀ ਜਾਵੇ। ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਭਾਈ ਧਿਆਨ ਸਿੰਘ ਮੰਡ ਦੀ ਅਗਵਾਈ ਹੇਠ 10 ਮੈਂਬਰੀ ਵਫ਼ਦ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਇਸ ਸਬੰਧ ਵਿਚ ਮੰਗ ਪੱਤਰ ਸੌਂਪਿਆ।

ਮੁਲਾਕਾਤ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਾਈ ਧਿਆਨ ਸਿੰਘ ਮੰਡ ਅਤੇ ਈਮਾਨ ਸਿੰਘ ਮਾਨ ਨੇ ਦੱਸਿਆ ਕਿ ਵਫ਼ਦ ਨੇ ਜਥੇਦਾਰ ਨੂੰ ਦੋਵਾਂ ਪੁਸਤਕਾਂ ਦੇ ਕੁਝ ਇਤਰਾਜ਼ਯੋਗ ਪੰਨੇ ਭੇਟ ਕੀਤੇ ਹਨ, ਜਿਸ ਤੋਂ ਇਹ ਸਾਬਤ ਹੁੰਦਾ ਹੈ ਕਿ ਪੁਸਤਕ ਵਿਚ ਸਿਰਫ਼ ਪ੍ਰਕਾਸ਼ਕ ਜਾਂ ਛਾਪਕ ਦੀ ਗਲਤੀ ਨਹੀਂ ਹੈ ਸਗੋਂ ਪ੍ਰਬੰਧਕੀ ਬੋਰਡ ਵਲੋਂ ਵੀ ਗ਼ਲਤੀ ਕੀਤੀ ਗਈ ਹੈ।

ਵਫ਼ਦ ਨੇ 'ਗਿਆਨ ਸਰੋਵਰ' ਪੁਸਤਕ ਵਿਚ ਫਤਹਿਗੜ੍ਹ ਸਾਹਿਬ ਸਥਿਤ ਗੁਰਦੁਆਰਾ ਜੋਤੀ ਸਰੂਪ ਨੂੰ ਮਾਤਾ ਗੁਜਰੀ ਜੀ ਦੀ ਸਮਾਧ ਦੱਸਣ, ਧਰਮਸਾਲਾ ਨੂੰ ਗੁਰਦੁਆਰਿਆਂ ਦਾ ਨਾਂ ਦਿੱਤੇ ਜਾਣ, ਗੁਰਗੱਦੀ ਦੇਣ ਸਮੇਂ ਤਿਲਕ ਲਾਉਣ ਅਤੇ ਅੰਮ੍ਰਿਤ ਬਾਰੇ ਦਿੱਤੇ ਤੱਥਾਂ ਸਮੇਤ ਬੀਬੀ ਨਾਨਕੀ ਦੇ ਪਤੀ ਦਾ ਨਾਂ ਗਲਤ ਛਾਪੇ ਜਾਣ 'ਤੇ ਇਤਰਾਜ਼ ਪ੍ਰਗਟਾਇਆ। ਉਨ੍ਹਾਂ ਨੇ 'ਬਾਲ ਦੇ ਵਾਲ' ਪੁਸਤਕ ਦਾ ਮਾਮਲਾ ਵੀ ਰੱਖਿਆ ਅਤੇ ਮੰਗ ਕੀਤੀ ਕਿ ਇਸ ਗਲਤੀ ਲਈ ਸਰਵ ਸਿੱਖਿਆ ਅਭਿਆਨ ਅਥਾਰਟੀ ਦੇ ਡਾਇਰੈਕਟਰ ਜਨਰਲ ਕ੍ਰਿਸ਼ਨ ਕੁਮਾਰ ਨੂੰ ਉਨ੍ਹਾਂ ਦੇ ਅਹੁਦੇ ਤੋਂ ਫਾਰਗ ਕੀਤਾ ਜਾਵੇ। ਉਨ੍ਹਾਂ ਨੇ ਮੁੱਖ ਮੰਤਰੀ ਅਤੇ ਸਿੱਖਿਆ ਮੰਤਰੀ ਵਲੋਂ ਜਨਤਕ ਤੌਰ 'ਤੇ ਸਿੱਖ ਭਾਈਚਾਰੇ ਕੋਲੋਂ ਮੁਆਫ਼ੀ ਮੰਗਣ ਦੀ ਮੰਗ ਵੀ ਰੱਖੀ ਹੈ। ਉਨ੍ਹਾਂ ਦੱਸਿਆ ਕਿ ਜਥੇਬੰਦੀ ਵਲੋਂ ਇਸ ਸਬੰਧ ਵਿਚ ਪੁਲੀਸ ਕੇਸ ਦਰਜ ਕਰਵਾਉਣ ਲਈ ਵੀ ਚਾਰਾਜੋਈ ਜਾਰੀ ਹੈ। ਉਨ੍ਹਾਂ ਦੱਸਿਆ ਕਿ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਾਰਾ ਮਾਮਲਾ ਧਿਆਨ ਨਾਲ ਸੁਣਨ ਉਪਰੰਤ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਹੈ। ਵਫ਼ਦ ਵਿਚ ਗੁਰਿੰਦਰਪਾਲ ਸਿੰਘ ਧਨੌਲਾ, ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਗੁਰਸੇਵਕ ਸਿੰਘ ਜਵਾਹਰਕੇ ਅਤੇ ਕਈ ਵਰਕਿੰਗ ਕਮੇਟੀ ਮੈਂਬਰ ਸ਼ਾਮਿਲ ਸਨ।

## ਹਿੰਦੂ ਦੇ ਤਾਬੂਤ 'ਤੇ ਕਾਫ਼ਰ ਲਿਖਿਆ

**ਇਸਲਾਮਾਬਾਦ:** ਪਾਕਿਸਤਾਨ ਵਿਚ ਜਹਾਜ਼ ਹਾਦਸੇ ਵਿਚ ਮਰਨ ਵਾਲੇ ਇਕੋ ਇਕ ਹਿੰਦੂ ਪ੍ਰੇਮ ਚੰਦ ਦੀ ਲਾਸ਼ ਦੀ ਸ਼ਨਾਖਤ ਲਈ ਵਰਤੇ ਗਏ ਸ਼ਬਦ ਨੇ ਵਿਵਾਦ ਛੇੜ ਦਿੱਤਾ ਹੈ। ਪ੍ਰੇਮਚੰਦ ਨੂੰ ਹੋਰਾਂ ਤੋਂ ਵੱਖ ਦਿਖਾਉਣ ਲਈ ਉਸ ਦੇ ਤਾਬੂਤ 'ਤੇ ਕਾਫਰ ਲਿਖ ਦਿੱਤਾ ਗਿਆ। ਸਿੰਧ ਦਾ ਰਹਿਣ ਵਾਲਾ ਪ੍ਰੇਮ ਚੰਦ ਇਕੋ ਇਕ ਹਿੰਦੂ ਸੀ ਜਿਹੜਾ ਜਹਾਜ਼ ਵਿਚ ਸਵਾਰ ਸੀ। ਇਸ ਖ਼ਬਰ ਦਾ ਪਤਾ ਲਗਦਿਆਂ ਹੀ ਉਸ ਦੇ ਦੋਸਤਾਂ ਵਿਚ ਰੋਸ ਪੈਦਾ ਹੋ ਗਿਆ।

ਸੰਸਦ ਮੈਂਬਰ ਮੁਨੀਬ ਅਫ਼ਜ਼ਲ ਨੇ ਕਿਹਾ ਕਿ ਜੇ ਲਾਸ਼ ਦੀ ਪਛਾਣ ਲਈ ਗੈਰ ਮੁਸਲਿਮ ਜਾਂ ਹਿੰਦੂ ਲਿਖਿਆ ਜਾਂਦਾ ਤਾਂ ਕਿਸੇ ਨੂੰ ਇਤਰਾਜ਼ ਨਹੀਂ ਹੋਣਾ ਸੀ ਪਰ ਕਾਫਰ ਸ਼ਬਦ ਬਹੁਤ ਬੇਇੱਜ਼ਤ ਕਰਨ ਵਾਲਾ ਹੈ।

# ਪੰਜਾਬੀ ਨੌਜਵਾਨਾਂ ਨੂੰ ਮਾਰਨ ਵਾਲੇ ਸਿੱਖ ਪੁਲਿਸ ਅਧਿਕਾਰੀ ਪੰਥ 'ਚੋਂ ਛੇਕੇ ਜਾਣ ਦੀ ਮੰਗ

**ਚੰਡੀਗੜ੍ਹ:** ਪੰਜਾਬ ਦੀਆਂ ਤਿੰਨ ਮਨੁੱਖੀ ਅਧਿਕਾਰ ਜਥੇਬੰਦੀਆਂ ਖਾਲੜਾ ਮਿਸ਼ਨ ਆਰਗੇਨਾਈਜ਼ੇਸ਼ਨ, ਪੰਜਾਬ ਮਨੁੱਖੀ ਅਧਿਕਾਰ ਸੰਗਠਨ ਅਤੇ ਸਰਕਾਰੀ ਜਬਰ ਵਿਰੋਧੀ ਲਹਿਰ ਨੇ ਪੰਜਾਬ ਵਿਚ ਅਤਿਵਾਦ ਦੇ ਦੌਰਾਨ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿਚ ਖਪਾਉਣ ਦੇ ਨਵੇਂ ਤੱਥ ਸਾਹਮਣੇ ਲਿਆਉਂਦਿਆਂ ਜ਼ਿੰਮੇਵਾਰ ਪੁਲਿਸ ਅਧਿਕਾਰੀਆਂ 'ਤੇ ਕੇਸ ਚਲਾਉਣ ਅਤੇ ਸਿੱਖ ਪੁਲਿਸ ਅਧਿਕਾਰੀਆਂ ਨੂੰ ਸਿੱਖ ਪੰਥ 'ਚੋਂ ਛੇਕਣ ਦੀ ਮੰਗ ਕੀਤੀ ਹੈ।

ਇਨ੍ਹਾਂ ਜਥੇਬੰਦੀਆਂ ਦੇ ਆਗੂਆਂ ਜਸਟਿਸ (ਸੇਵਾ ਮੁਕਤ) ਅਜੀਤ ਸਿੰਘ ਬੈਂਸ, ਇੰਦਰਜੀਤ ਸਿੰਘ ਜੇਜੀ, ਗੁਰਤੇਜ ਸਿੰਘ ਸਾਬਕਾ ਆਈ.ਏ.ਐਸ., ਗੁਰਦਰਸ਼ਨ ਸਿੰਘ ਢਿੱਲੋਂ, ਬੀਬੀ ਬਲਜੀਤ ਕੌਰ ਅਤੇ ਦਲਬੀਰ ਸਿੰਘ ਨੇ ਬੀਤੀ 8 ਅਗਸਤ ਨੂੰ ਇੱਥੇ ਪ੍ਰੈਸ ਕਾਨਫਰੰਸ ਦੌਰਾਨ 231 ਵਿਅਕਤੀਆਂ ਦੀ ਸੂਚੀ ਜਾਰੀ ਕਰਦਿਆਂ ਦਾਅਵਾ ਕੀਤਾ ਕਿ ਇਨ੍ਹਾਂ ਮੁੰਡਿਆਂ ਨੂੰ ਪੁਲਿਸ ਨੇ ਅਤਿਵਾਦ ਦੌਰਾਨ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ 'ਤੇ ਕਾਨੂੰਨੀ ਸਲਾਹ ਮਸ਼ਵਰੇ ਤੋਂ ਬਾਅਦ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਪਟੀਸ਼ਨ ਵੀ ਦਾਇਰ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਪੰਜਾਬ ਪੁਲਿਸ ਵਲੋਂ ਸੂਬੇ ਵਿਚ ਫਿਰ ਤੋਂ ਅਤਿਵਾਦ ਦਾ ਹਊਆ ਖੜ੍ਹਾ ਕਰਕੇ ਸਿੱਖ ਨੌਜਵਾਨਾਂ 'ਤੇ ਤਸ਼ੱਦਦ ਢਾਹਿਆ ਜਾ ਰਿਹਾ ਹੈ ਤੇ ਝੂਠੇ ਕੇਸ ਮੜ੍ਹੇ ਜਾ ਰਹੇ ਹਨ।

ਮਨੁੱਖੀ ਅਧਿਕਾਰ ਜਥੇਬੰਦੀਆਂ ਦੇ ਉਕਤ ਨੁਮਾਇੰਦਿਆਂ ਦਾ ਦਾਅਵਾ ਹੈ ਕਿ ਮੀਡੀਆ ਨੂੰ ਝੂਠੇ ਪੁਲਿਸ ਮੁਕਾਬਲਿਆਂ ਦੀ ਜਿਹੜੀ ਨਵੀਂ ਸੂਚੀ ਦਿੱਤੀ ਗਈ ਹੈ, ਉਸ ਸਬੰਧੀ ਪੀੜਤ ਪਰਿਵਾਰਾਂ ਨੇ ਹਲਫੀਆ ਬਿਆਨ ਦਿੱਤੇ ਸਨ ਤੇ ਜਥੇਬੰਦੀਆਂ ਨੇ ਵੀ ਛਾਣਬੀਣ ਕੀਤੀ ਹੈ। ਇਸ ਸੂਚੀ ਵਿਚ ਸਬੰਧਤ ਪੁਲਿਸ ਕਰਮਚਾਰੀਆਂ ਅਤੇ ਅਧਿਕਾਰੀਆਂ ਦੇ ਨਾਮ ਵੀ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਇਸ ਸੂਚੀ ਵਿਚ ਜਸਵੰਤ ਸਿੰਘ ਖਾਲੜਾ ਵਲੋਂ ਕੀਤੀ ਗਈ ਪੜਤਾਲ ਵਾਲਾ ਕੋਈ ਵੀ ਮਾਮਲਾ ਦਰਜ ਨਹੀਂ ਕੀਤਾ ਗਿਆ। ਉਨ੍ਹਾਂ ਦਾਅਵਾ ਕੀਤਾ ਕਿ ਇਹ ਸੂਚੀ 2000 ਤੱਕ ਦੇ ਕੇਸਾਂ ਵਾਲੀ ਹੈ ਤੇ ਬਾਕੀ ਨਾਵਾਂ ਦਾ ਖੁਲਾਸਾ ਵੀ ਜਲਦੀ ਹੀ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਗੁਜਰਾਤ ਵਿਚ ਇਕ ਮੁਸਲਮਾਨ ਜੋੜੇ ਨੂੰ ਝੂਠੇ ਪੁਲੀਸ ਮੁਕਾਬਲੇ ਵਿਚ ਮਾਰ ਮੁਕਾਉਣ ਦੇ ਮਾਮਲੇ ਵਿਚ ਰਾਜ ਦੇ ਗ੍ਰਹਿ ਮੰਤਰੀ ਤੱਕ ਨੂੰ ਸਲਾਖਾਂ ਪਿੱਛੇ ਜਾਣਾ ਪਿਆ ਪਰ ਦੁੱਖ ਦੀ ਗੱਲ ਤਾਂ ਇਹ ਹੈ ਕਿ ਪੰਜਾਬ ਵਿਚ ਅਤਿਵਾਦ ਦੇ ਦੌਰ ਦੌਰਾਨ ਹਜ਼ਾਰਾਂ ਮੁੰਡਿਆਂ ਨੂੰ ਮੌਤ ਦੇ ਘਾਟ ਉਤਾਰਨ ਵਾਲੇ ਦਨਦਨਾਉਂਦੇ ਫਿਰ ਰਹੇ ਹਨ।

ਉਨ੍ਹਾਂ ਕਿਹਾ ਕਿ ਲੋਕਾਂ ਨੂੰ ਇਨਸਾਫ ਨਹੀਂ ਮਿਲ ਰਿਹਾ ਤੇ ਜੇਕਰ ਇਸੇ ਤਰ੍ਹਾਂ ਚਲਦਾ ਰਿਹਾ ਤਾਂ ਲੋਕਾਂ ਦਾ ਕਾਨੂੰਨ ਤੇ ਨਿਆਂ ਪ੍ਰਣਾਲੀ ਤੋਂ ਭਰੋਸਾ ਉਠ ਜਾਵੇਗਾ। ਮਨੁੱਖੀ ਅਧਿਕਾਰ ਜਥੇਬੰਦੀਆਂ ਦੇ ਆਗੂਆਂ ਦਾ ਕਹਿਣਾ ਹੈ ਕਿ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ '84 ਦੇ ਦੰਗਿਆਂ ਦੀਆਂ ਘਟਨਾਵਾਂ ਨੂੰ ਸਿੱਖ ਦੀ ਨਸਲਕੁਸ਼ੀ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅਤਿਵਾਦ ਦੇ ਸਮੇਂ ਦੌਰਾਨ ਝੂਠੇ ਪੁਲਿਸ ਮੁਕਾਬਲੇ ਵੀ ਤਾਂ ਸਿੱਖ ਨਸਲਕੁਸ਼ੀ ਹੀ ਸਨ। ਇਸ ਲਈ ਅਕਾਲ ਤਖ਼ਤ ਦੇ ਜਥੇਦਾਰ ਨੂੰ ਇਹ ਮਾਮਲੇ ਵੀ ਨਸਲਕੁਸ਼ੀ ਕਰਾਰ ਦੇ ਕੇ ਇਨ੍ਹਾਂ ਕੇਸਾਂ ਵਿਚ ਸ਼ਾਮਲ ਸਿੱਖ ਪੁਲੀਸ ਅਧਿਕਾਰੀਆਂ ਨੂੰ ਸਿੱਖ ਪੰਥ ਵਿਚੋਂ ਛੇਕ ਦੇਣਾ ਚਾਹੀਦਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਅਤਿਵਾਦ ਦੇ ਸਮੇਂ ਦੌਰਾਨ ਪੁਲੀਸ ਨੇ 50000 ਦੇ ਕਰੀਬ ਮੁੰਡਿਆਂ ਨੂੰ ਮਾਰ ਮੁਕਾਇਆ ਸੀ।

## ਪੰਜਾਬ ਪੁਲਿਸ ਦਾ ਵਹਿਸ਼ੀ ਚਿਹਰਾ ਬੇਨਕਾਬ

*(ਸਫਾ ਇਕ ਦੀ ਬਾਕੀ)*

ਨੂੰ ਲਿਖੇ ਇੱਕ ਪੱਤਰ ਰਾਹੀਂ ਕਿਹਾ ਸੀ ਕਿ ਉਹ ਸਿਰਫ ਦਿੱਲੀ ਵਿਚ ਮਾਰੇ ਗਏ ਸਿੱਖਾਂ ਦੇ ਕਤਲੇਆਮ ਨੂੰ ਨਸਲਕੁਸ਼ੀ ਨਾ ਕਹਿਣ ਬਲਕਿ '84 ਤੋਂ ਲੈ ਕੇ '94 ਦੌਰਾਨ ਜਿੰਨੇ ਵੀ ਸਿੱਖ ਮਾਰੇ ਗਏ ਉਨ੍ਹਾਂ ਨੂੰ ਨਸਲਕੁਸ਼ੀ ਮੰਨਿਆ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਦੇ ਮੁਲਾਜ਼ਮਾਂ ਨੂੰ 1991 ਤੋਂ ਲੈ ਕੇ ਡੇਢ ਸਾਲ ਦੌਰਾਨ ਹੀ 41684 ਪੁਲਿਸ ਐਵਾਰਡ ਤੇ 68 ਮੈਡਲ ਦਿੱਤੇ ਗਏ ਜਿਨ੍ਹਾਂ ਵਿਚੋਂ ਬਹੁਤੇ ਚੰਗੇ ਭਲੇ ਬੰਦਿਆਂ ਨੂੰ ਲਾਪਤਾ ਲਾਸ਼ਾਂ ਵਿਚ ਬਦਲਣ ਲਈ ਦਿੱਤੇ ਗਏ। ਉਨ੍ਹਾਂ ਦੱਸਿਆ ਕਿ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਨੇ ਵੀ ਵਿਧਾਨ ਸਭਾ ਵਿਚ 55000 ਲੋਕਾਂ ਦੇ ਮਾਰੇ ਜਾਣ ਬਾਰੇ ਕਿਹਾ ਸੀ। ਮਗਰੋਂ ਇਹ ਸਰਕਾਰੀ ਗਿਣਤੀ ਘੱਟਦੀ-ਘੱਟਦੀ 21000 ਤੱਕ ਪਹੁੰਚ ਗਈ।

# ਸਮਾਜਕ ਕਾਰਕੁੰਨਾਂ ਦੀ ਜਾਨ ਦਾ ਖੌਅ ਬਣ ਗਿਆ ਸੂਚਨਾ ਕਾਨੂੰਨ

**-ਪੰਜਾਬ ਟਾਈਮਜ਼ ਬਿਊਰੋ**

**ਜਲੰਧਰ :** ਹਰੇਕ ਕਾਨੂੰਨ ਭਾਵੇਂ ਕਿ ਡੂੰਘੀ ਸੋਚ ਵਿਚਾਰ ਤੋਂ ਬਾਅਦ ਲਾਗੂ ਹੁੰਦਾ ਹੈ ਪਰ ਫਿਰ ਵੀ ਬੇਕਾਨੂੰਨੀ ਦੇ ਮਾਲਕ ਕੋਈ ਨਾ ਕੋਈ ਚੋਰਮੋਰੀ ਲੱਭ ਕੇ ਆਪਣਾ ਉਲੂ ਸਿੱਧਾ ਕਰ ਹੀ ਲੈਂਦੇ ਹਨ। ਇਸੇ ਤਰ੍ਹਾਂ ਹੀ ਪਾਰਦਰਸ਼ੀ ਅਤੇ ਜਵਾਬਦੇਹ ਪ੍ਰਸ਼ਾਸਨ ਯਕੀਨੀ ਬਣਾਉਣ ਦੇ ਉਪਰਾਲੇ ਵਜੋਂ ਬਣਾਇਆ ਗਿਆ ਸੂਚਨਾ ਦਾ ਅਧਿਕਾਰ ਕਾਨੂੰਨ-2005 ਬਹੁਤ ਸਾਰੇ ਸਮਾਜਿਕ ਕਾਰਕੁਨਾਂ ਲਈ ਜਿੱਥੇ ਲੋਕ ਭਲਾਈ ਦੇ ਕੰਮ ਕਰਨ ਲਈ ਅਹਿਮ ਸੰਦ ਬਣਿਆ ਹੈ, ਉੱਥੇ ਉਨ੍ਹਾਂ ਲਈ ਵੱਡੇ ਖਤਰਿਆਂ ਦਾ ਕਾਰਨ ਵੀ ਬਣਿਆ ਹੈ। ਪਿਛਲੇ ਸੱਤ ਮਹੀਨਿਆਂ ਵਿਚ ਸੂਚਨਾ ਦੇ ਅਧਿਕਾਰ ਤਹਿਤ ਸਰਕਾਰੀ ਮਹਿਕਮਿਆਂ ਤੋਂ ਜਾਣਕਾਰੀ ਲੈ ਕੇ ਭ੍ਰਿਸ਼ਟਾਚਾਰ, ਬਦਇੰਤਜ਼ਾਮੀ ਅਤੇ ਘਪਲਿਆਂ ਨੂੰ ਨੰਗਾ ਕਰਨ ਵਾਲੇ ਪੌਣੀ ਦਰਜਨ ਸਮਾਜਿਕ ਕਾਰਕੁਨਾਂ ਨੂੰ ਮਾਰ ਮੁਕਾਇਆ ਗਿਆ ਹੈ। ਇਸ ਤੋਂ ਇਲਾਵਾ ਲਗਭਗ ਅਜਿਹੇ 20 ਹੋਰ ਸਮਾਜ ਸੇਵਕਾਂ 'ਤੇ ਵੀ ਜਾਨੀ ਨੁਕਸਾਨ ਪਹੁੰਚਾਉਣ ਦੇ ਯਤਨ ਕੀਤੇ ਗਏ ਹਨ ਜਿਸ ਵਿਚ ਇਹ ਗੰਭੀਰ ਤੌਰ 'ਤੇ ਜ਼ਖਮੀ ਹੋਏ ਹਨ।

ਇਹ ਰੁਝਾਨ ਕਿਸੇ ਇਕ ਰਾਜ ਤੱਕ ਸੀਮਤ ਨਹੀਂ ਸਗੋਂ ਪੂਰੇ ਦੇਸ਼ ਵਿਚ ਫੈਲਿਆ ਹੋਇਆ ਹੈ। ਭ੍ਰਿਸ਼ਟਾਚਾਰ, ਬਦਇੰਤਜ਼ਾਮੀ, ਨਾਇਨਸਾਫ਼ੀ ਅਤੇ ਵਿੱਤੀ ਬੇਨਿਯਮੀਆਂ ਖ਼ਿਲਾਫ਼ ਆਵਾਜ ਉਠਾਉਣ ਵਾਲਿਆਂ ਦੀ ਸੁਰੱਖਿਆ ਦਾ ਮੁੱਦਾ ਵਾਰ-ਵਾਰ ਉਠਦਾ ਰਿਹਾ ਹੈ ਪਰ ਹਰ ਵਾਰ ਬਿਨਾਂ ਕਿਸੇ ਠੋਸ ਪਹਿਲਕਦਮੀ ਤੋਂ ਹੀ ਇਹ ਮਾਮਲਾ ਦਬ ਜਾਂਦਾ ਰਿਹਾ ਹੈ। ਇੰਡੀਅਨ ਆਇਲ ਕਾਰਪੋਰੇਸ਼ਨ ਵਿਚ ਮਿਲਾਵਟ ਦੇ ਧੰਦੇ ਤੋਂ ਪਰਦਾ ਚੁੱਕਣ ਵਾਲਾ ਮੰਜੂਨਾਥ ਸ਼ਨਮੁਗਮ ਮਾਰਿਆ ਗਿਆ। ਨੈਸ਼ਨਲ ਹਾਈਵੇਅ ਅਥਾਰਿਟੀ ਆਫ ਇੰਡੀਆ ਵਿਚ ਬੇਨਿਯਮੀਆਂ ਸਬੰਧੀ ਸਵਾਲ ਖੜੇ ਕਰਨ ਕਾਰਨ ਸਤੇਂਦਰ ਦੁਬੇ ਦਾ ਕਤਲ ਹੋਇਆ। ਪਿਛਲੇ ਸੱਤ ਮਹੀਨਿਆਂ ਵਿਚ ਹੋਏ ਅੱਠ ਕਤਲਾਂ ਨੂੰ ਇਸੇ ਰੁਝਾਨ ਦੀ ਅਗਲੀ ਕੜੀ ਵਜੋਂ ਵੇਖਿਆ ਜਾ ਸਕਦਾ ਹੈ। ਇਸ ਸਿਲਸਿਲੇ ਵਿਚ ਠੇਕੇਦਾਰਾਂ, ਕਾਲਾਬਾਜ਼ਾਰੀ ਕਰਨ ਵਾਲਿਆਂ ਅਤੇ ਮਾਫੀਆ ਗਰੋਹਾਂ ਵਲ ਇਸ਼ਾਰੇ ਕੀਤੇ ਜਾਂਦੇ ਹਨ ਅਤੇ ਇਨ੍ਹਾਂ ਨੂੰ ਰਾਜਨੀਤਿਕਾਂ ਅਤੇ ਅਫ਼ਸਰਸ਼ਾਹੀ ਤੋਂ ਮਿਲ ਰਹੀ ਸਰਪ੍ਰਸਤੀ ਹੁਣ ਪੂਰੀ ਤਰ੍ਹਾਂ ਜੱਗ ਜਾਹਿਰ ਹੋ ਚੁੱਕੀ ਹੈ। ਇਸੇ ਦਾ ਸਿੱਟਾ ਹੈ ਕਿ ਕਈ ਮੌਕਿਆਂ 'ਤੇ ਪੁਲੀਸ ਵਲੋਂ ਸੂਚਨਾ ਦੇ ਅਧਿਕਾਰ ਤਹਿਤ ਦਿੱਤੀਆਂ ਅਰਜ਼ੀਆਂ ਨੂੰ ਵਾਪਸ ਲੈਣ ਲਈ ਦਬਾਅ ਪਾਇਆ ਗਿਆ ਹੈ। ਸੂਚਨਾ ਅਧਿਕਾਰ ਕਾਰਕੁਨਾਂ 'ਤੇ ਝੂਠੇ ਮਾਮਲੇ ਤੱਕ ਦਰਜ ਕਰਨ ਦੇ ਮਾਮਲੇ ਵੀ ਸਾਹਮਣੇ ਆਉਂਦੇ ਰਹੇ ਹਨ। ਪੰਜਾਬ ਵਿਚ ਇਕ ਅਰਜ਼ੀਕਰਤਾ ਵਿਅਕਤੀ ਨੂੰ ਪੰਜਾਬ ਪੁਲੀਸ ਵਲੋਂ ਤੰਗ-ਪਰੇਸ਼ਾਨ ਕੀਤੇ ਜਾਣ ਦਾ ਕੇਸ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸਾਹਮਣੇ ਵੀ ਪੇਸ਼ ਹੋਇਆ ਸੀ।

ਸੂਚਨਾ ਦੇ ਅਧਿਕਾਰ ਕਾਨੂੰਨ ਨਾਲ ਮੁੱਢ ਤੋਂ ਹੀ ਵਿਵਾਦ ਜੁੜਿਆ ਆ ਰਿਹਾ ਹੈ। ਵੱਖ-ਵੱਖ ਵਰਗਾਂ ਵਲੋਂ ਇਸ ਦਾ ਵਿਰੋਧ ਕੀਤਾ ਗਿਆ ਅਤੇ ਕਈ ਵਿਭਾਗਾਂ ਨੇ ਆਪਣੇ-ਆਪ ਨੂੰ ਇਸ ਦੇ ਘੇਰੇ ਤੋਂ ਬਾਹਰ ਰੱਖਣ ਲਈ ਦਲੀਲਾਂ ਦਿੱਤੀਆਂ। ਰਾਜਨੀਤਿਕਾਂ ਅਤੇ ਅਫ਼ਸਰਸ਼ਾਹੀ ਨੇ ਫਾਈਲਾਂ 'ਤੇ ਕੀਤੀਆਂ ਟਿੱਪਣੀਆਂ ਨੂੰ ਇਸ ਕਾਨੂੰਨ ਦੇ ਘੇਰੇ ਵਿਚੋਂ ਬਾਹਰ ਰੱਖਣ ਲਈ ਹਰ ਹੀਲਾ ਵਰਤਿਆ। ਜੱਜਾਂ ਦੀ ਆਮਦਨ ਦੇ ਮਾਮਲੇ 'ਚ ਤਾਂ ਸੁਪਰੀਮ ਕੋਰਟ ਦੇ ਮੁੱਖ ਜੱਜ ਤੱਕ ਇਸ ਕਾਨੂੰਨ ਸਬੰਧੀ ਵਾਦ-ਵਿਵਾਦ ਦਾ ਅੰਗ ਰਹੇ। ਇਸ ਤੋਂ ਇਲਾਵਾ ਸੂਚਨਾ ਦੇ ਅਧਿਕਾਰ ਕਾਨੂੰਨ ਦਾ ਅਮਲੀ ਪੱਖ ਹੁਣ ਤੱਕ ਵੀ ਨਿਪੁੰਨਤਾ ਨਾਲ ਹੱਲ ਨਹੀਂ ਕੀਤਾ ਜਾ ਸਕਿਆ। ਜ਼ਿਆਦਾਤਰ ਰਾਜ ਸਰਕਾਰਾਂ ਨੇ ਪਹਿਲਾਂ ਤਾਂ ਸੂਚਨਾ ਕਮਿਸ਼ਨ ਬਣਾਉਣ ਤੋਂ ਟਾਲਾ ਵੱਟੀ ਰੱਖਿਆ ਅਤੇ ਇਹ ਕਮਿਸ਼ਨ ਬਣਾਉਣ ਤੋਂ ਬਾਅਦ ਇਨ੍ਹਾਂ ਨੂੰ ਬੇਮਾਅਨਾ ਕਰਨ ਲਈ ਕਈ ਅਸਿੱਧੇ ਢੰਗ-ਤਰੀਕਿਆਂ ਦੀ ਵਰਤੋਂ ਕੀਤੀ। ਇਸੇ ਦੇ ਨਤੀਜੇ ਵਜੋਂ ਹੁਣ ਵੀ ਜ਼ਿਆਦਾਤਰ ਰਾਜ ਸੂਚਨਾ ਕਮਿਸ਼ਨਾਂ ਨੂੰ ਜ਼ਰੂਰੀ ਸਾਧਨ ਅਤੇ ਅਮਲਾ-ਫੈਲਾ ਪ੍ਰਾਪਤ ਨਹੀਂ ਹੈ। ਕਈ ਰਾਜ ਸਰਕਾਰਾਂ ਨੇ ਸੇਵਾਮੁਕਤ ਹੋ ਰਹੀ ਸਰਕਾਰ ਪੱਖੀ ਅਫ਼ਸਰਸ਼ਾਹੀ ਨੂੰ ਸੂਚਨਾ ਕਮਿਸ਼ਨ ਦੇ ਦਫ਼ਤਰਾਂ ਵਿਚ ਨਿਯੁਕਤ ਕੀਤਾ ਹੋਇਆ ਹੈ। ਕਈਆਂ ਨੂੰ ਸਰਕਾਰੀ ਸੇਵਾ ਦੇ ਸ਼ੁਕਰਾਨੇ ਵਜੋਂ ਸੂਚਨਾ ਕਮਿਸ਼ਨਰ ਦੇ ਅਹੁਦੇ ਦੀ ਬਖਸ਼ਿਸ਼ ਕੀਤੀ ਗਈ ਹੈ। ਇਸ ਤੋਂ ਇਲਾਵਾ ਇਸ ਕਾਨੂੰਨ ਨੂੰ ਬੇਮਾਅਨਾ ਕਰਨ ਲਈ ਕੁਝ ਵਰਗਾਂ ਵਲੋਂ ਸੋਧਾਂ ਦੀ ਮੰਗ ਵੀ ਉਠਾਈ ਗਈ ਹੈ। ਹੁਣ ਤਾਂ ਸੂਚਨਾ ਲੈਣ ਦੇ ਢੰਗ-ਤਰੀਕੇ ਨੂੰ ਵੀ ਮਹਿੰਗਾ ਅਤੇ ਗੁੰਝਲਦਾਰ ਕਰਕੇ ਇਸ ਨੂੰ ਬੇਅਸਰ ਕੀਤਾ ਜਾ ਰਿਹਾ ਹੈ।

ਸੂਚਨਾ ਦਾ ਅਧਿਕਾਰ ਕਾਨੂੰਨ ਦੇ ਮੁੱਢਲੇ ਢਾਂਚੇ ਨੂੰ ਬਚਾਉਣਾ ਅਤੇ ਇਸ ਦੀ ਵਰਤੋਂ ਕਰਨ ਵਾਲਿਆਂ ਨੂੰ ਹਿਫ਼ਾਜਤ ਦੇਣੀ ਵਿਚਾਰਨਯੋਗ ਮੁੱਦੇ ਹਨ। ਭਾਰਤ ਵਿਚ ਭ੍ਰਿਸ਼ਟਾਚਾਰ ਇਕ ਅਸਾਧ ਰੋਗ ਬਣ ਚੁੱਕਿਆ ਹੈ ਅਤੇ ਇਸਦੀ ਨਿਸ਼ਾਨਦੇਹੀ ਪ੍ਰਧਾਨ ਮੰਤਰੀ ਵਲੋਂ ਵੀ ਗੰਭੀਰ ਮਸਲੇ ਵਜੋਂ ਕੀਤੀ ਗਈ ਹੈ। ਰਾਜਨੀਤਿਕਾਂ, ਅਫ਼ਸਰਸ਼ਾਹੀ ਅਤੇ ਮੁਨਾਫ਼ਾਖੋਰਾਂ ਦੇ ਆਪਸੀ ਤਾਲਮੇਲ ਨਾਲ ਚਲ ਰਹੇ ਭ੍ਰਿਸ਼ਟਾਚਾਰ ਨੂੰ ਸੂਚਨਾ ਦੇ ਅਧਿਕਾਰ ਕਾਨੂੰਨ ਰਾਹੀਂ ਨੰਗਾ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਇਸ ਤੋਂ ਬਾਅਦ ਅਦਾਲਤੀ ਕਾਰਵਾਈ ਦਾ ਰਾਹ ਖੁੱਲਦਾ ਹੈ। ਇਸ ਲਈ ਭ੍ਰਿਸ਼ਟਾਚਾਰੀ ਤੱਤਾਂ ਵਲੋਂ ਜਵਾਬੀ ਵਾਰ ਹੋਣਾ ਹੈਰਾਨੀ ਦੀ ਗੱਲ ਨਹੀਂ ਹੈ। ਭ੍ਰਿਸ਼ਟਾਚਾਰ ਖ਼ਿਲਾਫ਼ ਲੜ ਰਹੇ ਕਾਰਕੁਨਾਂ ਨੂੰ ਆਪਣੀ ਸੁਰੱਖਿਆ ਦਾ ਮਾਮਲਾ ਵਧੇਰੇ ਗੰਭੀਰਤਾ ਨਾਲ ਵਿਚਾਰਨਾ ਹੋਵੇਗਾ। ਇਨ੍ਹਾਂ ਦੀ ਸੁਰੱਖਿਆ 'ਤੇ ਹੀ ਇਸ ਕਾਨੂੰਨ ਦੀ ਸਾਰਥਿਕਤਾ ਨਿਰਭਰ ਕਰਦੀ ਹੈ।

## ਅਮਰੀਕਾ 'ਚ ਸਮਲਿੰਗੀ ਵਿਆਹ ਦੀ ਆਗਿਆ

**ਸੈਨ ਫਰਾਂਸਿਸਕੋ:** ਅਮਰੀਕਾ ਦੀ ਇਕ ਸੰਘੀ ਅਦਾਲਤ ਨੇ ਕੈਲੋਫੋਰਨੀਆਂ ਰਾਜ ਵਿਚ ਸਮਾਨਲਿੰਗ ਵਾਲੇ ਜੋੜਿਆਂ ਦੇ ਵਿਆਹ 'ਤੇ ਲੱਗੀ ਰੋਕ ਨੂੰ ਅਸੰਵਿਧਾਨਕ ਕਰਾਰ ਦਿੱਤਾ ਹੈ।

ਅਦਾਲਤ ਦੇ ਇਸ ਫੈਸਲੇ ਤੋਂ ਬਾਅਦ ਹੀ ਸਮਲਿੰਗੀ ਅਧਿਕਾਰਾਂ ਲਈ ਸੰਘਰਸ਼ ਕਰ ਰਹੇ ਲੋਕਾਂ ਨੂੰ ਸ਼ਕਤੀ ਮਿਲੀ ਹੈ। ਉਥੇ ਹੀ ਇਹ ਵੀ ਤੈਅ ਹੋ ਗਿਆ ਕਿ ਇਹ ਮਾਮਲਾ ਸੁਪਰੀਮ ਕੋਰਟ ਵਿਚ ਜਾਵੇਗਾ। ਜੱਜ ਨੇ ਕਿਹਾ ਕਿ ਸਮਲਿੰਗੀ ਆਪਸ ਵਿਚ ਵਿਆਹ ਕਰ ਸਕਦੇ ਹਨ।

## Matrimonials

### ਵਰ ਦੀ ਲੋੜ

Professional Jatt Sikh match, for beautiful Jatt Sikh girl 28, 5'3" Canadian immigrant, registered Nurse in USA.Call 248-974-1131.Send Bio-data with photo to karamjittsandhu@yahoo.com

ਜੱਟ ਸਿੱਖ, ਸੁੰਦਰ, ਐਮ ਕਾਮ, 22, 5'5'', ਸ਼ਹਿਰੀ ਤੇ ਪੇਂਡੂ ਸੰਪਤੀ ਦੀ ਮਾਲਕ, ਲੜਕੀ ਲਈ ਅਮਰੀਕਾ, ਕੈਨੇਡਾ ਜਾਂ ਇੰਗਲੈਂਡ ਰਹਿੰਦੇ ਜੱਟ ਸਿੱਖ ਲੜਕੇ ਦੀ ਲੋੜ ਹੈ। ਸੰਪਰਕ ਕਰੋ: gurdevsidhu77@yahoo.com

Wanted suitable boy US Citizen/Green Card/HIB Holder for jatt sikh girl 5'7", 27.5, M Tech. Comp. sci, pursuing Masters in Analytics, contact 704-930-1734 sandhu3200@gmail.com

Handsome & educated Jatt Sikh match, preferably from California for Jatt Sikh beautiful girl, 24, 5'4", MBA. Call at 408-794-5382. Send Bio-data with pictures to Jatt_Sikh2010@yahoo.com

### ਕੰਨਿਆ ਦੀ ਲੋੜ

ਜੱਟ ਸਿੱਖ ਵਿਰਕ, 26, ਨਿਊ ਯਾਰਕ ਵਿਚ ਆਪਣਾ ਬਿਜਨਸ ਕਰਦੇ, ਪਿਛੋਂ ਜ਼ਿਲਾ ਕਰਨਾਲ ਦੇ ਲੜਕੇ ਲਈ ਗਰੀਨ ਕਾਰਡ ਹੋਲਡਰ ਜਾਂ ਵਿਜ਼ਟਰ ਵੀਜ਼ੇ 'ਤੇ ਆਈ ਲੜਕੀ ਦੀ ਲੋੜ ਹੈ। ਜਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ:718-600-2325, 917-519-9453, sonu_virk48@yahoo.com

# ਮਨਟੀਕਾ ਦੇ ਮੇਅਰ ਵਿਲੀ ਵੈਦਰਫੋਰਡ ਲਈ ਫੰਡਰੇਜ਼ਰ

**ਮਾਡੈਸਟੋ:** ਮਨਟੀਕਾ ਏਰੀਆ ਦੇ ਭਾਰਤੀ ਭਾਈਚਾਰੇ ਦੀ ਤਰਫੋਂ ਨਿਰਵੈਲ ਸਿੰਘ ਅਤੇ ਹੋਰ ਉਘੇ ਬਿਜਨਸਮੈਨਾਂ ਦੇ ਉਦਮ ਨਾਲ ਮਨਟੀਕਾ ਦੇ ਮੇਅਰ ਵਿਲੀ ਵੈਦਰਫੋਰਡ ਲਈ ਇਕ ਫੰਡਰੇਜ਼ਰ ਕੀਤਾ ਗਿਆ ਜਿਸ ਵਿਚ ਪੰਜਾਬੀ ਭਾਈਚਾਰੇ ਵਲੋਂ ਗੈਸ ਸਟੇਸ਼ਨ ਬਿਜਨਸਮੈਨ ਜਰਨੈਲ ਸਿੰਘ, ਐਮ ਐਨ ਬੀ ਐਕਸਪ੍ਰੈਸ ਦੇ ਸੰਧੂ ਭਰਾ, ਅਵਤਾਰ ਸਿੰਘ ਰੰਧਾਵਾ, ਗੁਰਚਰਨ ਨਿਜਰ, ਅਮਰ ਸਿੰਘ, ਬਲਬੀਰ ਸਿੰਘ, ਕਸ਼ਮੀਰ ਸਿੰਘ, ਅਰਜਨ ਸਿੰਘ, ਗੁਰਤੇਜ ਬਰਾੜ, ਸੁੱਚਾ ਸਿੰਘ ਸਹੋਤਾ, ਬਲਵਿੰਦਰ ਸਿੰਘ, ਦਲਬੀਰ ਸਿੰਘ ਸੰਘੇੜਾ, ਹਰੀ ਸਿੰਘ, ਜਸਬੀਰ ਸਿੰਘ, ਗੁਰਵਿੰਦਰ ਸਿੰਘ, ਅਨਿਲ ਕੁਮਾਰ, ਚਤਰਪਾਲ ਪਾਬਲਾ, ਜੀਤ ਸਿੰਘ, ਬਸੰਤ ਸਿੰਘ, ਜਸਪਾਲ ਸਿੰਘ, ਮਹਿੰਦਰ ਸਿੰਘ ਅਤੇ ਕੁਲਦੀਪ ਸਿੰਘ ਸ਼ਾਮਲ ਹੋਏ।



ਇਥੇ ਜ਼ਿਕਰਯੋਗ ਹੈ ਕਿ ਸ੍ਰੀ ਵੈਦਰਫੋਰਡ ਇਸ ਵੇਲੇ ਵੀ ਮੇਅਰ ਹਨ ਅਤੇ ਦੁਬਾਰਾ ਚੋਣ ਲੜ ਰਹੇ ਹਨ। ਮੇਅਰ ਵੈਦਰਫੋਰਡ ਨੇ ਇਸ ਮੌਕੇ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਭਾਰਤੀ ਭਾਈਚਾਰੇ ਤੋਂ ਉਨ੍ਹਾਂ ਨੂੰ ਹਮੇਸ਼ਾ ਭਰਵੀਂ ਹਮਾਇਤ ਮਿਲਦੀ ਰਹੀ ਹੈ। ਉਨ੍ਹਾਂ ਭਾਰਤੀ ਭਾਈਚਾਰੇ ਦੇ ਅਮਰੀਕੀ ਅਰਥਚਾਰੇ ਵਿਚ ਯੋਗਦਾਨ ਦੀ ਵੀ ਭਰਵੀਂ ਸ਼ਲਾਘਾ ਕੀਤੀ।

MRP TRAVEL
Lowest International and Domestic Fares
A·R·C FLY ANY AIRLINE OF YOUR CHOICE IATA
Providing the lowest Air-fare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40



Asiana Airlines Emirates KOREAN AIR SINGAPORE AIRLINES CATHAY PACIFIC Lufthansa CHINA AIRLINES
We Also Offer Notary Service

100% NCLEX-PN Pass Rate! Job Placement Assistance! Affordable Payment Plans!
SSF Campus January 2010 – March 2010
Hayward Campus January 2008 – March 2008
NCP Career College & College of Nursing
Training students since 1993!
12 Month LVN Program
20 Day CNA Program
Full Time
Part Time
Days, Evenings & Weekends
Choose which one is right for you... Your career is a call away. Call today!
800.339.5145
LVN Vocational Nursing Program
CNA Nursing Assistant Training
CNA Acute Care Training
IV Therapy & Blood Withdrawal Certification Course
NCLEX-PN Review Classes
Countinuing Education for RNs, LVNs & CNAs
CPR
www.ncpcareercollege.com
www.ncpcollegeofnursing.com
South San Francisco Campus
257 Longford Drive #5,
So. San Francisco, CA 94080
800.339.5145, 650.871.0701
Hayward Campus
21615 Hesperian Blvd. Ste. A,
Hayward, CA 94541
800.611.4054, 510.785.0454



FARMERS INSURANCE GROUP Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com



Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਗੁਰਦੁਆਰਾ ਫੇਅਰਫੀਲਡ ਵਿਚ ਬੱਚਿਆਂ ਦਾ ਸਫਲ ਗੁਰਮਤਿ ਕੈਂਪ

**ਫੇਅਰਫੀਲਡ, ਕੈਲੀਫੋਰਨੀਆ:** ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ ਵਿਖੇ ਕੁਐਸਟ ਫਾਰ ਨਾਲੇਜ ਫਾਊਂਡੇਸ਼ਨ ਦੇ ਸਹਿਯੋਗ ਨਾਲ ਲਾਏ ਗਏ ਬੱਚਿਆਂ ਦੇ ਅੱਠ ਰੋਜ਼ਾ ਗੁਰਮਤਿ ਗਿਆਨ ਕੈਂਪ ਵਿਚ ਅੱਸੀ ਬੱਚਿਆਂ ਨੇ ਹਿੱਸਾ ਲਿਆ ਜਿਨ੍ਹਾਂ ਨੂੰ ਗੁਰਬਾਣੀ, ਸਿੱਖ ਇਤਿਹਾਸ, ਕੀਰਤਨ, ਕਵੀਸ਼ਰੀ ਆਦਿ ਦੀ ਸਿੱਖਿਆ ਤੋਂ ਇਲਾਵਾ ਸਿੱਖੀ ਜੀਵਨ ਦੀਆਂ ਕਦਰਾਂ-ਕੀਮਤਾਂ ਤੋਂ ਜਾਣੂ ਕਰਵਾਇਆ ਗਿਆ। ਇਹ ਸੇਵਾ ਭਾਈ ਜਤਿੰਦਰਪਾਲ ਸਿੰਘ (ਪਾਲ ਜੀ ਦਿੱਲੀਵਾਲੇ) ਨੇ ਨਿਭਾਈ।



*ਕੈਂਪ ਦੌਰਾਨ ਬੱਚੇ ਭਾਈ ਜਤਿੰਦਰਪਾਲ ਸਿੰਘ ਨਾਲ*

ਇਸ ਕੈਂਪ ਦੌਰਾਨ ਬੱਚਿਆਂ ਨੂੰ ਸਟਾਕਟਨ ਦੇ ਇਤਿਹਾਸਕ ਗੁਰੂ ਘਰ ਵੀ ਲਿਜਾਇਆ ਗਿਆ ਅਤੇ ਲੋਡਾਈ ਪਾਰਕ ਵਿਚ ਇਕ ਪਿਕਨਿਕ ਦਾ ਪ੍ਰਬੰਧ ਵੀ ਕੀਤਾ ਗਿਆ। ਸਟਾਕਟਨ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਬੱਚਿਆਂ ਲਈ ਵਿਸ਼ੇਸ਼ ਤੌਰ 'ਤੇ ਲੰਗਰ ਵਿਚ ਪੀਜ਼ੇ ਦਾ ਇੰਤਜ਼ਾਮ ਕੀਤਾ ਗਿਆ। ਗੁਰਦੁਆਰਾ ਕਮੇਟੀ ਦੀ ਤਰਫੋਂ ਭਾਈ ਅਮਰਜੀਤ ਸਿੰਘ ਨੇ ਸਟਾਕਟਨ ਗੁਰੂ ਘਰ ਦੇ ਇਤਿਹਾਸ ਅਤੇ ਸਿੱਖ ਇਤਿਹਾਸ ਬਾਰੇ ਬੱਚਿਆਂ ਨੂੰ ਪੰਜਾਬੀ ਅਤੇ ਅੰਗਰੇਜ਼ੀ ਦੋਵੇਂ ਭਾਸ਼ਾਵਾਂ ਵਿਚ ਜਾਣਕਾਰੀ ਦਿੱਤੀ। ਗੁਰਦੁਆਰਾ ਫੇਅਰਫੀਲਡ ਦੀ ਪ੍ਰਬੰਧਕ ਕਮੇਟੀ ਦੀ ਤਰਫੋਂ ਭਾਈ ਹਰਜਿੰਦਰ ਸਿੰਘ ਧਾਮੀ ਨੇ ਸਟਾਕਟਨ ਗੁਰੂ ਘਰ ਕਮੇਟੀ ਦਾ ਧੰਨਵਾਦ ਕੀਤਾ। ਇਸ ਗੁਰਮਤਿ ਕੈਂਪ ਦੇ ਅਖੀਰਲੇ ਦਿਨ ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਦੇ ਪ੍ਰਕਾਸ਼ ਪੁਰਬ ਮੌਕੇ ਵਿਸ਼ੇਸ਼ ਦੀਵਾਨ ਸਜਾਏ ਗਏ। ਦੀਵਾਨ ਦੀ ਸਾਰੀ ਕਾਰਵਾਈ ਬੱਚਿਆਂ ਨੇ ਚਲਾਈ ਅਤੇ ਗੁਰਮਤਿ, ਗੁਰ ਇਤਿਹਾਸ ਅਤੇ ਕੈਂਪ ਬਾਰੇ ਆਪਣੇ ਵਿਚਾਰ ਸੰਗਤ ਸਾਹਮਣੇ ਰੱਖੇ। ਬੱਚਿਆਂ ਨੇ 6 ਤੋਂ 15 ਸਾਲ ਤੱਕ ਦੀ ਉਮਰ ਦੇ ਵੱਖ ਵੱਖ ਗਰੁਪਾਂ ਵਿਚ ਸ਼ਬਦ ਗਾਇਨ ਵੀ ਕੀਤਾ ਅਤੇ ਗੁਰੂ ਮਹਾਰਾਜ ਦੇ ਜੀਵਨ ਬਾਰੇ ਸਕਿੱਟਾਂ ਪੇਸ਼ ਕੀਤੀਆਂ ਤੇ ਛੋਟੇ ਸਾਹਿਬਜ਼ਾਦਿਆਂ ਦੇ ਜੀਵਨ ਸਬੰਧੀ ਕਵੀਸ਼ਰੀ ਵੀ ਪੇਸ਼ ਕੀਤੀ। ਸਟੇਜ ਦੀ ਕਾਰਵਾਈ ਵੀ ਬੱਚਿਆਂ ਨੇ ਹੀ ਚਲਾਈ ਅਤੇ ਅਰੰਭਕ ਭਾਸ਼ਣ ਬੀਬੀ ਸੁਖਰਾਜ ਕੌਰ ਨੇ ਦਿਤਾ।



ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਤਰਫੋਂ ਪ੍ਰਧਾਨ ਸ. ਸਤਿੰਦਰਪਾਲ ਸਿੰਘ ਹੇਅਰ ਨੇ ਬੱਚਿਆਂ, ਉਨ੍ਹਾਂ ਦੇ ਮਾਪਿਆਂ ਅਤੇ ਕੈਂਪ ਵਿਚ ਸਹਿਯੋਗ ਦੇਣ ਵਾਲੇ ਸਾਰੇ ਸੱਜਣਾਂ ਦਾ ਧੰਨਵਾਦ ਕੀਤਾ। ਗੁਰੂ ਘਰ ਦੇ ਕੀਰਤਨੀਏ ਭਾਈ ਅਜੀਤ ਸਿੰਘ, ਭਾਈ ਹਰਿੰਦਰ ਸਿੰਘ ਅਤੇ ਭਾਈ ਅਮਰਜੀਤ ਸਿੰਘ ਦਾ ਸਹਿਯੋਗ ਲਈ ਵਿਸ਼ੇਸ਼ ਸਤਿਕਾਰ ਕੀਤਾ ਗਿਆ। ਬੱਚਿਆਂ ਨੇ ਆਪਣੀਆਂ ਮਾਂਵਾਂ ਪ੍ਰਤੀ ਧੰਨਵਾਦ ਵਜੋਂ ਇਕ ਖੂਬਸੂਰਤ ਪੋਸਟਰ ਆਪ ਬਣਾ ਕੇ ਭੇਟ ਕੀਤਾ। ਪ੍ਰਬੰਧਕ ਕਮੇਟੀ ਵਲੋਂ ਭਾਈ ਜਤਿੰਦਰਪਾਲ ਸਿੰਘ ਦਾ ਵੀ ਇਸ ਕੈਂਪ ਲਈ ਵਿਸ਼ੇਸ਼ ਧੰਨਵਾਦ ਕੀਤਾ ਗਿਆ।

# ਯੂਥ ਅਕਾਲੀ ਦਲ ਅਮਰੀਕਾ ਸੁਖਬੀਰ ਬਾਦਲ ਦੀ ਸੋਚ 'ਤੇ ਪਹਿਰਾ ਦੇਵੇਗਾ:ਲਾਖਨ

**ਬੇਕਰਜ਼ਫੀਲਡ (ਮਨਦੀਪ ਮਾਨ):** ਅਕਾਲੀ ਦਲ (ਬਾਦਲ) ਦੀ ਅਮਰੀਕਾ ਯੂਥ ਵਿੰਗ ਇਕਾਈ ਦੀ ਇਕ ਮੀਟਿੰਗ ਪ੍ਰਧਾਨ ਅਰਵਿੰਦਰ ਸਿੰਘ ਲਾਖਨ ਦੀ ਪ੍ਰਧਾਨਗੀ ਹੇਠ ਇਥੇ ਦੇਸੀ ਕੈਫੇ ਰੈਸਟੋਰੈਂਟ ਵਿਚ ਹੋਈ ਜਿਸ ਵਿਚ ਸ੍ਰੀ ਲਾਖਨ ਨੇ ਪਾਰਟੀ ਦੀਆਂ ਨੀਤੀਆਂ ਉਪਰ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਯੂਥ ਵਿੰਗ ਪੰਜਾਬ ਦੇ ਉਪ ਮੁੱਖ ਮੰਤਰੀ ਸ੍ਰੀ ਸੁਖਬੀਰ ਸਿੰਘ ਬਾਦਲ ਦੀ ਸੋਚ ਉਪਰ



ਦ੍ਰਿੜਤਾ ਨਾਲ ਪਹਿਰਾ ਦੇਵੇਗਾ ਕਿਉਂਕਿ ਪੰਜਾਬ ਦਾ ਭਵਿੱਖ ਸ੍ਰੀ ਸੁਖਬੀਰ ਬਾਦਲ ਦੇ ਹੱਥਾਂ ਵਿਚ ਸੁਰੱਖਿਅਤ ਹੈ।

ਸ੍ਰੀ ਲਾਖਨ ਨੇ ਇਹ ਵੀ ਆਖਿਆ ਕਿ ਯੂਥ ਅਕਾਲੀ ਦਲ ਅਮਰੀਕਾ ਦੇ ਅਹੁਦੇਦਾਰਾਂ ਦਾ ਐਲਾਨ ਜਲਦੀ ਕੀਤਾ ਜਾਏਗਾ ਅਤੇ ਉਨ੍ਹਾਂ ਨੂੰ ਪੰਜਾਬੀ ਨੌਜਵਾਨਾਂ ਤੋਂ ਭਰਪੂਰ ਸਮਰਥਨ ਮਿਲ ਰਿਹਾ ਹੈ। ਇਸ ਮੀਟਿੰਗ ਵਿਚ ਜੋਬਨਜੀਤ ਬੋਬੀ, ਤਲਵਿੰਦਰ ਢੁੱਡੀਕੇ, ਮਨਜੀਤ ਸਿੰਘ ਸੰਧਰ, ਮਹਿੰਦਰ ਸਿੰਘ ਜੌਹਲ, ਜਸਵਿੰਦਰ ਸਿੰਘ ਨਾਗਰਾ, ਨਿਕਸਨ, ਦਲਜੀਤ ਸਿੰਘ, ਕੁਲਵੀਰ ਸਿੰਘ ਹੇਅਰ, ਰਵਿੰਦਰ ਸਿੰਘ, ਬਲਜੀਤ ਸਿੰਘ ਮੱਲ੍ਹੀ, ਨਰਿੰਦਰ ਸਿੰਘ ਮੁੰਡੀ ਅਤੇ ਹੋਰ ਨੌਜਵਾਨ ਹਾਜ਼ਰ ਸਨ।

# ਪ੍ਰਸ਼ਾਸਕੀ ਸੁਧਾਰਾਂ ਦੇ ਖਰੜੇ ਨੂੰ ਅੰਤਿਮ ਰੂਪ

**ਚੰਡੀਗੜ੍ਹ :** ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ 31 ਮਾਰਚ 2011 ਤੱਕ ਸਮੂਹ ਪ੍ਰਸ਼ਾਸਕੀ ਸੁਧਾਰਾਂ ਨੂੰ ਲਾਗੂ ਕਰਨ ਦੇ ਵਾਅਦੇ ਨਾਲ ਸਰਕਾਰ ਨੇ ਵਧੇਰੇ ਜਨਤਕ ਸੰਪਰਕ ਵਾਲੇ ਮਾਲ, ਸਥਾਨਕ ਸਰਕਾਰ ਅਤੇ ਪੁਲੀਸ ਵਿਭਾਗਾਂ 'ਚ ਪ੍ਰਸਤਾਵਿਤ ਪ੍ਰਸ਼ਾਸਕੀ ਸੁਧਾਰਾਂ ਦੇ ਖਰੜੇ ਨੂੰ ਅੰਤਿਮ ਰੂਪ ਦੇ ਦਿੱਤਾ ਹੈ।

ਬੀਤੀ 5 ਅਗਸਤ ਨੂੰ ਇਥੇ ਸਥਾਨਕ ਸਰਕਾਰ ਮੰਤਰੀ ਮਨੋਰੰਜਨ ਕਾਲੀਆ ਅਤੇ ਮਾਲ ਮੰਤਰੀ ਅਜੀਤ ਸਿੰਘ ਕੋਹਾੜ ਨੂੰ ਨਾਲ ਲੈ ਕੇ ਇਨ੍ਹਾਂ ਵਿਭਾਗਾਂ ਵਿਚ ਪ੍ਰਸ਼ਾਸਕੀ ਸੁਧਾਰਾਂ ਨੂੰ ਲਾਗੂ ਕਰਨ ਸਬੰਧੀ ਲੰਮਾਂ ਸਮਾਂ ਚੱਲੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸੁਖਬੀਰ ਸਿੰਘ ਬਾਦਲ ਨੇ ਅਗਲੇ ਵਰ੍ਹੇ ਮਾਰਚ ਤੱਕ ਇਨ੍ਹਾਂ ਸੁਧਾਰਾਂ ਨੂੰ ਲਾਗੂ ਕਰਨ ਦਾ ਟੀਚਾ ਮਿਥਿਆ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਦੇਸ਼ ਦਾ ਪਹਿਲਾ ਅਜਿਹਾ ਸੂਬਾ ਬਣਨ ਵਲ ਤੇਜ਼ੀ ਨਾਲ ਵਧ ਰਿਹਾ ਹੈ ਜਿੱਥੇ ਸਮੁੱਚੀ ਪੇਂਡੂ ਜ਼ਮੀਨ ਦਾ ਰਿਕਾਰਡ ਆਮ ਲੋਕਾਂ ਲਈ ਇੰਟਰਨੈਟ 'ਤੇ ਉਪਲਬਧ ਹੋਵੇਗਾ ਅਤੇ ਜਿਸ ਨਾਲ ਦੁਨੀਆਂ ਦੇ ਕਿਸੇ ਵੀ ਕੋਨੇ ਵਿਚ ਬੈਠਾ ਵਿਅਕਤੀ ਜ਼ਮੀਨ ਦੇ ਰਿਕਾਰਡ ਨੂੰ ਨਾ ਕੇਵਲ ਦੇਖ ਸਕੇਗਾ ਬਲਕਿ ਆਪਣੀ ਜ਼ਰੂਰਤ ਅਨੁਸਾਰ ਉਸ ਦਾ ਪ੍ਰਿੰਟ ਵੀ ਲੈ ਸਕੇਗਾ। ਪੰਜਾਬ ਅੰਦਰ ਹੁਣ ਤੱਕ ਸਬ-ਤਹਿਸੀਲ ਪੱਧਰ 'ਤੇ 41 ਫਰਦ ਕੇਂਦਰ ਸ਼ੁਰੂ ਹੋ ਗਏ ਹਨ ਅਤੇ ਉਪ ਮੁੱਖ ਮੰਤਰੀ ਨੇ ਹੁਣ ਸਮੂਹ 125 ਪੇਂਡੂ ਫਰਦ ਕੇਂਦਰਾਂ ਨੂੰ ਆਪਸ ਵਿਚ ਜੋੜਦਿਆਂ ਮਾਰਚ 2011 ਤੱਕ ਇਨ੍ਹਾਂ ਦੇ ਸਾਰੇ ਰਿਕਾਰਡ ਨੂੰ ਇੰਟਰਨੈਟ 'ਤੇ ਉਪਲੱਬਧ ਕਰਵਾਉਣ ਦੀ ਸਮਾਂ ਸੀਮਾ ਨਿਸ਼ਚਿਤ ਕਰ ਦਿੱਤੀ ਹੈ। ਕੰਪਿਊਟਰਾਂ ਜ਼ਰੀਏ ਕੋਈ ਵੀ ਵਿਅਕਤੀ ਆਪਣੀ ਫਰਦ 20 ਰੁਪਏ ਪ੍ਰਤੀ ਪੰਨੇ ਦੀ ਦਰ 'ਤੇ ਹਾਸਲ ਕਰ ਸਕੇਗਾ। ਇਸ ਮੌਕੇ ਵਿੱਤ ਕਮਿਸ਼ਨਰ (ਮਾਲ) ਸ੍ਰੀਮਤੀ ਰੋਮੀਲਾ ਦੂਬੇ ਨੇ ਭਰੋਸਾ ਦਿਵਾਇਆ ਕਿ ਰਜਿਸਟਰੀ ਉਪਰੰਤ ਆਪਣੇ ਆਪ ਇੰਤਕਾਲ ਹੋਣ, ਗਿਰਦਾਵਰੀ ਨੂੰ ਤਰਕ ਸੰਗਤ ਬਣਾਉਣ, ਪੁਰਾਣੇ ਮਾਲ ਕਾਨੂੰਨ ਦੇ ਸਰਲੀਕਰਨ (ਜਿਨ੍ਹਾਂ ਵਿਚ ਵਿਰਾਸਤ ਅਤੇ ਤਕਸੀਮ ਆਦਿ ਸ਼ਾਮਲ ਹਨ) ਦਾ ਕੰਮ ਵੀ ਨਾਲ ਦੀ ਨਾਲ ਕੀਤਾ ਜਾ ਰਿਹਾ ਹੈ।

ਪੰਜਾਬ ਸਰਕਾਰ ਵਲੋਂ ਅਗਲੇ ਵਰ੍ਹੇ ਮਾਰਚ ਤੱਕ ਸਮੂਹ ਤਹਿਸੀਲਾਂ ਵਿਖੇ ਈ-ਸੇਵਾ ਕੇਂਦਰਾਂ ਦੇ ਨੈਟਵਰਕ ਦੀ ਸਥਾਪਨਾ ਨਾਲ ਸ਼ਹਿਰੀ ਲੋਕਾਂ ਨੂੰ ਬਿਹਤਰ ਜਨਤਕ ਸੇਵਾਵਾਂ ਪ੍ਰਦਾਨ ਕਰਨ ਲਈ ਰਾਹ ਪੱਧਰਾ ਕਰ ਦਿੱਤਾ ਗਿਆ ਹੈ। ਸ. ਬਾਦਲ ਨੇ ਮੀਟਿੰਗ ਵਿਚ ਦੱਸਿਆ ਕਿ ਈ-ਸੇਵਾ ਕੇਂਦਰਾਂ ਵਿਖੇ ਪਾਣੀ ਅਤੇ ਬਿਜਲੀ ਦੇ ਬਿੱਲ ਲਏ ਜਾਣ ਤੋਂ ਇਲਾਵਾਂ 17 ਹੋਰ ਸ਼ਹਿਰੀ ਸੇਵਾਵਾਂ ਵੀ ਇਕੋ ਥਾਂ 'ਤੇ ਉਪਲੱਬਧ ਹੋਣਗੀਆਂ। ਮੀਟਿੰਗ ਵਿਚ ਫੈਸਲਾ ਕੀਤਾ ਗਿਆ ਕਿ ਈ-ਸੇਵਾ ਕੇਂਦਰ ਕਰਨਾਟਕ ਮਾਡਲ ਅਨੁਸਾਰ ਕਾਇਮ ਕੀਤੇ ਜਾਣਗੇ। ਮੀਟਿੰਗ ਵਿਚ ਦੱਸਿਆ ਗਿਆ ਕਿ 2 ਲੱਖ ਦੀ ਆਬਾਦੀ ਪਿੱਛੇ ਇਹ ਕੇਂਦਰ ਸਥਾਪਤ ਹੋਵੇਗਾ ਅਤੇ ਇਸ ਲਈ ਕੰਪਿਊਟਰੀਕਰਨ ਦਾ ਕੰਮ ਮੁਕੰਮਲ ਕਰ ਲਿਆ ਗਿਆ ਹੈ।

ਉਪ ਮੁੱਖ ਮੰਤਰੀ ਸ੍ਰੀ ਬਾਦਲ ਰਾਜ ਦੀ ਪੁਲੀਸ ਦੀ ਰਵਾਇਤੀ ਸ਼ਾਖ ਨੂੰ ਬਦਲਣ ਦੇ ਇਰਾਦੇ ਤਹਿਤ ਹਰ ਥਾਣਾ ਪੱਧਰ 'ਤੇ ਪੁਲੀਸ ਸੁਵਿਧਾ ਕੇਂਦਰ ਤੋਂ ਇਲਾਵਾਂ 90 ਤਹਿਸੀਲਾਂ ਅਤੇ ਜ਼ਿਲ੍ਹਾ ਮੁੱਖ ਦਫਤਰਾਂ ਵਿਖੇ ਕਮਿਊਨਿਟੀ ਪੁਲੀਸ ਰਿਸੋਰਸ ਸੈਂਟਰ ਕਾਇਮ ਕੀਤੇ ਜਾ ਰਹੇ ਹਨ। ਇਹ ਕੇਂਦਰ ਪੰਜਾਬ ਪੁਲੀਸ ਦੇ ਇਨ੍ਹਾਂ ਕੇਂਦਰਾਂ ਦੀ ਦੇਖ ਰੇਖ ਲਈ ਵਿਸ਼ੇਸ਼ ਤੌਰ ਤੇ ਕਾਇਮ ਕੀਤੇ ਜਾ ਰਹੇ ਸਿਵਲ ਕਾਡਰ ਵਲੋਂ ਚਲਾਏ ਜਾਣਗੇ। ਜਿੱਥੇ ਅਹਿਮ ਸਹੂਲਤਾਂ ਉਪਲੈਬਧ ਹੋਣਗੀਆਂ।

ਮੀਟਿੰਗ ਵਿਚ ਮਨੋਰੰਜਨ ਕਾਲੀਆ ਸਥਾਨਕ ਸਰਕਾਰ ਮੰਤਰੀ, ਅਜੀਤ ਸਿੰਘ ਕੋਹਾੜ, ਮਾਲ ਮੰਤਰੀ, ਡਾਕਟਰ ਪ੍ਰਮੋਦ ਕੁਮਾਰ, ਚੇਅਰਮੈਨ ਪ੍ਰਸ਼ਾਸਕੀ ਸੁਧਾਰ ਕਮਿਸ਼ਨ, ਐਸ.ਸੀ.ਅਗਰਵਾਲ, ਮੁੱਖ ਸਕੱਤਰ, ਰੋਮੀਲਾ ਦੂਬੇ, ਵਿੱਤ ਕਮਿਸ਼ਨਰ ਮਾਲ, ਐਨ.ਐਸ.ਕੰਗ, ਪ੍ਰਮੁੱਖ ਸਕੱਤਰ ਗ੍ਰਹਿ, ਪੀ.ਐਸ.ਗਿੱਲ, ਪੁਲੀਸ ਮੁਖੀ, ਕੇ.ਬੀ.ਐਸ.ਸਿੱਧੂ, ਪ੍ਰਮੁੱਖ ਸਕੱਤਰ ਵਿੱਤ ਆਰ.ਕੇ.ਵਰਮਾ, ਐਮ.ਡੀ.ਪੰਜਾਬ ਇਨਫੋਟੇਕ, ਦਲੀਪ ਕੁਮਾਰ, ਡਾਇਰੈਕਟਰ, ਸੂਚਨਾ ਅਤੇ ਤਕਨੋਲੋਜੀ, ਮਨਵੇਸ਼ ਸਿੰਘ ਸਿੱਧੂ, ਵਧੀਕ ਸਕੱਤਰ, ਉਪ ਮੁੱਖ ਮੰਤਰੀ ਅਤੇ ਮਨਜੀਤ ਸਿੰਘ ਬਰਾੜ, ਵਧੀਕ ਸਕੱਤਰ ਸੁਧਾਰ ਪ੍ਰਮੁੱਖ ਤੌਰ 'ਤੇ ਸ਼ਾਮਲ ਹੋਏ।

## ਟੋਰਾਂਟੋ ਲਈ ਸਿੱਧੀ ਉਡਾਣ ਜਾਰੀ ਰਹੇਗੀ

**ਅੰਮ੍ਰਿਤਸਰ :** ਰਾਜਾਸਾਂਸੀ ਹਵਾਈ ਅੱਡੇ ਤੋਂ ਏਅਰ ਇੰਡੀਆ ਦੀ ਅੰਮ੍ਰਿਤਸਰ-ਲੰਡਨ-ਟੋਰਾਂਟੋ ਉਡਾਣ, ਜਿਸ ਨੂੰ ਦਿੱਲੀ ਤਬਦੀਲ ਕੀਤਾ ਜਾ ਰਿਹਾ ਸੀ, ਹੁਣ ਇੱਥੋਂ ਹੀ ਪਹਿਲਾਂ ਵਾਂਗ ਜਾਰੀ ਰਹੇਗੀ। ਇਸ ਨਾਲ ਹਵਾਈ ਅੱਡੇ ਨੂੰ ਚਾਰਟਰ ਹਵਾਈ ਉਡਾਣ ਕੇਂਦਰ ਐਲਾਨ ਦਿੱਤਾ ਗਿਆ।

ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਨੇ ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਪ੍ਰਫੁੱਲ ਪਟੇਲ ਨਾਲ ਇਸ ਸਬੰਧੀ ਹੋਈ ਗੱਲਬਾਤ ਬਾਰੇ ਬੀਤੀ 5 ਅਗਸਤ ਨੂੰ ਦੱਸਿਆ ਕਿ ਕੇਂਦਰੀ ਮੰਤਰੀ ਨੇ ਹਵਾਈ ਅੱਡੇ ਨੂੰ ਦਰਪੇਸ਼ ਮੁਸ਼ਕਲਾਂ ਨੂੰ ਧਿਆਨ ਨਾਲ ਸੁਣਿਆ। ਕੇਂਦਰੀ ਮੰਤਰੀ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਹੈ ਕਿ ਰਾਜਾਸਾਂਸੀ ਹਵਾਈ ਅੱਡੇ ਤੋਂ ਏਅਰ ਇੰਡੀਆ ਦੀ ਅੰਮ੍ਰਿਤਸਰ-ਲੰਡਨ-ਟੋਰਾਂਟੋ ਉਡਾਣ ਨੂੰ ਦਿੱਲੀ ਵਿਖੇ ਤਬਦੀਲ ਨਹੀਂ ਕੀਤਾ ਜਾਵੇਗਾ।

ਸ੍ਰੀ ਸਿੱਧੂ ਨੇ ਦੱਸਿਆ ਕਿ ਸ੍ਰੀ ਪਟੇਲ ਨੇ ਅੰਮ੍ਰਿਤਸਰ ਦੇ ਹਵਾਈ ਅੱਡੇ ਨੂੰ ਚਾਰਟਰ ਹਵਾਈ ਉਡਾਣ ਦਾ ਕੇਂਦਰ ਐਲਾਨ ਦਿੱਤਾ ਹੈ। ਇਸ ਤੋਂ ਪਹਿਲਾਂ ਸਿਰਫ਼ ਗੋਆ ਤੇ ਤਿਰੂਵਨੰਤਪੁਰਮ ਹੀ ਚਾਰਟਰ ਹਵਾਈ ਉਡਾਣ ਦਾ ਕੇਂਦਰ ਸਨ। ਇਸ ਐਲਾਨ ਨਾਲ ਵਿਦੇਸ਼ੀ ਸੈਲਾਨੀ ਕੰਪਨੀਆਂ ਇਥੇ ਸੈਲਾਨੀਆਂ ਨੂੰ ਵਿਸ਼ੇਸ਼ ਹਵਾਈ ਉਡਾਣਾਂ ਰਾਹੀਂ ਲਿਆ ਸਕਣਗੀਆਂ।

## ਤੇ ਹੁਣ ਆਟੋ ਰਿਕਸ਼ਾ ਵਿਚ ਜਨਮਿਆ ਬੱਚਾ

**ਚੰਡੀਗੜ੍ਹ :** ਚੰਡੀਗੜ੍ਹ ਦੇ ਸੈਕਟਰ 16 ਦੇ ਸਰਕਾਰੀ ਹਸਤਾਲ 'ਚ ਵਰਾਂਡੇ ਅੰਦਰ ਹੀ ਇਕ ਔਰਤ ਵਲੋਂ ਬੱਚੇ ਨੂੰ ਜਨਮ ਦੇਣ ਸਮੇਂ ਬੱਚੇ ਦੀ ਫਰਸ਼ 'ਤੇ ਡਿੱਗ ਕੇ ਹੋਈ ਮੌਤ ਦੀ ਜਿੱਥੇ ਅਜੇ ਜਾਂਚ ਹੀ ਚੱਲ ਰਹੀ ਹੈ, ਉੱਥੇ ਬੀਤੇ ਦਿਨੀਂ ਇਕ ਹੋਰ ਮਾਮਲੇ ਵਿਚ ਹਸਪਤਾਲਾਂ ਦੀ ਖੱਜਲ ਖੁਆਰੀ ਦਾ ਸ਼ਿਕਾਰ ਹੋਈ ਇਕ ਔਰਤ ਨੇ ਚੰਡੀਗੜ੍ਹ ਦੇ ਸੈਕਟਰ 26 ਵਿਚ ਇਕ ਚਲਦੇ ਹੋਏ ਆਟੋ ਵਿਚ ਹੀ ਬੱਚੇ ਨੂੰ ਜਨਮ ਦੇ ਦਿੱਤਾ। ਮੌਕੇ 'ਤੇ ਇਕ ਦਾਈ ਵਲੋਂ ਸਥਿਤੀ ਸੰਭਾਲ ਲੈਣ ਕਾਰਨ ਮਾਂ ਤੇ ਬੱਚੀ ਦੀ ਜਾਨ ਤਾਂ ਬਚਾ ਲਈ ਗਈ, ਪਰ ਥੋੜ੍ਹੇ ਦਿਨਾਂ ਅੰਦਰ ਹੀ ਵਾਪਰੀਆਂ ਇਨ੍ਹਾਂ ਘਟਨਾਵਾਂ ਨੇ ਡਾਕਟਰਾਂ ਅਤੇ ਹਸਪਤਾਲਾਂ ਦੇ ਸੰਵੇਦਨਾਰਹਿਤ ਵਿਵਹਾਰ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਮਨਸਾ ਦੇਵੀ ਨੇੜੇ ਰਹਿਣ ਵਾਲੀ ਔਰਤ ਰਾਣੀ ਨੂੰ ਤੜਕਸਾਰ ਉਸ ਦੇ ਪਰਿਵਾਰ ਵਾਲੇ ਜਣੇਪੇ ਲਈ ਪੰਚਕੂਲਾ ਦੇ ਸੈਕਟਰ 6 ਸਥਿਤ ਸਰਕਾਰੀ ਹਸਪਤਾਲ ਲੈ ਕੇ ਗਏ, ਜਿਥੇ ਡਾਕਟਰਾਂ ਨੇ ਇਹ ਕਹਿ ਕੇ ਜਣੇਪਾ ਕਰਵਾਉਣ ਤੋਂ ਇਨਕਾਰ ਕਰ ਦਿੱਤਾ ਕਿ ਉਨ੍ਹਾਂ ਕੋਲ ਕੋਈ ਪਛਾਣ ਪੱਤਰ ਨਹੀਂ ਹੈ। ਕਾਫੀ ਚਿਰ ਮੱਥਾ ਮਾਰਨ ਪਿੱਛੋਂ ਰਾਣੀ ਦਾ ਪਤੀ ਰਾਜੇਸ਼ ਉਸ ਨੂੰ ਲੈ ਕੇ ਪੀ.ਜੀ.ਆਈ. ਨੂੰ ਚੱਲ ਪਿਆ ਜਿਸ ਨੂੰ ਕਿ ਉਥੇ ਜਾਣ ਲਈ ਹਸਪਤਾਲ ਨੇ ਐਂਬੂਲੈਂਸ ਵੀ ਮੁਹੱਈਆ ਨਹੀਂ ਕਰਵਾਈ। ਜਦੋਂ ਰਾਜੇਸ਼ ਰਾਣੀ ਨੂੰ ਆਟੋ ਵਿਚ ਬਿਠਾ ਕੇ ਰਵਾਨਾ ਹੋਇਆ ਤਾਂ ਆਟੋ ਦੇ ਝਟਕਿਆਂ ਕਾਰਨ ਸੈਕਟਰ 26 ਦੀਆਂ ਲਾਈਟਾਂ ਉਪਰ ਆ ਕੇ ਰਾਣੀ ਦੀ ਤਬੀਅਤ ਵਿਗੜ ਗਈ ਅਤੇ ਉਸ ਨੇ ਆਟੋ ਅੰਦਰ ਹੀ ਬੱਚੇ ਨੂੰ ਜਨਮ ਦੇ ਦਿੱਤਾ। ਇਸ ਪਿੱਛੋਂ ਨੇੜੇ ਪੈਂਦੀ ਬਾਪੂ ਧਾਮ ਕਾਲੋਨੀ 'ਚੋਂ ਇਕ ਦਾਈ ਨੂੰ ਬੁਲਾਉਣ ਕਾਰਨ ਮਾਂ-ਬੱਚੇ ਦੀ ਜਾਨ ਬਚਾਈ ਜਾ ਸਕੀ।

# ਕਰਤਾਰਪੁਰ ਸਾਹਿਬ ਲਾਂਘੇ ਦੀ ਕਾਂਗਰਸਮੈਨ ਮੈਕਨਰਨੀ ਵਲੋਂ ਹਮਾਇਤ

**ਪਲੈਜੰਟਨ, ਕੈਲੀਫੋਰਨੀਆ:** ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਲਈ ਕੀਤੇ ਜਾ ਰਹੇ ਯਤਨਾਂ ਨੂੰ ਉਸ ਵੇਲੇ ਭਰਵਾਂ ਹੁੰਗਾਰਾ ਮਿਲਿਆ ਜਦੋਂ ਕਾਂਗਰਸਮੈਨ ਜੈਰੀ ਮੈਕਨਰਨੀ ਨੇ ਕਿਹਾ ਕਿ ਕਰਤਾਰਪੁਰ ਸਾਹਿਬ ਦੇ ਲਾਂਘੇ ਨਾਲ ਸਾਊਥ ਏਸ਼ੀਆ ਵਿਚ ਸ਼ਾਂਤੀ ਆਵੇਗੀ। ਇਹ ਟਿੱਪਣੀ ਉਨ੍ਹਾਂ ਉਦੋਂ ਕੀਤੀ ਜਦੋਂ ਕਰਤਾਰਪੁਰ ਸਾਹਿਬ ਲਾਂਘੇ ਲਈ ਮੁਹਿੰਮ ਚਲਾ ਰਹੀ "ਤੇਰੀ ਸਿੱਖੀ" ਸੰਸਥਾ ਦਾ ਵਫਦ ਉਨ੍ਹਾਂ ਨੂੰ ਮਿਲਿਆ। ਡੈਮੋਕਰੇਟ ਕਾਂਗਰਸਮੈਨ ਮੈਕਨਰਨੀ ਅਤੇ ਉਨ੍ਹਾਂ ਦੀ ਟੀਮ ਮਿਸ ਸਿਆਰਾ ਹਰਸ਼, ਤੇ ਮਿਸ ਮੈਰਾ ਗੋਲਡ ਨੇ ਪੂਰੇ ਪ੍ਰਾਜੈਕਟ ਬਾਰੇ ਵੀ ਬਹੁਤ ਧਿਆਨ ਨਾਲ ਸੁਣਿਆ। ਤੇਰੀ ਸਿੱਖੀ ਸੰਸਥਾ ਦੇ ਕਾਮੇ ਪਰਮਿੰਦਰ ਸਿੰਘ ਸੰਧੂ ਨੇ ਸਿੱਖੀ ਦੇ ਮੁਢਲੇ ਸਿਧਾਂਤ, ਭਾਈ ਮਰਦਾਨੇ ਅਤੇ ਭਾਈ ਬਾਲੇ ਦੀ ਦੋਸਤੀ ਦਾ ਜ਼ਿਕਰ ਕਰਦਿਆਂ ਉਨ੍ਹਾਂ ਨੂੰ ਦਸਿਆ ਕਿ ਹਿੰਦੋਸਤਾਨ ਤੇ ਪਾਕਿਸਤਾਨ ਦੀ ਤਕਸੀਮ ਵੇਲੇ ਸਿੱਖਾਂ ਦਾ ਮਦੀਨਾ ਕਰਤਾਰਪੁਰ ਸਾਹਿਬ ਸਿਰਫ 2 ਮੀਲ ਦੀ ਦੂਰੀ 'ਤੇ ਪਾਕਿਸਤਾਨ ਵਿਚ ਰਹਿ ਗਿਆ। ਜੇਕਰ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਦਾ ਹੈ ਤਾਂ ਰਾਵੀ ਦਰਿਆ ਉਪਰ ਬਣਿਆ ਪੁੱਲ, ਸਾਂਝੀਵਾਲਤਾ, ਪਿਆਰ, ਮੁਹੱਬਤ ਅਤੇ ਸ਼ਾਂਤੀ ਦਾ ਪ੍ਰਤੀਕ ਹੋਵੇਗਾ। ਜੈਰੀ ਮੈਕਨਰਨੀ ਨੇ ਆਪਣੀ ਤਰਫੋਂ ਪੂਰੀ ਹਮਾਇਤ ਦਾ ਭਰੋਸਾ ਦਵਾਇਆ।

ਬਾਅਦ ਵਿਚ ਦਲਜੀਤ ਸਿੰਘ ਔਲਖ, ਸੰਨੀ ਧਾਲੀਵਾਲ (ਡਿਪਟੀ ਮੇਅਰ, ਲੈਥਰੋਪ), ਬਲਬੀਰ ਸਿੰਘ ਸੇਖੋਂ, ਰਣਜੀਤ ਸਿੰਘ ਗਿੱਲ, ਮਨਦੀਪ ਬਿਆਰਾ, ਪਾਲੀ ਧਨੋਲਾ, ਸੁਰਿੰਦਰ ਧਨੋਆ, ਪਰਮਿੰਦਰ ਸੰਧੂ ਅਤੇ ਜਸਪਾਲ ਸਿੰਘ ਸੰਧੂ ਹੁਰਾਂ ਨੇ ਇਸ ਪੂਰੇ ਪ੍ਰਾਜੈਕਟ ਦੇ ਦਸਤਾਵੇਜ਼ ਦੀ ਇਕ ਕਾਪੀ ਜੈਰੀ ਮੈਕਨਰਨੀ ਨੂੰ ਭੇਟ ਕੀਤੀ ਗਈ।

ਸ੍ਰੀ ਜਸਪਾਲ ਸੰਧੂ ਨੇ ਕਿਹਾ ਕਿ ਪਾਕਿਸਤਾਨ ਸਰਕਾਰ ਨੇ ਫਰਾਖਦਿਲੀ ਵਿਖਾ ਕੇ ਲਾਂਘੇ ਦੀ ਪੇਸ਼ਕਸ਼ ਕਰ ਦਿੱਤੀ ਹੈ ਇਸ ਲਈ ਭਾਰਤ ਸਰਕਾਰ ਨੂੰ ਦੋਸਤੀ ਦੇ ਵਧਾਏ ਇਸ ਹੱਥ ਨੂੰ ਜ਼ਰੂਰ ਫੜ ਲੈਣਾ ਚਾਹੀਦਾ ਹੈ।



*"ਤੇਰੀ ਸਿੱਖੀ" ਸੰਸਥਾ ਦਾ ਵਫਦ ਕਾਂਗਰਸਮੈਨ ਜੈਰੀ ਮੈਕਨਰਨੀ ਨਾਲ*

# ਇੰਡਸ ਵੈਲੀ ਚੈਂਬਰ ਦੇ ਮੇਲੇ ਨੂੰ ਚੰਗਾ ਹੁੰਗਾਰਾ

**ਸੈਕਰਾਮੈਂਟੋ:** ਇੰਡਸ ਵੈਲੀ ਅਮੈਰਿਕਨ ਚੈਂਬਰ ਆਫ ਕਾਮਰਸ ਵਲੋਂ ਇਥੇ ਐਲਕ ਗਰੂਵ ਪਾਰਕ ਵਿਚ ਕਰਵਾਏ ਗਏ ਪਿਕਨਿਕ ਅਤੇ ਖੇਡਾਂ ਦੇ ਮੇਲੇ ਨੂੰ ਵੱਖ ਵੱਖ ਭਾਈਚਾਰਿਆਂ ਦਾ ਭਰਵਾਂ ਹੁੰਗਾਰਾ ਮਿਲਿਆ। ਇਸ ਮੇਲੇ ਦੌਰਾਨ ਜਿਥੇ ਵਾਲੀਬਾਲ ਅਤੇ ਕਬੱਡੀ ਦੇ ਮੈਚ ਕਰਵਾਏ ਗਏ ਉਥੇ ਹੋਰ ਸੁਗਲੀਆਂ ਖੇਡਾਂ ਵੀ ਕਰਵਾਈਆਂ ਗਈਆਂ। ਗੀਤ-ਸੰਗੀਤ ਦਾ ਪ੍ਰੋਗਰਾਮ ਵੀ ਹੋਇਆ ਅਤੇ ਖਾਣ-ਪੀਣ ਦਾ ਵੀ ਆਏ ਲੋਕਾਂ ਨੇ ਖੁੱਲ੍ਹਾ ਅਨੰਦ ਮਾਣਿਆ। ਔਰਤਾਂ ਦੇ ਕੱਪੜਿਆਂ ਅਤੇ ਗਹਿਣਿਆਂ ਦੇ ਸਟਾਲਾਂ ਤੋਂ ਇਲਾਵਾ ਇੰਸ਼ੋਰੈਂਸ ਦੇ ਸਟਾਲ ਵੀ ਇਸ ਮੇਲੇ ਦਾ ਇਕ ਰੰਗ ਸਨ। ਡੀ.ਜੇ. ਬੱਕ ਓ ਨੇ ਗੀਤ-ਸੰਗੀਤ ਨਾਲ ਰੌਣਕ ਲਾਈ ਰੱਖੀ।

ਵਾਲੀਬਾਲ ਦੀਆਂ ਕੁਲ ਚਾਰ ਟੀਮਾਂ ਲਿਵਿੰਗਸਟਨ, ਫੇਅਰਫੀਲਡ, ਸੈਕਰਾਮੈਂਟੋ ਅਤੇ ਲੋਡਾਈ ਸਨ ਜਦੋਂਕਿ ਕਬੱਡੀ ਦੀਆਂ ਦੋ ਟੀਮਾਂ ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ ਤੇ ਫਤਿਹ ਸਪੋਰਟਸ ਕਲੱਬ ਟਰਲਕ ਪਹੁੰਚੀਆਂ।

ਲਾਲ ਚੰਦ ਯਮਲਾ ਜੱਟ ਦੇ ਸ਼ਾਗਿਰਦ ਰਾਜ ਬੱਬਰ ਨੇ 'ਦਸ ਮੈਂ ਕੀ ਪਿਆਰ ਵਿਚੋਂ ਖੱਟਿਆ' ਅਤੇ ਹੋਰ ਗੀਤ ਗਾ ਕੇ ਯਮਲੇ ਦੀ ਯਾਦ ਤਾਜ਼ਾ ਕਰਵਾਈ। ਕੌਮਾਂਤਰੀ ਪੱਧਰ ਦੇ ਢੋਲਚੀ ਲਾਲ ਚੰਦ ਭੱਟੀ ਨੇ ਢੋਲ 'ਤੇ ਡਗਾ ਲਾਇਆ ਜਦੋਂਕਿ ਗਾਇਕ ਤਰਲੋਕ ਸਿੰਘ ਨੇ ਵੀ ਗੀਤਾਂ ਰਾਹੀਂ ਹਾਜ਼ਰੀ ਲਵਾਈ।



ਇਸ ਮੌਕੇ ਮੁੱਖ ਮਹਿਮਾਨ ਡੇਵ ਜੋਨਜ਼ ਸਨ ਜਿਨ੍ਹਾਂ ਨੇ ਚੈਂਬਰ ਵਲੋਂ ਸਵਰਗੀ ਲਾਹੌਰੀ ਰਾਮ ਦੇ ਮਾਣ ਵਿਚ ਬਣਾਈ ਗਈ ਪਲੈਕ ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਬੀਬੀ ਪ੍ਰੀਤਮ ਕੌਰ, ਜੈਦੇਵ ਰਾਮ, ਬਲਵੀਰ ਚੰਦ ਅਤੇ ਜੋਗਿੰਦਰ ਲਾਲ ਨੂੰ ਭੇਟ ਕੀਤੀ। ਜੈਕ ਨੇ ਇਸ ਮਾਣ ਲਈ ਕਲੱਬ ਦਾ ਧੰਨਵਾਦ ਕੀਤਾ। ਖੇਡਾਂ ਵਿਚ ਜਿਤੀਆਂ ਟੀਮਾਂ ਨੂੰ ਇਨਾਮਾਂ ਦੀ ਵੰਡ ਯੂਨਾਈਟਿਡ ਸਪੋਰਟਸ ਕਲੱਬ ਦੇ ਚੇਅਰਮੈਨ ਅਮੋਲਕ ਸਿੰਘ ਗਾਖਲ, ਡਾ. ਰਿਕੀ, ਡਾ. ਇਕਬਾਲ ਬਡਵਾਲ, ਜੇ ਪੀ ਸਿੰਘ, ਸੁਖਚੈਨ ਸਿੰਘ, ਪਰਮਿੰਦਰ ਸੁੱਖ, ਡਾ. ਟਾਮ, ਮਨਜੀਤ ਕੌਰ ਸੀਬੀਆ ਨੇ ਕੀਤੀ।

ਇਸ ਮੌਕੇ ਹਾਜ਼ਰ ਸ਼ਖਸੀਅਤਾਂ ਵਿਚ ਵਿਰਸਾ ਸੰਭਾਲ ਸੁਸਾਇਟੀ ਸੈਕਰਾਮੈਂਟੋ ਦੇ ਚੇਅਰਮੈਨ ਪਰਗਣ ਸਿੰਘ ਬੈਂਸ ਅਤੇ ਹੋਰ ਅਹੁਦੇਦਾਰ, ਕਮਲ ਬੰਗਾ, ਸੁਰਿੰਦਰ ਬਿੰਦਰਾ, ਰਛਪਾਲ ਸਿੰਘ ਫਰਵਾਲਾ, ਸਰਪੰਚ ਜਰਨੈਲ ਸਿੰਘ, ਪਵਿਤਰ ਨਾਹਲ, ਜਸਚਰਨ ਸਿੰਘ ਗਿੱਲ, ਮਨਜੀਤ ਕੌਰ ਸਟਾਕਟਨ, ਕਮਲ ਜੱਜ, ਮਨਦੀਪ ਫਰਵਾਲਾ, ਬੀਬੀ ਸੁਰਜੀਤ ਕੌਰ, ਕੇਹਰ ਸਿੰਘ ਅਤੇ ਯੂਬਾ ਸਿਟੀ ਤੋਂ ਸੁਮਿਤਰ ਉਪਲ ਹਾਜ਼ਰ ਸਨ। ਸਟੇਜ ਸੰਚਾਲਕ ਪੰਮੀ ਮਾਨ ਸਨ। ਅਖੀਰ ਵਿਚ ਚੈਂਬਰ ਦੀ ਪ੍ਰਧਾਨ ਮਨਜੀਤ ਕੌਰ ਸੀਬੀਆ ਨੇ ਆਏ ਸਾਰੇ ਸੱਜਣਾਂ ਦਾ ਧੰਨਵਾਦ ਕੀਤਾ।


SUPER TRAVEL
847-676-9090
E-mail: supertravel2003@yahoo.com
Lowest Fares With Excellent Service
AMERICAN AIR, JET AIRWAYS DELTA, AIR INDIA,

For Emergency Call anytime at
EARLY BIRD SALE!!!!
India $545



NirpalKaur.com
ਨਿਰਪਾਲ ਕੌਰ ਡਾਟ ਕੌਮ
A WEBSITE SHOWCASING THE TASTE OF PUNJABI FOOD
ਪੰਜਾਬਣ ਦੀ ਰਸੋਈ
ਖਿੱਚੇ ਇਸ ਦੀ ਖੁਸ਼ਬੋਈ
VISIT : WWW.NIRPALKAUR.COM
HOME COOKING, FASHION AND HEALTH



B & Sons Travel
➢All Airlines ➢International and Domestic
➢Wholesale Fares Around the World
We Will Beat or Match any Fare !
Office Hours
Mon-Fri:
9am -6pm
Saturday
9am-5pm


CST. REG. # 2092042-40
President : Avtar Singh
Tel:707-703-1451, Cell:707-688-6094
Fax : (707) 427-6573, Email:bsonstravel@yahoo.com
1652 West Texas St. Suite 205, Fairfield, CA 94533
We Also Have Special Vacation Packages
Contact any time from anywhere



ਆਪਣਾ ਕਰੈਡਿਟ ਬਚਾਓ / FORECLOSURE ਤੋਂ ਬਚੋ
SELL YOUR HOME FOR CASH TODAY
#1 SHORT SALE EXPERT
CALL TOADY & STOP WORRYING
Manjit Gill - 209.524.4008
Real Estate & Loans - 510.415.2368
ਸਸਤੀ ਅਤੇ ਵਧੀਆ ਇੰਸ਼ੋਰੈਂਸ
GILL FINANCIAL & INSURANCE

Manjit Gill
President
CA Lic#0B23990
- AUTO
- HOME
- LIFE
- HEALTH
- LIQUOR STORES
- GAS STATIONS
- TRUCK INSURANCE
EDUCATION FUNDING
RETIREMENT ਦੇ ਵਧੀਆ PROGRAM
ਅੱਜ ਹੀ ਕਾਲ ਕਰੋ
510-415-2368 / 209-524-4008
www.gillfinancial.com



ਇੰਡੀਆ ਵਿਚ ਜਾਇਦਾਦ ਖਰੀਦਣੀ/ਵੇਚਣੀ ਹੈ?
ਪੰਜਾਬ, ਹਰਿਆਣਾ, ਹਿਮਾਚਲ, ਚੰਡੀਗੜ੍ਹ ਅਤੇ ਰਾਜਸਥਾਨ ਵਿਚ ਕਿਸੇ ਵੀ ਤਰ੍ਹਾਂ ਦੀ ਜ਼ਮੀਨ ਜਾਇਦਾਦ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ:
ਰਵੀ ਗੋਂਡਲ
ਫੋਨ: 916-812-1044
ਮਨੀ ਗੋਂਡਲ
ਫੋਨ: 775-224-6076
ਅਸੀਂ ਅਮਰੀਕਾ ਵਿਚ ਵੀ ਜਾਇਦਾਦ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਵਿਚ ਮਦਦ ਕਰ ਸਕਦੇ ਹਾਂ।

# ਸਿਆਸਤਦਾਨਾਂ ਵਲੋਂ ਹਾਕੀ ਦਾ ਸਾਬਕਾ ਕਪਤਾਨ ਚਿੱਤ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਭਾਵੇਂ ਸਟਾਰ ਰਹੇ ਹਾਕੀ ਖਿਡਾਰੀ ਪਰਗਟ ਸਿੰਘ ਨੇ ਪਹਿਲੀ ਵਾਰ ਖੇਡ ਫੈਡਰੇਸ਼ਨਾਂ 'ਤੇ ਕਾਬਜ਼ ਸਿਆਸੀ ਲੋਕਾਂ ਨੂੰ ਚੁਣੌਤੀ ਦੇਣ ਦੀ ਹਿੰਮਤ ਕੀਤੀ ਪਰ ਉਨ੍ਹਾਂ ਦੀਆਂ ਘਾਗ ਲੂੰਬੜਚਾਲਾਂ ਅੱਗੇ ਉਸ ਦੀ ਇੱਕ ਨਾ ਚੱਲੀ ਤੇ 83 ਸਾਲਾ ਵਿਦਿਆ ਸਟੋਕਸ ਨੇ ਉਨ੍ਹਾਂ ਨੂੰ 41-21 ਵੋਟਾਂ ਦੇ ਫਰਕ ਨਾਲ ਹਰਾ ਕੇ ਹਾਕੀ ਇੰਡੀਆ ਦੀ ਪ੍ਰਧਾਨਗੀ ਹਥਿਆ ਲਈ। ਇਸ ਚੋਣ ਵਿਚ 27 ਰਾਜਾਂ ਦੇ ਅਹੁਦੇਦਾਰ ਤੇ 4 ਅਦਾਰਿਆਂ ਦੇ ਅਹੁਦੇਦਾਰ ਨੇ ਆਪਣੀ ਵੋਟ ਦਾ ਇਸਤੇਮਾਲ ਕੀਤਾ। ਚਾਰ ਵਾਰ ਮੁਲਤਵੀ ਹੋਣ ਦੇ ਬਾਅਦ ਹਾਕੀ ਇੰਡੀਆ ਦੀ ਚੋਣ ਆਖਰ 5 ਅਗਸਤ ਨੂੰ ਸਿਰੇ ਚੜ ਹੀ ਗਈ ਪਰ ਕੁਝ ਘੰਟਿਆਂ ਬਾਅਦ ਹੀ ਖੇਡ ਮੰਤਰਾਲੇ ਨੇ ਕਰਾਰਾ ਝਟਕਾ ਦਿੰਦਿਆਂ ਇਸ ਦੀ ਮਾਨਤਾ ਰੱਦ ਕਰ ਦਿੱਤੀ। ਇਸ ਦੇ ਨਾਲ ਹੀ ਹਾਕੀ ਇੰਡੀਆ ਦੇ ਸੰਯੁਕਤ ਸਕੱਤਰ ਬਣਨ ਤੋਂ ਕੁਝ ਸਮੇਂ ਬਾਅਦ ਹੀ ਰਮੇਸ਼ ਨਾਂਬੀਆਰ ਨੇ ਆਪਣਾ ਅਸਤੀਫ਼ਾ ਦੇ ਦਿੱਤਾ।

ਹਾਕੀ ਇੰਡੀਆ ਦੀ ਚੋਣ 'ਚ ਬਜ਼ੁਰਗ ਕਾਂਗਰਸੀ ਨੇਤਾ ਵਿਦਿਆ ਸਟੋਕਸ ਨੂੰ 41 ਵੋਟਾਂ ਮਿਲੀਆਂ ਹਨ ਜਦੋਂਕਿ ਉਨ੍ਹਾਂ ਦੇ ਵਿਰੋਧ 'ਚ ਖੜ੍ਹੇ ਸਾਬਕਾ ਹਾਕੀ ਕਪਤਾਨ ਪਰਗਟ ਸਿੰਘ ਨੂੰ 21 ਵੋਟਾਂ ਪਈਆਂ। ਦੱਸਣਯੋਗ ਹੈ ਕਿ ਹਿਮਾਚਲ ਪ੍ਰਦੇਸ਼ ਦੀ 83 ਸਾਲਾ ਕਾਂਗਰਸੀ ਨੇਤਾ ਵਿਦਿਆ ਸਟੋਕਸ ਖੇਡ ਪ੍ਰਬੰਧਕ ਵਜੋਂ ਲੰਮੀ ਪਾਰੀ ਖੇਡ ਰਹੇ ਹਨ। ਇਸ ਵੇਲੇ ਉਹ ਹਾਕੀ ਇੰਡੀਆ ਦੇ ਆਰਜ਼ੀ ਪ੍ਰਧਾਨ ਹੋਣ ਦੇ ਨਾਲ-ਨਾਲ 1984 ਤੋਂ ਮਹਿਲਾ ਹਾਕੀ ਫੈਡਰੇਸ਼ਨ ਦੇ ਮੁਖੀ ਦੇ ਅਹੁਦੇ 'ਤੇ ਕਾਬਜ਼ ਹਨ। ਵਿਦਿਆ ਦਾ ਜਨਮ 8 ਦਸੰਬਰ 1927 ਨੂੰ ਕੰਟਗੜ੍ਹ ਜ਼ਿਲ੍ਹਾ ਸ਼ਿਮਲਾ ਵਿਖੇ ਹੋਇਆ। ਉਨ੍ਹਾਂ ਆਪਣੀ ਵਿਦਿਆ ਦਿੱਲੀ ਯੂਨੀਵਰਸਿਟੀ ਤੋਂ ਹਾਸਲ ਕੀਤੀ। ਉਨ੍ਹਾਂ ਦਾ ਵਿਆਹ ਲਾਲ ਚੰਦ ਸਟੋਕਸ ਨਾਲ ਹੋਇਆ ਜੋ ਪੇਸ਼ੇ ਤੋਂ ਬਾਗਬਾਨੀ ਨਾਲ ਸਬੰਧ ਰੱਖਦੇ ਸਨ। ਵਿਦਿਆ ਸਟੋਕਸ ਨੂੰ 1976 ਵਿਚ ਆਲ ਇੰਡੀਆ ਕਾਂਗਰਸ ਕਮੇਟੀ ਲਈ ਨਾਮਜ਼ਦ ਕੀਤਾ ਗਿਆ ਤੇ 1977 ਵਿਚ ਪ੍ਰਦੇਸ਼ ਦੇ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਰਹੇ, 1980 ਵਿਚ ਉਨ੍ਹਾਂ ਨੂੰ ਲੋਕ ਸਭਾ ਦੀ ਵਿੱਤ ਕਮੇਟੀ ਦਾ ਚੇਅਰਮੈਨ ਬਣਾਇਆ ਗਿਆ। ਉਹ 1984, 1988, 1994 ਤੇ 2003 ਤੱਕ ਆਲ ਇੰਡੀਆ ਮਹਿਲਾ ਹਾਕੀ ਐਸੋਸੀਏਸ਼ਨ ਦੇ ਪ੍ਰਧਾਨ ਰਹੇ ਤੇ ਇਸ ਵੇਲੇ ਹਾਕੀ ਇੰਡੀਆ ਦੇ ਬਤੌਰ ਪ੍ਰਧਾਨ ਕੰਮ ਕਰ ਰਹੇ ਹਨ।

ਹਾਕੀ ਇੰਡੀਆ ਦੀ ਚੋਣ 'ਚ ਵਿਦਿਆ ਸਟੋਕਸ ਦੇ ਨਜ਼ਦੀਕੀ ਸਮਝੇ ਜਾਂਦੇ ਨਰਿੰਦਰ ਬਤਰਾ ਸਕੱਤਰ ਜਨਰਲ ਚੁਣੇ ਗਏ। ਉਨ੍ਹਾਂ ਨੇ ਹਾਕੀ ਅਰੁਣਾਚਲ ਦੇ ਗੁੰਜਮ ਹੈਦਰ ਨੂੰ 41-18 ਨਾਲ ਹਰਾਇਆ। ਮੁਸ਼ਤਾਕ ਅਹਿਮਦ ਨੇ 17 ਦੇ ਮੁਕਾਬਲੇ 45 ਵੋਟਾਂ ਨਾਲ ਹੈਦਰ ਨੂੰ ਹਰਾ ਕੇ ਖ਼ਜ਼ਾਨਚੀ ਦੀ ਚੋਣ ਜਿੱਤੀ ਹੈ ਪਰ ਇਸ ਚੋਣ ਦੇ ਨਤੀਜਿਆਂ ਦਾ ਐਲਾਨ ਸੁਪਰੀਮ ਕੋਰਟ ਦੇ ਹੁਕਮਾਂ ਕਰਕੇ 19 ਅਗਸਤ ਤੋਂ ਬਾਅਦ ਹੀ ਹੋਵੇਗਾ। ਹਾਕੀ ਇੰਡੀਆ ਦੀ ਚੋਣ 30 ਜੁਲਾਈ ਨੂੰ ਹੋਣੀ



-ਹਾਕੀ ਇੰਡੀਆ ਦੀ ਚੋਣ-

ਸੀ ਪਰ ਐਨ ਮੌਕੇ 'ਤੇ ਮੁੰਬਈ ਤੇ ਦਿੱਲੀ ਹਾਈਕੋਰਟ 'ਚ ਪਈਆਂ ਰਿੱਟਾਂ ਕਾਰਨ ਚੋਣ 'ਤੇ ਰੋਕ ਲਗਾ ਦਿੱਤੀ ਗਈ ਸੀ। ਬਾਅਦ 'ਚ ਸੁਪਰੀਮ ਕੋਰਟ ਨੇ ਇੰਟਰਨੈਸ਼ਨਲ ਹਾਕੀ ਫੈਡਰੇਸ਼ਨ ਦੀ ਚਿਤਾਵਨੀ 'ਤੇ ਵਿਚਾਰ ਕਰਦੇ ਹੋਏ ਚੋਣ ਕਰਵਾਉਣ ਦੀ ਆਗਿਆ ਦੇ ਦਿੱਤੀ ਗਈ। ਇੰਟਰਨੈਸ਼ਨਲ ਹਾਕੀ ਫੈਡਰੇਸ਼ਨ ਨੇ ਚਿਤਾਵਨੀ ਦਿੱਤੀ ਸੀ ਕਿ ਜੇਕਰ ਅਗਸਤ ਤੱਕ ਹਾਕੀ ਇੰਡੀਆ ਦੀ ਚੋਣ ਨਾ ਕਰਵਾਈ ਗਈ ਤਾਂ ਭਾਰਤੀ ਟੀਮ ਨੂੰ ਵਿਸ਼ਵ ਹਾਕੀ ਕੱਪ 'ਚ ਸ਼ਾਮਲ ਨਹੀਂ ਕੀਤਾ ਜਾਵੇਗਾ। ਇਸ ਚੋਣ ਦੇ ਪਿਛੋਕੜ ਤੋਂ ਪਤਾ ਲੱਗਦਾ ਹੈ ਕਿ ਇੱਕ ਤਰ੍ਹਾਂ ਨਾਲ ਕਲਮਾੜੀ ਦੀ ਜਿੱਤ ਹੋਈ ਹੈ ਕਿਉਂਕਿ ਉਸ ਦੀ ਇਸ ਚੋਣ 'ਤੇ ਸਿਰ-ਧੜ ਦੀ ਬਾਜ਼ੀ ਲੱਗੀ ਹੋਈ ਸੀ ਪਰ ਜੇ ਕੇਂਦਰ ਸਰਕਾਰ ਨੇ 70 ਸਾਲ ਦੀ ਉਮਰ ਦਾ ਜ਼ਾਬਤਾ ਸਖ਼ਤੀ ਨਾਲ ਲਾਗੂ ਕਰ ਦਿੱਤਾ ਤਾਂ ਕਲਮਾੜੀ ਧੜੇ ਨੂੰ ਇਹ ਖੁਸ਼ੀ ਜ਼ਿਆਦਾ ਦੇਰ ਨਸੀਬ ਨਹੀਂ ਹੋਵੇਗੀ।

ਦੂਜੇ ਪਾਸੇ ਪਰਗਟ ਸਿੰਘ ਦੀ ਹਾਰ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਖੇਡਾਂ 'ਤੇ ਸਿਆਸੀ ਗਲਬੇ ਨੂੰ ਤੋੜਨਾ ਤੇ ਖੇਡ ਸੁਧਾਰਾਂ ਦੀ ਗੱਲ ਕਰਨਾ ਅਜੇ ਸੁਪਨੇ ਵਾਂਗ ਹੀ ਹੈ। ਪਰਗਟ ਸਿੰਘ ਉਹ ਸਟਾਰ ਖਿਡਾਰੀ ਹਨ ਜਿਨ੍ਹਾਂ ਨੂੰ ਭਾਰਤ ਸਰਕਾਰ ਨੇ 1998 ਵਿਚ ਪਦਮਸ੍ਰੀ ਐਵਾਰਡ, 1996 ਵਿਚ ਰਾਜੀਵ ਗਾਂਧੀ ਐਵਾਰਡ, 1989 ਵਿਚ ਅਰਜੁਨਾ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਪਰਗਟ ਸਿੰਘ ਨੇ 313 ਕੌਮਾਂਤਰੀ ਹਾਕੀ ਦੇ ਮੈਚ ਖੇਡੇ ਤੇ 168 ਮੈਚਾਂ ਵਿਚ ਕਪਤਾਨੀ ਕੀਤੀ ਜੋ ਇਕ ਵਿਸ਼ਵ ਰਿਕਾਰਡ ਹੈ। ਉਸ ਨੇ 1992 ਦੀ ਬਾਰਸੀਲੋਨਾ ਉਲੰਪਿਕ ਤੇ 1996 ਅਟਲਾਂਟਾ ਉਲੰਪਿਕ ਵਿਚ ਲਗਾਤਾਰ ਦੋ ਵਾਰੀ ਕਪਤਾਨੀ ਕੀਤੀ। ਇਸ ਤੋਂ ਇਲਾਵਾ 1996 ਦੀਆਂ ਉਲੰਪਿਕ ਖੇਡਾਂ ਵਿਚ ਭਾਰਤੀ ਦਲ ਦੇ ਝੰਡਾ ਬਰਦਾਰ ਰਹੇ। ਪਰਗਟ ਸਿੰਘ ਨੇ 1988, 1992 ਤੇ 1996 ਦੀਆਂ ਉਲੰਪਿਕ ਖੇਡਾਂ ਵਿਚ ਹਿੱਸਾ ਲਿਆ ਤੇ 1986 ਲੰਡਨ ਤੇ 1990 ਵਿਚ ਪਾਕਿਸਤਾਨ ਵਿਖੇ ਹੋਏ ਵਿਸ਼ਵ ਕੱਪ ਵਿਚ ਹਿੱਸਾ ਲਿਆ। ਉਸ ਨੇ 1985 ਦੀ ਪਰਥ, 1986 ਦੀ ਕਰਾਚੀ, 1989 ਦੀ ਬਰਲਿਨ, 1997 ਦੀ ਮਦਰਾਸ ਵਿਖੇ ਹੋਈ ਚੈਂਪੀਅਨ ਟਰਾਫੀ ਵਿਚ ਭਾਰਤੀ ਹਾਕੀ ਟੀਮ ਦੀ ਅਗਵਾਈ ਕੀਤੀ। 1986 ਦੀ ਸਿਓਲ, 1996 ਦੀ ਬੀਜਿੰਗ ਏਸ਼ੀਅਨ ਖੇਡਾਂ ਵਿਚ ਹਿੱਸਾ ਲਿਆ। 1985 ਦੇ ਏਸ਼ੀਆ ਕੱਪ ਢਾਕਾ ਅਤੇ 1989 ਦਿੱਲੀ ਕੱਪ ਵਿਚ ਹਿਸਾ ਲਿਆ। ਇਸ ਵੇਲੇ ਪਰਗਟ ਸਿੰਘ ਪੰਜਾਬ ਖੇਡ ਵਿਭਾਗ ਵਿਚ ਡਾਇਰੈਕਟਰ ਸਪੋਰਟਸ ਪੰਜਾਬ ਦੇ ਅਹੁਦੇ 'ਤੇ ਤਾਇਨਾਤ ਹਨ। ਕਾਫੀ ਮੈਂਬਰਾਂ ਵਲੋਂ ਹਮਾਇਤ ਦਾ ਭਰੋਸਾ ਦੇਣ ਤੋਂ ਬਾਅਦ ਹੀ ਉਹ ਚੋਣ ਮੈਦਾਨ 'ਚ ਕੁੱਦੇ ਸਨ ਪਰ ਨਤੀਜੇ ਕੁਝ ਹੋਰ ਹੀ ਆਏ ਜਿਸ ਨਾਲ ਖੇਡ ਪ੍ਰੇਮੀਆਂ ਨੂੰ ਕਾਫੀ ਨਿਰਾਸ਼ਾ ਹੋਈ ਹੈ।

ਹਾਕੀ ਇੰਡੀਆ ਦੇ ਚੁਣੇ ਗਏ ਸੰਯੁਕਤ ਸਕੱਤਰ ਰਮੇਸ਼ ਨਾਂਬੀਆਰ ਨੇ ਚੋਣ ਦੇ ਤੁਰੰਤ ਬਾਅਦ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਸੀ. ਬੀ. ਆਈ. ਕਰੋੜਾਂ ਰੁਪਏ ਦੇ ਰੱਖਿਆ ਘੁਟਾਲੇ ਦੇ ਮਾਮਲੇ 'ਚ ਨਾਂਬੀਆਰ ਦੇ ਖ਼ਿਲਾਫ਼ ਦੋਸ਼ ਪੱਤਰ ਦਾਖ਼ਲ ਕਰ ਚੁੱਕੀ ਹੈ। ਨਾਂਬੀਆਰ ਦੇ ਨਿਰਵਿਰੋਧ ਹਾਕੀ ਇੰਡੀਆ ਦੇ ਸੰਯੁਕਤ ਸਕੱਤਰ ਦੇ ਅਹੁਦੇ ਲਈ ਚੁਣੇ ਜਾਣ ਦੇ ਬਾਅਦ ਚੋਣ ਪ੍ਰਕਿਰਿਆ 'ਚ ਹੇਰਾਫੇਰੀ ਦੇ ਦੋਸ਼ ਲੱਗਣ ਲੱਗੇ ਹਨ। ਜ਼ਿਕਰਯੋਗ ਹੈ ਏਅਰ ਇੰਡੀਆ ਦੇ ਜਨਰਲ ਮੈਨੇਜਰ ਨਾਂਬੀਆਰ ਦਾ ਨਾਂ ਆਰਡੀਨੈਂਸ ਫੈਕਟਰੀ ਬੋਰਡ ਘੁਟਾਲੇ ਦੇ ਮਾਮਲੇ 'ਚ ਦਾਖ਼ਲ ਕੀਤੇ ਗਏ ਦੋਸ਼ ਪੱਤਰ 'ਚ ਸ਼ਾਮਲ ਹੈ। ਇਸ ਮਾਮਲੇ 'ਚ ਜ਼ਮਾਨਤ ਮਿਲਣ ਤੋਂ ਪਹਿਲਾਂ ਕੁਝ ਹਫ਼ਤਿਆਂ ਲਈ ਨਾਂਬੀਆਰ ਜੇਲ੍ਹ ਜਾ ਚੁੱਕੇ ਹਨ।

## ਸਰਕਾਰ ਵਲੋਂ ਹਾਕੀ ਇੰਡੀਆ ਦੀ ਮਾਨਤਾ ਰੱਦ

ਹਾਕੀ ਇੰਡੀਆ ਦੀ ਚੋਣ ਤੋਂ ਕੁਝ ਘੰਟਿਆਂ ਬਾਅਦ ਹੀ ਖੇਡ ਮੰਤਰਾਲੇ ਨੇ ਇਸ ਦੀ ਮਾਨਤਾ ਰੱਦ ਕਰ ਦਿੱਤੀ। ਭਾਰਤ ਸਰਕਾਰ ਨੇ ਕਿਹਾ ਹੈ ਕਿ ਖੇਡ ਮੰਤਰਾਲੇ ਦੇ ਦਿਸ਼ਾ ਨਿਰਦੇਸ਼ਾਂ ਦੀ ਉਲੰਘਣਾ ਕਰਨ ਕਰਕੇ 'ਹਾਕੀ ਇੰਡੀਆ' ਖ਼ਿਲਾਫ਼ ਇਹ ਕਦਮ ਚੁੱਕਿਆ ਗਿਆ ਹੈ। ਹਾਕੀ ਇੰਡੀਆ ਨੇ ਚੋਣ 'ਚ 83 ਸਾਲਾ ਵਿੱਦਿਆ ਸਟੋਕਸ ਨੂੰ ਪ੍ਰਧਾਨ ਦੇ ਅਹੁਦੇ ਲਈ ਉਤਾਰ ਕੇ ਉਮਰ ਤੇ ਕਾਰਜਕਾਲ ਬਾਰੇ ਖੇਡ ਮੰਤਰਾਲੇ ਦੇ ਦਿਸ਼ਾ ਨਿਰਦੇਸ਼ਾਂ ਦੀ ਉਲੰਘਣਾ ਕੀਤੀ ਹੈ। ਖੇਡ ਮੰਤਰਾਲੇ ਨੇ 'ਹਾਕੀ ਇੰਡੀਆ' ਨੂੰ ਅਸਥਾਈ ਮਾਨਤਾ ਦਿੱਤੀ ਸੀ। ਹਾਕੀ ਇੰਡੀਆ ਦੇ ਜਨਰਲ ਸਕੱਤਰ ਨਰਿੰਦਰ ਬੱਤਰਾ ਨੇ ਇਸ ਬਾਰੇ ਕਿਹਾ ਸੀ ਕਿ ਉਹ ਕੇਂਦਰ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਨੂੰ ਨਹੀਂ ਮੰਨਦੇ। ਹਾਕੀ ਇੰਡੀਆ ਸੁਸਾਇਟੀ ਐਕਟ ਦੇ ਤਹਿਤ ਰਜਿਸਟਰਡ ਹੈ ਤੇ ਉਹ ਆਪਣੇ ਸੰਵਿਧਾਨ ਦੀ ਹੀ ਪਾਲਣਾ ਕਰਨਗੇ। ਜ਼ਿਕਰਯੋਗ ਹੈ ਕਿ ਹਾਕੀ ਇੰਡੀਆ ਦਿੱਲੀ ਹਾਈਕੋਰਟ ਤੇ ਸੁਪਰੀਮ ਕੋਰਟ ਦੇ ਸਾਹਮਣੇ ਮੰਨ ਚੁੱਕੀ ਹੈ ਕਿ ਉਹ ਨਿੱਜੀ ਸੰਸਥਾ ਹੈ।

ਦੂਜੇ ਪਾਸੇ ਮਾਨਤਾ ਰੱਦ ਹੋਣ ਦੇ ਦੋ ਸਾਲ ਬਾਅਦ ਕੇ.ਪੀ.ਐਸ. ਗਿੱਲ ਦੀ ਅਗਵਾਈ ਵਾਲੀ ਭਾਰਤੀ ਹਾਕੀ ਫ਼ੈਡਰੇਸ਼ਨ ਨੂੰ ਸਰਕਾਰ ਵਲੋਂ ਮੁੜ ਮਾਨਤਾ ਮਿਲ ਗਈ ਹੈ। ਖੇਡ ਮੰਤਰਾਲੇ ਨੇ ਇੰਟਰਨੈਸ਼ਨਲ ਹਾਕੀ ਫ਼ੈਡਰੇਸ਼ਨ ਨੂੰ ਭੇਜੇ ਪੱਤਰ ਵਿਚ ਹਾਕੀ ਇੰਡੀਆ ਦੀ ਮਾਨਤਾ ਰੱਦ ਕਰਨ ਤੇ ਆਈ.ਐਚ.ਐਫ. ਦੀ ਮਾਨਤਾ ਬਹਾਲ ਕਰਨ ਬਾਰੇ ਕਿਹਾ ਗਿਆ ਹੈ। ਆਈ.ਐਚ.ਐਫ. ਨੂੰ ਕਿਸੇ ਵੀ ਕੌਮਾਂਤਰੀ ਟੂਰਨਾਮੈਂਟ ਬਾਰੇ ਫ਼ੈਸਲਾ ਨਾ ਕਰਨ ਤੇ ਵਪਾਰਕ ਗਤੀਵਿਧੀਆਂ ਨਾ ਕਰਨ ਲਈ ਕਿਹਾ ਗਿਆ ਹੈ। ਮੰਤਰਾਲੇ ਨੇ ਕੌਮਾਂਤਰੀ ਹਾਕੀ ਫ਼ੈਡਰੇਸ਼ਨ ਨੂੰ ਵੀ ਸੂਚਿਤ ਕਰ ਦਿਤਾ ਹੈ।

# ਸਾਇਨਾ ਨੇਹਵਾਲ ਨੂੰ ਰਾਜੀਵ ਗਾਂਧੀ ਖੇਡ ਪੁਰਸਕਾਰ

## ਸੰਦੀਪ ਨੂੰ ਅਰਜੁਨ ਪੁਰਸਕਾਰ





**ਨਵੀਂ ਦਿੱਲੀ :** ਸਰਕਾਰ ਨੇ ਬੀਤੀ 5 ਅਗਸਤ ਨੂੰ ਕੌਮੀ ਖੇਡ ਪੁਰਸਕਾਰਾਂ ਦਾ ਐਲਾਨ ਕਰ ਦਿੱਤਾ ਹੈ। ਬੈਡਮਿੰਟਨ ਦੀ ਸਟਾਰ ਖਿਡਾਰਨ ਸਾਇਨਾ ਨੇਹਵਾਲ ਨੂੰ ਦੇਸ਼ ਦਾ ਸਰਵਉਚ ਰਾਜੀਵ ਗਾਂਧੀ ਖੇਡ ਰਤਨ ਪੁਰਸਕਾਰ ਅਤੇ ਪੰਦਰਾਂ ਹੋਰ ਖਿਡਾਰੀਆਂ ਨੂੰ ਅਰਜੁਨ ਪੁਰਸਕਾਰ ਦੇਣ ਦਾ ਐਲਾਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਤਿੰਨ ਨੂੰ ਧਿਆਨ ਚੰਦ ਪੁਰਸਕਾਰ, 5 ਕੋਚਾਂ ਨੂੰ ਦਰੋਣਾਚਾਰੀਆ ਪੁਰਸਕਾਰ ਅਤੇ ਚਾਰ ਖੇਡ ਸੰਸਥਾਵਾਂ ਨੂੰ ਪਹਿਲੀ ਵਾਰ ਸ਼ੁਰੂ ਕੀਤੇ ਖੇਡ ਉਤਸ਼ਾਹਤ ਪੁਰਸਕਾਰ ਦਿੱਤੇ ਗਏ। ਇਨ੍ਹਾਂ ਪੁਰਸਕਾਰਾਂ ਲਈ ਖਿਡਾਰੀਆਂ ਤੇ ਕੋਚਾਂ ਦੀ ਚੋਣ ਲਈ ਦੋ ਕਮੇਟੀਆਂ ਕਾਇਮ ਕੀਤੀਆਂ ਗਈਆਂ ਹਨ। ਪ੍ਰਸਿੱਧ ਦੌੜਾਕ ਪੀ.ਟੀ. ਊਸ਼ਾ ਦੀ ਅਗਵਾਈ ਵਾਲੀ ਕਮੇਟੀ ਨੇ ਪੁਰਸਕਾਰਾਂ ਲਈ ਖਿਡਾਰੀਆਂ ਦੀ ਚੋਣ ਕੀਤੀ ਅਤੇ ਦਰੋਣਾਚਾਰੀਆ ਪੁਰਸਕਾਰਾਂ ਲਈ ਕੋਚਾਂ ਦੀ ਚੋਣ ਅਸ਼ੋਕ ਕੁਮਾਰ ਦੀ ਅਗਵਾਈ ਵਾਲੀ ਕਮੇਟੀ ਨੇ ਕੀਤੀ। ਰਾਜੀਵ ਗਾਂਧੀ ਖੇਡ ਰਤਨ ਪੁਰਸਕਾਰ ਹਾਸਲ ਕਰਨ ਵਾਲੀ ਖਿਡਾਰਨ ਸਾਇਨਾ ਨੇਹਵਾਲ ਨੂੰ ਸਾਢੇ ਸੱਤ ਲੱਖ ਰੁਪਏ, ਅਰਜੁਨ ਪੁਰਸਕਾਰ ਅਤੇ ਦਰੋਣਾਚਾਰੀਆ ਪੁਰਸਕਾਰ ਹਾਸਲ ਕਰਨ ਵਾਲੇ ਖਿਡਾਰੀਆਂ ਨੂੰ ਪੰਜ-ਪੰਜ ਲੱਖ ਰੁਪਏ ਦਿੱਤੇ ਜਾਣਗੇ। ਕੌਮੀ ਖੇਡ ਉਤਸ਼ਾਹਤ ਪੁਰਸਕਾਰ ਹਾਸਲ ਕਰਨ ਵਾਲੀ ਸੰਸਥਾ ਨੂੰ ਟਰਾਫ਼ੀ ਤੇ ਪ੍ਰਸ਼ੰਸਾ ਪੱਤਰ ਦਿੱਤਾ ਜਾਵੇਗਾ। ਰਾਸ਼ਟਰਪਤੀ ਪ੍ਰਤਿਭਾ ਪਾਟਿਲ 29 ਅਗਸਤ ਨੂੰ ਰਾਸ਼ਟਰਪਤੀ ਭਵਨ ਵਿਚ ਇਕ ਵਿਸ਼ੇਸ਼ ਸਮਾਗਮ ਦੌਰਾਨ ਇਹ ਪੁਰਸਕਾਰ ਪ੍ਰਦਾਨ ਕਰਨਗੇ।

**ਧਿਆਨ ਚੰਦ ਪੁਰਸਕਾਰ:** ਸਤੀਸ਼ ਪਿੱਲੇ (ਅਥਲੈਟਿਕਸ), ਕੁਲਦੀਪ ਸਿੰਘ (ਕੁਸ਼ਤੀ), ਅਨੀਤਾ ਚਾਨੂ (ਵੇਟਲਿਫ਼ਟਿੰਗ)।

**ਦਰੋਣਾਚਾਰੀਆ ਪੁਰਸਕਾਰ:** ਏ.ਕੇ. ਕੁੱਟੀ (ਅਥਲੈਟਿਕਸ), ਸੁਭਾਸ਼ ਬੀ ਅਗਰਵਾਲ (ਬਿਲੀਅਰਡਜ਼ ਤੇ ਸਨੂਕਰ), ਐਲ. ਇਬੋਮਚਾ ਸਿੰਘ (ਮੁੱਕੇਬਾਜ਼ੀ), ਅਜੇ ਕੁਮਾਰ ਬਾਂਸਲ (ਹਾਕੀ), ਕੈਪਟਨ ਚਾਂਦ ਰੂਪ (ਕੁਸ਼ਤੀ)।

**ਖੇਲ ਉਤਸ਼ਾਹਤ ਪੁਰਸਕਾਰ:** ਸੈਨਾ ਖੇਡ ਕੰਟਰੋਲ ਬੋਰਡ ਨੂੰ ਦੋ ਵਰਗਾਂ ਵਿਚ ਪੁਰਸਕਾਰ ਅਤੇ ਦੋ ਹੋਰ ਵਰਗਾਂ ਵਿਚ ਟਾਟਾ ਸਟੀਲ ਲਿਮਟਿਡ ਅਤੇ ਖੇਡ ਤੇ ਯੁਵਾ ਵਿਭਾਗ (ਮੱਧ ਪ੍ਰਦੇਸ਼) ਨੂੰ ਪੁਰਸਕਾਰ ਦਿੱਤਾ ਗਿਆ ਹੈ।

**ਪੁਰਸਕਾਰ ਹਾਸਲ ਕਰਨ ਵਾਲੇ ਖਿਡਾਰੀਆਂ ਦਾ ਵੇਰਵਾ ਇਸ ਪ੍ਰਕਾਰ ਹੈ:** ਰਾਜੀਵ ਗਾਂਧੀ ਖੇਡ ਰਤਨ ਪੁਰਸਕਾਰ: ਸਾਇਨਾ ਨੇਹਵਾਲ (ਬੈਡਮਿੰਟਨ)

**ਅਰਜੁਨ ਪੁਰਸਕਾਰ:** ਜੋਸਫ਼ ਇਬਰਾਹੀਮ ਤੇ ਕ੍ਰਿਸ਼ਨਾ ਪੂਨੀਆ (ਅਥਲੈਟਿਕਸ), ਦਿਨੇਸ਼ ਕੁਮਾਰ (ਮੁੱਕੇਬਾਜ਼ੀ), ਪਰਿਮਰਜਨ ਨੇਗੀ (ਸ਼ਤਰੰਜ), ਝੂਲਨ ਗੋਸਵਾਮੀ (ਮਹਿਲਾ ਕ੍ਰਿਕਟ), ਦੀਪਕ ਕੁਮਾਰ ਮੰਡਲ (ਫੁਟਬਾਲ), ਸੰਦੀਪ ਸਿੰਘ (ਹਾਕੀ), ਜਸਜੀਤ ਕੌਰ ਹਾਂਡਾ (ਮਹਿਲਾ ਹਾਕੀ), ਦਿਨੇਸ਼ ਕੁਮਾਰ (ਕਬੱਡੀ), ਸੰਜੀਵ ਰਾਜਪੂਤ (ਨਿਸ਼ਾਨੇਬਾਜ਼ੀ), ਰੇਹਨਾ ਪੋਚਾ (ਤੈਰਾਕੀ), ਕਪਿਲ ਦੇਵ ਕੇ.ਜੇ. (ਵਾਲੀਬਾਲ), ਰਾਜੀਵ ਤੋਮਰ (ਕੁਸ਼ਤੀ), ਰਾਜੇਸ਼ ਚੌਧਰੀ (ਕਿਸ਼ਤੀ ਚਾਲਨ), ਜਗਸੀਰ ਸਿੰਘ (ਪੈਰਾ ਓਲੰਪਿਕ ਅਥਲੈਟਿਕਸ)

# ਭਾਰਤੀ ਹਾਕੀ ਦਾ ਸੰਕਟ ਗਹਿਰਾਇਆ

*(ਸਫਾ ਇਕ ਦੀ ਬਾਕੀ)*

ਹੈ ਪਰ ਐਫ.ਆਈ.ਐਚ. ਕੇਵਲ ਹਾਕੀ ਇੰਡੀਆ ਨੂੰ ਹੀ ਮਾਨਤਾ ਦੇਣ 'ਤੇ ਦ੍ਰਿੜ ਹੈ। ਇਸ ਨਾਲ ਸਰਕਾਰ ਦੀ ਸਥਿਤੀ ਬੇਹੱਦ ਅਜੀਬ ਕਿਸਮ ਦੀ ਬਣ ਗਈ ਹੈ। ਖੇਡ ਮੰਤਰਾਲੇ ਨੇ ਹਾਕੀ ਇੰਡੀਆ ਦੀ 5 ਅਗਸਤ ਨੂੰ ਹੋਈ ਚੋਣ ਤੋਂ ਕੁਝ ਘੰਟਿਆਂ ਬਾਅਦ ਹੀ ਇਸ ਦੀ ਮਾਨਤਾ ਰੱਦ ਕਰ ਦਿੱਤੀ ਸੀ। ਸਰਕਾਰ ਨੇ ਕਿਹਾ ਸੀ ਕਿ ਖੇਡ ਮੰਤਰਾਲੇ ਦੇ ਦਿਸ਼ਾ-ਨਿਰਦੇਸ਼ਾਂ ਦੀ ਉਲੰਘਣਾ ਕਰਨ ਕਰਕੇ ਹਾਕੀ ਇੰਡੀਆ ਖ਼ਿਲਾਫ਼ ਇਹ ਕਦਮ ਚੁੱਕਿਆ ਗਿਆ ਹੈ। ਸਰਕਾਰ ਵੱਲੋਂ ਹਾਕੀ ਇੰਡੀਆ ਦੀ ਚੋਣ 'ਚ 83 ਸਾਲਾ ਵਿੱਦਿਆ ਸਟੋਕਸ ਨੂੰ ਪ੍ਰਧਾਨ ਦੇ ਅਹੁਦੇ ਲਈ ਖੜ੍ਹਾ ਕਰ ਕੇ ਉਮਰ ਤੇ ਕਾਰਜਕਾਲ ਬਾਰੇ ਖੇਡ ਮੰਤਰਾਲੇ ਦੇ ਦਿਸ਼ਾ-ਨਿਰਦੇਸ਼ਾਂ ਦੀ ਉਲੰਘਣਾ ਕਰਨ ਦਾ ਦੋਸ਼ ਲਾਇਆ ਗਿਆ ਹੈ। ਜ਼ਿਕਰਯੋਗ ਹੈ ਕਿ ਚਾਰ ਵਾਰ ਰੱਦ ਹੋਣ ਤੋਂ ਬਾਅਦ 5 ਅਗਸਤ ਨੂੰ ਹੋਈ ਚੋਣ 'ਚ ਵਿਦਿਆ ਸਟੋਕਸ ਨੇ ਪਰਗਟ ਸਿੰਘ ਨੂੰ ਹਰਾ ਕੇ ਹਾਕੀ ਇੰਡੀਆ ਦੀ ਪ੍ਰਧਾਨਗੀ 'ਤੇ ਕਬਜ਼ਾ ਕਰ ਲਿਆ।

ਦੂਜੇ ਪਾਸੇ ਸਰਕਾਰ ਨੇ ਇਸ ਚੋਣ ਤੋਂ ਅਗਲੇ ਹੀ ਦਿਨ ਬੜੇ ਨਾਟਕੀ ਢੰਗ ਨਾਲ ਦੋ ਸਾਲ ਬਾਅਦ ਮੁੜ ਭਾਰਤੀ ਹਾਕੀ ਫ਼ੈਡਰੇਸ਼ਨ ਨੂੰ ਮਾਨਤਾ ਦੇ ਦਿੱਤੀ। ਇਸ ਦੇ ਨਾਲ ਹੀ ਸਰਕਾਰ ਨੇ ਐਫ.ਆਈ.ਐਚ. ਨੂੰ ਪੱਤਰ ਲਿਖ ਕੇ ਅਪੀਲ ਕੀਤੀ ਸੀ ਕਿ ਆਈ.ਐਚ.ਐਫ. ਨੂੰ ਹੀ ਭਾਰਤ ਦੀ ਇਕਲੌਤੀ ਹਾਕੀ ਸੰਸਥਾ ਦੇ ਰੂਪ 'ਚ ਮਾਨਤਾ ਦਿੱਤੀ ਜਾਵੇ। ਕੌਮਾਂਤਰੀ ਹਾਕੀ ਫ਼ੈਡਰੇਸ਼ਨ (ਐਫ.ਆਈ.ਐਚ.) ਨੇ ਭਾਰਤ ਦੀ ਅਪੀਲ ਨੂੰ ਠੁਕਰਾਉਂਦਿਆਂ ਕਿਹਾ ਕਿ ਕੌਮਾਂਤਰੀ ਪੱਧਰ 'ਤੇ ਸਿਰਫ਼ 'ਹਾਕੀ ਇੰਡੀਆ' ਨੂੰ ਹੀ ਮਾਨਤਾ ਹੈ। ਐਫ.ਆਈ.ਐਚ. ਨੇ ਤਰਕ ਦਿੱਤਾ ਹੈ ਕਿ 'ਇੱਕ ਦੇਸ਼-ਇੱਕ ਸੰਸਥਾ' ਦੇ ਨਿਯਮ ਤਹਿਤ ਆਈ.ਐਚ.ਐਫ. ਦੇ ਭਾਰਤੀ ਮਹਿਲਾ ਹਾਕੀ ਫ਼ੈਡਰੇਸ਼ਨ ਨਾਲ ਰਲੇਵੇਂ ਲਈ ਤਿਆਰ ਨਾ ਹੋਣ ਕਾਰਨ ਸੰਨ 2000 'ਚ ਉਸ ਦੀ ਮਾਨਤਾ ਰੱਦ ਕਰ ਦਿੱਤੀ ਸੀ ਤੇ ਹੁਣ ਮੁੜ ਮਾਨਤਾ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਉਧਰ ਹਾਕੀ ਇੰਡੀਆ ਦੇ ਜਨਰਲ ਸਕੱਤਰ ਨਰਿੰਦਰ ਬੱਤਰਾ ਨੇ ਕਿਹਾ ਹੈ ਕਿ ਉਹ ਕੇਂਦਰ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਨੂੰ ਨਹੀਂ ਮੰਨਦੇ। ਉਨ੍ਹਾਂ ਕਿਹਾ ਹਾਕੀ ਇੰਡੀਆ ਸੁਸਾਇਟੀ ਐਕਟ ਤਹਿਤ ਰਜਿਸਟਰਡ ਹੈ ਤੇ ਉਹ ਆਪਣੇ ਸੰਵਿਧਾਨ ਦੀ ਹੀ ਪਾਲਣਾ ਕਰਨਗੇ। ਜ਼ਿਕਰਯੋਗ ਹੈ ਕਿ ਹਾਕੀ ਇੰਡੀਆ ਦਿੱਲੀ ਹਾਈਕੋਰਟ ਤੇ ਸੁਪਰੀਮ ਕੋਰਟ ਦੇ ਸਾਹਮਣੇ ਮੰਨ ਚੁੱਕਾ ਹੈ ਕਿ ਉਹ ਨਿੱਜੀ ਸੰਸਥਾ ਹੈ। ਭਾਰਤੀ ਹਾਕੀ ਟੀਮ ਦੇ ਕਪਤਾਨ ਰਹੇ ਪਰਗਟ ਸਿੰਘ ਨੇ ਇਸ ਸਥਿਤੀ 'ਤੇ ਪ੍ਰਤੀਕਰਮ ਦਿੰਦਿਆਂ ਕਿਹਾ ਹੈ ਕਿ ਭਾਰਤੀ ਹਾਕੀ ਫ਼ੈਡਰੇਸ਼ਨ ਦੀ ਮਾਨਤਾ ਸਰਕਾਰ ਨੇ ਹੀ ਰੱਦ ਕੀਤੀ ਸੀ ਤੇ ਹੁਣ ਅਦਾਲਤ ਦੇ ਫ਼ੈਸਲੇ ਤੋਂ ਬਾਅਦ ਸਰਕਾਰ ਨੇ ਹੀ ਇਹ ਮਾਨਤਾ ਬਹਾਲ ਕਰ ਦਿੱਤੀ ਹੈ। ਇਸ ਲਈ ਐਫ.ਆਈ.ਐਚ. ਨੇ ਭਾਰਤ ਸਰਕਾਰ ਦੇ ਪੱਤਰ ਦੇ ਖ਼ਿਲਾਫ਼ ਜਾ ਕੇ ਭਾਰਤੀ ਹਾਕੀ ਵਿਚ ਸਿੱਧੀ ਦਖ਼ਲਅੰਦਾਜ਼ੀ ਕੀਤੀ ਹੈ ਜੋ ਠੀਕ ਨਹੀਂ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਚਾਹੇ ਤਾਂ ਹਾਕੀ ਇੰਡੀਆ ਦੇਸ਼ ਦਾ ਨਾਂ ਤੇ ਝੰਡਾ ਨਹੀਂ ਵਰਤ ਸਕਦੀ।

# ਤੇਜਸਵਨੀ ਨੇ ਵਿਸ਼ਵ ਚੈਂਪੀਅਨਸ਼ਿਪ 'ਚ ਸੋਨ ਤਮਗ਼ਾ ਫੁੰਡਿਆ

*(ਸਫਾ ਇਕ ਦੀ ਬਾਕੀ)*

ਕੀਤੀ। ਰਾਸ਼ਟਰਮੰਡਲ ਖੇਡਾਂ ਦਾ ਸੋਨ ਤਮਗ਼ਾ ਜੇਤੂ 29 ਸਾਲ ਦੀ ਨਿਸ਼ਾਨੇਬਾਜ਼ ਆਖਰੀ ਸਕੋਰ ਵਿਚ ਪੋਲੈਂਡ ਦੀ ਇਵਾ ਜੋਆਨਾ ਨੋਵਾਕੋਵਸਕਾ ਨਾਲ ਬਰਾਬਰੀ 'ਤੇ ਸੀ ਪਰ ਆਪਣੇ ਕੁੱਲ ਸ਼ਾਨਦਾਰ ਸਕੋਰ ਨਾਲ ਉਹ ਸਿਖਰਲਾ ਸਥਾਨ ਪ੍ਰਾਪਤ ਕਰਨ ਵਿਚ ਸਫ਼ਲ ਰਹੀ। ਹਾਲਾਂਕਿ ਇਹ ਖ਼ਿਤਾਬ ਜਿੱਤਣ ਦੇ ਬਾਅਦ ਵੀ ਸਾਵੰਤ ਨੂੰ ਲੰਦਨ ਉਲੰਪਿਕ ਲਈ ਟਿਕਟ ਨਹੀਂ ਮਿਲ ਸਕੀ ਪਰ ਰਾਸ਼ਟਰ ਮੰਡਲ ਖੇਡਾਂ ਦੇ ਮੱਦੇਨਜ਼ਰ ਉਸ ਦੀ ਇਹ ਸਫਲਤਾ ਦੂਸਰੇ ਭਾਰਤੀ ਨਿਸ਼ਾਨੇਬਾਜ਼ਾਂ 'ਚ ਆਤਮ ਵਿਸ਼ਵਾਸ ਭਰ ਸਕਦੀ ਹੈ। ਜ਼ਿਕਰਯੋਗ ਹੈ ਕਿ 50 ਮੀਟਰ ਰਾਈਫਲ ਮੁਕਾਬਲਾ ਉਲੰਪਿਕ ਖੇਡਾਂ ਦਾ ਹਿਸਾ ਨਾ ਹੋਣ ਕਾਰਨ ਤੇਜਸਵਿਨੀ ਦਾ ਲੰਡਨ ਖੇਡਾਂ 'ਚ ਸਥਾਨ ਪੱਕਾ ਨਹੀਂ ਹੋ ਸਕਿਆ ਹੈ। ਮਹਾਰਾਸ਼ਟਰ ਦੀ ਇਸ ਨਿਸ਼ਾਨੇਬਾਜ਼ ਨੇ ਇਸ ਤੋਂ ਪਹਿਲਾਂ 2009 'ਚ ਵਿਸ਼ਵ ਕੱਪ ਵਿਚ ਕਾਂਸੀ ਦਾ ਤਗਮਾ ਜਿੱਤਿਆ ਸੀ।

**ਨਵੀਂ ਦਿੱਲੀ:** ਵਿਸ਼ਵ ਚੈਂਪੀਅਨਸ਼ਿਪ ਵਿਚ ਵਿਸ਼ਵ ਰਿਕਾਰਡ ਦੀ ਬਰਾਬਰੀ ਨਾਲ ਸੋਨ ਤਮਗ਼ਾ ਜਿੱਤਣ ਵਾਲੀ ਨਿਸ਼ਾਨੇਬਾਜ਼ ਤੇਜਸਵਿਨੀ ਸਾਵੰਤ ਤੇ ਕਾਂਸੀ ਦਾ ਤਮਗ਼ਾ ਜਿੱਤਣ ਵਾਲੇ ਨਿਸ਼ਾਨੇਬਾਜ਼ ਗਗਨ ਨਾਰੰਗ ਦਾ ਸੋਮਵਾਰ ਇਥੇ ਇੰਦਰਾ ਗਾਂਧੀ ਹਵਾਈ ਅੱਡੇ 'ਤੇ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ ਗਿਆ। ਕੌਮੀ ਰਾਈਫਲ ਐਸੋਸੀਏਸ਼ਨ ਦੇ ਅਹੁਦੇਦਾਰਾਂ ਨੇ ਆਪਣੇ ਜੇਤੂ ਨਿਸ਼ਾਨੇਬਾਜ਼ਾਂ ਅਤੇ ਕੋਚਾਂ ਦਾ ਸਵਾਗਤ ਕੀਤਾ। ਇਸ ਮੌਕੇ ਖੇਡ ਪ੍ਰੇਮੀ ਵੀ ਵੱਡੀ ਗਿਣਤੀ 'ਚ ਸ਼ਾਮਲ ਸਨ। ਇਸ ਤੋਂ ਬਾਅਦ ਦੋਵੇਂ ਨਿਸ਼ਾਨੇਬਾਜ਼ ਖੇਡ ਮੰਤਰੀ ਡਾ. ਮਨੋਹਰ ਸਿੰਘ ਗਿੱਲ ਨੂੰ ਵੀ ਮਿਲੇ ਜਿਨ੍ਹਾਂ ਨਿਸ਼ਾਨੇਬਾਜ਼ਾਂ ਦੀ ਵੱਡੀ ਪ੍ਰਾਪਤੀ 'ਤੇ ਵਧਾਈ ਦਿੱਤੀ।

ਤੇਜਸਵਿਨੀ ਨੇ ਆਪਣੀ ਸੁਨਹਿਰੀ ਪ੍ਰਾਪਤੀ 'ਤੇ ਸੰਤੁਸ਼ਟੀ ਅਤੇ ਖੁਸ਼ੀ ਪ੍ਰਗਟਾਉਂਦਿਆਂ ਕਿਹਾ ਕਿ ਉਹ ਵਿਸ਼ਵ ਰਿਕਾਰਡ ਤੋੜਨ ਦੇ ਬਹੁਤ ਨੇੜੇ ਸੀ ਪਰ ਘਬਰਾਉਣ ਕਾਰਨ ਉਹ ਖੁੰਝ ਗਈ। ਤੇਜਸਵਿਨੀ ਨੇ ਕਿਹਾ,''ਮੈਨੂੰ ਪਤਾ ਸੀ ਕਿ 100 ਦਾ ਸਕੋਰ ਕਰਨ 'ਤੇ ਮੈਂ ਨਰਵਸ ਹੋ ਗਈ ਅਤੇ ਇਸ ਦਾ ਅਸਰ ਮੇਰੇ ਪ੍ਰਦਰਸ਼ਨ 'ਤੇ ਪਿਆ। ਆਖਰੀ ਮੌਕੇ ਮੈਂ 99 ਹੀ ਸਕੋਰ ਬਣਾ ਸਕੀ। ਪਹਿਲੀ ਮਹਿਲਾ ਵਿਸ਼ਵ ਚੈਂਪੀਅਨ ਬਣਨ 'ਤੇ ਮੈਨੂੰ ਮਾਣ ਹੈ।'' ਉਸ ਨੇ ਕਿਹਾ ਕਿ ਇਤਿਹਾਸਕ ਜਿੱਤ ਨਾਲ ਉਸ ਦਾ ਹੌਂਸਲਾ ਵਧਿਆ ਹੈ ਅਤੇ ਰਾਸ਼ਟਰਮੰਡਲ ਖੇਡਾਂ ਦੀ ਤਿਆਰੀ ਲਈ ਇਹ ਨਤੀਜਾ ਸਹਾਈ ਸਿੱਧ ਹੋਵੇਗਾ। ਤੇਜਸਵਿਨੀ ਨੇ ਮਿਊਨਿਖ ਵਿਖੇ ਵਿਸ਼ਵ ਚੈਂਪੀਅਨਸ਼ਿਪ ਵਿਚ 597 ਦੇ ਸਕੋਰ ਨਾਲ ਵਿਸ਼ਵ ਰਿਕਾਰਡ ਦੀ ਬਰਾਬਰੀ ਕਰਦਿਆਂ ਸੋਨ ਤਮਗ਼ਾ ਜਿੱਤਿਆ ਸੀ।

ਕੌਮੀ ਕੋਚ ਸੰਨੀ ਥਾਮਸ ਨੇ ਕਿਹਾ ਕਿ ਸਾਡੇ ਗਗਨ ਨਾਰੰਗ, ਸੁਮਾ ਸ਼ਿਰੂਰ, ਰੰਜਨ ਸਿੰਘ ਤੇ ਅਸ਼ੋਕ ਨੌਰਿਆ ਤੋਂ ਬਾਅਦ ਤੇਜਸਵਿਨੀ ਭਾਰਤ ਦੀ ਪੰਜਵੀਂ ਵਿਸ਼ਵ ਰਿਕਾਰਡ ਹੋਲਡਰ ਹੈ ਅਤੇ ਇਹ ਪ੍ਰਾਪਤੀ ਸੱਚਮੁੱਚ ਕਾਬਲੇ ਤਾਰੀਫ ਹੈ।

**ਪ੍ਰਧਾਨ ਮੰਤਰੀ ਤੇ ਸੰਸਦ ਵੱਲੋਂ ਵਧਾਈ:** ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਲੋਕ ਸਭਾ ਨੇ ਤੇਜਸਵਿਨੀ ਸਾਵੰਤ ਨੂੰ ਪਹਿਲੀ ਭਾਰਤੀ ਮਹਿਲਾ ਵਿਸ਼ਵ ਚੈਂਪੀਅਨ ਬਣਨ 'ਤੇ ਵਧਾਈ ਦਿੱਤੀ। ਪ੍ਰਧਾਨ ਮੰਤਰੀ ਨੇ ਆਪਣੇ ਸੁਨੇਹੇ ਵਿਚ ਕਿਹਾ ਕਿ ਤੇਜਸਵਿਨੀ ਨੇ ਦੇਸ਼ ਦਾ ਮਾਣ ਵਧਾਇਆ ਹੈ ਅਤੇ ਇਸ ਨਾਲ ਦੇਸ਼ ਦੇ ਯੁਵਕਾਂ ਦਾ ਹੌਂਸਲਾ ਵਧੇਗਾ। ਲੋਕ ਸਭਾ ਸਪੀਕਰ ਮੀਰਾ ਕੁਮਾਰ ਨੇ ਪ੍ਰਸ਼ਨ ਕਾਲ ਸਮਾਪਤ ਹੋਣ 'ਤੇ ਤੇਜਸਵਿਨੀ ਦੀ ਸੁਨਹਿਰੀ ਸਫਲਤਾ ਦਾ ਜ਼ਿਕਰ ਕਰਦਿਆਂ ਉਸ ਨੂੰ ਵਧਾਈ ਦਿੱਤੀ। ਸੰਸਦ ਮੈਂਬਰਾਂ ਨੇ ਮੇਜ਼ ਥਪਥਪਾ ਕੇ ਇਸ ਦਾ ਸਵਾਗਤ ਕੀਤਾ।

# ਭਾਰਤ ਵਿਸ਼ਵ ਹਾਕੀ ਵਿਚ 9ਵੇਂ ਸਥਾਨ 'ਤੇ

ਅੱਠ ਵਾਰ ਦਾ ਉਲੰਪਿਕ ਜੇਤੂ ਭਾਰਤ ਕੌਮਾਂਤਰੀ ਹਾਕੀ ਫ਼ੈਡਰੇਸ਼ਨ (ਐਫ.ਆਈ.ਐਚ.) ਵੱਲੋਂ ਸੋਮਵਾਰ ਜਾਰੀ ਕੀਤੀ ਗਈ ਵਿਸ਼ਵ ਪੁਰਸ਼ ਹਾਕੀ ਦੀ ਤਾਜ਼ਾ ਦਰਜਾਬੰਦੀ 'ਚ 9ਵੇਂ ਸਥਾਨ 'ਤੇ ਚਲਾ ਗਿਆ ਹੈ। ਭਾਰਤ 1280 ਅੰਕਾਂ ਨਾਲ 9ਵੇਂ ਸਥਾਨ 'ਤੇ ਹੈ ਜਦਕਿ ਉਸ ਦਾ ਕੱਟੜ ਵਿਰੋਧੀ ਪਾਕਿਸਤਾਨ 1410 ਅੰਕਾਂ ਨਾਲ ਅੱਠਵੇਂ ਸਥਾਨ 'ਤੇ ਹੈ। ਕੈਨੇਡਾ 1221 ਅੰਕਾਂ ਨਾਲ ਮੋਹਰੀ ਦੇਸ਼ਾਂ 'ਚ ਥਾਂ ਬਣਾ ਗਿਆ ਹੈ। ਚੈਂਪੀਅਨਜ਼ ਟਰਾਫੀ ਜਿੱਤਣ ਵਾਲੀ ਆਸਟਰੇਲੀਆ ਦੀ ਟੀਮ 2620 ਅੰਕਾਂ ਨਾਲ ਪਹਿਲੇ ਸਥਾਨ 'ਤੇ ਟਿਕ ਗਈ ਹੈ ਤੇ ਉਸ ਨੇ ਜਰਮਨੀ (2370) ਤੋਂ 250 ਅੰਕਾਂ ਦਾ ਵਾਧਾ ਲੈ ਲਿਆ ਹੈ। ਹਾਲੈਂਡ 2213 ਅੰਕਾਂ ਨਾਲ ਤੀਸਰੇ ਸਥਾਨ 'ਤੇ ਹੈ। ਚੈਂਪੀਅਨਜ਼ ਟਰਾਫ਼ੀ ਦਾ ਉਪ ਜੇਤੂ ਇੰਗਲੈਂਡ ਸੂਚੀ 'ਚ ਸਭ ਤੋਂ ਲੰਮੀ ਛਾਲ ਮਾਰਦਾ ਹੋਇਆ 2047 ਅੰਕਾਂ ਨਾਲ ਚੌਥੇ ਸਥਾਨ 'ਤੇ ਪਹੁੰਚ ਗਿਆ ਹੈ। ਸਪੇਨ ਇੱਕ ਸਥਾਨ ਦੇ ਨੁਕਸਾਨ ਨਾਲ ਪੰਜਵੇਂ ਸਥਾਨ 'ਤੇ ਹੈ ਜਦਕਿ ਉਸ ਦੇ ਬਾਅਦ ਦੱਖਣੀ ਕੋਰੀਆ ਤੇ ਨਿਊਜ਼ੀਲੈਂਡ ਦਾ ਨੰਬਰ ਹੈ।

# ਫਿਲਾਡੈਲਫੀਆ ਦੀ ਕਬੱਡੀ ਕਿੰਗਜ਼ ਕਲੱਬ ਸੈਕਰਾਮੈਂਟੋ ਨੇ ਜਿੱਤੀ

**ਫਿਲਾਡੈਲਫੀਆ (ਸੁਖਜਿੰਦਰ ਸਿੰਘ):** ਗੁਰੂ ਨਾਨਕ ਸਿੱਖ ਸੁਸਾਇਟੀ ਸਪੋਰਟਸ ਕਲੱਬ, ਫਿਲਾਡੈਲਫੀਆ ਵਲੋਂ ਇਥੇ ਕਰਵਾਏ ਗਏ ਖੇਡ ਮੇਲੇ ਵਿਚ ਰੱਸਾਕਸ਼ੀ, ਫੁੱਟਬਾਲ ਅਤੇ ਵਾਲੀਬਾਲ ਤੋਂ ਇਲਾਵਾ ਕਬੱਡੀ ਦੇ ਵੀ ਮੁਕਾਬਲੇ ਕਰਵਾਏ ਗਏ। ਆਮ ਪੰਜਾਬੀ ਮੇਲਿਆਂ ਵਾਂਗ ਹੀ ਇਸ ਮੇਲੇ ਵਿਚ ਵੀ ਦਰਸ਼ਕਾਂ ਦਾ ਝੁਰਮਟ ਕਬੱਡੀ ਦੁਆਲੇ ਹੀ ਰਿਹਾ।



ਕਬੱਡੀ ਮੁਕਾਬਲਿਆਂ 'ਚ ਪੈਨਸਿਲਵੇਨੀਆ, ਕੈਲੀਫੋਰਨੀਆ, ਇੰਡੀਆਨਾ, ਓਹਾਇਓ, ਨਿਊ ਯਾਰਕ, ਨਿਊ ਜਰਸੀ ਅਤੇ ਮੈਰੀਲੈਂਡ ਤੋਂ ਆਈਆਂ ਕਬੱਡੀ ਟੀਮਾਂ ਨੇ ਜ਼ੋਰਦਾਰ ਖੇਡ ਦਾ ਪ੍ਰਦਰਸ਼ਨ ਕੀਤਾ ਅਤੇ ਫਾਈਨਲ ਮੁਕਾਬਲੇ ਵਿਚ ਕਿੰਗ ਸਪੋਰਟਸ ਕਲੱਬ, ਸੈਕਰਾਮੈਂਟੋ, ਕੈਲੀਫੋਰਨੀਆ ਅਤੇ ਗੁਰੂ ਨਾਨਕ ਸਿੱਖ ਸਪੋਰਟਸ ਕਲੱਬ, ਅਪਰ ਡਰਬੀ ਦੇ ਸਿੰਗ ਭਿੜੇ। ਇਹ ਮੁਕਾਬਲਾ ਕਾਫੀ ਫਸਵਾਂ ਸੀ ਪਰ ਅਖੀਰ ਕੈਲੀਫੋਰਨੀਆ ਦੀ ਟੀਮ ਨੇ ਜਿੱਤ ਹਾਸਲ ਕਰਕੇ ਕਬੱਡੀ ਦਾ ਪਹਿਲਾ ਇਨਾਮ ਜਿਤਿਆ ਜਦੋਂਕਿ ਦੂਜੇ ਥਾਂ 'ਤੇ ਗੁਰੂ ਨਾਨਕ ਸਿੱਖ ਸੁਸਾਇਟੀ ਸਪੋਰਟਸ ਕਲੱਬ ਦੀ ਟੀਮ ਰਹੀ। ਬਿਹਤਰੀਨ ਰੇਡਰ ਦਾ ਮਾਣ ਬਲਜਿੰਦਰ ਨੀਲੋਂ ਨੂੰ ਮਿਲਿਆ ਜਦੋਂਕਿ ਵਧੀਆ ਸਟਾਪਰ ਨਵੀ ਜੌਹਲ ਰਿਹਾ ਜੋ ਕਿ ਸਭ ਤੋਂ ਘੱਟ ਉਮਰ ਦਾ ਖਿਡਾਰੀ ਸੀ। ਇਨ੍ਹਾਂ ਕਬੱਡੀ ਮੁਕਾਬਲਿਆਂ ਵਿਚ ਕੌਮਾਂਤਰੀ ਪੱਧਰ ਦੇ ਕਬੱਡੀ ਖਿਡਾਰੀਆਂ ਬਲਜਿੰਦਰ ਨੀਲੋਂ, ਮੌਲਾ, ਲੈਰੀ, ਵਿਕੀ ਸੰਮੀਪੁਰੀਆ, ਨਵੀ ਜੌਹਲ, ਬਿੱਟੂ ਬਰਨਾਲਾ, ਰਾਣਾ ਸਿਧਵਾਂ, ਹਨੀ, ਤਾਰੀ, ਬੱਲੀ, ਬਾਜ, ਬਲਜੀਤ, ਬਿੱਕਰ, ਪ੍ਰੀਤ ਤਲਵਣ ਅਤੇ ਜਿੰਦ ਨੇ ਵਧੀਆ ਕਬੱਡੀ ਦਾ ਮੁਜਾਹਰਾ ਕਰਕੇ ਦਰਸ਼ਕਾਂ ਦੀ ਭਰਪੂਰ ਵਾਹਵਾ ਖੱਟੀ। ਦਰਸ਼ਕਾਂ ਨੇ ਵੀ ਇਕੱਲੀ ਇਕੱਲੀ ਰੇਡ ਅਤੇ ਇਕੱਲੇ ਇਕੱਲੇ ਸਟਾਪ 'ਤੇ ਡਾਲਰਾਂ ਦੀ ਝੜੀ ਲਾ ਕੇ ਖਿਡਾਰੀਆਂ ਦਾ ਹੌਸਲਾ ਵਧਾਇਆ। ਕਬੱਡੀ ਦੀ ਜੇਤੂ ਟੀਮ ਨੂੰ ਇਨਾਮ ਸਨਮਾਨ ਡੈਫਟਬੋਰਡ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਦਿੱਤਾ ਗਿਆ ਜਦੋਂਕਿ ਦੂਜੇ ਨੰਬਰ 'ਤੇ ਰਹਿਣ ਵਾਲੀ ਟੀਮ ਦਾ ਮਾਣ-ਸਨਮਾਨ ਗੁਰੂ ਨਾਨਕ ਸਿੱਖ ਸੁਸਾਇਟੀ ਦੀ ਪ੍ਰਬੰਧਕ ਕਮੇਟੀ ਨੇ ਕੀਤਾ।

ਰੱਸਾਕਸ਼ੀ ਦੇ ਮੁਕਾਬਲਿਆਂ ਵਿਚ ਕਾਰਟਰੇਟ, ਨਿਊ ਜਰਸੀ ਦੀ ਟੀਮ ਨੇ ਪਹਿਲਾ ਸਥਾਨ ਹਾਸਲ ਕੀਤਾ ਜਦੋਂਕਿ ਕੈਲੀਫੋਰਨੀਆ ਦੀ ਟੀਮ ਦੂਜੇ ਨੰਬਰ 'ਤੇ ਰਹੀ। ਫੁੱਟਬਾਲ ਮੁਕਾਬਲੇ ਵਿਚ ਫਿਲਾਡੈਲਫੀਆ ਦੀ ਟੀਮ ਦੀ ਸਰਦਾਰੀ ਰਹੀ ਜਦੋਂਕਿ ਦੂਜੇ ਨੰਬਰ 'ਤੇ ਨਿਊ ਯਾਰਕ ਦੀ ਟੀਮ ਰਹੀ। ਵਾਲੀਬਾਲ ਵਿਚ ਪਹਿਲਾ ਨੰਬਰ ਕਾਰਟਰੇਟ ਅਤੇ ਦੂਜਾ ਗਲੈਨ ਰਾਕ, ਨਿਊ ਜਰਸੀ ਦਾ ਰਿਹਾ।

ਇਸ ਖੇਡ ਮੇਲੇ ਦੌਰਾਨ ਵੱਡੇ ਖਿਡਾਰੀਆਂ ਤੋਂ ਇਲਾਵਾ ਕੁੜੀਆਂ ਅਤੇ ਬੱਚਿਆਂ ਦੇ ਫੁੱਟਵਾਲ ਤੇ ਵਾਲੀਬਾਲ ਦੇ ਮੁਕਾਬਲੇ ਵੀ ਕਰਵਾਏ ਗਏ। ਕਬੱਡੀ ਦੀ ਕੁਮੈਂਟਰੀ ਕੈਨੇਡਾ ਤੋਂ ਆਏ ਕੌਮਾਂਤਰੀ ਪੱਧਰ ਦੇ ਕੁਮੈਂਟੇਟਰ ਸੁਖਚੈਨ ਬਰਾੜ ਨੇ ਕੀਤੀ ਅਤੇ ਦਰਸ਼ਕਾਂ ਦਾ ਟੋਟਕਿਆਂ ਨਾਲ ਭਰਪੂਰ ਮਨੋਰੰਜਨ ਕੀਤਾ। ਸ੍ਰੀ ਬਰਾੜ ਦਾ ਸਾਥ ਉਨ੍ਹਾਂ ਦੇ ਸਾਥੀ ਸ਼ਰਮਾ ਨੇ ਦਿਤਾ। ਅਖੀਰ ਵਿਚ ਗੁਰੂ ਨਾਨਕ ਸਿੱਖ ਸੁਸਾਇਟੀ ਸਪੋਰਟਸ ਕਲੱਬ ਨੇ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਖਿਡਾਰੀਆਂ ਅਤੇ ਸਪਾਂਸਰਾਂ ਦਾ ਸਹਿਯੋਗ ਲਈ ਧੰਨਵਾਦ ਕੀਤਾ। ਟੂਰਨਾਮੈਂਟ ਦੀ ਵੀਡੀਓ ਰਿਕਾਰਡਿੰਗ ਫਰੈਂਡਜ਼ ਸਟੂਡੀਓ ਵਾਲੇ ਗੁਰਇੰਦਰ ਸੈਣੀ ਨੇ ਕੀਤੀ। ਟੂਰਨਾਮੈਂਟ ਦੀ ਸੀ ਡੀ ਲੈਣ ਲਈ ਉਸ ਨਾਲ ਸੰਪਰਕ ਫੋਨ 484-802-1452 'ਤੇ ਕੀਤਾ ਜਾ ਸਕਦਾ ਹੈ।

## ਮੰਗੇਤਰ ਨਾਲ ਫੋਨ 'ਤੇ ਗੱਲ ਕਰਨੀ ਗ਼ਲਤ

**ਨਵੀਂ ਦਿੱਲੀ:** ਦਾਰੂਲ ਉਲੂਮ ਦੇਵਬੰਦ ਨੇ ਆਪਣੇ ਇਕ ਨਵੇਂ ਫਤਵੇ 'ਚ ਕਿਹਾ ਹੈ ਕਿ ਕੁੜਮਾਈ ਤੋਂ ਬਾਅਦ ਮੰਗੇਤਰ ਨਾਲ ਬਿਨਾਂ ਕਿਸੇ ਜਾਇਜ਼ ਕਾਰਨ ਦੇ ਫੋਨ 'ਤੇ ਗੱਲ ਕਰਨੀ ਇਸਲਾਮ ਦੇ ਵਿਰੁਧ ਹੈ। ਦਾਰੂਲ ਦੀ ਵੈੱਬਸਾਈਟ 'ਤੇ ਇਸ ਬਾਰੇ ਫਤਵਾ ਜਾਰੀ ਕੀਤਾ ਗਿਆ ਹੈ। ਜੇ ਬੱਚਿਆਂ ਦੇ ਮਾਤਾ-ਪਿਤਾ ਨੇ ਪ੍ਰਵਾਨਗੀ ਦਿੱਤੀ ਹੋਈ ਹੈ ਤਾਂ ਉਨ੍ਹਾਂ ਨੂੰ ਇਸ 'ਤੇ ਕੋਈ ਇਤਰਾਜ਼ ਨਹੀਂ ਪਰ ਜੇ ਪ੍ਰਵਾਨਗੀ ਨਹੀਂ ਹੈ ਤਾਂ ਫਿਰ ਇਤਰਾਜ਼ ਹੈ।


ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ


Attorny At Law

**Law Offices Of Jaspreet Singh**

4491 W. Shaw Ave., Suite 300 B (Near Costco) Fresno, CA 93722 Ph: 559-271-5511

44790 S. Grimmer Blvd. #204 Fremont CA-94538 Ph:510-657-6444 Fax: 510-657-6443

2945 W. Capitol Ave, Sacramento CA-95691 Ph: 916-372-4448 Fax: 916-372-4440



**Short Sale Specialist**
**Certified HAFA Specialist**

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869

ਜੇ ਤੁਹਾਡੇ ਘਰ ਉਤੇ ਲੋਨ ਬਹੁਤ ਜ਼ਿਆਦਾ ਹੈ ਅਤੇ ਘਰ ਦੀ ਕੀਮਤ ਅੱਜ ਦੀ ਮਾਰਕਿਟ ਕੀਮਤ ਅਨੁਸਾਰ ਬਹੁਤ ਘੱਟ ਹੈ, ਮਿਸਾਲ ਵਜੋਂ ਤੁਹਾਡੇ ਘਰ 'ਤੇ ਲੋਨ 5 ਲੱਖ ਡਾਲਰ ਹੈ ਅਤੇ ਘਰ ਦੀ ਕੀਮਤ ਢਾਈ-ਤਿੰਨ ਲੱਖ ਡਾਲਰ ਹੀ ਰਹਿ ਗਈ ਹੈ ਤਾਂ ਤੁਸੀਂ ਸ਼ਾਰਟ ਸੇਲ ਦਾ ਲਾਭ ਉਠਾ ਸਕਦੇ ਹੋ।



CERTIFIED HAFA SPECIALIST
Gurbans Gill

ਸ਼ਾਰਟ ਸੇਲ 'ਤੇ ਘਰ ਵੇਚਣ ਨਾਲ ਤੁਹਾਡਾ ਕਰੈਡਿਟ ਬਹੁਤ ਘੱਟ ਸਮੇਂ ਲਈ ਖਰਾਬ ਹੋਵੇਗਾ ਅਤੇ ਤੁਸੀਂ ਸਾਲ-ਡੇਢ ਸਾਲ ਵਿਚ ਦੁਬਾਰਾ ਘਰ ਲੈਣ ਲਈ ਕੁਆਲੀਫਾਈ ਕਰ ਸਕਦੇ ਹੋ। ਦੂਜੇ ਪਾਸੇ ਜੇ ਤੁਹਾਡਾ ਘਰ ਫੋਰਕਲੋਜ਼ਰ ਵਿਚ ਜਾਂਦਾ ਹੈ ਤਾਂ ਤੁਹਾਡਾ ਕਰੈਡਿਟ ਸੱਤ ਸਾਲ ਜਾਂ ਇਸ ਤੋਂ ਵੀ ਵੱਧ ਸਮੇਂ ਲਈ ਖਰਾਬ ਹੋ ਸਕਦਾ ਹੈ। ਜੇ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤਾਂ ਸ਼ਾਰਟ ਸੇਲ ਰਾਹੀਂ ਘਰ ਵੇਚਣ ਨਾਲ ਤੁਹਾਡਾ ਕਰੈਡਿਟ ਬਿਲਕੁਲ ਖਰਾਬ ਨਹੀਂ ਹੋਵੇਗਾ।

ਜੇ ਤੁਸੀਂ ਲੋਨ ਮੋਡੀਫਿਕੇਸ਼ਨ ਵਾਸਤੇ ਅਪਲਾਈ ਕੀਤਾ ਸੀ ਅਤੇ ਤੁਹਾਡਾ ਲੋਨ ਮੋਡੀਫਾਈ ਨਹੀਂ ਹੋਇਆ ਤਦ ਵੀ ਤੁਹਾਡਾ ਘਰ ਸ਼ਾਰਟ ਸੇਲ 'ਤੇ ਵੇਚ ਸਕਦੇ ਹਾਂ ਅਤੇ ਡੀਲ ਕਲੋਜ਼ ਹੋਣ ਤੱਕ ਤੁਸੀਂ ਆਰਾਮ ਨਾਲ ਆਪਣੇ ਘਰ ਵਿਚ ਰਹਿ ਸਕਦੇ ਹੋ।

***ਅਸੀਂ ਤੁਹਾਡਾ ਘਰ ਸ਼ਾਰਟ ਸੇਲ 'ਤੇ ਵੇਚ ਸਕਦੇ ਹਾਂ।***

ਅਸੀਂ ਟਰੇਸੀ, ਮਾਊਨਟੇਨ ਹਾਊਸ, ਮਨਟੀਕਾ, ਲੈਥਰੋਪ, ਸਟਾਕਟਨ, ਐਲਕ ਗਰੂਵ, ਸੈਕਰਾਮੈਂਟੋ ਇਲਾਕੇ ਵਿਚ ਬਹੁਤ ਘਰ ਸ਼ਾਰਟ ਸੇਲ ਵਿਚ ਵੇਚ ਚੁਕੇ ਹਾਂ।


Gurbans Singh Gill
Realtor
13 Years Experiance
in Real Estate
e-mail:gurbans@gotracy.com

REALTY WORLD Millennium

Fax:209-836-0706
www.gotracy.com

**Gurbans Gill 209-815-1869**







ਆਪਣੇ ਅਤੇ ਆਪਣੇ ਪਰਿਵਾਰ ਲਈ ਵਧੀਆ ਕੁਲਲਿਟੀ ਅਤੇ ਸਸਤੀਆਂ ਦਰਾਂ ਤੇ

ਮੈਡੀਕਲ ਇੰਸ਼ੋਰੈਂਸ
ਅਤੇ ਲਾਈਫ ਇੰਸ਼ੋਰੈਂਸ
ਲੈਣ ਲਈ ਇਕੋ ਭਰੋਸੇਮੰਦ ਨਾਮ ਹਮੇਸ਼ਾ ਯਾਦ ਰੱਖੋ
ਮੇਜਰ ਸਿੰਘ ਚੌਹਾਨ

**Sacramento Office**
2377 Gold Meadow Way,
Suite 157, Gold River CA 95670

**Bakersfield Office**
PO Box 40728
Bakersfield CA 93384

**Fremont Office**
39650 Liberty St. #200
Fremont CA 94538


Major Singh Chauhan
AGENT
CA Ins. Lic #0D36632
New York Life Insurance Company

Cell:916-337-1683
Off :661-369-4865
Off :916-983-4890
Fax :916-984-0110
Fax :888-327-6115

mc101048@gmail.com

THE COMPANY YOU KEEP

# ਪੰਜਾਬ ਟਾਈਮਜ਼

ਸਨਿਚਰਵਾਰ, 14 ਅਗਸਤ 2010


ਮਨੁੱਖੀ ਮਨ ਦੀਆਂ ਉਚਾਈਆਂ ਦਾ ਨਾ ਕੋਈ ਹੱਦ-ਬੰਨਾ ਹੈ, ਨਾ ਇਸ ਦੀਆਂ ਨਿਵਾਣਾਂ ਦੀ ਕੋਈ ਥਾਹ। -ਨਾਨਕ ਸਿੰਘ

## ਕਾਮਨਵੈਲਥ ਖੇਡਾਂ ਤੇ ਭ੍ਰਿਸ਼ਟਾਚਾਰ

ਕਾਮਨਵੈਲਥ ਖੇਡਾਂ ਹੋਣ ਵਿਚ ਬਹੁਤ ਘੱਟ ਸਮਾਂ ਰਹਿ ਗਿਆ ਹੈ ਪਰ ਇਸ ਨਾਲ ਜੁੜੇ ਪ੍ਰਾਜੈਕਟਾਂ ਵਿਚ ਭ੍ਰਿਸ਼ਟਾਚਾਰ ਦਾ ਮਸਲਾ ਇਸ ਤਰ੍ਹਾਂ ਉਭਰਿਆ ਹੈ ਕਿ ਇਸ ਉਪਰ ਵਿਵਾਦ ਥੰਮਣ ਦਾ ਨਾਂ ਨਹੀਂ ਲੈ ਰਿਹਾ। ਇਸ ਸੰਬੰਧੀ ਗੱਲ ਕਰਦਿਆਂ ਕੇਂਦਰੀ ਖੇਡ ਮੰਤਰੀ ਸ. ਐਮ. ਐਸ. ਗਿੱਲ ਨੇ ਰਾਜ ਸਭਾ ਵਿਚ ਕਿਹਾ ਕਿ ਰਾਸ਼ਟਰ ਮੰਡਲ ਖੇਡਾਂ ਦੇ ਸੰਬੰਧੀ ਉਸਾਰੇ ਜਾ ਰਹੇ ਪ੍ਰਾਜੈਕਟਾਂ ਵਿਚ ਭ੍ਰਿਸ਼ਟਾਚਾਰ ਬਾਰੇ ਸ਼ਿਕਾਇਤਾਂ ਦੀ ਬਾਕਾਇਦਾ ਜਾਂਚ ਕੀਤੀ ਜਾਵੇਗੀ। ਉਨ੍ਹਾਂ ਆਖਿਆ ਹੈ ਕਿ ਜਦੋਂ ਖੇਡਾਂ ਵਿਚ ਸਿਰਫ 55 ਦਿਨ ਬਾਕੀ ਰਹਿ ਗਏ ਹਨ ਤਾਂ ਇਨ੍ਹਾਂ ਸੰਬੰਧੀ ਪ੍ਰਕਿਰਿਆ ਨੂੰ ਰੋਕਿਆ ਨਹੀਂ ਜਾ ਸਕਦਾ ਸਗੋਂ ਖੇਡਾਂ ਦਾ ਆਯੋਜਨ ਸਾਨੂੰ ਹਰ ਹੀਲੇ ਕਰਨਾ ਹੀ ਪਵੇਗਾ। ਉਨ੍ਹਾਂ ਇਕ ਪੰਜਾਬੀ ਕਹਾਵਤ ਵਰਤਦਿਆਂ ਕਿਹਾ ਕਿ ਜੰਞ ਸਾਡੇ ਬੂਹੇ ਆਈ ਖੜ੍ਹੀ ਹੈ ਅਤੇ ਸਾਨੂੰ ਇਸ ਦਾ ਸਵਾਗਤ ਕਰਨਾ ਹੀ ਪਵੇਗਾ। ਉਧਰ ਵਿਰੋਧੀ ਪਾਰਟੀਆਂ ਭਾਰਤੀ ਜਨਤਾ ਪਾਰਟੀ ਅਤੇ ਮਾਰਕਸਵਾਦੀ ਪਾਰਟੀ ਨੇ ਖੇਡਾਂ ਦੀ ਤਿਆਰੀ ਵਿਚ ਵੱਡੀ ਲੁੱਟ-ਖਸੁੱਟ ਹੋ ਰਹੀ ਹੋਣ ਦੇ ਦੋਸ਼ ਲਾਏ ਹਨ। ਭਾਜਪਾ ਆਗੂ ਸ੍ਰੀ ਪ੍ਰਕਾਸ਼ ਜਾਵੇਦਕਰ ਅਤੇ ਮਾਰਕਸੀ ਪਾਰਟੀ ਦੀ ਆਗੂ ਸ੍ਰੀਮਤੀ ਵਰਿੰਦਾ ਕਾਰਤ ਨੇ ਖੇਡਾਂ ਦੀ ਤਿਆਰੀ 'ਚ ਹੋ ਰਹੀ ਦੇਰੀ ਅਤੇ ਭ੍ਰਿਸ਼ਟਾਚਾਰ ਦਾ ਜ਼ੋਰਦਾਰ ਸ਼ਬਦਾਂ 'ਚ ਵਿਰੋਧ ਕੀਤਾ। ਇਨ੍ਹਾਂ ਵਲੋਂ ਇਸ ਦੀ ਪੜਤਾਲ ਲਈ ਸਾਂਝੀ ਜਾਂਚ ਕਮੇਟੀ ਕਾਇਮ ਕਰਨ ਦੀ ਮੰਗ ਵੀ ਕੀਤੀ ਗਈ ਪਰ ਖੇਡ ਮੰਤਰੀ ਸ. ਗਿੱਲ ਨੇ ਇਸ ਨੂੰ ਸਪੱਸ਼ਟ ਰੂਪ ਵਿਚ ਰੱਦ ਕਰ ਦਿੱਤਾ। ਉਨ੍ਹਾਂ ਕਿਹਾ ਕਿ ਅਜਿਹੀਆਂ ਕਮੇਟੀਆਂ ਕੁਝ ਨਹੀਂ ਸੰਵਾਰਨਗੀਆਂ ਸਗੋਂ ਸਾਨੂੰ ਖੇਡਾਂ ਲਈ ਤਿਆਰ ਹੋ ਜਾਣਾ ਚਾਹੀਦਾ ਹੈ।

ਯਾਦ ਰਹੇ, ਪਿਛਲੇ ਦਿਨੀਂ ਕੇਂਦਰੀ ਵਿਜੀਲੈਂਸ ਕਮਿਸ਼ਨ ਅਤੇ ਕੈਗ ਵਲੋਂ ਜਾਰੀ ਕੀਤੀਆਂ ਗਈਆਂ ਰਿਪੋਰਟਾਂ ਵਿਚ ਕਾਮਨਵੈਲਥ ਖੇਡਾਂ ਨਾਲ ਜੁੜੇ ਪ੍ਰਾਜੈਕਟਾਂ ਵਿਚ ਵਿਆਪਕ ਪੱਧਰ 'ਤੇ ਭ੍ਰਿਸ਼ਟਾਚਾਰ ਹੋਣ ਦੀਆਂ ਖ਼ਬਰਾਂ ਛਪੀਆਂ ਸਨ। ਇਹ ਵੀ ਸਾਹਮਣੇ ਆਇਆ ਸੀ ਕਿ ਇਸ ਭ੍ਰਿਸ਼ਟਾਚਾਰ ਵਿਚ ਸ਼ਹਿਰੀ ਵਿਕਾਸ ਮੰਤਰਾਲੇ ਅਤੇ ਦਿੱਲੀ ਨਗਰ ਨਿਗਮ ਦੇ ਬਹੁਤ ਸਾਰੇ ਅਧਿਕਾਰੀ ਸ਼ਾਮਲ ਹਨ। ਇਸ ਤੋਂ ਇਲਾਵਾ ਭਾਰਤੀ ਓਲੰਪਿਕ ਐਸੋਸੀਏਸ਼ਨ ਦੇ ਮੁਖੀ ਸ੍ਰੀ ਸੁਰੇਸ਼ ਕਲਮਾਡੀ ਅਤੇ ਉਨ੍ਹਾਂ ਦੇ ਕਈ ਸਾਥੀ ਅਧਿਕਾਰੀਆਂ ਉਪਰ ਵੀ ਭ੍ਰਿਸ਼ਟਾਚਾਰ ਦੇ ਦੋਸ਼ ਲੱਗੇ ਸਨ। ਇਸ ਦੇ ਮੱਦੇਨਜ਼ਰ ਰਾਸ਼ਟਰਮੰਡਲ ਖੇਡਾਂ ਸੰਬੰਧੀ ਇੰਤਜ਼ਾਮੀਆ ਕਮੇਟੀ ਨੇ 3 ਦਾਗੀ ਅਧਿਕਾਰੀਆਂ ਨੂੰ ਮੁਅੱਤਲ ਅਤੇ ਆਸਟ੍ਰੇਲੀਆ ਦੀ ਇਕ ਕੰਪਨੀ ਨਾਲ ਬਹੁ-ਕਰੋੜੀ ਇਕਰਾਰਨਾਮਾ ਮਨਸੂਖ ਕਰ ਦਿੱਤਾ ਹੈ। ਜਿਨ੍ਹਾਂ ਅਧਿਕਾਰੀਆਂ ਦੀ ਛਾਂਟੀ ਕੀਤੀ ਗਈ ਹੈ, ਉਨ੍ਹਾਂ ਵਿਚ ਇੰਤਜ਼ਾਮੀਆ ਕਮੇਟੀ ਦੇ ਪ੍ਰਧਾਨ ਸੁਰੇਸ਼ ਕਲਮਾਡੀ ਦੇ ਕਰੀਬੀ ਤੇ ਜੁਆਇੰਟ ਡਾਇਰੈਕਟਰ ਜਨਰਲ ਪੀ. ਐਸ. ਦਰਬਾਰੀ, ਡਿਪਟੀ ਡਾਇਰੈਕਟਰ ਜਨਰਲ ਸੰਜੇ ਮਹਿੰਦਰੂ ਅਤੇ ਜਾਇੰਟ ਡਾਇਰੈਕਟਰ ਜਨਰਲ ਅਕਾਊਂਟਸ ਐਮ. ਜੈਚੰਦਰਨ ਸ਼ਾਮਲ ਹਨ।

ਕਾਮਨਵੈਲਥ ਖੇਡਾਂ ਦੀ ਤਿਆਰੀ ਦੇ ਸੰਬੰਧ 'ਚ ਚਲ ਰਹੇ ਪ੍ਰਾਜੈਕਟਾਂ ਵਿਚੋਂ ਭ੍ਰਿਸ਼ਟਾਚਾਰ ਦੀਆਂ ਖ਼ਬਰਾਂ ਆਉਣ ਕਾਰਨ ਵਿਰੋਧੀ ਧਿਰ ਸੰਸਦ ਵਿਚ ਇਸ ਮੁੱਦੇ ਨੂੰ ਜ਼ੋਰ-ਸ਼ੋਰ ਨਾਲ ਉਠਾ ਰਹੀ ਹੈ। ਵਿਰੋਧੀ ਧਿਰ ਵਲੋਂ ਇਸਨੂੰ ਦੇਸ਼ ਦੀ ਆਨ, ਇੱਜ਼ਤ ਨਾਲ ਵੀ ਜੋੜਿਆ ਜਾ ਰਿਹਾ ਹੈ। ਉਂਞ ਸਰਕਾਰੀ ਪੱਖ ਦਾ ਆਖਣਾ ਹੈ ਕਿ ਭਾਵੇਂ ਰਾਸ਼ਟਰਮੰਡਲ ਖੇਡਾਂ ਨਾਲ ਸੰਬੰਧਤ ਪ੍ਰਾਜੈਕਟ ਭ੍ਰਿਸ਼ਟਾਚਾਰ ਦੀ ਜੱਦ 'ਚ ਦਿਖਾਈ ਦਿੰਦੇ ਹਨ ਪਰ ਦੇਸ਼ ਦੀ ਆਨ, ਇੱਜ਼ਤ ਨੂੰ ਇਸਦੇ ਨਾਲ ਨਹੀਂ ਜੋੜਿਆ ਜਾਣਾ ਚਾਹੀਦਾ। ਫਿਰ ਵੀ ਇਹ ਤੱਥ ਅਫਸੋਸਨਾਕ ਹੈ ਕਿ ਸਿਰ ਚੜ੍ਹ ਆਈਆਂ ਖੇਡਾਂ ਸੰਬੰਧੀ ਵਿਵਾਦ ਹਾਲੇ ਵੀ ਜਾਰੀ ਹਨ ਜਦੋਂਕਿ ਚਾਹੀਦਾ ਇਹ ਸੀ ਕਿ ਦੇਸ਼ ਅਤੇ ਇਸਦੇ ਅਧਿਕਾਰੀ ਇਨ੍ਹਾਂ ਖੇਡਾਂ ਦੇ ਆਯੋਜਨ ਨੂੰ ਸਾਫ-ਸੁਥਰੇ ਢੰਗ ਨਾਲ ਨੇਪਰੇ ਚਾੜ੍ਹਨ ਲਈ ਨਿਸ਼ਕਾਮ ਰੂਪ 'ਚ ਜੁਟ ਜਾਂਦੇ।

ਕੁਝ ਧਿਰਾਂ ਵਲੋਂ ਇਹ ਸਵਾਲ ਵੀ ਉਠਾਇਆ ਜਾ ਰਿਹਾ ਹੈ ਕਿ ਜਦੋਂ ਭਾਰਤੀ ਸਮਾਜ 'ਚ ਭ੍ਰਿਸ਼ਟਾਚਾਰ ਉਂਞ ਹੀ ਵੱਡੀ ਪੱਧਰ 'ਤੇ ਫੈਲਿਆ ਹੋਇਆ ਹੈ ਤਾਂ 40 ਹਜ਼ਾਰ ਕਰੋੜ ਰੁਪਏ ਦੇ ਖਰਚੇ ਨਾਲ ਹੋ ਰਹੀਆਂ ਕਾਮਨਵੈਲਥ ਖੇਡਾਂ ਇਸ ਤੋਂ ਰਹਿਤ ਕਿੰਦਾਂ ਹੋ ਸਕਦੀਆਂ ਹਨ। ਖਾਸ ਕਰਕੇ ਉਦੋਂ, ਜਦੋਂ ਇਨ੍ਹਾਂ ਦਾ ਆਯੋਜਨ ਸਿਆਸਤਦਾਨਾਂ, ਭ੍ਰਿਸ਼ਟ ਅਫ਼ਸਰਸ਼ਾਹੀ ਅਤੇ ਬਾਬੂਆਂ ਦੀ ਫੌਜ ਦੇ ਹੱਥਾਂ 'ਚ ਹੈ। ਇਥੇ ਇਹ ਦੱਸਣਾ ਵੀ ਵਾਜਬ ਹੋਵੇਗਾ ਕਿ ਜਦੋਂ ਮੁਲਕ ਕਥਿਤ ਰੂਪ ਵਿਚ 8 ਫੀਸਦੀ ਦੀ ਦਰ ਨਾਲ ਵਿਕਾਸ ਕਰ ਰਿਹਾ ਹੈ ਤਾਂ ਦੇਸ਼ 'ਚ ਭ੍ਰਿਸ਼ਟਾਚਾਰ ਹੋਰ ਵਧੇਰੇ ਵਧ ਰਿਹਾ ਹੈ। ਟਰਾਂਸਪੈਰੰਸੀ ਇੰਟਰਨੈਸ਼ਨਲ ਨੇ ਆਪਣੇ ਭ੍ਰਿਸ਼ਟਾਚਾਰ ਸੂਚਕ ਅੰਕ 'ਚ ਭਾਰਤ ਨੂੰ 85ਵੇਂ ਸਥਾਨ 'ਤੇ ਰੱਖਿਆ ਹੈ। ਜਦੋਂ ਕੋਈ ਸਮਾਜ ਭ੍ਰਿਸ਼ਟਾਚਾਰ ਵਿਚ ਇਸ ਤਰ੍ਹਾਂ ਗਲ ਤੱਕ ਡੁੱਬਾ ਹੋਵੇ, ਉਦੋਂ ਏਨੇ ਵੱਡੇ ਪੈਮਾਨੇ 'ਤੇ ਹੋ ਰਹੀਆਂ ਕਾਮਨਵੈਲਥ ਖੇਡਾਂ ਇਸ ਤੋਂ ਮੁਕਤ ਨਹੀਂ ਹੋ ਸਕਦੀਆਂ। ਇੰਝ ਅਸੀਂ ਫਿਰ ਇਸੇ ਸਿੱਟੇ 'ਤੇ ਪਹੁੰਚਦੇ ਹਾਂ ਕਿ ਖੇਡਾਂ ਦੀ ਮੈਨੇਜਮੈਂਟ ਨਹੀਂ ਸਗੋਂ ਭ੍ਰਿਸ਼ਟਾਚਾਰ ਹੀ ਇਸ ਮੁਲਕ ਦੀ ਸਭ ਤੋਂ ਵੱਡੀ ਬਿਮਾਰੀ ਹੈ। ਭ੍ਰਿਸ਼ਟਾਚਾਰ ਦੇ ਕਾਰਨ ਹੀ ਖੇਡ ਅਧਿਕਾਰੀ, ਖੇਡ ਫੈਡਰੇਸ਼ਨਾਂ ਨੂੰ ਆਪਣੀ ਜਾਗੀਰ ਸਮਝਦੇ ਹਨ। ਭਾਰਤੀ ਓਲੰਪਿਕ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਸੁਰੇਸ਼ ਕਲਮਾਡੀ 20 ਸਾਲਾਂ ਤੋਂ ਐਥਲੈਟਿਕ ਫੈਡਰੇਸ਼ਨ ਦੇ ਪ੍ਰਧਾਨ ਹਨ ਅਤੇ 14 ਸਾਲ ਤੋਂ ਉਹ ਓਲੰਪਿਕ ਐਸੋਸੀਏਸ਼ਨ ਚਲਾ ਰਹੇ ਹਨ। ਇਸਦੇ ਬਾਵਜੂਦ ਖੇਡਾਂ 'ਚ ਭਾਰਤ ਦੀਆਂ ਪ੍ਰਾਪਤੀਆਂ ਸਮੂਹਿਕ ਰੂਪ 'ਚ ਸਿਫ਼ਰ ਹਨ। ਸ੍ਰੀ ਕਲਮਾਡੀ ਹੁਣ ਭਾਰਤੀ ਹਾਕੀ ਫੈਡਰੇਸ਼ਨ ਉਪਰ ਵੀ ਕਬਜ਼ਾ ਜਮਾਉਣ ਲਈ ਕਾਹਲੇ ਹਨ। ਉਨ੍ਹਾਂ ਦੀ ਹਮਾਇਤੀ ਵਿੱਦਿਆ ਸਟੋਕਸ ਨੇ ਪ੍ਰਗਟ ਸਿੰਘ ਨੂੰ ਹਰਾ ਕੇ ਭਾਵੇਂ ਹਾਕੀ ਇੰਡੀਆ ਦੀ ਚੋਣ ਜਿੱਤ ਲਈ ਪਰ ਕੇਂਦਰੀ ਖੇਡ ਮੰਤਰਾਲੇ ਨੇ ਇਸਦੀ ਮਾਨਤਾ ਹੀ ਰੱਦ ਕਰ ਦਿੱਤੀ। ਇੰਝ ਭਾਰਤੀ ਖੇਡਾਂ ਦੇ ਮਾਮਲੇ ਵਿਚ ਸਿਆਸਤ ਦਾ ਦਖਲ ਘਟਣ ਦੀ ਬਜਾਏ ਹੋਰ ਵਧ ਰਿਹਾ ਹੈ ਪਰ ਖੇਡਾਂ ਦਾ ਮਿਆਰ ਲਗਾਤਾਰ ਹੇਠਾਂ ਡਿੱਗ ਰਿਹਾ ਹੈ। ਸਿਆਸਤਦਾਨਾਂ ਨੂੰ ਆਪਣੀ ਸਿਆਸਤ ਦੀ ਚਿੰਤਾ ਹੈ, ਖੇਡਾਂ ਦੀ ਨਹੀਂ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਸਰਨੇ ਦੀ ਸਫਲਤਾ!

ਤਲਬ ਕਰਨ ਲਈ 'ਕੁੰਡੀ' ਜਦ ਪਾਈਦੀ ਏ, ਪੇਸ਼ ਹੋਣ ਤੋਂ ਕਦੇ ਕਿਉਂ ਨੱਸਦਾ ਨਹੀਂ?<br>
ਬੈਠਾ ਤਖ਼ਤ 'ਤੇ ਸਾਡਾ ਧਨੁਸ਼ਧਾਰੀ, ਐਪਰ ਉਹਦੇ 'ਤੇ ਤੀਰ ਕਿਉਂ ਕੱਸਦਾ ਨਹੀਂ?<br>
ਤਿੱਖੇ ਵਾਰ ਨੂੰ ਪਲਾਂ ਵਿਚ ਕਰੇ ਖੁੰਢਾ, ਗੁੱਝਾ ਭੇਦ ਕੀ, ਕਿਸੇ ਨੂੰ ਦੱਸਦਾ ਨਹੀਂ?<br>
ਸਾਡੀ ਹੈਂਕੜ ਦੇ ਨਾਗ ਤੋਂ ਡਰਨ ਸਾਰੇ, ਵੱਡਾ ਜ਼ਹਿਰੀ ਏ ਉਹਦੇ ਕਿਉਂ ਡੱਸਦਾ ਨਹੀਂ?<br>
ਜਾਪੇ ਉਹਦੇ 'ਤੇ ਅਸਰ ਕੋਈ ਹੋਣ ਵਾਲਾ, ਧੌਂਸ ਧੱਕੇ ਵਾਲੇ ਸਾਡੇ ਜੱਸ ਦਾ ਨਹੀਂ!<br>
ਜਥੇਦਾਰਾਂ ਦੇ 'ਆਕਾ' ਪ੍ਰੇਸ਼ਾਨ ਫਿਰਦੇ, ਸਰਨਾ 'ਬਾਦਲੀ-ਜਾਲ' ਵਿਚ ਫਸਦਾ ਨਹੀਂ!

# ਸਾਡੇ ਮਿੱਤਰ ਕਿਟਾਣੂ

ਸ਼ੁਰੂ ਤੋਂ ਆਪਾਂ ਇਹੋ ਸੁਣਦੇ ਆਏ ਹਾਂ ਕਿ ਸਾਡੀਆਂ ਬਹੁਤੀਆਂ ਬਿਮਾਰੀਆਂ ਦਾ ਕਾਰਨ ਕਿਟਾਣੂ ਹੁੰਦੇ ਹਨ। ਜੇਕਰ ਸਰੀਰ ਦੀ ਸਫਾਈ ਕਰਦੇ ਰਹੋ, ਆਪਣੇ ਆਲੇ ਦੁਆਲੇ ਨੂੰ ਸਾਫ ਸੁਥਰਾ ਰੱਖੋ ਤਾਂ ਬਿਮਾਰੀਆਂ ਤੋਂ ਬਚੇ ਰਹੋਗੇ। ਗੱਲ ਇਹ ਬੇਸ਼ੱਕ ਠੀਕ ਹੈ ਅਤੇ ਇਸ ਵਿਚ ਕੋਈ ਸ਼ੱਕ ਦੀ ਗੁੰਜਾਇਸ਼ ਨਹੀਂ ਪਰ ਇਕ ਹੋਰ ਇਸ ਤੋਂ ਵੀ ਵੱਡੀ ਸੱਚਾਈ ਹੈ ਜਿਸਦਾ ਅਹਿਸਾਸ ਹੋਣਾ

ਡਾ. ਰਛਪਾਲ ਸਹੋਤਾ, ਸਿਨਸਿਨੈਟੀ

ਵੀ ਆਪਣੇ ਲਈ ਬਹੁਤ ਜ਼ਰੂਰੀ ਹੈ। 12 ਜੁਲਾਈ 2010 ਦੇ ਨਿਊ ਯਾਰਕ ਟਾਈਮਜ਼ ਅਖ਼ਬਾਰ ਵਿਚ ਕਾਰਲ ਜ਼ਿਮਰ, ਦਾ ਇਕ ਬਹੁਤ ਸੋਹਣਾ ਲੇਖ ਛਪਿਆ ਹੈ, ਜਿਸ ਵਿਚ ਉਹ ਮਿਨੀਸੋਟਾ ਯੂਨੀਵਰਸਿਟੀ ਦੇ ਹਸਪਤਾਲ ਵਿਚ ਦਾਖਲ ਹੋਈ ਇਕ ਔਰਤ ਦਾ ਜ਼ਿਕਰ ਕਰਦਾ ਹੈ। ਔਰਤ ਨੂੰ ਟੱਟੀਆਂ ਲੱਗੀਆਂ ਸਨ ਅਤੇ ਟੱਟੀਆਂ ਵੀ ਅਜਿਹੀਆਂ ਕਿ ਮਰਨ ਕਿਨਾਰੇ ਹੋਈ ਪਈ ਸੀ, ਸਰੀਰ ਇਸ ਰਫਤਾਰ ਨਾਲ ਖੁਰਦਾ ਜਾ ਰਿਹਾ ਸੀ ਕਿ ਕੁਝ ਮਹੀਨਿਆਂ ਵਿਚ ਹੀ 60 ਪੌਂਡ ਭਾਰ ਘਟ ਗਿਆ ਅਤੇ ਬੱਚਿਆਂ ਵਾਂਗੂੰ ਪੱਕਾ ਡਾਇਪਰ ਲਾ ਕੇ ਵਿਚਾਰੀ ਪਹੀਆ ਕੁਰਸੀ ਨਾਲ ਜੁੜ ਚੁੱਕੀ ਸੀ ਅਤੇ ਕੋਈ ਵੀ ਦਵਾਈ ਕੰਮ ਨਹੀਂ ਸੀ ਕਰ ਰਹੀ।

ਅਖੀਰ ਉਹਦੇ ਡਾਕਟਰ, ਡਾ. ਖੋਰੱਟਸ ਨੂੰ ਇਕ ਖਿਆਲ ਆਇਆ ਅਤੇ ਉਹਨੂੰ ਕਿਟਾਣੂ ਇਲਾਜ ਕਰਨ ਦੀ ਸੁੱਝੀ। ਕਿਟਾਣੂ ਇਲਾਜ ਬਹੁਤ ਵਿਰਲੀ ਕਿਸਮ ਦਾ ਇਲਾਜ ਹੈ ਅਤੇ ਪਿਛਲੇ ਕਈ ਦਹਾਕਿਆਂ ਵਿਚ ਸਿਰਫ ਕੁਝ ਵਾਰ ਹੀ, ਦੁਨੀਆਂ ਦੇ ਇਕਾ-ਦੁੱਕਾ ਡਾਕਟਰਾਂ ਨੇ ਇਹ ਇਲਾਜ ਕਰਨ ਦੀ ਹਿੰਮਤ ਕੀਤੀ ਹੈ।

ਕਿਟਾਣੂ ਇਲਾਜ ਦੀ ਗੱਲ ਕਰਨ ਤੋਂ ਪਹਿਲਾਂ ਥੋੜਾ ਕਿਟਾਣੂਆਂ ਬਾਰੇ ਸਮਝਣਾ ਜ਼ਰੂਰੀ ਹੈ। ਆਪਣਾ ਸਰੀਰ ਨਿੱਕੇ ਨਿੱਕੇ ਸੈਲਾਂ ਤੋਂ ਜੁੜ ਕੇ ਬਣਿਆਂ ਹੁੰਦਾ ਹੈ। ਵੱਖੋ ਵੱਖਰੇ ਵਿਗਿਆਨੀਆਂ ਦੇ ਅੰਦਾਜ਼ੇ ਅਨੁਸਾਰ ਸਰੀਰ ਦੀ ਬਣਤਰ ਵਿਚ ਲੱਗੇ ਸੈਲਾਂ ਦੀ ਗਿਣਤੀ 100 ਤੋਂ 500 ਖਰਬ ਹੁੰਦੀ ਹੈ। ਤੁਸੀਂ ਸ਼ਾਇਦ ਯਕੀਨ ਨਾ ਮੰਨੋ, ਆਪਣੇ ਸਰੀਰ ਵਿਚ ਕਿਟਾਣੂਆਂ ਦੀ ਗਿਣਤੀ ਇਸਤੋਂ 10 ਗੁਣਾ ਕਿਤੇ ਜ਼ਿਆਦਾ ਹੁੰਦੀ ਹੈ? ਐਡੀ ਵੱਡੀ ਗਿਣਤੀ ਵਿਚ ਮੌਜੂਦ ਕਿਟਾਣੂ ਆਖਰ ਕੀ ਕਰਦੇ ਨੇ ਅਤੇ ਇਹ ਸਾਨੂੰ ਮਾਰਦੇ ਕਿਉਂ ਨਹੀਂ? ਸਾਡੀਆਂ ਆਪਣੀਆਂ ਸੁਰੱਖਿਆ ਪ੍ਰਣਾਲੀਆਂ, ਜਿਹੜੇ ਕੁਦਰਤ ਨੇ ਕਿਟਾਣੂ ਮਾਰਨ ਲਈ ਹੀ ਬਣਾਈਆਂ ਹਨ, ਇਨ੍ਹਾਂ ਕਿਟਾਣੂਆਂ ਨੂੰ ਕਿਉਂ ਨਹੀਂ ਕੁਝ ਕਹਿੰਦੀਆਂ?

ਅਸਲੀਅਤ ਇਹ ਹੈ ਕਿ ਸਾਰੇ ਕਿਟਾਣੂ ਇਕ ਤਰ੍ਹਾਂ ਦੇ ਨਹੀਂ ਹੁੰਦੇ। ਚੱਲੋ, ਇਸ ਲੇਖ ਦੇ ਮੰਤਵ ਲਈ ਆਪਾਂ, ਇਨਸਾਨ ਨਾਲ ਮਿਤਰਤਾ ਦੇ ਲਿਹਾਜ਼ ਨਾਲ, ਕਿਟਾਣੂਆਂ ਨੂੰ ਦੋ ਟੀਮਾਂ ਵਿਚ ਵੰਡ ਲੈਂਦੇ ਹਾਂ: ਬਿਮਾਰੀ ਫੈਲਾਉਣ ਵਾਲੇ ਜਾਂ ਦੁਸ਼ਮਣ ਕਿਟਾਣੂ ਅਤੇ ਸਾਡੇ ਮਿੱਤਰ ਕਿਟਾਣੂ। ਬਿਮਾਰੀ ਫੈਲਾਉਣ ਵਾਲੇ ਕਿਟਾਣੂ ਬੁਰਾਈ ਕਰਨ ਵਾਲੇ ਇਨਸਾਨਾਂ ਵਾਂਗ ਬਹੁਤਾ ਲੰਮਾ ਨਹੀਂ ਵਿਚਰਦੇ ਅਤੇ ਇਸੇ ਕਰਕੇ ਬੁਰਾਈ ਕਰਨ ਵਾਲੇ ਇਨਸਾਨਾਂ ਵਾਂਗ ਹੀ ਇਨ੍ਹਾਂ ਦੀ ਗਿਣਤੀ ਵੀ ਬਹੁਤ ਘੱਟ ਹੁੰਦੀ ਹੈ। ਜੇਕਰ ਆਪਾਂ ਧਿਆਨ ਨਾਲ ਸੋਚੀਏ ਤਾਂ ਇਨਸਾਨ ਨੂੰ ਬਿਮਾਰ ਕਰਨਾ ਤੇ ਮਾਰ ਦੇਣਾ ਕਿਟਾਣੂਆਂ ਦੇ ਹਿਤ ਵਿਚ ਨਹੀਂ ਹੁੰਦਾ ਕਿਉਂਕਿ ਜਦੋਂ ਇਨਸਾਨ ਮਰ ਗਿਆ ਤਾਂ ਕਿਟਾਣੂਆਂ ਨੂੰ ਨਾਲ ਹੀ ਮਰਨਾ ਪੈਂਦਾ ਹੈ। ਦੂਜੇ ਬੰਨੇ, ਮਿੱਤਰ ਕਿਟਾਣੂ ਆਪਣੇ ਸਰੀਰ ਨਾਲ ਸਿਮਬਾਇਓਟਿਕ ਸੰਬੰਧ ਰੱਖਦੇ ਹਨ-ਇਹਦਾ ਮਤਲਬ ਹੁੰਦਾ ਹੈ ਇਕ-ਦੂਜੇ 'ਤੇ ਨਿਰਭਰਤਾ। ਜਿਵੇਂ ਗੋਰਿਆਂ ਦਾ ਰਿਸ਼ਵਤ ਸੰਬੰਧੀ ਅਖਾਣ ਹੈ, "ਤੂੰ ਮੇਰੀ ਪਿੱਠ 'ਤੇ ਖਾਜ ਕਰ ਮੈਂ ਤੇਰੀ ਪਿੱਠ 'ਤੇ ਖਾਜ ਕਰੂੰ"। ਇਨ੍ਹਾਂ ਆਪਣੇ ਅੰਦਰ ਰਹਿੰਦੇ ਕਿਟਾਣੂਆਂ ਦਾ ਵੀ ਆਪਣੇ ਸਰੀਰ ਨਾਲ ਕੁਝ ਅਜਿਹਾ ਹੀ ਸਮਝੌਤਾ ਕੀਤਾ ਹੁੰਦਾ ਹੈ। ਆਪਣੇ ਸਰੀਰ ਅੰਦਰ ਰਹਿੰਦੇ ਮਿੱਤਰ ਕਿਟਾਣੂਆਂ ਦੀਆਂ ਬਹੁਤ ਕਿਸਮਾਂ ਹਨ। ਵੱਖਰੀ ਵੱਖਰੀ ਕਿਸਮ ਦੇ ਕਿਟਾਣੂ ਸਰੀਰ ਵਿਚ ਵੱਖੋ ਵੱਖਰੇ ਝੁੰਡ ਬਣਾ ਕੇ ਰਹਿੰਦੇ ਹਨ। ਕਿਟਾਣੂਆਂ ਦਾ ਹਰੇਕ ਝੁੰਡ ਸਰੀਰ ਦੇ ਜਿਹੜੇ ਵੀ ਹਿੱਸੇ ਵਿਚ ਤੰਬੂ ਗੱਡੀ ਬੈਠਾ ਹੁੰਦਾ ਹੈ, ਸਰੀਰ ਦੇ ਉਸ ਹਿੱਸੇ ਲਈ ਉਹ ਕੋਈ ਸੇਵਾ ਪ੍ਰਦਾਨ ਕਰਦਾ ਹੈ ਅਤੇ ਬਦਲੇ ਵਿਚ ਸਰੀਰ ਦੇ ਉਸ ਹਿੱਸੇ ਤੋਂ ਕਿਟਾਣੂਆਂ ਨੂੰ ਲੋੜੀਂਦਾ ਵਾਤਾਵਰਣ ਅਤੇ ਖੁਰਾਕ ਮਿਲਦੀ ਹੈ ਅਤੇ ਅਤੇ ਆਪਣੀਆਂ ਸੁਰੱਖਿਆ ਪ੍ਰਣਾਲੀਆਂ ਵੀ ਉਨ੍ਹਾਂ ਨੂੰ ਸਰੀਰ ਦਾ ਹੀ ਇਕ ਅਟੁੱਟ ਅੰਗ ਸਮਝ ਕੇ ਉਨ੍ਹਾਂ ਨੂੰ ਕੁਝ ਨਹੀਂ ਕਹਿੰਦੀਆਂ ਅਤੇ ਦੋਵੇਂ ਧਿਰਾਂ ਖੁਸ਼ੀ ਖੁਸ਼ੀ ਇਕੱਠੀਆਂ ਰਹੀ ਜਾਂਦੀਆਂ ਨੇ।

ਭਾਵੇਂ ਕੁਝ ਕਿਸਮਾਂ ਦੇ ਕਿਟਾਣੂ ਸਾਰੇ ਸਰੀਰ ਵਿਚ ਘੁੰਮ ਸਕਦੇ ਹਨ, ਪਰ ਬਹੁਤੀ ਕਿਸਮ ਦੇ ਕਿਟਾਣੂ ਸਰੀਰ ਦੇ ਖਾਸ ਖਾਸ ਹਿੱਸਿਆਂ ਵਿਚ ਹੀ ਜਿਉਂਦੇ ਰਹਿ ਸਕਦੇ ਹਨ। ਪਹਿਲਾਂ ਵਿਗਿਆਨੀਆਂ ਦਾ ਖਿਆਲ ਸੀ ਕਿ ਆਪਣੇ ਸਰੀਰ ਦੇ ਫੇਫੜਿਆਂ ਵਰਗੇ ਕਈ ਅੰਗ ਹਨ ਜਿਥੇ ਕੋਈ ਕਿਟਾਣੂ ਨਹੀਂ ਰਹਿ ਸਕਦੇ ਪਰ ਅੱਜ ਕੱਲ੍ਹ ਡੀ ਐਨ ਏ ਦਾ ਅਧਿਐਨ ਕਰਨ ਦੀਆਂ ਆਧੁਨਿਕ ਤਕਨੀਕਾਂ ਨੇ ਇਕ ਕਿਸਮ ਦੇ ਕਿਟਾਣੂ ਦੀ ਦੂਜੀਆਂ ਕਿਸਮਾਂ ਦੇ ਕਿਟਾਣੂਆਂ ਤੋਂ ਜਾਂ ਸਰੀਰ ਦੇ ਸੈਲਾਂ ਤੋਂ ਵੱਖਰੀ ਪਹਿਚਾਣ ਕਰਨੀ ਬਹੁਤ ਆਸਾਨ ਕਰ ਦਿੱਤੀ ਹੈ। ਇੰਪੀਰੀਅਲ ਕਾਲਜ ਲੰਡਨ ਦੇ ਸਾਇੰਸਦਾਨ ਹੁਣ ਤੱਕ ਫੇਫੜਿਆਂ ਵਿਚ ਰਹਿੰਦੇ ਕਿਟਾਣੂਆਂ ਦੀਆਂ 128 ਕਿਸਮਾਂ ਦੀ ਪਛਾਣ ਕਰ ਚੁੱਕੇ ਹਨ। ਸਿਰਫ ਮੂੰਹ ਵਿਚ ਰਹਿਣ ਵਾਲੇ ਕਿਟਾਣੂਆਂ ਦੀਆਂ ਹੀ 500 ਤੋਂ 1000 ਤੀਕਰ ਵੱਖਰੀਆਂ ਕਿਸਮਾਂ ਹਨ। ਇਨਸਾਨ ਦਾ ਸਰੀਰ ਤਕਰੀਬਨ 20,000 ਕਿਸਮਾਂ ਦੇ ਵੱਖਰੀ ਤਰ੍ਹਾਂ ਦੇ ਪ੍ਰੋਟੀਨ ਬਣਾਉਣ ਦੀ ਸਮਰੱਥਾ ਰੱਖਦਾ ਹੈ ਪਰ ਆਪਣੇ



ਸਰੀਰ ਵਿਚਲੇ ਕਿਟਾਣੂਆਂ ਦੀ ਪ੍ਰੋਟੀਨ ਬਣਾਉਣ ਦੀ ਸਮਰੱਥਾ ਇਸ ਤੋਂ ਕਿਤੇ ਵੱਧ ਹੁੰਦੀ ਹੈ। ਚੀਨ ਤੇ ਯੂਰਪ ਦੇ ਮਾਹਰਾਂ ਮੁਤਾਬਕ ਸਿਰਫ ਇਨਸਾਨ ਦੀ ਟੱਟੀ ਵਿਚੋਂ ਮਿਲੇ ਕਿਟਾਣੂ ਹੀ 33 ਲੱਖ ਦੇ ਕਰੀਬ ਵੱਖਰੀ ਕਿਸਮ ਦੇ ਪ੍ਰੋਟੀਨ ਬਣਾ ਸਕਦੇ ਹਨ।

ਅੱਜ ਕੱਲ ਦੀਆਂ ਕਿਟਾਣੂ-ਨਾਸ਼ਕ ਦਵਾਈਆਂ, ਭਾਵੇਂ ਦੁਸ਼ਮਣ ਕਿਟਾਣੂਆਂ ਨੂੰ ਮੱਦੇਨਜ਼ਰ ਰੱਖ ਕੇ ਬਣਾਈਆਂ ਜਾਂਦੀਆਂ ਨੇ, ਆਪਣੀ ਕਿਟਾਣੂਆਂ ਬਾਰੇ ਹਾਲੇ ਸਮਝ ਬਹੁਤ ਥੋੜੀ ਹੈ ਅਤੇ ਇਹ ਦਵਾਈਆਂ ਆਪਣੇ ਮਿੱਤਰ ਅਤੇ ਦੁਸ਼ਮਣ ਕਿਟਾਣੂਆਂ ਵਿਚ ਬਹੁਤੀ ਪਹਿਚਾਣ ਨਹੀਂ ਕਰ ਸਕਦੀਆਂ। ਅਕਸਰ ਦੁਸ਼ਮਣ ਨੂੰ ਖਤਮ ਕਰਨ ਦੇ ਨਾਲ ਨਾਲ ਇਹ ਮਿੱਤਰ ਕਿਟਾਣੂਆਂ ਨੂੰ ਵੀ ਖਤਮ ਕਰ ਦਿੰਦੀਆਂ ਨੇ। ਵਧੀਆ ਗੱਲ ਇਹ ਕਿ ਕਿਟਾਣੂ ਬਹੁਤ ਛੇਤੀ ਵਧਦੇ ਨੇ ਅਤੇ ਬਹੁਤੀ ਵਾਰ ਦਵਾਈ ਦਾ ਕਹਿਰ ਖਤਮ ਹੋਣ ਦੇ ਕੁਝ ਦਿਨਾਂ ਵਿਚ ਹੀ ਬਚੇ ਖੁਚੇ ਮਿੱਤਰ ਕਿਟਾਣੂ ਆਪਣੇ ਝੁੰਡ ਦੁਬਾਰਾ ਕਾਇਮ ਕਰਨ ਵਿਚ ਕਾਮਯਾਬ ਹੋ ਜਾਂਦੇ ਹਨ ਪਰ ਹਮੇਸ਼ਾ ਇਸ ਤਰ੍ਹਾਂ ਨਹੀਂ ਹੋ ਸਕਦਾ ਅਤੇ ਬੜੀ ਵਾਰ ਇਹ ਦਵਾਈਆਂ ਸਾਰੇ ਦੇ ਸਾਰੇ ਝੁੰਡ ਨੂੰ ਤਬਾਹ ਕਰ ਦਿੰਦੀਆਂ ਹਨ ਤੇ ਜਾਂ ਕੁਝ ਝੁੰਡਾਂ ਨੂੰ ਐਨਾ ਕਮਜ਼ੋਰ ਕਰ ਦਿੰਦੀਆਂ ਹਨ ਕਿ ਦਵਾਈ ਦਾ ਅਸਰ ਖਤਮ ਹੋਣ ਤੋਂ ਬਾਅਦ, ਪੁਰਾਣੇ ਝੁੰਡਾਂ ਦੀ ਥਾਂ ਉਤੇ ਨਵੀਂ ਤਰ੍ਹਾਂ ਦੇ ਕਿਟਾਣੂ ਕਾਬਜ਼ ਹੋ ਜਾਂਦੇ ਹਨ। ਨਤੀਜੇ ਦੇ ਤੌਰ 'ਤੇ ਇਨ੍ਹਾਂ ਨਵੇਂ ਝੁੰਡਾਂ ਅਤੇ ਸਰੀਰ ਵਿਚਾਲੇ ਬਣਿਆ ਤਾਲ-ਮੇਲ ਖਤਮ ਹੋ ਜਾਂਦਾ ਹੈ।

ਇਸੇ ਤਰ੍ਹਾਂ ਦਾ ਕੁਝ ਸ਼ਾਇਦ ਉਸ ਔਰਤ ਨਾਲ, ਜੋ ਟੱਟੀਆਂ ਦੀ ਬੇਇਲਾਜ ਬਿਮਾਰੀ ਲੈ ਕੇ ਮਿਨੀਸੋਟਾ ਯੂਨੀਵਰਸਿਟੀ ਦੇ ਹਸਪਤਾਲ ਵਿਚ ਦਾਖਲ ਹੋਈ ਸੀ, ਵਾਪਰਿਆ ਸੀ। ਸਰੀਰ ਦੇ ਉਸ ਹਿੱਸੇ ਨੂੰ ਜਿਸ ਵਿਚੋਂ ਦੀ ਖਾਣਾ ਸਾਡੇ ਸਰੀਰ ਵਿਚੋਂ ਦੀ ਲੰਘਦਾ ਹੈ, ਨੂੰ ਡਾਈਜੈਸਟਿਵ ਟਰੈਕ (ਪਾਚਨ ਨਲੀ) ਆਖਦੇ ਨੇ ਤੇ ਇਸ ਅੰਗ ਦਾ ਸਭ ਤੋਂ ਆਖਰੀ ਹਿੱਸਾ ਜਿੱਥੇ ਪਾਖਾਨਾ ਸਰੀਰ ਵਿਚੋਂ ਬਾਹਰ ਨਿਕਲਣ ਤੋਂ ਪਹਿਲਾਂ ਇਕੱਠਾ ਹੁੰਦਾ ਹੈ, ਨੂੰ ਕੋਲਨ ਆਖਦੇ ਨੇ। ਡਾ. ਖੋਰੱਟਸ ਨੇ ਉਸ ਔਰਤ ਦੇ ਕੋਲਨ ਦੇ ਕਿਟਾਣੂਆਂ ਦਾ ਅਧਿਐਨ ਕੀਤਾ ਅਤੇ ਵੇਖਿਆ ਕਿ ਉਹਦੇ ਕੋਲਨ ਵਿਚਲੇ ਕਿਟਾਣੂਆਂ ਦੇ ਝੁੰਡ ਬਿਲਕੁਲ ਵੱਖਰੀ ਕਿਸਮ ਦੇ ਸਨ ਅਤੇ ਆਮ ਇਨਸਾਨ ਦੇ ਕੋਲਨ ਕਿਟਾਣੂਆਂ ਨਾਲ ਮੇਲ ਨਹੀਂ ਸਨ ਖਾਂਦੇ। ਡਾ. ਖੋਰੱਟਸ ਨੇ ਔਰਤ ਦੇ ਪਤੀ ਦਾ ਪਾਖਾਨਾ ਲੈ ਕੇ ਲੂਣ ਵਾਲੇ ਪਾਣੀ ਵਿਚ ਉਸਦਾ ਘੋਲ ਬਣਾਇਆ ਅਤੇ ਔਰਤ ਦੇ ਕੋਲਨ ਵਿਚ ਰੱਖ ਦਿੱਤਾ। ਸਰੀਰ ਅਤੇ ਕਿਟਾਣੂਆਂ ਵਿਚ ਕੁਝ ਅਜਿਹਾ ਸੁਮੇਲ ਹੁੰਦਾ ਹੈ ਕਿ ਜੇਕਰ ਦੋ ਕਿਸਮ ਦੇ ਕਿਟਾਣੂਆਂ ਦਾ ਆਪਸੀ

## ਸਿਹਤ ਵਿਗਿਆਨ

ਮੁਕਾਬਲਾ ਹੋ ਜਾਵੇ ਤਾਂ ਸਰੀਰ ਦੇ ਉਨ੍ਹਾਂ ਕਿਟਾਣੂਆਂ ਦੇ ਜਿੱਤਣ ਦੀ ਸੰਭਾਵਨਾ ਬਹੁਤ ਜ਼ਿਆਦਾ ਹੁੰਦੀ ਜਿਹੜੇ ਸਰੀਰ ਦੇ ਉਸ ਹਿੱਸੇ ਵਿਚ ਰਹਿਣਾ ਗਿੱਝੇ ਹੁੰਦੇ ਹਨ। ਕੁਝ ਦਿਨਾਂ ਵਿਚ ਹੀ ਪਤੀ ਦੇ ਪਾਖਾਨੇ 'ਚੋਂ ਆਏ ਕਿਟਾਣੂਆਂ ਨੇ ਉਥੇ ਰਹਿੰਦੇ ਕਿਟਾਣੂਆਂ ਨੂੰ ਖਤਮ ਕਰਕੇ ਆਪਣਾ ਅੱਡਾ ਜਮਾ ਲਿਆ ਅਤੇ ਪਤਨੀ, ਜੋ ਮੌਤ ਦਾ ਦਰਵਾਜ਼ਾ ਖਟਖਟਾ ਰਹੀ ਸੀ, ਕੁਝ ਦਿਨਾਂ ਵਿਚ ਹੀ ਨੌਂ ਬਰ ਨੌਂ ਹੋ ਕੇ ਘਰ ਪਰਤ ਗਈ।

ਪਿਛਲੇ ਕੁਝ ਸਾਲਾਂ ਤੋਂ ਸਾਇੰਸਦਾਨਾਂ ਦਾ ਰੁਝਾਨ ਸਰੀਰ-ਕਿਟਾਣੂ ਰਿਸ਼ਤੇ ਨੂੰ ਸਮਝਣ ਵੱਲ ਕਾਫੀ ਵਧਿਆ ਹੈ। 2007 ਵਿਚ ਨੈਸ਼ਨਲ ਇੰਸਟੀਚਿਊਟ ਆਫ ਹੈਲਥ ਵੱਲੋਂ 15 ਕਰੋੜ ਡਾਲਰ ਦਾ ਇਕ ਇਨਸਾਨ-ਕਿਟਾਣੂ ਪ੍ਰਾਜੈਕਟ ਚਾਲੂ ਕੀਤਾ ਗਿਆ ਅਤੇ ਇਸ ਪ੍ਰਾਜੈਕਟ ਤਹਿਤ ਸਰੀਰ ਦੇ ਅਠਾਰਾਂ ਹਿੱਸਿਆਂ 'ਚੋਂ ਕਿਟਾਣੂ ਲੈ ਕੇ ਉਨ੍ਹਾਂ ਦਾ ਅਧਿਐਨ ਕੀਤਾ ਜਾ ਰਿਹਾ ਹੈ। ਡੀ ਐਨ ਏ ਦੇ ਪ੍ਰੋਟੀਨ ਬਣਾਉਣ ਵਾਲੇ ਹਿੱਸੇ ਨੂੰ ਜੀਨ ਕਿਹਾ ਜਾਂਦਾ ਹੈ; ਹੁਣ ਤੀਕਰ ਤਕਰੀਬਨ 30,000 ਉਨ੍ਹਾਂ ਵਿਲੱਖਣ ਜੀਨਾਂ ਦੀ ਪਛਾਣ ਹੋ ਚੁੱਕੀ ਹੈ, ਜਿਹੜੇ ਵਿਗਿਆਨੀਆਂ ਨੇ ਪਹਿਲਾਂ ਕਦੀ ਨਹੀਂ ਸਨ ਵੇਖੇ।

ਇਨਸਾਨ ਦੀ ਕਿਟਾਣੂ ਆਬਾਦੀ ਸਰੀਰ ਦੀਆਂ ਬਿਮਾਰੀਆਂ ਨਾਲ ਜੁੜੀ ਹੁੰਦੀ ਹੈ ਅਤੇ ਆਪਣਾ ਵਾਤਾਵਰਣ ਅਤੇ ਦਵਾਈਆਂ ਇਸ ਕਿਟਾਣੂ ਆਬਾਦੀ ਤੇ ਬਹੁਤ ਅਸਰ ਪਾਉਂਦੀਆਂ ਹਨ। ਮੋਟੇ ਕੱਦ ਵਾਲੇ ਇਨਸਾਨਾਂ ਦੀ ਪਾਚਨ ਨਲੀ ਵਿਚ ਰਹਿਣ ਵਾਲੇ ਕਿਟਾਣੂ, ਪਤਲੇ ਇਨਸਾਨਾਂ ਦੀ ਪਾਚਨ ਨਲੀ ਵਿਚ ਰਹਿਣ ਵਾਲੇ ਕਿਟਾਣੂਆਂ ਤੋਂ ਵੱਖਰੀ ਤਰ੍ਹਾਂ ਦੇ ਹੁੰਦੇ ਹਨ। ਇਸੇ ਤਰ੍ਹਾਂ ਸ਼ਾਹ ਦੀ ਬਿਮਾਰੀ ਵਾਲੇ ਮਰੀਜ਼ਾਂ ਦੀ ਕਿਟਾਣੂ ਆਬਾਦੀ ਕਾਫੀ ਵੱਖਰੀ ਤਰ੍ਹਾਂ ਦੀ ਹੁੰਦੀ ਹੈ। ਸ਼ਹਿਰੀਆਂ ਦੇ ਮੁਕਾਬਲੇ, ਪਿੰਡਾਂ ਵਿਚ ਰਹਿਣ ਵਾਲਿਆਂ ਦੀਆਂ ਕਿਟਾਣੂ ਆਬਾਦੀਆਂ ਵੱਖਰੀਆਂ ਹੁੰਦੀਆਂ ਹਨ ਅਤੇ ਉਨ੍ਹਾਂ ਨੂੰ ਆਟੋ ਇਮਿਊਨ ਬਿਮਾਰੀ ਬਹੁਤ ਘੱਟ ਲਗਦੀ ਹੈ।

ਦਿਲਚਸਪ ਗੱਲ ਹੈ ਕਿ ਵੱਖ ਵੱਖ ਇਨਸਾਨਾਂ ਦੇ ਸਰੀਰ ਦੇ ਇਕੋ ਸਮਾਨ ਅੰਗਾਂ ਵਿਚ ਵੀ ਵੱਖਰੀ ਤਰ੍ਹਾਂ ਦੇ ਕਿਟਾਣੂ ਹੁੰਦੇ ਹਨ। ਉਦਾਹਰਣ ਦੇ ਤੌਰ 'ਤੇ ਵੱਖੋ ਵੱਖਰੇ ਇਨਸਾਨਾਂ ਦੇ ਮੂੰਹਾਂ ਵਿਚੋਂ ਭਾਵੇਂ ਵਿਗਿਆਨੀਆਂ ਨੇ 1000 ਦੇ ਕਰੀਬ ਕਿਟਾਣੂਆਂ ਦੀ ਪਛਾਣ ਕੀਤੀ ਹੈ ਪਰ ਕਿਸੇ ਇਕ ਇਨਸਾਨ ਦੇ ਮੂੰਹ ਵਿਚ ਸਿਰਫ 100 ਤੋਂ 200 ਦੇ ਕਰੀਬ ਹੀ ਕਿਟਾਣੂ ਹੁੰਦੇ ਹਨ। ਕਿਸੇ ਵੀ ਦੋ ਇਨਸਾਨਾਂ ਦੇ ਹੱਥਾਂ ਉਤੇ 13 ਪ੍ਰਤੀਸ਼ਤ ਤੋਂ ਵੱਧ ਕਿਟਾਣੂ ਇਕ ਦੂਜੇ ਨਾਲ ਮੇਲ ਨਹੀਂ ਖਾਂਦੇ। ਇਸ ਦਾ ਮਤਲਬ ਇਹ ਹੋਇਆ ਕਿ ਜਿਵੇਂ ਕਿਸੇ ਵੀ ਦੋ ਇਨਸਾਨਾਂ ਦੇ ਨੈਣ-ਨਕਸ਼, ਰੰਗ-ਢੰਗ, ਕੱਦ-ਕਾਠ ਤੇ ਚਾਲ-ਢਾਲ ਇਕ ਦੂਜੇ ਨਾਲ ਕਦੇ ਪੂਰਾ ਮੇਲ ਨਹੀਂ ਖਾਂਦੇ ਅਤੇ ਹਰ ਇਨਸਾਨ ਦੀ ਵੱਖਰੀ ਪਹਿਚਾਣ ਦਾ ਕਾਰਨ ਬਣਦੇ ਹਨ, ਇਸੇ ਤਰ੍ਹਾਂ ਕਿਸੇ ਵੀ ਦੋ ਇਨਸਾਨਾਂ ਦੇ ਸਰੀਰ ਵਿਚਲੇ ਕਿਟਾਣੂ ਇਕ ਦੂਜੇ ਨਾਲ ਕਦੇ ਪੂਰਾ ਮੇਲ ਨਹੀਂ ਖਾਂਦੇ ਅਤੇ ਇਨਸਾਨ ਦੀ ਸਿਹਤ ਦੀ ਵੱਖਰੀ ਪਛਾਣ ਕਰਦੇ ਹਨ।

# ਭਾਜਪਾ ਨਾਲ ਰਿਸ਼ਤੇ ਦੀ ਮਿਆਦ ਤੈਅ ਕਰੇਗੀ ਨਿਤੀਸ਼ ਦਾ ਭਵਿੱਖ

**ਵਿਦਿਆ ਸੁਬਰਾਮਨੀਅਮ**

ਨਿਤੀਸ਼ ਕੁਮਾਰ ਤੇ ਭਾਜਪਾ ਦੀ ਆਪਸੀ ਖਿੱਚੋਤਾਣ ਘੱਟੋ-ਘੱਟ ਇਸ ਵੇਲੇ ਤਾਂ ਪਿੱਛੇ ਪੈ ਗਈ ਜਾਪਦੀ ਹੈ। ਕੁਝ ਹਫਤੇ ਪਹਿਲਾਂ ਬਿਹਾਰ ਦੇ ਮੁੱਖ ਮੰਤਰੀ ਅਤੇ ਉਨ੍ਹਾਂ ਦੇ ਸਿਆਸੀ ਭਾਈਵਾਲ ਆਪਸ ਵਿਚ ਉਲਝੇ ਪਏ ਸਨ ਅਤੇ ਪ੍ਰਭਾਵ ਉਹ ਇਹ ਦੇ ਰਹੇ ਸਨ ਕਿ ਇਹ ਸੰਬੰਧ ਬੱਸ ਟੁੱਟੇ ਹੀ ਸਮਝੋ। ਪ੍ਰੰਤੂ ਐਨ ਜਦੋਂ ਦਰਸ਼ਕ ਨਿਤਾਰੇ ਦੀ ਉਡੀਕ ਕਰ ਰਹੇ ਸਨ ਕਿ ਬੱਸ ਗੱਲ ਖਤਮ ਹੋਣ ਹੀ ਵਾਲੀ ਹੈ ਅਤੇ ਸ੍ਰੀ ਨਿਤੀਸ਼ ਕੁਮਾਰ, ਨਵੀਨ ਪਟਨਾਇਕ ਵਾਂਗ ਆਪਣੇ 14 ਸਾਲ ਤੋਂ ਚਲੇ ਆ ਰਹੇ ਇਤਹਾਦੀ ਨਾਲੋਂ ਨਾਤਾ ਤੋੜਨ ਵਾਲੇ ਹਨ, ਤਾਂ ਉਹ ਠਹਿਰ ਗਏ, ਸਥਿਤੀ ਦਾ ਜਾਇਜ਼ਾ ਲੈਣ ਲੱਗੇ ਅਤੇ ਐਨ ਕਿਨਾਰੇ ਪਹੁੰਚ ਕੇ ਵਾਪਸ ਪਰਤ ਆਏ।



ਜੋ ਕੋਈ ਵੀ ਨਿਤੀਸ਼ ਤੇ ਭਾਜਪਾ ਦੇ ਬਿਹਾਰ ਦੇ ਰਾਜਨੀਤਕ ਇਤਿਹਾਸ ਦੇ ਅਧਿਆਏ ਬਾਰੇ ਜਾਣਦਾ ਹੈ, ਉਸ ਲਈ ਇਸ ਤਮਾਸ਼ੇ ਬਾਰੇ ਹੈਰਾਨ ਹੋਣ ਵਾਲੀ ਕੋਈ ਗੱਲ ਨਹੀਂ ਹੈ। ਇਹ ਕੋਈ ਪਹਿਲੀ ਵਾਰੀ ਨਹੀਂ ਹੈ ਕਿ ਸ੍ਰੀ ਨਿਤੀਸ਼ ਕੁਮਾਰ ਨੇ ਭਾਜਪਾ ਬਾਰੇ ਬੁੜ-ਬੁੜ ਕੀਤੀ ਹੋਵੇ ਅਤੇ ਨਾ ਹੀ ਅਜਿਹਾ ਕਰਨਾ ਉਨ੍ਹਾਂ ਲਈ ਆਖਰੀ ਗੱਲ ਹੋਵੇਗੀ। ਜਨਤਾ ਦਲ (ਯੂ) ਲੰਮੇ ਸਮੇਂ ਤੋਂ ਐਨ.ਡੀ.ਏ. ਤੋਂ ਵੱਖ ਹੋਣ ਦੀ ਉਮੀਦ ਵਿਚ ਬੈਠਾ ਹੋਇਆ ਹੈ ਅਤੇ ਜਾਪਦਾ ਇੰਜ ਸੀ ਕਿ ਇਹ ਜਿਵੇਂ ਉਸ ਰਾਹੇ ਪੈਣ ਹੀ ਵਾਲਾ ਹੈ, ਜਿਸ ਰਾਹੇ ਸ੍ਰੀ ਪਟਨਾਇਕ ਦਾ ਬੀਜੂ ਜਨਤਾ ਦਲ 2009 ਦੀਆਂ ਆਮ ਚੋਣਾਂ ਤੋਂ ਪਹਿਲਾਂ ਪਿਆ ਸੀ, ਪ੍ਰੰਤੂ ਅਜਿਹਾ ਹੋਇਆ ਨਹੀਂ। ਸ੍ਰੀ ਨਿਤੀਸ਼ ਕੁਮਾਰ ਇਕ ਹੋਰ ਜੰਗ ਲੜਨ ਲਈ ਡੱਟੇ ਰਹੇ ਅਤੇ ਸਮਝਿਆ ਇਹ ਜਾਂਦਾ ਹੈ ਕਿ ਉਹ ਓਦੋਂ ਤੱਕ ਕਈ ਹੋਰ ਜੰਗਾਂ ਲੜਨਗੇ, ਜਦੋਂ ਤੱਕ ਉਨ੍ਹਾਂ ਨੂੰ ਇਹ ਪਤਾ ਨਹੀਂ ਲੱਗ ਜਾਂਦਾ ਕਿ ਕਈ ਵਾਰੀ ਇਕ ਹੀ ਨਾਟਕੀ ਫੈਸਲਾ ਉਹ ਕੁਝ ਪ੍ਰਾਪਤ ਕਰ ਲੈਂਦਾ ਹੈ, ਜਿਹੜਾ ਜੀਵਨ ਭਰ ਦੀ ਮਿਹਨਤ ਪ੍ਰਾਪਤ ਨਹੀਂ ਕਰ ਸਕਦੀ।

ਇਸ ਵਿਚ ਸ਼ੱਕ ਨਹੀਂ ਹੈ ਕਿ ਬਿਹਾਰ ਅਤੇ ਉੜੀਸਾ ਦੇ ਹਾਲਾਤ ਇੱਕੋ ਜਿਹੇ ਹੋਣ ਤੋਂ ਕੋਹਾਂ ਦੂਰ ਹਨ। ਜਾਤੀ ਅਤੇ ਸ਼੍ਰੇਣੀ ਬਣਤਰਾਂ ਵਿਚਲੇ ਪਾੜੇ ਨੂੰ ਇਕ ਪਾਸੇ ਛੱਡਦਿਆਂ ਹੋਇਆਂ ਬਿਹਾਰ ਦੇ ਮੁੱਖ ਮੰਤਰੀ, ਆਪਣੇ ਉੜੀਸਾ ਵਾਲੇ ਮੁਕਾਬਲੇਬਾਜ਼ ਬੀਜੂ ਪਟਨਾਇਕ ਨਾਲੋਂ ਵੱਖਰੀ ਤਰ੍ਹਾਂ ਦੀ ਮਿੱਟੀ ਦੇ ਬਣੇ ਹੋਏ ਹਨ। ਪੱਛਮੀ ਵਿੱਦਿਆ ਪ੍ਰਾਪਤ ਕੁਲੀਨਵਾਦੀ ਪਟਨਾਇਕ ਨੇ ਉਸ ਭਾਜਪਾ ਨਾਲੋਂ ਤੋੜ-ਵਿਛੋੜੇ ਵੇਲੇ ਹੈਰਾਨਕੁਨ ਹੌਂਸਲਾ ਵਿਖਾਇਆ ਸੀ, ਜਿਹੜੀ ਰਾਜ ਵਿਚ ਵੀ ਅਤੇ ਕੇਂਦਰ ਵਿਚ ਵੀ ਉਸ ਦੀ 1998 ਤੋਂ ਭਾਈਵਾਲ ਚਲੀ ਆ ਰਹੀ ਸੀ। ਇਹ ਭੁੱਲ ਜਾਉ ਕਿ ਉਸ ਦੀ ਇਹ ਦਲੇਰੀ ਮਿੱਤਰ-ਭਾਵੀ ਅਤੇ ਨਰਮ ਸੁਭਾਅ ਦੇ ਬਿਲਕੁਲ ਉਲਟ ਸੀ। ਉਨ੍ਹਾਂ ਵਿਚੋਂ ਬਹੁਤ ਸਾਰੇ ਲੋਕਾਂ ਨੂੰ, ਜਿਹੜੇ ਸ੍ਰੀ ਪਟਨਾਇਕ ਦੇ ਇਸ ਦਲੇਰਾਨਾ ਕਦਮ ਵਲ ਹੈਰਾਨੀ ਨਾਲ ਵੇਖ ਰਹੇ ਸਨ, ਇਹ ਇਕ ਸਿਆਸੀ ਖੁਦਕੁਸ਼ੀ ਜਾਪਦਾ ਸੀ। ਕਿਸੇ ਵੀ ਉਸ ਆਦਮੀ, ਜਿਸ ਨੇ ਉੜੀਸਾ ਦੇ ਚੋਣ ਨਕਸ਼ੇ ਦਾ ਅਧਿਐਨ ਕੀਤਾ ਸੀ, ਨੂੰ ਕੋਈ ਕਾਰਨ ਨਜ਼ਰ ਨਹੀਂ ਸੀ ਆਉਂਦਾ ਕਿ ਉਹ ਅਜਿਹੀ ਜਿੱਤ ਪ੍ਰਾਪਤ ਕਰੇਗਾ, ਜਿਹੜੀ ਕਿ ਅੰਤ ਵਿਚ ਉਹ ਕਰ ਗਿਆ।

ਸਪੱਸ਼ਟ ਤੌਰ ਉਤੇ ਜਿਸ ਗੱਲ ਨੇ ਉਸ ਨੂੰ ਵਿਸ਼ਵਾਸ ਦਿਵਾਇਆ ਸੀ, ਉਹ ਸੀ ਉਸ ਦਾ ਆਪਣਾ ਵਧੀਆ ਰਿਕਾਰਡ। ਸ੍ਰੀ ਪਟਨਾਇਕ ਦੀ ਇਕ ਚੁੰਧਿਆ ਦੇਣ ਵਾਲੀ, ਜੋ ਕਿ ਭਾਵੇਂ ਘੱਟ ਜਾਣੀ-ਜਾਣ ਵਾਲੀ ਹੀ ਹੈ, ਕਹਾਣੀ ਹੈ। ਕਾਲਿੰਗਾ ਦੇ ਨਾਇਕ ਬੀਜੂ ਪਟਨਾਇਕ ਦਾ ਹੋਣਹਾਰ ਪੁੱਤਰ ਸਿਆਸਤ ਵਿਚ ਆਪਣੀ ਉਸ ਅਚਾਨਕ ਕਾਮਯਾਬੀ ਅਤੇ ਦਮਦਾਰ ਭੂਮਿਕਾ ਨਾਲ ਦਾਖਲ ਹੋਇਆ ਸੀ, ਜਿਹੜੀ ਕਿ ਉਸ ਦੇ ਫਰਾਟੇਦਾਰ ਅੰਗਰੇਜ਼ੀ ਬੋਲਣ ਵਾਲੇ ਪਿਛੋਕੜ ਕਾਰਨ ਹੈਰਾਨਕੁਨ ਸੀ। ਕਮਾਲ ਦੀ ਗੱਲ ਇਹ ਕਿ ਉਸ ਤੋਂ ਬਾਅਦ ਦੇ ਸਾਲਾਂ ਵਿਚ ਉਸ ਨੇ ਕਦੇ ਵੀ ਨਾਕਾਮੀ ਦਾ ਮੂੰਹ ਨਹੀਂ ਵੇਖਿਆ। ਸੰਨ 1998 ਅਤੇ 2009 ਦੇ ਦਰਮਿਆਨ ਉਸ ਨੇ ਉੱਤੜੋਤਿੜੀ ਰਾਜ ਦੀਆਂ ਦੋ ਚੋਣਾਂ ਜਿੱਤੀਆਂ ਅਤੇ ਇਸ ਦੇ ਨਾਲ ਹੀ ਲੋਕ ਸਭਾ ਦੀਆਂ ਲਗਾਤਾਰ ਤਿੰਨ ਆਮ ਚੋਣਾਂ ਵਿਚ ਵੀ ਬਹੁ-ਗਿਣਤੀ ਹਲਕੇ ਜਿੱਤੇ।

ਸ੍ਰੀ ਪਟਨਾਇਕ ਨੇ ਇਹ ਸਭ ਕੁਝ ਭਾਜਪਾ ਨਾਲ ਭਾਈਵਾਲੀ ਪਾ ਕੇ ਪ੍ਰਾਪਤ ਕੀਤਾ, ਪ੍ਰੰਤੂ ਬਿਹਾਰ ਦੇ ਉਲਟ, ਜਿੱਥੇ ਭਾਜਪਾ ਆਪਣੇ ਤੌਰ ਉੱਤੇ ਹੀ ਇਕ ਸ਼ਕਤੀ ਸੀ, ਉੜੀਸਾ ਵਿਚ ਇਸ ਪਾਰਟੀ ਦਾ ਆਸਰਾ ਕੇਵਲ ਸ੍ਰੀ ਪਟਨਾਇਕ ਹੀ ਸੀ। ਜ਼ਰਾ ਇਸ ਗੱਠਜੋੜ ਤੋਂ ਪਹਿਲਾਂ ਭਾਜਪਾ ਦੀ ਚੋਣ ਕਾਰਗੁਜ਼ਾਰੀ ਉਤੇ ਝਾਤੀ ਮਾਰੋ। ਉਸ ਨੂੰ 1984, 1989, 1991 ਅਤੇ 1996 ਦੀਆਂ ਲੋਕ ਸਭਾ ਚੋਣਾਂ ਵਿਚ ਕੋਈ ਵੀ ਸੀਟ ਨਹੀਂ ਸੀ ਮਿਲੀ ਅਤੇ ਇਸੇ ਹੀ ਸਮੇਂ ਦੌਰਾਨ ਵਿਧਾਨ ਸਭਾ ਵਿਚ ਉਸ ਦੀ ਮੌਜੂਦਗੀ ਨਿਗੂਣੀ ਜਿਹੀ ਹੀ ਸੀ। ਜਿਉਂ ਹੀ ਗੱਠਜੋੜ ਬਣਿਆ, ਭਾਜਪਾ ਦੀ ਕਿਸਮਤ ਅਸਮਾਨੇ ਚੜ੍ਹ ਗਈ। 9-12 ਦੇ ਸੀਟ ਵੰਡ ਫਾਰਮੂਲੇ ਅਧੀਨ ਇਸ ਦੇ ਹਿੱਸੇ ਆਈਆਂ 9 ਲੋਕ ਸਭਾ ਸੀਟਾਂ ਵਿਚੋਂ ਇਹ 1998 ਵਿਚ 7, 1999 ਵਿਚ ਸਾਰੀਆਂ ਹੀ 9 ਅਤੇ ਇੰਜ 2004 ਵਿਚ 7 ਜਿੱਤ ਗਈ। 63-84 ਦੇ ਫਾਰਮੂਲੇ ਅਧੀਨ ਇਸ ਨੂੰ ਮਿਲੀਆਂ 63 ਅਸੰਬਲੀ ਸੀਟਾਂ ਵਿਚੋਂ ਇਸ ਨੇ 2000 ਵਿਚ 38 ਅਤੇ 2004 ਵਿਚ 32 ਜਿੱਤ ਲਈਆਂ ਸਨ। ਭਾਜਪਾ ਦਾ ਲੋਕ ਸਭਾ ਵਿਚ ਵੋਟ ਪ੍ਰਤੀਸ਼ਤ ਦਾ ਹਿੱਸਾ 1991 ਦੇ 9.5 ਤੋਂ ਵਧ ਕੇ 2004 ਵਿਚ 19.30 ਫੀਸਦੀ ਉਤੇ ਜਾ ਪੁੱਜਾ। ਅਸੰਬਲੀ ਵਿਚ 1990 ਵਿਚ ਇਹ 3.56 ਫੀਸਦੀ ਤੋਂ ਵਧ ਕੇ 2004 ਵਿਚ 17.11 ਉਤੇ ਜਾ ਟਿਕਿਆ।

ਸ੍ਰੀ ਪਟਨਾਇਕ ਨੇ ਨਤੀਜਾ ਇਸ ਤੋਂ ਇਹ ਕੱਢਿਆ, ਅਤੇ ਕੱਢਿਆ ਵੀ ਠੀਕ ਹੀ, ਕਿ ਬਿਨਾਂ ਬੀ ਜੇ ਡੀ ਦੇ ਸਹਾਰੇ ਦੇ ਭਾਜਪਾ ਆਪਣੇ ਪੂਰਵ-ਗੱਠਜੋੜ ਮੁਕਾਮ ਉਤੇ ਜਾ ਡਿੱਗੇਗੀ। ਮਈ 2009 ਵਿਚ ਜਿਵੇਂ ਕਿ ਸ੍ਰੀ ਪਟਨਾਇਕ ਲੋਕ ਸਭਾ ਅਤੇ ਅਸੰਬਲੀ ਚੋਣਾਂ ਵਿਚ ਦੋ ਜਿੱਤਾਂ ਹਾਸਲ ਕਰ ਚੁੱਕਾ ਸੀ, ਉਸ ਦੀ ਸਾਬਕਾ ਭਾਈਵਾਲ ਭਾਜਪਾ ਲੋਕ ਸਭਾ ਚੋਣਾਂ ਵਿਚ ਧੜੰਮ ਕਰ ਕੇ ਸਿਫਰ ਸੀਟ ਉਤੇ ਆ ਡਿੱਗੀ ਅਤੇ ਅਸੰਬਲੀ ਵਿਚ ਕੇਵਲ ਸੱਤ ਸੀਟਾਂ ਹੀ ਜਿੱਤ ਸਕੀ।

ਪਿੱਛਲ-ਝਾਤ ਮਾਰਿਆਂ ਜਾਪਦਾ ਇੰਜ ਹੈ ਕਿ ਮੁੱਖ ਮੰਤਰੀ ਨੂੰ ਸਪੱਸ਼ਟ ਤੌਰ ਉਤੇ ਪਤਾ ਸੀ ਕਿ ਉਹ ਕੀ ਕਰ ਰਹੇ ਹਨ। ਇਸ ਦੇ ਬਾਵਜੂਦ ਇਸੇ ਸਮੇਂ ਹੀ ਅੰਕੜਿਆਂ ਤੋਂ ਇਸ ਗੱਲ ਦਾ ਕੋਈ ਪਤਾ ਨਹੀਂ ਸੀ ਚਲ ਸਕਦਾ ਕਿ ਬੀ ਜੇ ਡੀ ਦੀ ਜਿੱਤ ਏਨੀ ਭਾਰੀ ਹੋਵੇਗੀ। ਇਕ ਤਿਕੋਣੇ ਮੁਕਾਬਲੇ ਵਿਚ ਅਜਿਹਾ ਹੁੰਦਾ ਹੀ ਹੈ ਕਿ ਲਾਭ ਉਸ ਪਾਰਟੀ ਨੂੰ ਹੁੰਦਾ ਹੈ, ਜਿਸ ਦਾ ਵੋਟਾਂ ਦਾ ਹਿੱਸਾ ਸਭ ਨਾਲੋਂ ਬਹੁਤਾ ਹੋਵੇ। ਉੜੀਸਾ ਵਿਚ ਇਹ ਸਥਿਤੀ ਗੱਦੀਓਂ ਲੱਥੀ ਕਾਂਗਰਸ ਦੀ ਸੀ। ਜਦੋਂ ਸ੍ਰੀ ਪਟਨਾਇਕ ਨੇ ਭਾਜਪਾ ਤੋਂ ਤੋੜ-ਵਿਛੋੜਾ ਕੀਤਾ, ਉਸ ਨੂੰ ਇਸ ਸਥਿਤੀ ਦਾ ਸਾਹਮਣਾ ਸੀ। ਲੋਕ ਸਭਾ ਵਿਚ ਭਾਜਪਾ ਦਾ ਹਿੱਸਾ 19.30 ਫੀਸਦੀ ਸੀ, ਬੀ ਜੇ ਡੀ ਦਾ 30.02 ਫੀਸਦੀ ਅਤੇ ਕਾਂਗਰਸ ਦਾ 40.43 ਫੀਸਦੀ ਸੀ। ਅਸੰਬਲੀ ਵਿਚ ਇਹ ਭਾਜਪਾ ਦਾ 17.11 ਫੀਸਦੀ, ਬੀ ਜੇ ਡੀ ਦਾ 27.36 ਫੀਸਦੀ ਅਤੇ ਕਾਂਗਰਸ ਦਾ 34.82 ਫੀਸਦੀ ਸੀ। ਭਾਜਪਾ ਦੇ ਤੋੜ-ਵਿਛੋੜੇ ਤੋਂ ਬਾਅਦ ਵੋਟਾਂ ਦੇ ਹਿੱਸੇ ਵਿਚ ਕੁਝ ਵਾਧਾ ਸਮਝ ਆਉਣ ਵਾਲੀ ਗੱਲ ਹੈ, ਪ੍ਰੰਤੂ ਇਹ ਕੋਈ ਵੀ ਨਹੀਂ ਸੀ ਸੋਚਦਾ ਕਿ ਬੀ ਜੇ ਡੀ ਲੋਕ ਸਭਾ ਚੋਣਾਂ ਲਈ ਵੋਟਾਂ ਵਿਚ 7 ਫੀਸਦੀ ਦਾ ਵਾਧਾ ਕਰ ਜਾਏਗੀ, ਜੋ ਕਿ 37.2 ਫੀਸਦੀ ਉਤੇ ਜਾ ਪੁੱਜਾ ਅਤੇ ਅਸੰਬਲੀ ਵਿਚ ਇਹ ਵਧ ਕੇ 38.86 ਫੀਸਦੀ ਹੋ ਗਿਆ।

ਇਸ ਫਤਵੇ ਵਿਚ ਇਕ ਅਜਿਹੀ ਗੱਲ ਹੋਰ ਵੀ ਸੀ, ਜਿਹੜੀ ਹੋਰਨਾਂ ਪਿਛਲੱਗਾਂ ਨੂੰ ਵੀ ਨੋਟ ਕਰਨੀ ਚਾਹੀਦੀ ਹੈ। ਸ੍ਰੀ ਪਟਨਾਇਕ ਦੀ ਵਿਅਕਤੀਗਤ ਹਰਮਨ-ਪਿਆਰਤਾ, ਉਸ ਦੀ ਸਾਫ-ਸੁਥਰੀ ਦਿੱਖ ਅਤੇ ਕਾਂਗਰਸ ਵਿਚ ਇਕ ਭਰੋਸੇਮੰਦ ਵਿਰੋਧੀ ਦਾ ਨਾ ਹੋਣਾ, ਅਜਿਹੀਆਂ ਗੱਲਾਂ ਸਨ, ਜਿਹੜੀਆਂ ਉਸ ਦੇ ਹੱਕ ਵਿਚ ਜਾਂਦੀਆਂ ਸਨ। ਤਦ ਵੀ ਇਹ ਗੱਲਾਂ ਤਸੱਲੀਬਖਸ਼ ਢੰਗ ਨਾਲ ਉਸ ਦੀ ਏਡੀ ਵੱਡੀ ਜਿੱਤ ਦੀ ਵਿਆਖਿਆ ਨਹੀਂ ਕਰਦੀਆਂ। ਜਿਹੜਾ ਫਰਕ ਇਕ ਸਾਧਾਰਨ ਜਿੱਤ ਅਤੇ ਭਾਰੀ ਜਿੱਤ ਵਿਚ ਹੁੰਦਾ ਹੈ, ਉਸ ਦੀ ਵਿਆਖਿਆ ਕੇਵਲ ਇਕ ਗੱਲ ਹੀ ਕਰਦੀ ਹੈ। ਇਹ ਗੱਲ ਹੈ ਉਸ ਦੀ ਉਹ ਨਿਰਣਾਇਕ ਕਾਰਵਾਈ, ਜਿਹੜੀ ਉਸ ਨੇ ਕੰਧਮਾਲ ਵਿਚਲੇ ਈਸਾਈ-ਵਿਰੋਧੀ ਕਤਲਾਂ ਤੋਂ ਬਾਅਦ ਕੀਤੀ ਸੀ। ਜਦੋਂ ਉਸ ਨੇ ਭਾਜਪਾ ਨਾਲੋਂ ਤੋੜ-ਵਿਛੋੜਾ ਕੀਤਾ ਤਾਂ ਉਹ ਇੱਕਲੇ ਈਸਾਈ ਭਾਈਚਾਰੇ ਦਾ ਹੀ ਨਹੀਂ, ਸਗੋਂ ਸਭ ਦਾ ਨਾਇਕ ਬਣ ਗਿਆ ਸੀ।

ਮੁੱਖ ਮੰਤਰੀ ਦੇ ਉਦੇਸ਼ਾਂ ਬਾਰੇ ਕਿੰਤੂ ਕੀਤਾ ਜਾ ਸਕਦਾ ਹੈ। ਆਖਰ ਉਹ ਇਕ ਦਹਾਕੇ ਲਈ ਭਾਜਪਾ ਨਾਲ ਮਿਲ ਕੇ ਚਲਦਾ ਰਿਹਾ ਸੀ ਅਤੇ ਉਸ ਨੇ 2002 ਵਿਚ ਗੁਜਰਾਤ ਵਿਚ ਹੋਏ ਮੁਸਲਮਾਨਾਂ ਦੇ ਕਤਲੇਆਮ ਬਾਰੇ ਕੋਈ ਵਿਸ਼ੇਸ਼ ਅਫਸੋਸ ਪ੍ਰਗਟ ਨਹੀਂ ਸੀ ਕੀਤਾ। ਸ੍ਰੀ ਪਟਨਾਇਕ ਦੇ ਭਾਜਪਾ ਤੋਂ ਖਹਿੜਾ ਛੁਡਾਉਣ ਦੇ ਕਾਰਨ ਕੁਝ ਵੀ ਹੋਣ, ਪ੍ਰੰਤੂ ਮਹੱਤਵਪੂਰਨ ਗੱਲ ਇਹ ਹੈ ਕਿ ਉਸ ਨੇ ਆਪਣੇ ਲੋਕਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਜ਼ਰੂਰ ਕੀਤਾ ਸੀ। ਇਸ ਦੇ ਉਲਟ ਸ੍ਰੀ ਨਿਤੀਸ਼ ਕੁਮਾਰ ਦਾ ਭਾਜਪਾ ਬਾਰੇ ਹਰ ਪਲ ਹਿਚਕੋਲੇ ਖਾਂਦਾ ਵਤੀਰਾ ਹਰ ਕੋਈ ਵੇਖ ਸਕਦਾ ਹੈ, ਪਰ ਸ੍ਰੀ ਪਟਨਾਇਕ ਨੇ ਕੋਈ ਡਰਾਮੇਬਾਜ਼ੀ ਨਹੀਂ ਸੀ ਵਿਖਾਈ, ਜਦਕਿ ਉਹ ਭਾਜਪਾ ਨਾਲ ਰਲ ਕੇ ਚਲ ਰਹੇ ਸਨ। ਜਿਉਂ ਹੀ ਉਨ੍ਹਾਂ ਫੈਸਲਾ ਕਰ ਲਿਆ ਤਾਂ ਉਨ੍ਹਾਂ ਗੱਲ ਬੰਨੇ ਲਗਾ ਦਿੱਤੀ। ਉਨ੍ਹਾਂ ਭਾਜਪਾ ਨੂੰ ਇੱਕੋ ਝਟਕੇ ਪਰ੍ਹੇ ਵਗਾਹ ਮਾਰਿਆ, ਜਿਸ ਨਾਲ ਉਨ੍ਹਾਂ ਦੇ ਵਿਰੋਧੀ ਹਿੱਲ ਗਏ ਅਤੇ ਵੋਟਰਾਂ ਵਿਚ ਉਨ੍ਹਾਂ ਦਾ ਵਕਾਰ ਵਧ ਗਿਆ। ਲੋਕਾਂ ਦੀ ਸੋਚਣੀ ਵਿਚ ਉਹ ਇਕ ਅਜਿਹੇ ਨੇਤਾ ਬਣ ਗਏ, ਜਿਹੜੇ ਆਪਣੇ ਅਸੂਲਾਂ ਲਈ ਆਪਣੀ ਹੋਣੀ ਵੀ ਦਾਅ ਉੱਤੇ ਲਗਾ ਸਕਦੇ ਹਨ। ਇਤਿਹਾਸ ਇਹ ਸਾਬਤ ਕਰਦਾ ਹੈ ਕਿ ਕਿਸਮਤ ਬਹਾਦਰਾਂ ਦਾ ਹੀ ਸਾਥ ਦੇਂਦੀ ਹੈ। ਐਮ ਜੀ ਰਾਮਾਚੰਦਰਨ, ਵੀ ਪੀ ਸਿੰਘ ਅਤੇ ਇਥੋਂ ਤੱਕ ਕਿ ਲਾਲੂ ਪ੍ਰਸਾਦ ਯਾਦਵ ਵਰਗੇ ਵੀ ਸਾਰੇ ਉਚਾਈਆਂ ਛੋਹ ਗਏ, ਕਿਉਂਕਿ ਉਨ੍ਹਾਂ ਨੇ ਆਪਣੀ ਵਿਅਕਤੀਗਤ ਸੋਚ 'ਤੇ ਚੱਲਣ ਦਾ ਹੌਸਲਾ ਕੀਤਾ ਸੀ। ਕੀ ਸ੍ਰੀ ਨਿਤੀਸ਼ ਕੁਮਾਰ ਵੀ ਅੰਤ ਨੂੰ ਇਹ ਹੌਸਲਾ ਕਰਨਗੇ ਕਿ ਉਹ ਹਿੰਦੂਤਵ ਦੀ ਗੱਠੜੀ ਨੂੰ ਵਗਾਹ ਮਾਰਨ ਅਤੇ ਆਪਣੀ ਵੱਖਰੀ ਹਸਤੀ ਕਾਇਮ ਕਰਨ? ਉਨ੍ਹਾਂ ਦਾ ਪਿਛੋਕੜ ਸਾਨੂੰ ਇਹ ਦਸਦਾ ਹੈ ਕਿ ਉਹ ਅਜਿਹਾ ਨਹੀਂ ਕਰਨਗੇ, ਪ੍ਰੰਤੂ ਉਨ੍ਹਾਂ ਦਾ ਵਰਤਮਾਨ ਅਜਿਹਾ ਕੁਝ ਦਸਦਾ ਹੈ ਕਿ ਉਹ ਇਹ ਕਰ ਸਕਦੇ ਹਨ ਅਤੇ ਉਨ੍ਹਾਂ ਨੂੰ ਲਾਜ਼ਮੀ ਹੀ ਅਜਿਹਾ ਕਰਨਾ ਵੀ ਚਾਹੀਦਾ ਹੈ।



ਸ੍ਰੀ ਨਿਤੀਸ਼ ਕੁਮਾਰ ਇਹ ਭੁੱਲੇ ਨਹੀਂ ਜਾਪਦੇ ਕਿ ਉਹ ਉਸ ਥਾਂ 'ਤੇ ਪਹੁੰਚ ਗਏ ਹਨ, ਜਿੱਥੇ ਉਹ ਇਕ ਲੰਮੀ, ਸਖਤ ਜੱਦੋ-ਜਹਿਦ ਤੋਂ ਬਾਅਦ ਪਹੁੰਚ ਸਕੇ ਹਨ, ਜਿਸ ਵਿਚ ਉਨ੍ਹਾਂ ਨੂੰ ਪਛਾੜਾਂ ਅਤੇ ਅਸਫਲਤਾਵਾਂ ਦਾ ਸਾਹਮਣਾ ਕਰਨਾ ਪਿਆ। ਜ਼ਰਾ 1990 ਤੱਕ ਪਿੱਛੇ ਜਾਓ। ਸ੍ਰੀ ਲਾਲੂ ਪ੍ਰਸਾਦ ਅਤੇ ਸ੍ਰੀ ਨਿਤੀਸ਼ ਕੁਮਾਰ ਵਿਚੋਂ ਸ੍ਰੀ ਨਿਤੀਸ਼ ਕੁਮਾਰ ਵਧੇਰੇ ਚੁਸਤ ਸਨ। ਉਨ੍ਹਾਂ ਦੇ ਹੱਥ ਵਿਚ ਇੰਜੀਨੀਅਰਿੰਗ ਦੀ ਡਿਗਰੀ ਸੀ ਅਤੇ ਪਹਿਲਾਂ ਹੀ ਉਹ ਇਕ ਸੰਸਦ ਮੈਂਬਰ ਵੀ ਸਨ। ਸ੍ਰੀ ਨਿਤੀਸ਼ ਕੁਮਾਰ ਬਿਹਾਰ ਦੀਆਂ 1990 ਦੀਆਂ ਅਸੰਬਲੀ ਚੋਣਾਂ ਦੌਰਾਨ ਸ੍ਰੀ ਲਾਲੂ ਪ੍ਰਸਾਦ ਦੇ ਦੋਸਤ ਅਤੇ ਸਲਾਹਕਾਰ ਸਨ, ਜਿਨ੍ਹਾਂ ਨੇ ਸ੍ਰੀ ਲਾਲੂ ਪ੍ਰਸਾਦ ਦਾ ਅਸਾਧਾਰਨ ਪੰਧ ਆਰੰਭ ਕੀਤਾ ਸੀ। ਜਿਵੇਂ ਕਿ ਸਿਆਸਤ ਵਿਚ ਇਹ ਆਮ ਹੀ ਹੁੰਦਾ ਹੈ, ਚੇਲਾ ਗੁਰੂ ਤੋਂ ਕਿਤੇ ਅੱਗੇ ਲੰਘ ਗਿਆ। ਸ੍ਰੀ ਲਾਲੂ ਪ੍ਰਸਾਦ ਦੇ ਪੇਂਡੂ ਜਲਵੇ ਅਤੇ ਉਸ ਦੇ ਖਿੱਚ-ਪਾਊ ਪੇਂਡੂ ਤਰੀਕੇ ਨੇ ਉਸ ਨੂੰ ਅਜਿਹੇ ਪੈਰੋਕਾਰ ਦਿੱਤੇ, ਜਿਹੜੇ ਗਿਣਤੀ ਵਿਚ ਏਨੇ ਸਨ ਕਿ ਹੁਣ ਉਸ ਨੂੰ ਸ੍ਰੀ ਨਿਤੀਸ਼ ਕੁਮਾਰ ਦੀ ਕੋਈ ਲੋੜ ਹੀ ਨਹੀਂ ਸੀ ਰਹਿ ਗਈ। ਨਿਰਾਸ਼ ਹੋ ਕੇ ਸ੍ਰੀ ਨਿਤੀਸ਼ ਕੁਮਾਰ ਆਪਣੀ ਸਮਤਾ ਪਾਰਟੀ ਨੂੰ (ਬਾਅਦ ਵਿਚ ਜੇ ਡੀ ਯੂ) ਭਾਜਪਾ ਦੇ ਦਰ ਉਤੇ ਲੈ ਗਏ ਅਤੇ ਇਸ ਗੱਲ ਦੀ ਉਨ੍ਹਾਂ ਕੋਈ ਪਰਵਾਹ ਹੀ ਨਾ ਕੀਤੀ ਕਿ ਜਨਤਾ ਦਲ ਦੀ ਦਿੱਖ ਧਰਮ-ਨਿਰਲੇਪ ਅਤੇ ਉਦਾਰਵਾਦੀ ਸੀ।

1996 ਵਿਚ ਬਣਿਆ ਭਾਜਪਾ-ਸਮਤਾ ਗੱਠਜੋੜ 1996 ਅਤੇ 1998 ਵਿਚ ਤਕੜੀ ਕਾਮਯਾਬੀ ਪ੍ਰਾਪਤ ਕਰ ਗਿਆ, ਜਦੋਂ ਉਹ ਬਿਹਾਰ ਦੀਆਂ ਕੁੱਲ 52 ਲੋਕ ਸਭਾ ਸੀਟਾਂ ਵਿਚੋਂ ਕਰਮਵਾਰ 24 ਅਤੇ 32 ਸੀਟਾਂ ਲੈ ਗਿਆ। 1999 ਵਿਚ ਉਹ 41 ਸੀਟਾਂ ਦੀ ਮੱਲ ਮਾਰ ਗਿਆ। ਅਸੰਬਲੀ ਵਿਚ ਇਹ ਗੱਠਜੋੜ ਏਨਾ ਖੁਸ਼ਕਿਸਮਤ ਨਾ ਰਹਿ ਸਕਿਆ, ਜਿਸ ਦੇ ਨਤੀਜੇ ਵਜੋਂ ਸ੍ਰੀ ਨਿਤੀਸ਼ ਕੁਮਾਰ ਨੂੰ ਲੰਮੀ ਅਤੇ ਥਕਾਵਟ ਭਰੀ ਇੰਤਜ਼ਾਰ ਕਰਨੀ ਪਈ, ਜਿਹੜੇ ਕਿ ਮੁੱਖ ਮੰਤਰੀ ਦੀ ਗੱਦੀ ਤੋਂ ਵਧ ਹੋਰ ਕੁਝ ਵੀ ਨਹੀਂ ਸਨ ਚਾਹੁੰਦੇ। ਅਜਿਹਾ 2000 ਵਿਚ ਹੋ ਗਿਆ, ਪ੍ਰੰਤੂ ਸ੍ਰੀ ਨਿਤੀਸ਼ ਕੁਮਾਰ ਲਈ ਇਹ ਹੇਠੀ ਦੀ ਗੱਲ ਸੀ ਕਿ ਉਹ ਕੇਵਲ 9 ਦਿਨਾਂ ਲਈ ਹੀ ਗੱਦੀ ਉੱਤੇ ਬੈਠ ਸਕੇ, ਕਿਉਂਕਿ ਉਹ ਆਪਣਾ ਬਹੁਮਤ ਸਿੱਧ ਨਹੀਂ ਸਨ ਕਰ ਸਕੇ। ਇਸ ਸਮੇਂ ਤੱਕ ਉਨ੍ਹਾਂ ਦੇ ਵਿਰੋਧੀ ਉਨ੍ਹਾਂ ਦੀ ਬਦਕਿਸਮਤੀ ਦਾ ਮਖੌਲ ਉਡਾਉਣ ਲੱਗ ਪਏ ਸਨ। ਸ੍ਰੀ ਲਾਲੂ ਪ੍ਰਸਾਦ ਯਾਦਵ ਦਾ ਇਕ ਸਹਾਇਕ ਬੜੇ ਸ਼ੌਕ ਨਾਲ ਪੱਤਰਕਾਰਾਂ ਨੂੰ ਦੱਸਿਆ ਕਰਦਾ ਸੀ ਕਿ ਉਸ ਨੇ ਸ੍ਰੀ ਨਿਤੀਸ਼ ਕੁਮਾਰ ਦੀ ਜਨਮ ਕੁੰਡਲੀ ਪੜ੍ਹੀ ਹੈ ਅਤੇ ਉਸ ਨੂੰ ਉਸ ਵਿਚ ਉਨ੍ਹਾਂ ਲਈ ਕੋਈ ਪ੍ਰਸਿੱਧੀ ਜਾਂ ਖੁਸ਼ਕਿਸਮਤੀ ਨਜ਼ਰ ਨਹੀਂ ਆਈ।


ਸ੍ਰੀ ਨਿਤੀਸ਼ ਕੁਮਾਰ ਦਾ ਸੁਫਨਾ ਅੰਤ ਨੂੰ ਅਕਤੂਬਰ 2005 ਵਿਚ ਸਾਕਾਰ ਹੋਇਆ। ਉਹ ਮੁੱਖ ਮੰਤਰੀ ਬਣ ਗਏ ਅਤੇ ਇਸ ਨਾਂ, ਪ੍ਰਸਿੱਧੀ ਅਤੇ ਖੁਸ਼ਕਿਸਮਤੀ ਨਾਲ ਕਾਫੀ ਹੱਦ ਤੱਕ ਅਤੇ ਉਹ ਵੀ ਠੀਕ ਕਾਰਨ ਵੱਸ ਬਿਹਾਰ ਨੂੰ ਹਨੇਰੇ ਵਿਚੋਂ ਆਸ ਦੀ ਕਿਰਨ ਨਜ਼ਰ ਆਉਣ ਲੱਗੀ। ਉੱਤੜੋ-ਤਿੜੀ ਉਸ ਉੱਪਰ ਸ਼ਲਾਘਾ ਦੀ ਵਰਖਾ ਹੋਣ ਲੱਗੀ, ਕਦੇ ਟੀ ਵੀ ਵਾਲੇ ਉਸ ਨੂੰ ਬਿਹਤਰੀਨ ਆਗੂ ਐਲਾਨ ਦੇਂਦੇ ਅਤੇ ਕਦੇ ਉਸ ਦੀ ਆਪਾਰ ਸ਼ਲਾਘਾ ਹੁੰਦੀ। ਸ੍ਰੀ ਨਿਤੀਸ਼ ਕੁਮਾਰ ਵਲੋਂ ਸੂਝ-ਸਿਆਣਪ ਨਾਲ ਓ ਬੀ ਸੀ, ਅਤਿ ਦੀਆਂ ਪੱਛੜੀਆਂ ਜਾਤਾਂ, ਦਲਿਤਾਂ ਅਤੇ ਮੁਸਲਮਾਨਾਂ ਦਾ ਗੱਠਜੋੜ ਉਸਾਰਿਆ ਗਿਆ, ਜਿਸ ਕਾਰਨ ਜੇ ਡੀ (ਯੂ)-ਭਾਜਪਾ ਗੱਠਜੋੜ 2009 ਵਿਚ ਲੋਕ ਸਭਾ ਦੀਆਂ ਚੋਣਾਂ ਵਿਚ ਹੂੰਝਾ-ਫੇਰੂ ਜਿੱਤ ਹਾਸਲ ਕਰ ਗਿਆ। ਸਟੱਡੀ ਫਾਰ ਡੀਵੈਲਪਿੰਗ ਸੁਸਾਇਟੀਜ਼ ਨੇ ਇਕ ਚੋਣ ਸਰਵੇਖਣ ਵਿਚ ਸ੍ਰੀ ਨਿਤੀਸ਼ ਕੁਮਾਰ ਨੂੰ ਕਿਸੇ ਵੀ ਹੋਰ ਮੁੱਖ ਮੰਤਰੀ ਨਾਲੋਂ ਸਭ ਤੋਂ ਉੱਚੀ ਮਾਨਤਾ ਦਾ ਦਰਜਾ ਪ੍ਰਦਾਨ ਕੀਤਾ।

ਅੱਜ ਨਾਲੋਂ ਸ੍ਰੀ ਨਿਤੀਸ਼ ਕੁਮਾਰ ਲਈ ਹੰਭਲਾ ਮਾਰਨ ਵਾਸਤੇ ਹੋਰ ਕੋਈ ਸਮਾਂ ਬਿਹਤਰ ਨਹੀਂ ਹੋ ਸਕਦਾ। ਉਹ ਜਾਂ ਤਾਂ ਨਵੀਨ ਪਟਨਾਇਕ ਦਾ ਰਾਹ ਫੜ ਸਕਦੇ ਹਨ ਅਤੇ ਵੋਟਰਾਂ ਨੂੰ ਆਪਣੇ ਹੱਕ ਵਿਚ ਇਕਮੁੱਠ ਕਰ ਸਕਦੇ ਹਨ ਅਤੇ ਜੇ ਭਾਜਪਾ ਤੇ ਜੇ ਡੀ (ਯੂ) ਵਿਚ ਪਾਟਕ ਪੈ ਜਾਂਦਾ ਹੈ ਤਾਂ ਭਾਜਪਾ ਦੀਆਂ ਸਮਰਥਕ ਉੱਚੀਆਂ ਜਾਤਾਂ ਦੀਆਂ ਵੋਟਾਂ ਦੇ ਵੀ ਸ੍ਰੀ ਨਿਤੀਸ਼ ਕੁਮਾਰ ਦੇ ਹੱਕ ਵਿਚ ਭੁਗਤ ਜਾਣ ਦੀ ਸੰਭਾਵਨਾ ਹੈ।

## ਭਾਰਤ ਨੇ ਮਿਆਂਮਾਰ ਦੀ ਨੇਤਾ ਸੂ ਕੀ ਨੂੰ ਕਿਉਂ ਭੁਲਾਇਆ

**-ਕਰਨ ਥਾਪਰ**

ਕੀ ਕਦੇ ਤੁਸੀਂ ਦੇਖਿਆ ਹੈ ਕਿ ਅਸੀਂ ਇਸਲਾਮਾਬਾਦ ਦੇ ਫੌਜੀ ਤਾਨਾਸ਼ਾਹਾਂ ਦੇ ਤੌਰ-ਤਰੀਕਿਆਂ ਨੂੰ ਲੈ ਕੇ ਅਕਸਰ ਰੋਸ ਪ੍ਰਗਟਾਉਂਦੇ ਹਾਂ ਪਰ ਰੰਗੂਨ (ਮਿਆਂਮਾਰ) ਦੇ ਫੌਜੀ ਤਾਨਾਸ਼ਾਹਾਂ ਬਾਰੇ ਚੁੱਪ ਵੱਟੀ ਰੱਖਦੇ ਹਾਂ? ਪਾਕਿਸਤਾਨ ਦੇ ਤਾਨਾਸ਼ਾਹਾਂ ਨੂੰ ਲੈ ਕੇ ਅਸੀਂ ਸ਼ੱਕ ਵਿਚ ਰਹਿੰਦੇ ਹਾਂ ਜਾਂ ਉਨ੍ਹਾਂ ਦੀ ਆਲੋਚਨਾ ਲਈ ਤਿਆਰ ਰਹਿੰਦੇ ਹਾਂ ਪਰ ਮਿਆਂਮਾਰ (ਜੋ ਕਦੇ ਬਰਮਾ ਦੇ ਨਾਂ ਨਾਲ ਜਾਣਿਆ ਜਾਂਦਾ ਸੀ) ਦੇ ਫੌਜੀ ਤਾਨਾਸ਼ਾਹ ਵਿਸ਼ੇਸ਼ ਸਰਕਾਰੀ ਮਹਿਮਾਨ ਵਜੋਂ ਪਿਛਲੇ ਦਿਨੀਂ ਭਾਰਤ ਆਏ ਸਨ। ਤੁਸੀਂ ਜਨਰਲ ਥਾਨ ਸ਼ਵੇ ਨੂੰ ਚਮਕਦੇ ਮੈਡਲਾਂ ਵਾਲੀ ਵਰਦੀ 'ਚ ਉਦੋਂ ਦੇਖਿਆ ਹੋਵੇਗਾ, ਜਦੋਂ ਤੁਸੀਂ ਕਿਤੇ ਰਸਤੇ 'ਚ ਉਨ੍ਹਾਂ ਦੇ ਕਾਫਿਲੇ ਨੂੰ ਲੰਘਾਉਣ ਲਈ ਰੋਕੀ ਗਈ ਟ੍ਰੈਫਿਕ 'ਚ ਫਸੇ ਹੋਵੋਗੇ। ਮੈਂ ਇਥੇ ਮਿਆਂਮਾਰ ਤੋਂ ਆਏ ਇਨ੍ਹਾਂ ਮਹਿਮਾਨਾਂ ਦੀ ਸਰਕਾਰ ਵਲੋਂ ਕੀਤੀ ਜਾਣ ਵਾਲੀ ਮੇਜ਼ਬਾਨੀ ਦਾ ਜ਼ਿਕਰ ਨਹੀਂ ਕਰ ਰਿਹਾ ਤੇ ਨਾ ਹੀ ਉਸ 'ਤੇ ਕੋਈ ਇਤਰਾਜ਼ ਕਰ ਰਿਹਾ ਹਾਂ। ਅਸੀਂ ਵੀ ਇਸ ਦਲੀਲ ਨੂੰ ਮੰਨ ਹੀ ਲੈਂਦੇ ਹਾਂ, ਚਾਹੇ ਇਸ ਨਾਲ ਸਹਿਮਤ ਹੋਈਏ ਜਾਂ ਨਾ ਕਿ ਮਿਆਂਮਾਰ ਦੇ ਇਹ ਜਨਰਲ, ਜੋ ਆਪਣੇ ਨਾਗਰਿਕਾਂ ਨੂੰ ਡਰਾ ਕੇ ਰੱਖਦੇ ਹਨ ਅਤੇ ਭੁੱਖੇ ਮਾਰਦੇ ਹਨ, ਸਾਡੇ ਉਲਫਾ, ਐਨ.ਐਸ.ਸੀ.ਐਨ. ਤੇ ਹੋਰਨਾਂ ਬਾਗੀਆਂ ਨੂੰ ਆਪਣੇ ਇਥੇ ਸਰਗਰਮੀਆਂ ਨਹੀਂ ਚਲਾਉਣ ਦਿੰਦੇ ਅਤੇ ਭਾਰਤੀ ਹਿੱਤਾਂ ਦੀ ਸੁਰੱਖਿਆ ਕਰ ਰਹੇ ਹਨ। ਪਰ ਤੁਸੀਂ ਇਹ ਜਾਣ ਕੇ ਹੈਰਾਨ ਹੋਵੋਗੇ ਕਿ ਇਨ੍ਹਾਂ ਹੀ ਫੌਜੀ ਤਾਨਾਸ਼ਾਹਾਂ ਨੇ ਆਪਣੇ ਦੇਸ਼ ਵਿਚ ਲੋਕਤੰਤਰ ਦਾ ਦਮਨ ਕਰਦਿਆਂ ਉਥੋਂ ਦੀ ਲੋਕਤੰਤਰਵਾਦੀ ਨੇਤਾ ਨੂੰ ਪਿਛਲੇ 21 ਸਾਲਾਂ 'ਚ 15 ਸਾਲਾਂ ਤੱਕ ਜੇਲ੍ਹ ਵਿਚ ਬੰਦੀ ਬਣਾਈ ਰੱਖਿਆ। ਜੋ ਸਵਾਲ ਮੈਂ ਭਾਰਤ ਸਰਕਾਰ ਨੂੰ ਪੁੱਛਣਾ ਚਾਹੁੰਦਾ ਹਾਂ, ਉਹ ਇਹ ਹੈ ਕਿ ਭਾਰਤ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰਿਕ ਦੇਸ਼ ਹੋਣ ਦਾ ਮਾਣ ਨਾਲ ਦਾਅਵਾ ਕਰਦਾ ਹੈ ਪਰ ਇਸ ਨੇ ਆਂਗ ਸਾਨ ਸੂ ਕੀ ਨੂੰ ਬੰਦੀ ਬਣਾ ਕੇ ਰੱਖਣ ਵਾਲੇ ਮਿਆਂਮਾਰ ਦੇ ਤਾਨਾਸ਼ਾਹਾਂ ਨਾਲ ਇਸ ਬਾਰੇ ਗੱਲ ਕੀਤੀ? ਤੇ ਫਿਰ ਮਿਆਂਮਾਰ ਦੇ ਸ਼ਾਸਕਾਂ ਦੀ ਇਸ 'ਤੇ ਕੀ ਪ੍ਰਤੀਕਿਰਿਆ ਸੀ? ਉਂਝ ਮੈਂ ਇਸ ਤੋਂ ਇਕ ਕਦਮ ਅੱਗੇ ਵਧ ਕੇ ਇਹ ਵੀ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਾਡੇ ਸ਼ਾਸਕਾਂ ਨੇ ਇਹ ਕੋਸ਼ਿਸ਼ ਕੀਤੀ ਕਿ ਉਹ ਸੂ ਕੀ ਦੀ ਰਿਹਾਈ ਲਈ ਦਬਾਅ ਬਣਾ ਸਕਣ, ਤਾਂ ਕਿ ਉਹ ਆਜ਼ਾਦ ਹੋ ਕੇ ਜਿਥੇ ਚਾਹੇ ਘੁੰਮ-ਫਿਰ ਤੇ ਰਹਿ ਸਕੇ। ਮੈਂ ਇਸ ਦਾ ਜਵਾਬ ਤਾਂ ਨਹੀਂ ਜਾਣਦਾ ਪਰ ਇਕ ਗੱਲ ਜ਼ਰੂਰ ਕਹਿ ਸਕਦਾ ਹਾਂ ਕਿ ਇਸ ਦਾ ਜਵਾਬ 'ਨਹੀ" ਹੀ ਹੋਵੇਗਾ। ਪਿਛਲੇ ਇਕ ਦਹਾਕੇ ਤੋਂ ਅਸੀਂ ਸੂ ਕੀ ਅਤੇ ਉਨ੍ਹਾਂ ਵਲੋਂ ਮਿਆਂਮਾਰ ਵਿਚ ਲੋਕਤੰਤਰ ਦੀ ਬਹਾਲੀ ਲਈ ਕੀਤੇ ਜਾ ਰਹੇ ਸੰਘਰਸ਼ ਨੂੰ ਭੁਲਾਇਆ ਹੋਇਆ ਹੈ।



ਸੂ ਕੀ ਬਾਰੇ ਦੁਨੀਆ ਦੇ ਇਸ ਸਭ ਤੋਂ ਵੱਡੇ ਲੋਕਤੰਤਰਿਕ ਦੇਸ਼ 'ਚੋਂ ਕੋਈ ਆਵਾਜ਼ ਸੁਣਾਈ ਨਹੀਂ ਦਿੱਤੀ। ਸ਼ਾਇਦ ਇਸ ਦਾ ਕਾਰਨ ਇਹ ਹੈ ਕਿ ਜੇ ਅਸੀਂ ਅਜਿਹੀ ਕੋਈ ਆਵਾਜ਼ ਉਠਾਈ ਤਾਂ ਮਿਆਂਮਾਰ ਦੇ ਸੱਤਾਧਾਰੀ ਜਰਨੈਲ ਨਾਰਾਜ਼ਗੀ ਪ੍ਰਗਟਾਅ ਸਕਦੇ ਹਨ। ਇਹ ਦੁੱਖ ਅਤੇ ਸ਼ਰਮ ਦੀ ਗੱਲ ਹੀ ਹੈ ਕਿ ਭਾਰਤ ਦਾ ਲੋਕਤੰਤਰਿਕ ਅਦਾਰਾ ਉਸ ਔਰਤ ਦੇ ਹੱਕ 'ਚ ਇਕ ਵੀ ਸ਼ਬਦ ਨਹੀਂ ਬੋਲ ਰਿਹਾ, ਜੋ ਅੱਜ ਦਮਨ ਵਿਰੁਧ ਅਤੇ ਲੋਕਤੰਤਰ ਲਈ ਸੰਘਰਸ਼ ਕਰ ਰਹੀ ਨੇਤਾ ਵਜੋਂ ਦੁਨੀਆ ਭਰ 'ਚ ਜਾਣੀ ਜਾਂਦੀ ਹੈ। ਨੈਲਸਨ ਮੰਡੇਲਾ ਤੋਂ ਬਾਅਦ ਉਹ ਸ਼ਾਇਦ ਦੂਜੀ ਨੇਤਾ ਹੈ, ਜਿਸ ਨੇ ਆਪਣੇ ਦੇਸ਼ ਵਿਚ ਦਮਨ ਚੱਕਰ ਵਿਰੁਧ ਅਤੇ ਲੋਕਤੰਤਰ ਦੀ ਬਹਾਲੀ ਲਈ ਇੰਨਾ ਵੱਡਾ ਤਿਆਗ ਕੀਤਾ ਹੋਵੇ।

ਸੂ ਕੀ ਨੂੰ 1989 'ਚ ਜਦੋਂ ਮਿਆਂਮਾਰ ਸਰਕਾਰ ਨੇ ਜੇਲ੍ਹ 'ਚ ਡੱਕਿਆ ਸੀ, ਉਦੋਂ ਤੋਂ ਹੁਣ ਤਕ ਉਹ ਆਪਣੇ ਪਤੀ ਨੂੰ ਨਹੀਂ ਮਿਲ ਸਕੀ। ਉਸ ਦੇ ਪਤੀ ਦੀ ਕੈਂਸਰ ਨਾਲ ਮੌਤ ਹੋ ਚੁੱਕੀ ਹੈ। ਹੋਰ ਤਾਂ ਹੋਰ ਸੂ ਕੀ ਆਪਣੇ ਦੋਹਾਂ ਪੁੱਤਰਾਂ ਅਤੇ ਪੋਤੇ-ਪੋਤੀਆਂ ਤਕ ਨੂੰ ਵੀ ਨਹੀਂ ਮਿਲ ਸਕੀ ਹੈ। ਉਨ੍ਹਾਂ ਦਾ ਪਰਿਵਾਰ ਉਨ੍ਹਾਂ ਨਾਲੋਂ ਵਿਛੜ ਗਿਆ, ਫਿਰ ਵੀ ਉਹ ਲੋਕਤੰਤਰ ਦੀ ਬਹਾਲੀ ਲਈ ਆਪਣੀ ਮੰਗ 'ਤੇ ਦ੍ਰਿੜ੍ਹਤਾ ਨਾਲ ਡਟੀ ਹੋਈ ਹੈ।

ਅਸੀਂ ਉਸ ਸੂ ਕੀ ਨੂੰ ਭੁੱਲ ਗਏ ਹਾਂ, ਜੋ ਭਾਰਤ ਵਿਚ ਪਲੀ-ਵਧੀ, ਜਿਸ ਨੇ ਦਿੱਲੀ 'ਚ ਸਿੱਖਿਆ ਹਾਸਿਲ ਕੀਤੀ ਤੇ ਜੋ ਭਾਰਤ ਨੂੰ ਆਪਣਾ ਦੂਜਾ ਘਰ ਮੰਨਦੀ ਹੈ। 1992 'ਚ ਅਸੀਂ ਸੂ ਕੀ ਨੂੰ ਨਹਿਰੂ ਸ਼ਾਂਤੀ ਪੁਰਸਕਾਰ ਨਾਲ ਸਨਮਾਨਿਤ ਵੀ ਕੀਤਾ ਸੀ। ਅਸੀਂ ਇਹ ਗੱਲ ਭੁੱਲ ਗਏ ਹਾਂ ਕਿ 2 ਦੇਸ਼ਾਂ ਦੀ ਜਨਤਾ ਦਰਮਿਆਨ ਹੀ ਗੂੜ੍ਹੇ ਸੰਬੰਧ ਬਣਦੇ ਹਨ, ਨਾ ਕਿ ਸਰਕਾਰਾਂ ਦਰਮਿਆਨ। ਜਨਰਲ ਥਾਨ ਸ਼ਵੇ ਅਤੇ ਉਨ੍ਹਾਂ ਦੇ ਫੌਜੀ ਸਾਥੀ ਬੇਸ਼ੱਕ ਹੀ ਅੱਜ ਮਿਆਂਮਾਰ 'ਚ ਰਾਜ ਕਰ ਰਹੇ ਹੋਣ ਪਰ ਉਹ ਹਮੇਸ਼ਾ ਸੱਤਾ 'ਚ ਨਹੀਂ ਰਹਿ ਸਕਦੇ। ਇਕ ਦਿਨ ਮਿਆਂਮਾਰ ਦੀ ਜਨਤਾ ਆਪਣੇ ਲੋਕਤੰਤਰਿਕ ਅਧਿਕਾਰਾਂ ਨੂੰ ਪ੍ਰਾਪਤੀ ਕਰੇਗੀ ਅਤੇ ਉਸ ਦਿਨ ਸੂ ਕੀ ਹੀ ਉਨ੍ਹਾਂ ਦੀ ਅਸਲੀ ਨੇਤਾ ਹੋਵੇਗੀ।

# ਸਰਕਾਰੀ ਸਾਜ਼ਿਸ਼ਾਂ ਦੀ ਸ਼ਿਕਾਰ ਵਿੱਦਿਆ ਪ੍ਰਣਾਲੀ

## ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਈਰਖਾ-ਵਸ ਕਿਸੇ ਰੱਜੇ-ਪੁੱਜੇ ਪਰਿਵਾਰ ਦਾ ਸੱਤਿਆਨਾਸ ਕਰਨ ਲਈ ਸ਼ਰੀਕਾਂ ਵਲੋਂ ਗੋਂਦਾਂ ਗੁੰਦਣ ਦੇ ਵਾਕਿਆ, ਬਜ਼ੁਰਗਾਂ ਵਲੋਂ ਕਹੇ ਜਾਂਦੇ 'ਭਲੇ ਵੇਲਿਆਂ' ਵਾਲੇ ਪੇਂਡੂ ਜਨ-ਜੀਵਨ ਵਿਚ ਵੀ ਹੁੰਦੇ ਰਹੇ ਸੁਣੇ ਹਨ। ਸਿਰਫ ਸਾੜੇ ਕਾਰਨ ਹੀ ਗੁਆਂਢ ਮੱਥੇ ਵਸਦੇ ਸ਼ਰੀਕਾਂ ਵਲੋਂ ਸਰਦੇ-ਪੁੱਜਦੇ ਖਾਨਦਾਨ ਦੇ ਇਕ ਅੱਧ ਨਿਆਣੇ ਨੂੰ ਪੁੱਠੇ-ਕੰਮੀਂ ਲਾ ਲਿਆ ਜਾਂਦਾ ਸੀ। ਹੌਲੀ-ਹੌਲੀ ਅਜਿਹੇ ਵਿਗੜੇ ਨਿਆਣੇ ਘਰ ਦੀ ਜ਼ਮੀਨ-ਜਾਇਦਾਦ ਵੇਚਣੀ ਸ਼ੁਰੂ ਕਰ ਦਿੰਦੇ ਸਨ। ਕਰਦਿਆਂ-ਕਰਦਿਆਂ ਰੱਜਿਆਂ-ਪੁੱਜਿਆਂ ਦਾ ਸਾਰਾ ਟੌਹਰ-ਟੱਪਾ ਖਤਮ ਹੋ ਜਾਂਦਾ, ਵਡੱਪਣ ਮਿੱਟੀ 'ਚ ਮਿਲ ਜਾਂਦਾ ਤਾਂ ਸ਼ਰੀਕਾਂ ਦੇ ਅੰਦਰੋ-ਅੰਦਰ ਲੱਡੂ ਫੁੱਟਦੇ। ਇਹ ਕਮੀਨਾ ਕੰਮ ਇੰਨੀ ਸ਼ਾਤਰਤਾ ਨਾਲ ਕੀਤਾ ਜਾਂਦਾ ਸੀ ਕਿ ਸ਼ਿਕਾਰ ਬਣਨ ਵਾਲਿਆਂ ਨੂੰ ਪਤਾ ਹੀ ਨਹੀਂ ਸੀ ਲਗਦਾ ਕਿ ਇਹ ਭਾਣਾ ਕਿਵੇਂ ਬੀਤ ਗਿਆ? ਕਿਸੇ ਨੂੰ ਹੱਸਦਾ ਦੇਖ ਕੇ ਭੁਰਨ ਵਾਲੇ ਈਰਖਾਲੂ ਤੇ ਸੜੀਅਲ ਲੋਕਾਂ ਦੇ ਹਿਰਦੇ, ਉਦੋਂ ਸ਼ਾਂਤ ਹੁੰਦੇ ਨੇ ਜਦੋਂ ਉਨ੍ਹਾਂ ਦੀਆਂ ਕਰਤੂਤਾਂ ਸਦਕਾ ਸ਼ਰੀਕਾਂ ਦੇ ਘਰੇ ਭੰਗ ਭੁੱਜਣ ਲੱਗ ਪਵੇ।

ਕੋਈ 'ਚਾਚਾ' ਸਦਾਉਂਦਾ ਸ਼ਰੀਕੇ-ਬਾਜ, ਗੁਆਂਢੀ ਦੇ ਮੁੰਡੇ ਨੂੰ ਮਾਸਾ ਕੁ ਭਰ ਅਫੀਮ ਖਾਣ ਲਈ ਦਿੰਦਾ ਹੈ। ਭੋਲੇਪਨ 'ਚ ਮੁੰਡਾ ਜਵਾਬ ਦਿੰਦਾ ਹੈ, "ਨਹੀਂ ਚਾਚਾ, ਮੈਂ ਨਹੀਂ ਖਾਣੀ। ਕਹਿੰਦੇ ਇਹ ਲੱਗ ਜਾਂਦੀ ਹੈ।" ਚਲਾਕ ਚਾਚਾ ਮੋਹਰਿਉਂ ਮਿੱਠੀ ਛੁਰੀ ਚਲਾਉਂਦਾ ਹੈ, "ਉਹ ਕਮਲਿਆ, ਮੇਰੀ ਸਾਰੀ ਉਮਰ ਬੀਤ ਗਈ ਖਾਂਦੇ ਦੀ, ਮੈਨੂੰ ਤਾਂ ਹੁਣ ਤੱਕ ਇਹ ਲੱਗੀ ਨਹੀਂ।" ਇੰਜ ਭਤੀਜ ਨੂੰ ਨਸ਼ੇੜੀ ਬਣਾ ਕੇ, ਬਿਗਾਨੇ ਘਰ ਦੇ ਕਿਵਾੜ ਬਰਬਾਦੀਆਂ ਲਈ ਚੁਪੱਟ ਖੋਲ੍ਹ ਦਿੱਤੇ ਜਾਂਦੇ ਹਨ।

ਵਿਅਕਤੀਗਤ ਪੱਧਰ 'ਤੇ ਇਹ ਕੁਕਰਮ ਕਮਾਉਣ ਦੀਆਂ ਮਿਸਾਲਾਂ ਤੋਂ ਇਲਾਵਾ ਦੁਨੀਆਂ ਦੇ ਇਤਿਹਾਸ ਵਿਚ ਐਸੇ ਹਵਾਲੇ ਵੀ ਅਨੇਕਾਂ ਮਿਲ ਜਾਂਦੇ ਹਨ, ਜਿੱਥੇ ਕਿਸੇ ਜੰਗਜੂ ਅਣਖੀਲੀ ਕੌਮ ਨੂੰ ਘਸਿਆਰਾ ਬਣਾਉਣ ਲਈ, ਉਸ ਦੇ ਦੁਸ਼ਮਣਾਂ ਵਲੋਂ ਅਜਿਹੀਆਂ ਕਪਟੀ-ਨੀਤੀਆਂ ਅਪਣਾਈਆਂ ਗਈਆਂ ਹੋਣ। ਕਿਸੇ ਬਹੁ-ਗਿਣਤੀ ਦੇ ਜਨ-ਸਮੂਹ ਵਲੋਂ ਜਾਂ ਕਿਸੇ ਹਾਕਮ ਧਿਰ ਵਲੋਂ ਆਪਣੇ 'ਗੁੱਝੇ ਹਿਤਾਂ' ਨੂੰ ਸੁਰੱਖਿਅਤ ਰੱਖਣ ਦੀ ਮਨਸ਼ਾ ਨਾਲ, ਘੱਟ-ਗਿਣਤੀ ਭਾਈਚਾਰੇ ਦੇ ਬੱਚਿਆਂ 'ਤੇ ਅਜਿਹੇ ਗੁਪਤ ਹਮਲੇ ਕੀਤੇ ਜਾਂਦੇ ਹਨ, ਜੋ ਸਹਿਜੇ ਕੀਤਿਆਂ ਕਿਸੇ ਦੀ ਪਕੜ ਵਿਚ ਵੀ ਨਾ ਆਉਣ।

ਐਸੇ ਸੂਖਮ ਹਮਲਿਆਂ ਦਾ ਸ਼ਿਕਾਰ ਹੋਈ ਕੌਮ ਦੀ ਨਵੀਂ ਪਨੀਰੀ, ਜਦੋਂ ਆਪਣੇ ਪਿਤਾ-ਪੁਰਖੀ ਵਿਰਸੇ ਨੂੰ ਸ਼ਰ੍ਹੇਆਮ ਤਿਲਾਂਜਲੀ ਦੇ ਕੇ ਕੁਰਾਹੇ ਪੈ ਜਾਵੇ ਤਾਂ ਉਸ ਦੀ ਮੰਦਹਾਲੀ 'ਤੇ ਕੋਈ ਸ਼ਾਇਰ ਹੰਝੂ ਕੇਰਦਿਆਂ ਕਹਿੰਦਾ ਹੈ:

'ਤਿਫਲ ਮੇਂ ਬੂਅ ਆਏ ਕਹਾਂ ਮਾਂ-ਬਾਪ ਕੇ ਕਿਰਦਾਰ ਕੀ?
ਦੂਧ ਡਿੱਬੇ ਕਾ ਮਿਲਾ, ਤਾਅਲੀਮ ਹੈ ਸਰਕਾਰ ਕੀ।'

(ਉਨ੍ਹਾਂ ਬੱਚਿਆਂ ਵਿਚੋਂ ਮਾਂ-ਪਿਉ ਦੀਆਂ ਵਿਰਾਸਤੀ ਕਦਰਾਂ-ਕੀਮਤਾਂ ਦੀ ਸੁਗੰਧੀ ਕਿਵੇਂ ਆਵੇਗੀ? ਜਿਨ੍ਹਾਂ ਨੂੰ ਮਾਂ ਦੇ ਦੁੱਧ ਦੀ ਥਾਂ ਪੀਣ ਲਈ ਮਿਲਿਆ ਹੋਵੇ ਡੱਬੇ-ਬੰਦ 'ਸੁੱਕਾ' ਦੁੱਧ ਅਤੇ ਮੁੱਢਲੀ ਵਿਦਿਆ ਮਿਲੀ ਹੋਵੇ ਸਰਕਾਰੀ।)

ਕੋਈ ਫਰੇਬੀ ਚਾਚਾ-ਤਾਇਆ ਤਾਂ ਇਕ-ਅੱਧ ਭਤੀਜੇ ਨੂੰ ਚਾਟੇ ਲਾ ਕੇ ਕਿਸੇ ਹਸਦੇ-ਵਸਦੇ ਪਰਿਵਾਰ ਨੂੰ ਉਜਾੜੇ ਦੇ ਰਾਹ ਪਾ ਸਕਦਾ ਹੈ, ਲੇਕਿਨ ਜਦੋਂ ਇਹ ਮਿਸ਼ਨ, ਸਰਕਾਰੀ ਪੱਧਰ 'ਤੇ ਚਲਾਇਆ ਜਾਂਦਾ ਹੈ ਤਾਂ ਕੋਈ ਪੂਰੀ ਦੀ ਪੂਰੀ ਕੌਮ ਵੀ ਤਬਾਹੀ ਕੰਢੇ ਪਹੁੰਚ ਸਕਦੀ ਹੈ। ਇਥੇ ਮੈਂ 'ਸਰਕਾਰੀ ਵਿਦਿਆ' ਦੇ ਗੁਹਜ ਅਰਥ ਸਪੱਸ਼ਟ ਕਰਨ ਲਈ ਇਕ ਇਤਿਹਾਸਕ ਹਵਾਲਾ ਦੇਣਾ ਚਾਹੁੰਦਾ ਹਾਂ।

ਇਹ ਉਦੋਂ ਦੀ ਵਾਰਤਾ ਹੈ ਜਦੋਂ ਸਾਡੇ ਦੇਸ਼ ਦਾ ਆਜ਼ਾਦੀ ਸੰਗਰਾਮ ਪੂਰਾ ਭਖਿਆ ਹੋਇਆ ਸੀ। ਮੁਸਲਮਾਨ ਆਗੂਆਂ ਵਲੋਂ ਵੱਖਰੇ ਦੇਸ਼ ਪਾਕਿਸਤਾਨ ਦੀ ਮੰਗ ਸ਼ੁਰੂ ਹੋਣ ਨਾਲ ਸਿੱਖ ਨੇਤਾਵਾਂ ਨੂੰ ਆਪਣੇ ਗੁਰਧਾਮਾਂ ਦੀ ਅਤੇ ਬਾਰਾਂ ਵਿਚ ਵਸਦੇ, ਵੱਡੀ ਗਿਣਤੀ ਸਿੱਖਾਂ ਦੀ ਚਿੰਤਾ ਸਤਾਉਣ ਲੱਗੀ। ਇਸੇ ਚਿੰਤਾ ਕਾਰਨ ਉਨ੍ਹਾਂ ਨੇ ਪਾਕਿਸਤਾਨ ਦੀ ਮੰਗ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਸੰਨ 1942 ਵਿਚ ਲਾਹੌਰ ਵਿਖੇ ਹੋਈ ਇਕ ਕਾਨਫਰੰਸ ਮੌਕੇ, ਇਹ ਗੱਲ ਸਿਰਦਾਰ ਕਪੂਰ ਸਿੰਘ (ਕਰਤਾ ਸਾਚੀ ਸਾਖੀ) ਨੂੰ ਤਤਕਾਲੀ ਮਸ਼ਹੂਰ ਸਿੱਖ ਆਗੂ ਗਿਆਨੀ ਸ਼ੇਰ ਸਿੰਘ ਨੇ ਦੱਸੀ। ਅਖੇ ਪੰਡਤ ਮਦਨ ਮੋਹਨ ਮਾਲਵੀਯ, ਇਕ ਦਿਨ ਮੈਨੂੰ ਵੱਖਰਿਆਂ ਕਰਕੇ ਕਹਿਣ ਲੱਗੇ, "ਗਿਆਨੀ ਜੀ, ਆਪ ਚਿੰਤਾ ਨਾ ਕਰੇਂ, ਅੰਗਰੇਜ਼ ਕੋ ਚਲਾ ਜਾਨੇ ਦੋ, ਹਮ ਕੇਵਲ ਵਿਦਿਆ-ਪ੍ਰਣਾਲੀ ਮੇਂ ਸੰਸ਼ੋਧਨ (ਸੁਧਾਰ) ਕਰਕੇ, ਮੁਸਲਮਾਨੋਂ ਕੀ ਸਾਰੀ ਮੁਸਲਮਾਨੀ ਨਿਕਾਲ ਦੇਂਗੇ।" ਕਹਿੰਦੇ ਗਿਆਨੀ ਸ਼ੇਰ ਸਿੰਘ ਦੇ ਮਨ ਵਿਚ ਪੰਡਤ ਮਾਲਵੀਯ ਦੀ ਇਹ ਗੱਲ ਸੁਣ ਕੇ ਤੌਖਲਾ ਉਠਿਆ, "ਇਨ੍ਹਾਂ ਆਗੂਆਂ ਦੇ ਸਾਡੀ ਸਿੱਖ ਕੌਮ ਬਾਰੇ ਵੀ ਇਹੋ ਜਿਹੇ ਵਿਚਾਰ ਹੋ ਸਕਦੇ ਹਨ... ਦੇਸ਼ ਆਜ਼ਾਦ ਹੋਣ ਉਪਰੰਤ ਹਾਕਮ ਬਣਕੇ, ਇਹ ਸਾਡੇ ਵਿਚੋਂ ਵੀ 'ਸਿੱਖੀ' ਕੱਢਣ ਦੀਆਂ ਵਿਉਂਤਾਂ ਬਣਾਉਣਗੇ।"

ਆਹ ਜਿਹੋ ਜਿਹੀ ਹਾਲਤ ਪੰਜਾਬ ਵਿਚ ਸਿੱਖੀ ਦੀ ਹੋ ਰਹੀ ਹੈ, ਇਹ ਸਭ ਗਿਆਨੀ ਸ਼ੇਰ ਸਿੰਘ ਦੇ ਦਿਲ ਵਿਚ ਉਦੋਂ ਉਠੇ ਤੌਖਲੇ ਦਾ ਵਿਰਾਟ ਰੂਪ ਹੀ ਸਾਕਾਰ ਦਿਸ ਰਿਹਾ ਹੈ। ਕੇਸਾਧਾਰੀ ਜਾਂ ਦਸਤਾਰਧਾਰੀ ਨੌਜਵਾਨ, ਪੰਜਾਬ 'ਚੋਂ ਅਲੋਪ ਹੋਣੇ ਕਿਤੇ ਰਾਤੋ-ਰਾਤ ਨਹੀਂ ਸ਼ੁਰੂ ਹੋ ਗਏ। ਇਹ ਸਭ ਸ੍ਰੀ ਮਦਨ ਮੋਹਨ ਮਾਲਵੀਯ ਦੇ ਉਤਰਾਧਿਕਾਰੀਆਂ ਵਲੋਂ ਤਿਆਰ ਕੀਤੀਆਂ ਗਈਆਂ 'ਦੀਰਘਕਾਲੀ ਯੋਜਨਾਵਾਂ' ਦਾ ਪ੍ਰਤਾਪ ਹੀ ਹੈ। ਸਿੱਧੇ ਸ਼ਬਦਾਂ ਵਿਚ ਇੰਜ ਕਹਿ ਸਕਦੇ ਹਾਂ ਕਿ ਸਿੱਖ ਫਲਸਫੇ ਨੂੰ ਨੇਸਤੋ-ਨਾਬੂਦ ਕਰਨ ਦੀ ਠਾਣੀ ਬੈਠੀਆਂ ਸ਼ਕਤੀਆਂ ਵਲੋਂ 'ਵਿੱਦਿਆ ਪ੍ਰਣਾਲੀ ਦੇ ਸੰਸ਼ੋਧਨ' ਨੂੰ ਇਕ ਅਤਿ-ਸੂਖਮ ਹਥਿਆਰ ਵਜੋਂ ਵਰਤਣ ਦੇ ਫਲਸਰੂਪ ਹੀ ਪੰਜਾਬ 'ਚ ਸਿੱਖੀ ਨਿਘਾਰ ਵਲ ਜਾ ਰਹੀ ਹੈ।

ਇਕ ਵਿਦਿਅਕ ਮਾਹਰ ਦਾ ਕਥਨ ਹੈ ਕਿ ਜਿਨ੍ਹਾਂ ਬੱਚਿਆਂ ਨੂੰ ਮੁੱਢਲੀ ਵਿੱਦਿਆ, ਮਾਤ-ਭਾਸ਼ਾ ਤੋਂ ਇਲਾਵਾ ਕਿਸੇ ਹੋਰ ਬੋਲੀ ਵਿਚ ਦਿੱਤੀ ਜਾ ਰਹੀ ਹੋਵੇ ਤਾਂ ਸਮਝੋ ਕਿ ਉਨ੍ਹਾਂ ਨੂੰ ਥੋੜ੍ਹੀ-ਥੋੜ੍ਹੀ ਜ਼ਹਿਰ ਰੋਜ਼ ਦਿੱਤੀ ਜਾ ਰਹੀ ਹੈ। ਮੁੱਢਲੀ ਵਿੱਦਿਆ ਵਿਚ, ਦੋਖੀਆਂ ਵਲੋਂ ਘੋਲੀ ਹੋਈ ਜ਼ਹਿਰ ਪੀ-ਪੀ ਕੇ ਵਿਦਿਆਵਾਨ ਬਣ ਰਹੇ ਵਿਦਿਆਰਥੀਆਂ ਨੂੰ ਡਾ. ਮੁਹੰਮਦ ਇਕਬਾਲ ਦਾ ਇਕ ਖੂਬਸੂਰਤ ਸ਼ਿਅਰ ਮੁਖ਼ਾਤਿਬ ਹੈ:

'ਗਲਾ ਤੋ ਘੋਟ ਦੀਆ ਹੈ
ਅਹਿਲੇ-ਮਦਰੱਸਾ ਨੇ ਤਿਰਾ,
ਆਏ ਆਵਾਜ਼ ਕਹਾਂ ਸੇ
ਲਾ-ਇਲਾਅ ਇੱਲ-ਲਿੱਲਾਹ?'

(ਐ ਨੌਜਵਾਨ! ਸਕੂਲ ਦੀ ਮਾਡਰਨ ਵਿੱਦਿਆ ਨੇ ਤੇਰਾ ਗਲਾ ਹੀ ਇੰਨਾ ਘੁੱਟ ਦਿੱਤਾ ਹੈ ਕਿ ਹੁਣ ਇਹਦੇ 'ਚੋਂ ਅੱਲਾਹ ਜਾਂ ਖ਼ੁਦਾ ਕਿਵੇਂ ਨਿਕਲੇ?)

ਸਿੱਖੀ ਦੇ ਖ਼ਾਤਮੇ ਲਈ ਜਾਂ ਇਸ ਨੂੰ ਗੰਧਲਾ ਕਰਨ ਲਈ ਵਿੱਦਿਅਕ ਪ੍ਰਣਾਲੀ ਵਿਚ ਅਖੌਤੀ ਸੁਧਾਰਾਂ ਦਾ ਸਿਲਸਿਲਾ ਹੁਣ ਤੱਕ ਬਦਸਤੂਰ ਜਾਰੀ ਹੈ। ਚਰਚਾ ਵਿਚ ਆਈ ਤਾਜ਼ਾ ਮਿਸਾਲ ਦੇਣ ਤੋਂ ਪਹਿਲਾਂ, ਮੈਂ ਆਪਣੇ ਮੁੱਢਲੀ ਵਿੱਦਿਆ ਪ੍ਰਾਪਤੀ ਦੇ ਦਿਨਾਂ ਦੀ ਇਕ ਵਿਥਿਆ ਸੁਣਾਉਣੀ ਚਾਹੁੰਦਾ ਹਾਂ।

ਪ੍ਰਾਇਮਰੀ ਕਲਾਸਾਂ ਵਿਚ ਪੜ੍ਹਨ ਸਮੇਂ ਇਕ ਦਿਨ ਮੈਂ ਬੜੇ ਸ਼ੌਕ ਨਾਲ ਫੱਟੀ ਲਿਖੀ ਹੋਈ ਸੀ।




ਕੱਚੀ-ਪੀਲੀ ਗਾਚਨੀ ਨਾਲ ਪੋਚੀ ਹੋਈ ਫੱਟੀ ਉਤੇ ਕਾਲੀ ਸਿਆਹੀ ਨਾਲ ਮੋਤੀਆਂ ਵਾਂਗ ਲਿਖੇ ਅੱਖਰ ਚਮਕਾਂ ਮਾਰ ਰਹੇ ਸਨ। ਆਮ ਦੀ ਤਰ੍ਹਾਂ ਮੇਰੇ ਪਿਤਾ ਜੀ ਨੇ ਮੈਥੋਂ ਫੱਟੀ ਫੜ ਕੇ ਪੜ੍ਹਨੀ ਸ਼ੁਰੂ ਕਰ ਦਿੱਤੀ। ਖੁਸ਼ਖ਼ਤ ਲਿਖਾਈ ਹੋਣ ਕਾਰਨ, ਸ਼ਾਬਾਸ਼ੇ ਲੈਣ ਦੀ ਚਾਅ ਭਰੀ ਤਾਂਘ ਰੱਖ ਕੇ, ਮੈਂ ਉਨ੍ਹਾਂ ਦੇ ਚਿਹਰੇ ਵਲ ਦੇਖਣ ਲੱਗਾ। ਮੇਰੀ ਆਸ ਦੇ ਉਲਟ ਉਨ੍ਹਾਂ ਦੇ ਮੱਥੇ 'ਤੇ ਤਿਊੜੀਆਂ ਉਭਰ ਰਹੀਆਂ ਦੇਖ ਕੇ ਮੈਂ ਡਰ ਗਿਆ।

"ਆਹ ਤੁਹਾਨੂੰ ਕਿਹਨੇ ਲਿਖਾਇਆ ਓਏ?" ਸਾਰੀ ਫੱਟੀ ਪੜ੍ਹ ਕੇ ਉਨ੍ਹਾਂ ਮੈਨੂੰ ਪੁੱਛਿਆ।

"ਆਪਣੀ ਪੰਜਾਬੀ ਦੀ ਕਿਤਾਬ 'ਚੋਂ ਲਿਖਿਆ ਇਹ ਪਾਠ।"

"ਲਿਆ ਦਿਖਾਲ ਜ਼ਰਾ ਮੈਨੂੰ ਉਹ ਕਿਤਾਬ।" ਉਨ੍ਹਾਂ ਵਲੋਂ ਮੰਗਣ 'ਤੇ ਮੈਂ ਫਟਾ-ਫਟ ਝੋਲੇ 'ਚੋਂ ਕੱਢ ਕੇ ਫੜਾ ਦਿੱਤੀ। ਕਿਤਾਬ 'ਚੋਂ ਉਹੀ ਪਾਠ ਪੜ੍ਹ ਕੇ, ਲੱਗ ਪਏ ਉਹ ਬੁਰਾ-ਭਲਾ ਬੋਲਣ, "ਬਹਿ ਜਾਏ ਬੇੜੀ ਇਨ੍ਹਾਂ ਕੰਜਰਾਂ ਦੀ!... ਦੇਖੋ ਕਿੰਨੀ ਚਲਾਕੀ ਨਾਲ ਨਿਆਣਿਆਂ 'ਚ ਨਫਰਤ ਭਰਦੇ ਐ!!" ਮੈਨੂੰ ਹਾਲੇ ਤੱਕ ਯਾਦ ਹੈ ਕਿ ਸਾਡੀ ਕਿਤਾਬ 'ਚ ਲਿਖੇ ਉਸ ਸਬਕ ਦੀ ਇਬਾਰਤ ਕੁਝ ਇਸ ਤਰ੍ਹਾਂ ਦੀ ਸੀ,

'...ਮੇਰੀ ਜਮਾਤ ਵਿਚ ਰਾਮ ਲਾਲ ਨਾਂ ਦਾ ਇਕ ਵਿਦਿਆਰਥੀ ਪੜ੍ਹਦਾ ਹੈ। ਉਹ ਬਹੁਤ ਹੀ ਸਾਫ-ਸੁਥਰਾ ਬਣ ਕੇ ਸਕੂਲੇ ਆਉਂਦਾ ਹੈ। ... ਉਹ ਸਮੇਂ ਸਿਰ ਹਜਾਮਤ ਕਰਵਾ ਕੇ ਵਾਲਾਂ ਨੂੰ ਖੁਸ਼ਬੂ ਵਾਲਾ ਤੇਲ ਲਗਾ ਕੇ ਰੱਖਦਾ ਹੈ...ਸਾਰੇ ਅਧਿਆਪਕ ਉਸਨੂੰ ਬਹੁਤ ਪਿਆਰ ਕਰਦੇ ਹਨ... ਸਾਡੀ ਜਮਾਤ ਵਿਚ ਹੀ ਇਕ ਘੁਮੰਡਾ ਸਿੰਘ ਨਾਂ ਵਾਲਾ ਮੁੰਡਾ ਹੈ ਜੋ ਰੋਜ਼ ਹੀ ਗੰਦਾ ਜਿਹਾ ਬਣ ਕੇ ਸਕੂਲੇ ਆ ਜਾਂਦਾ ਹੈ... ਉਹ ਅਕਸਰ ਆਪਣੀ ਜੂੜੀ ਥੱਲੇ ਖੁਰਕਦਾ ਰਹਿੰਦਾ ਹੈ...ਉਹ ਬਹੁਤ ਹੀ ਕੰਮ-ਚੋਰ ਹੈ... ਇਸ ਲਈ ਅਧਿਆਪਕਾਂ ਪਾਸੋਂ ਉਸ ਨੂੰ ਰੋਜ਼ ਝਿੜਕਾਂ ਪੈਂਦੀਆਂ ਹਨ...।'

ਦੂਜੇ ਦਿਨ ਪਿਤਾ ਜੀ ਸਾਡੇ ਸਕੂਲ ਜਾ ਪਹੁੰਚੇ। ਉਨ੍ਹਾਂ ਸਾਡੇ ਟੀਚਰ ਸ੍ਰੀ ਸੱਤਪਾਲ ਸ਼ਰਮਾ ਨਾਲ ਕਾਫੀ ਬਹਿਸ ਕੀਤੀ। ਟੀਚਰ ਨੇ ਇਹ ਕਹਿ ਕੇ ਖਹਿੜਾ ਛੁਡਾ ਲਿਆ ਕਿ ਇਹ ਕਿਤਾਬਾਂ 'ਉਪਰੋਂ' ਛਪ ਕੇ ਆਉਂਦੀਆਂ ਨੇ, ਸਾਡਾ ਕੋਈ ਕਸੂਰ ਨਹੀਂ।

ਥੋੜ੍ਹੇ ਦਿਨਾਂ ਬਾਅਦ ਨਵਾਂਸ਼ਹਿਰ ਦੀ ਦਾਣਾ ਮੰਡੀ ਵਿਚ ਹੋਈ ਅਕਾਲੀ ਕਾਨਫਰੰਸ ਮੌਕੇ ਪਿਤਾ ਜੀ ਨੇ ਇਹੀ ਸ਼ਿਕਾਇਤ ਜਥੇਦਾਰ ਅਮਰ ਸਿੰਘ ਦੁਸਾਂਝ ਕੋਲ ਕੀਤੀ। ਮੈਨੂੰ ਉਹ ਦ੍ਰਿਸ਼ ਕੱਲ੍ਹ ਵਾਂਗ ਚੇਤੇ ਹੈ ਕਿ ਕਿਵੇਂ ਦੁਸਾਂਝ ਸਾਹਿਬ ਨੇ ਆਪਣਾ ਇਕ ਹੱਥ ਲੱਕ 'ਤੇ ਰੱਖ ਕੇ ਅਤੇ ਦੂਜਾ ਹੱਥ ਵਾਰਾਂ ਗਾ ਕੇ ਹਟੇ ਢਾਡੀਆਂ ਵਲ ਕਰਕੇ ਗਰਜਦਿਆਂ ਆਖਿਆ ਸੀ, "ਕੌਮ ਦੇ ਰਾਗੀਓ, ਢਾਡੀਓ, ਪ੍ਰਚਾਰਕੋ! ਆਪਣਾ ਇਤਿਹਾਸ ਤੁਸੀਂ ਹੀ ਲੋਕਾਂ ਤੱਕ ਪਹੁੰਚਾਉਣਾ ਐ... ਸਕੂਲੀ ਵਿੱਦਿਆ ਰਾਹੀਂ ਤਾਂ ਹੋਰ ਈ ਪੱਟੀਆਂ ਪੜ੍ਹਾਈਆਂ ਜਾ ਰਹੀਆਂ ਨੇ... ਕੋਈ ਕਿਤਾਬ ਖੋਲ੍ਹੋ...ਪਹਿਲੇ ਸਫੇ 'ਤੇ ਦੇਵੀ ਮਾਂ ਦੀ ਮੂਰਤੀ... ਭਾਰਤ ਮਾਂ, ਹੇ ਭਾਰਤ ਮਾਂ... ਦੂਜੇ ਸਫੇ 'ਤੇ 'ਬਾਪੂ' ਗਾਂਧੀ... ਤੀਜੇ ਉਪਰ 'ਚਾਚਾ' ਨਹਿਰੂ, ਚੌਥੇ 'ਤੇ ਝਾਂਸੀ ਦੀ ਰਾਣੀ... ਬੱਸ!"

ਇਹ ਉਨ੍ਹਾਂ ਦਿਨਾਂ ਦੀ ਗੱਲ ਹੈ ਜਦੋਂ ਦੇਸ਼ ਆਜ਼ਾਦ ਹੋਇਆਂ ਮਸਾਂ ਸੋਲਾਂ-ਸਤਾਰਾਂ ਸਾਲ ਹੀ ਹੋਏ ਸਨ। ਜਿਹੜਾ ਹੁਣ 'ਚੰਦ ਚੜ੍ਹਾਇਆ' ਜਾ ਰਿਹਾ ਹੈ, ਉਹ ਵੀ ਸੁਣ ਲਉ। ਕੇਂਦਰ ਦੀ ਸਹਾਇਤਾ ਨਾਲ ਪੰਜਾਬ ਵਿਚ 'ਸਰਬ ਸਿੱਖਿਆ ਅਭਿਆਨ' ਚਲਾਇਆ ਜਾ ਰਿਹਾ ਹੈ। ਛੋਟੇ ਬੱਚਿਆਂ ਨੂੰ ਵੱਧ ਤੋਂ ਵੱਧ ਵਿਦਿਅਕ ਘੇਰੇ ਹੇਠ ਲਿਆਉਣ ਲਈ ਇਹ ਪ੍ਰੋਗਰਾਮ ਚਲਾਇਆ ਜਾ ਰਿਹਾ ਹੈ।

ਇਸ ਦੇ ਪ੍ਰਬੰਧਕਾਂ ਵਲੋਂ ਦੋ ਕਿਤਾਬਾਂ ਛਪਵਾਈਆਂ ਗਈਆਂ ਹਨ। ਪਹਿਲੀ ਹੈ 'ਗਿਆਨ ਸਰੋਵਰ' ਅਤੇ ਦੂਜੀ ਹੈ 'ਬਾਲੂ ਦੇ ਵਾਲ', ਯਤਨ ਕਰਨ ਦੇ ਬਾਵਜੂਦ ਪਹਿਲੀ ਕਿਤਾਬ ਦੇ ਹਾਲੇ ਦਰਸ਼ਨ ਨਹੀਂ ਹੋਏ (ਕਹਿੰਦੇ ਨੇ ਇਸ ਵਿਚ ਗੁਰੂ ਸਾਹਿਬਾਨ ਬਾਰੇ ਅਤੇ ਸਿੱਖ ਇਤਿਹਾਸ ਬਾਰੇ ਕਾਫੀ ਊਟ-ਪਟਾਂਗ ਲਿਖਿਆ ਹੋਇਐ) ਪਰ ਦੂਜੀ, ਕਿਸੇ ਪ੍ਰੀਤਮ ਸਿੰਘ ਨਾਮ ਦੇ ਸਿੱਖ-ਦਰਦੀ ਨੇ ਮੈਨੂੰ 'ਈ-ਮੇਲ' ਰਾਹੀਂ ਭੇਜੀ ਹੈ।

'ਰੋਜ਼ਾਨਾ ਦੈਨਿਕ ਜੀਵਨ ਦੇ ਅਨੁਭਵਾਂ 'ਤੇ ਆਧਾਰਤ ਕਹਾਣੀਆਂ ਦੇ ਸਿਰਲੇਖ ਹੇਠ ਪਹਿਲੀ ਕਹਾਣੀ ਸਚਿੱਤਰ ਰੂਪ ਵਿਚ ਲਿਖੀ ਗਈ ਹੈ ਬਾਲੂ ਦੇ ਵਾਲ...ਦਿਲ ਲੁਭਾਉਣੇ ਰੰਗਦਾਰ ਚਿੱਤਰਾਂ ਰਾਹੀਂ ਦਰਸਾਇਆ ਗਿਆ ਹੈ ਕਿ ਬਾਲੂ ਨਾਂ ਦੀ ਆਪਣੀ ਛੋਟੀ ਜਿਹੀ ਕੁੜੀ ਦੇ ਦੋ ਗੁੱਤਾਂ ਕਰਕੇ, ਮਾਂ ਉਸਨੂੰ ਰੋਜ਼ ਸਕੂਲੇ ਭੇਜਦੀ ਹੈ। ਉਹ ਚਾਈਂ-ਚਾਈਂ ਉਸਦੇ ਵਾਲਾਂ ਨੂੰ ਤੇਲ ਲਗਾ ਕੇ ਕੰਘੀ ਕਰਦੀ ਹੈ। ਬਾਲੂ ਦੇ ਕੇਸ ਲੰਬੇ ਹੋਣ ਕਰਕੇ ਉਸ ਦੇ ਗੁੱਤਾਂ ਬਹੁਤ ਫਬਦੀਆਂ ਹਨ ਪਰ ਬਾਲੂ ਨੂੰ ਆਪਣੀ ਮੰਮੀ ਦੀ ਪਸੰਦ ਵਿਰੁਧ ਆਪਣੇ ਵਾਲ ਕੱਟ ਕੇ ਖੁੱਲ੍ਹੇ ਛੱਡਣੇ ਪਸੰਦ ਹਨ। ਉਹ ਰੋਜ਼ਾਨਾ ਗੁੱਤਾਂ ਕਰਾਉਣ ਵੇਲੇ ਬੜੀ ਦੁਖੀ ਹੁੰਦੀ। ਚਿੱਤਰ ਵਿਚ ਦਿਖਾਇਆ ਗਿਆ ਹੈ ਕਿ ਮੰਮੀ ਤਾਂ ਲਾਡ-ਪਿਆਰ ਨਾਲ ਬਾਲੂ ਦਾ ਸਿਰ ਗੋਡਿਆਂ 'ਚ ਲੈ ਕੇ ਕੰਘੀ ਫੇਰ ਰਹੀ ਹੈ, ਪਰ ਚਾਮ੍ਹਲੀ ਹੋਈ ਬਾਲੂ ਨੇ ਬਿੱਜੂ ਵਰਗਾ ਬੂਥਾ ਬਣਾਇਆ ਹੋਇਆ ਹੈ।

ਮੰਮੀ ਆਪਣੀ ਧੀ ਦੀਆਂ ਗੁੱਤਾਂ ਨੂੰ ਰੰਗ-ਬਰੰਗੇ ਰੀਬਨ ਬੰਨ੍ਹਦੀ ਹੈ ਤਾਂ ਕਿ ਉਹ ਵੀ ਗੁੱਤਾਂ ਪਸੰਦ ਕਰਨ ਲੱਗ ਪਵੇ ਪਰ ਕੁੜੀ ਸਿਰ ਵਾਹੁਣ ਲੱਗਿਆਂ ਸੜਿਆ ਮੂੰਹ ਕਰੀ ਰੱਖਦੀ ਹੈ। ਇਸੇ ਕਸ਼ਮਕਸ਼ ਦੇ ਚਲਦਿਆਂ, ਆਖਰ ਇਕ ਦਿਨ ਮੰਮੀ ਦੇਖਦੀ ਹੈ ਕਿ ਬਾਲੂ ਤੇ ਉਸਦਾ ਡੈਡੀ ਦੋਵੇਂ ਜਣੇ ਘਰੋਂ ਗਾਇਬ ਹਨ। ਉਹ ਚਿੰਤਾ ਕਰਦੀ ਹੈ ਪਰ ਥੋੜ੍ਹੇ ਚਿਰ ਮਗਰੋਂ ਦੋਵੇਂ ਘਰ ਆ ਜਾਂਦੇ ਹਨ। ਬਾਲੂ ਚਾਂਭੜਾਂ ਪਾਉਂਦੀ ਹੋਈ, ਟਪੂਸੀਆਂ ਮਾਰਦੀ ਆਪਣੀ ਮੰਮੀ ਸਾਹਮਣੇ ਆਉਂਦੀ ਹੈ। ਆਪਣੇ ਸਿਰ 'ਤੇ ਲਪੇਟੀ ਹੋਈ ਚੁੰਨੀ ਇਕਦਮ ਖੋਲ੍ਹ ਕੇ ਸਿਰ ਦੇ ਵਾਲਾਂ ਦੀ ਬੱਕਰੀ ਦੀ ਪੂਛ ਜਿਹੀ ਬਣਾਈ ਹੋਈ ਮਾਂ ਦੇ ਮੂਹਰੇ ਕਰਕੇ ਕਹਿੰਦੀ ਹੈ, "ਲੈ, ਕਰ ਮੇਰੀਆਂ ਦੋ ਗੁੱਤਾਂ!" ਇਕ ਚਿੱਤਰ ਵਿਚ ਦਿਖਾਇਆ ਗਿਆ ਹੈ ਕਿ ਬਾਲੂ, ਨਾਈ ਦੀ ਦੁਕਾਨ 'ਤੇ ਬੈਠੀ ਪਟੇ ਕਰਵਾ ਰਹੀ ਹੈ।...ਹਾਰੀ ਹੋਈ ਮਾਂ ਉਸਨੂੰ ਕਲਾਵੇ 'ਚ ਲੈ ਲੈਂਦੀ ਹੈ।'

ਪੰਜਾਬ ਦੇ ਬੱਚਿਆਂ ਨੂੰ, ਭਲਾ ਕਿਹੜੀ 'ਸੇਧ' ਦੇਣ ਲਈ ਇਹ ਸਚਿੱਤਰ ਕਿਤਾਬ ਤਿਆਰ ਕਰਵਾਈ ਗਈ ਹੋਵੇਗੀ? ਇਹ ਕਹਾਣੀ ਬਣਾਉਣ ਵਾਲੇ ਅਕਲ ਦੇ ਅੰਨ੍ਹੇ ਨੂੰ ਇਹ ਨਹੀਂ ਦਿਸਿਆ ਹੋਵੇਗਾ ਕਿ ਪੰਜਾਬ ਦੇ ਸਿੱਖ ਤਾਂ ਨਿੱਤ ਦਿਨ ਪਤਿਤਪੁਣਾ ਵਧਣ ਦੀ ਦੁਹਾਈ ਪਾ ਰਹੇ ਹਨ। ਐਡਵਰਡ ਆਰ. ਮੁਰੋ ਦਾ ਕਥਨ ਹੈ ਕਿ ਕੋਈ ਵੀ ਸਾਡੀ ਕੌਮ ਨੂੰ ਭੈਅ-ਭੀਤ ਨਹੀਂ ਕਰ ਸਕਦਾ, ਜਦ ਤੱਕ ਕਿ ਅਸੀਂ ਆਪ ਇਸ ਦੇ ਭਾਈਵਾਲ ਨਾ ਹੋਈਏ।

ਇਸ ਕਥਨ ਦੀ ਰੌਸ਼ਨੀ ਵਿਚ ਹੀ ਪੰਜਾਬ ਦੀ ਅਕਾਲੀ ਸਰਕਾਰ ਨੂੰ 'ਸਿੱਖ ਹਿਤੈਸ਼ੀ' ਮੰਨਿਆ ਜਾ ਸਕਦਾ ਹੈ? ਲੱਖ ਸ਼ੁਕਰਾਨਾ ਮੀਡੀਏ ਦਾ, ਜਿਸ ਨੇ ਬਾਲੂ ਦੇ ਵਾਲਾਂ ਦੇ ਬਹਾਨੇ, ਸਿੱਖ ਸਿਧਾਂਤ ਦੀ ਸ਼ਾਹਰਗ ਕੇਸ ਫਿਲਾਸਫੀ ਵਿਰੁਧ ਰਚੀ ਗਈ ਸਾਜ਼ਿਸ਼ ਦਾ ਭਾਂਡਾ ਭੰਨਿਆ।

# ਸਾਵਣ ਸਰਸ ਮਨਾ ਘਣ ਵਰਸਹਿ ਰੁਤ ਆਏ

ੴ ਸਤਿਗੁਰ ਪ੍ਰਸਾਦਿ
ਸਾਵਣ ਸਰਸ ਮਨਾ ਘਣ ਵਰਸਹਿ ਰੁਤ ਆਏ
ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ
ਪਿਰ ਘਰਿ ਨਹੀ ਆਵੈ ਮਰੀਐ ਗਾਵੈ ਦਾਮਨਿ ਚਮਕਿ ਡਰਾਏ
ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ
ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ
ਨਾਨਕ ਸਾ ਸੋਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ॥

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਤੁਖਾਰੀ ਰਾਗ ਦੇ ਬਾਰਾਮਾਹ ਵਿਚ ਸਾਵਣ ਮਹੀਨੇ ਦੀ ਰੁੱਤ ਦਾ ਅਲੌਕਿਕ ਅਤੇ ਖੂਬਸੂਰਤ ਵਰਨਣ ਕਰਦੇ ਹੋਏ ਇਕ ਬਿਰਹਨ ਦੇ ਵਿਛੋੜੇ ਭਰੇ ਜੀਵਨ ਦਾ ਚਿਤਰ ਉਲੀਕਦੇ ਹਨ ਕਿ ਬੇਸ਼ੱਕ ਸਾਵਣ ਦਾ ਮਹੀਨਾ ਅਤਿ ਸੁਹਾਵਣਾ ਹੈ, ਅਤਿ ਸੁਖਦਾਈ ਹੈ। ਵਰਖਾ ਦੀ ਰੁਤ ਆ ਗਈ ਹੈ। ਮਨ ਕਿਸੇ ਉਮਾਹ ਵਿਚ ਭਰਿਆ ਪਿਆ ਹੈ। ਮੇਰੇ ਮਨ ਅਤੇ ਤਨ ਦੋਹਾਂ ਨੂੰ ਗੁਰੂ ਪਤੀ ਦਾ ਮਿਲਾਪ ਚਾਹੀਦਾ ਹੈ, ਪਰ ਪਤੀ ਦੂਰ ਹੈ, ਪਰਦੇਸ ਗਿਆ ਹੋਇਆ ਹੈ, ਇਸ ਲਈ ਇਹ ਸਾਵਣ ਦੀ ਰੁੱਤ ਬੇਹੱਦ ਦੁਖਦਾਈ ਹੈ। ਉਹ ਬਿਰਹਨ ਜਿਸ ਦਾ ਪਤੀ ਘਰ ਨਹੀਂ ਹੈ, ਪਤੀ ਦੇ ਵਿਛੋੜੇ ਵਿਚ ਤੜਪ ਰਹੀ ਹੈ ਅਤੇ ਹਉਕੇ ਭਰਦੀ ਹੈ, ਉਸ ਦੀ ਅਵਸਥਾ ਦਾ ਵਰਨਣ ਹੈ। ਬਰਖਾ ਵਿਚ ਬਿਜਲੀ ਚਮਕ ਰਹੀ ਹੈ, ਇਸਤਰੀ ਨੂੰ ਡਰਾਉਂਦੀ ਹੈ ਅਤੇ ਉਹ ਮਿਲਾਪ ਦਾ ਨਾ ਹੋ ਕੇ ਵਿਛੋੜੇ ਦਾ


## ਗੁਰਬਾਨੀ ਗਿਆਨ

ਅਤਿ ਪੀੜ ਭਰਿਆ ਮੌਤ ਵਰਗਾ ਸਮਾਂ ਹੈ ਕਿਉਂਕਿ ਉਹ ਕਾਮਨ ਇਸਤਰੀ ਸੇਜ 'ਤੇ ਇਕੱਲੀ ਹੀ ਤੜਪ ਰਹੀ ਹੈ। ਇਹ ਸਭ ਬਹੁਤ ਹੀ ਦੁਖਦਾਈ ਹੈ ਅਤੇ ਮੌਤ ਵਰਗਾ ਹੈ। ਹੇ ਮਾਂ ਇਹ ਸਾਵਣ ਦੀ ਵਰਖਾ ਵੀ ਇਸ ਦੁਖ ਨੂੰ ਘਟਾ ਨਹੀਂ ਸਕਦੀ ਬਲਕਿ ਹੋਰ ਦੁਖ ਦਿੰਦੀ ਹੈ।

ਅਖੀਰ ਵਿਚ ਸਤਿਗੁਰੂ ਵਿਛੋੜੇ ਦੀ ਇੰਤਹਾ ਦਾ ਵਰਨਣ ਕਰਦੇ ਹਨ ਕਿ ਬਿਰਹਨ ਪ੍ਰਭੂ ਪਤੀ ਦੀ ਯਾਦ ਵਿਚ ਕਿਵੇਂ ਬਿਹਬਲ ਹੈ। ਨਾ ਉਸ ਨੂੰ ਨੀਂਦ ਆਉਂਦੀ ਹੈ, ਨਾ ਹੀ ਭੁੱਖ ਲੱਗਦੀ ਹੈ। ਬਿਰਹਨ ਦੇ ਤਨ ਦੇ ਕੱਪੜੇ ਵੀ ਉਸਨੂੰ ਵੱਢ ਵੱਢ ਖਾ ਰਹੇ ਹਨ, ਉਹ ਵੀ ਸੁਖਾਉਂਦੇ ਨਹੀਂ।

ਸੋ ਸਤਿਗੁਰੂ ਉਪਦੇਸ਼ ਕਰਦੇ ਹਨ, ਹੇ ਭਾਈ ਸੁਹਾਗਣ ਉਹੀ ਹੈ, ਪਤੀ ਵਾਲੀ ਉਹੀ ਹੈ ਜੋ ਆਪਣੇ ਪਤੀ ਦੇ ਕੋਲ ਹੈ, ਹਰ ਵੇਲੇ ਹਾਜ਼ਿਰ ਹੈ। ਮਨ ਅਤੇ ਆਤਮਾ ਕਰਕੇ ਉਸ ਦੇ ਚਰਨਾਂ ਵਿਚ ਸਮਾਈ ਹੋਈ ਹੈ। ਉਹ ਆਤਮਾ ਜਾਂ ਜੀਵ ਇਸਤਰੀ ਹੀ ਇਸ ਸੁਹਾਵਣੀ ਰੁੱਤ ਦਾ, ਸਾਵਣ ਮਹੀਨੇ ਦੀ ਰਿਮ-ਝਿਮ ਦਾ ਅਨੰਦ ਮਾਣ ਸਕਦੀ ਹੈ ਜੋ ਆਪਣੇ ਕੰਤ ਪਤੀ ਪ੍ਰਮੇਸ਼ਰ ਦੇ ਗਲ ਲੱਗੀ ਹੋਈ ਹੈ। ਉਹ ਹੀ ਸੁਹਾਗਣ ਹੈ, ਉਹ ਹੀ ਧੰਨ ਹੈ।

*-ਬੀਬੀ ਸੁਰਜੀਤ ਕੌਰ*
*ਹਜ਼ੂਰੀ ਰਾਗੀ*
*ਗੁਰੂ ਰਵਿਦਾਸ ਟੈਂਪਲ,*
*ਪਿਟਸਬਰਗ*
*ਕੈਲੀਫੋਰਨੀਆ।*



## ਮਹਿੰਦੀ

ਆ ਜਾਣ ਜਦ ਸਿਰ ਵਿਚ ਧੌਲੇ, ਫਿਰ ਵੀ ਜੇ ਨਾ ਕੋਈ ਗੌਲੇ।
ਸੋਚਣ ਉਹ ਕਿਉਂ ਨਾ ਖੌਰੇ, ਅਧ ਵਿਚ ਗਏ ਹੁੰਦੇ ਜੋ...
ਕਰਕੇ ਵਾਲ ਕਾਲੇ-ਪੀਲੇ, ਕਈ ਬਣਦੇ ਨੇ ਮੁੰਡੇ ਜੋ।

ਬਿੰਦੀਆਂ ਕੀ ਟਿੱਕੇ ਹੁੰਦੇ, ਔਰਤ ਨੂੰ ਹੀ ਨੇ ਸੋਂਹਦੇ।
ਗੱਲੋਂ ਕਹਿੰਦੀ, ਸਮਝ ਨਾ ਆਵੇ, ਬੰਦੇ ਕਿਉਂ ਉਮਰ ਲਕੋਂਦੇ।
ਵਾਧੂ ਕੰਮ ਹੁੰਦੇ ਉਹ...

ਅਕਸਰ ਕਈ ਦਫਤਰ ਵੇਖੇ, ਲਾਉਂਦੇ ਹੀ ਸਜ ਜਾਂਦੇ।
ਪਿੰਡਾਂ ਵਿਚ ਕਾਹਲੀ ਕਰਦੇ, ਵਿਚ ਵਿਚ ਤਾਂ ਛੱਡ ਜਾਂਦੇ।
ਸਜਦੇ ਨਹੀਂ ਹੁੰਦੇ ਉਹ...

ਕਰਨਾ ਕੋਈ ਕੰਮ ਨ੍ਹੀਂ ਧੰਦਾ, ਐਵੇਂ ਹੀ ਬੋਲੀ ਜਾਣਾ।
ਪਰਦਾ ਵੀ ਹੈ ਕੋਈ ਹੁੰਦਾ, ਗਜ ਨੇ ਤਾਂ ਖੋਲ੍ਹੀ ਜਾਣਾ।
ਲਾ ਦੇਣ ਚਾਹੇ ਭੁੰਜੇ ਉਹ...

*-ਸੁਖਰਾਜ ਧਾਲੀਵਾਲ, ਟੈਫਟ ਜੇਲ੍ਹ, ਕੈਲੀਫੋਰਨੀਆ*

# REMEMBRANCE OF THE DISAPPEARED

## the light for justice in Punjab still shines bright



## ਜਸਵੰਤ ਸਿੰਘ ਖਾਲੜਾ ਦੀ ਸ਼ਹੀਦੀ ਦੀ 15ਵੀਂ ਵਰ੍ਹੇਗੰਢ

### ਲਾਪਤਾ ਕਰ ਦਿਤੇ ਗਿਆਂ ਨੂੰ ਚੇਤੇ ਕਰਦਿਆਂ

**September 4th • 10AM—5PM**

***Youth Workshops & Discussion***

**September 5th • 10AM—3PM**

***Kirtan Diwan, Movie & Panthic Vichar***

**Gurdwara Sahib West Sacramento**

**2301 Evergreen Avenue • West Sacramento, CA 95691**

***SPEAKERS INCLUDE:***

» **Navkiran Kaur Khalra,** *Daughter of S. Jaswant Singh Khalra*

» **Harinder Singh,** *Sikh Research Institute*

» **Naindeep Singh,** *Jakara Movement*

*I know that if there is to be any hope for Punjab and all of South Asia, there has to be a resurgence of that spirit for freedom and the courage of conviction, embodied by my late son*

—Kartar Singh (father of S. Jaswant Singh Khalra)

*As a leading human-rights activist, S. Jaswant Singh Khalra investigated the thousands of "disappearances" of innocent Sikhs by the Indian State armed forces. Men, women, and children were secretly arrested, tortured during interrogation, and murdered in custody, without ever a conveyance of the death to the family. Khalra led the efforts to begin the process of documenting those victims. Finding 2,100 people killed and made to 'disappear' in one district in Punjab alone, he estimated state-wide the number may have been as large as 25,000.*

*Despite death threats by Indian state officials to desist from his search for truth, Khalra never waivered. On the morning of September 6, 1995, Khalra was abducted in full-view of witnesses from his home and made to 'disappear.' Later a police officer confirmed that Khalra was brutally tortured in custody, before being shot dead and left in a canal. Today, his family continues S. Jaswant Singh Khalra's legacy in promoting life, human rights, and liberty throughout South Asia.*



**Organized by:**

**Ensaaf • Jakara Movement • Sikh Information Centre • Sikh Research Institute • Sikh Sangat of Sacramento**

For more info, please contact: **1-888-551-SIKH • khalramission.org@gmail.com**

# ਅੱਠਵੇਂ ਵਿਸਾਖੀ ਗੋਲਫ਼ ਕੱਪ ਦਾ ਜੇਤੂ:ਗੁਰਸਾਹਿਬ ਸਿੰਘ ਤੂਰ

ਪੰਜਾਬੀ ਜਿੱਥੇ ਵੀ ਜਾਂਦੇ ਨੇ ਆਪਣੇ ਚਾਅ ਸ਼ੌਕ, ਹਿੰਮਤ ਅਤੇ ਮੁਕਾਬਲੇ ਦੀ ਭਾਵਨਾ ਵੀ ਨਾਲ ਹੀ ਲੈ ਕੇ ਜਾਂਦੇ ਨੇ। ਬਾਹੂ ਬਲ ਨੂੰ ਦੇਸ਼ ਕਾਲ ਮੁਤਾਬਕ ਢਾਲ ਕੇ ਕਬੱਡੀ ਅਤੇ ਹਾਕੀ ਦੇ ਖਿਡਾਰੀ, ਗੋਲਫ਼ਰ ਬਣ ਜਾਂਦੇ ਨੇ। ਫਰੰਗੀਆਂ ਦੀ ਧਰਤੀ 'ਤੇ ਉਨ੍ਹਾਂ ਦੀ ਖੇਡ ਨੂੰ ਅਪਨਾ ਕੇ, ਆਪਣਾ ਵੱਖਰਾ ਸੰਸਾਰ ਵਸਾ ਕੇ, ਆਪਣੀ ਨਿਵੇਕਲੀ ਸਰਦਾਰੀ ਕਾਇਮ ਕਰ ਲੈਂਦੇ ਨੇ।

ਮੈਂ ਪਹਿਲੀ ਵਾਰ ਜਦ 2003 ਵਿਚ ਅਮਰੀਕਾ ਆਇਆ ਤਾਂ ਮੇਰੇ ਨਜ਼ਦੀਕੀ ਰਿਸ਼ਤੇਦਾਰ ਜਸਜੀਤ ਸਿੰਘ ਨੱਤ ਦੇ ਮਿੱਤਰ ਗੁਰਸਾਹਿਬ ਸਿੰਘ ਤੂਰ ਦੇ ਗੋਲਫ਼ ਖੇਡਣ ਦੀ ਖ਼ਬਰ ਮਿਲੀ। ਉਦੋਂ ਉਹ ਸ਼ੌਕ ਤੋਂ ਅੱਗੇ ਤੁਰ ਕੇ ਪ੍ਰਾਪਤੀਆਂ ਦੇ ਰਾਹ ਪੈ ਚੁੱਕਾ ਸੀ। ਗੁਜਰਾਤੀ ਭਾਈਆਂ ਵਲੋਂ ਹਿੰਮਤ ਕਰਨ 'ਤੇ ਏਅਰ ਇੰਡੀਆ ਦੀ ਮਦਦ ਨਾਲ ਅਮਰੀਕਾ 'ਚ ਹੋਈ ਏਸ਼ੀਅਨ ਇੰਡੀਅਨ ਗੋਲਫ ਚੈਂਪੀਅਨਸ਼ਿਪ 'ਚ ਹਿੱਸਾ ਲੈ ਕੇ ਉਸਨੇ ਪਹਿਲੀ ਵਾਰ ਤੀਸਰੀ ਪੁਜ਼ੀਸ਼ਨ ਹਾਸਲ ਕਰ ਲਈ ਸੀ। ਐਤਕੀਂ ਜਦ ਮੈਂ ਅਮਰੀਕਾ ਆਇਆ ਤਾਂ ਗੁਰਸਾਹਿਬ ਸਿੰਘ ਨੇ ਦੱਸਿਆ ਕਿ ਉਹ ਟੋਰਾਂਟੋ (ਕੈਨੇਡਾ) ਵਿਚ ਹੋਏ 8ਵੇਂ ਸਾਲਾਨਾ ਓਪਨ ਵਿਸਾਖੀ ਟੂਰਨਾਮੈਂਟ-2010 ਵਿਚ ਖੇਡ ਕੇ ਸਰਵੋਤਮ ਖਿਡਾਰੀ ਬਣ ਕੇ 'ਸ਼ੇਰੇ ਪੰਜਾਬ ਓਵਰ ਆਲ ਬੈਸਟ ਟਰਾਫੀ' ਜਿੱਤ ਕੇ ਲਿਆਇਆ ਹੈ। ਇਸ ਟੂਰਨਾਮੈਂਟ ਵਿਚ ਅਮਰੀਕਾ, ਕੈਨੇਡਾ, ਇੰਗਲੈਂਡ ਤੇ ਭਾਰਤ ਤੋਂ ਇਲਾਵਾ ਕਈ ਹੋਰ ਮੁਲਕਾਂ ਦੇ ਪੰਜਾਬੀ ਖਿਡਾਰੀ ਵੀ ਪਹੁੰਚੇ ਹੋਏ ਸਨ। ਕੁੱਲ 250 ਤੋਂ ਵੀ ਵਧ ਖਿਡਾਰੀ ਸਨ।

ਮੈਨੂੰ ਇਹ ਪ੍ਰਾਪਤੀ ਵੱਡੀ ਜਾਪੀ। ਮਨ 'ਚ ਆਇਆ ਕਿ ਸਾਡੇ ਪੰਜਾਬੀ ਭਰਾਵਾਂ ਦੀਆਂ ਮਾੜੀਆਂ ਖ਼ਬਰਾਂ ਤਾਂ ਸਾਡੀਆਂ ਅਖ਼ਬਾਰਾਂ ਹੁੱਬ ਕੇ ਲਾਉਂਦੀਆਂ ਹਨ ਪਰ ਚੰਗੀਆਂ ਵਾਰੀ ਕਿਉਂ ਚੁੱਪ ਰਹਿੰਦੀਆਂ ਹਨ। ਇਸ ਚੰਗੀ ਖ਼ਬਰ ਨੂੰ ਮੈਂ ਤੁਹਾਡੇ ਨਾਲ ਸਾਂਝੀ ਕਰਨ ਲੱਗਾ ਹਾਂ।

ਪੰਜਾਬ ਦੇ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਦੇ ਪਿੰਡ ਮੀਆਂਪੁਰ ਦੇ ਸ. ਇੰਦਰ ਸਿੰਘ ਤੂਰ ਦੇ ਵੱਡੇ ਪੁੱਤਰ ਗੁਰਸਾਹਿਬ ਨੇ 1982 'ਚ ਅਮਰੀਕਾ 'ਚ ਨਿਵਾਸ ਕੀਤਾ ਸੀ। 1996 ਤੱਕ ਉਹ ਸਿਰਫ



ਗੁਰਸਾਹਿਬ ਸਿੰਘ ਤੂਰ (ਵਿਚਕਾਰ) ਆਪਣੀ ਜੀਵਨ ਸਾਥਣ ਰਾਣੀ ਤੂਰ ਅਤੇ ਕਵੀ ਗੁਰਭਜਨ ਗਿੱਲ ਨਾਲ

ਕਮਾਈ ਵੱਲ ਹੀ ਲੱਗਾ ਰਿਹਾ, ਸ਼ੌਕ ਦਿਲ ਦੀ ਕੋਠੜੀ ਵਿਚ ਸਾਂਭੇ ਰਹੇ। 1996 'ਚ ਜਦੋਂ ਪੰਜਾਬੋਂ ਵਿੰਗ ਕਮਾਂਡਰ ਜਸਵਿੰਦਰ ਸਿੰਘ ਬਾਜਵਾ ਅਮਰੀਕਾ ਆਏ ਤਾਂ ਉਨ੍ਹਾਂ ਨੇ ਗੁਰਸਾਹਿਬ ਵਿਚਲੇ ਖਿਡਾਰੀ ਨੂੰ ਜਗਾ ਲਿਆ। ਏਅਰਫੋਰਸ ਦੀ ਨੌਕਰੀ ਕਰਦਿਆਂ ਸ. ਬਾਜਵਾ ਨੇ ਗੋਲਫ਼ ਦੀ ਖੇਡ ਨੂੰ ਇਸ਼ਕ ਵਾਂਗ ਪਾਲਿਆ ਸੀ। ਇਥੇ ਆ ਕੇ ਉਨ੍ਹਾਂ ਨੇ ਆਪਣੇ ਨਾਲ ਆਪਣੇ ਬਹਿਨੋਈ ਜਸਜੀਤ ਸਿੰਘ ਨੱਤ ਅਤੇ ਗੁਰਸਾਹਿਬ ਨੂੰ ਤੋਰ ਲਿਆ। ਗੋਲਫ ਕੋਰਸ ਵਿਚ ਆਉਣ ਜਾਣ ਮਗਰੋਂ ਗੁਰਸਾਹਿਬ ਇਸ ਮਾਰਗ ਦਾ ਪੱਕਾ ਪਾਂਧੀ ਬਣ ਗਿਆ। ਬਾਹੂਬਲ ਖੇਡ ਪ੍ਰਾਪਤੀਆਂ 'ਚ ਤਬਦੀਲ ਹੋਣ ਲੱਗਾ। ਜੀਵਨ ਸਾਥਣ ਰਾਣੀ ਤੂਰ ਦੀ ਪ੍ਰੇਰਨਾ ਅਤੇ ਨਿੱਕੇ ਵੀਰਾਂ ਵਲੋਂ ਕਾਰੋਬਾਰੀ ਰੁਝੇਵਿਆਂ 'ਚੋਂ ਵਕਤ ਕੱਢਣ ਲਈ ਫੁਰਸਤ ਦੇਣ ਕਾਰਨ ਗੁਰਸਾਹਿਬ ਪ੍ਰਾਪਤੀਆਂ ਦੀ ਸੂਚੀ ਲੰਮੀ ਕਰ ਰਿਹਾ ਹੈ। ਗੋਲਫ ਖੇਡਣਾ ਹੁਣ ਉਹਦਾ ਇਸ਼ਕ ਹੈ। ਉਹਦੇ ਨਿੱਕੇ ਵੀਰ ਗੁਰਦੀਪ ਤੇ ਗੁਰਵਿੰਦਰ ਤਾਂ ਉਸ ਦੇ ਸਾਥੀ ਬਣੇ ਹੀ ਹਨ, ਇਕਲੌਤਾ ਪੁੱਤਰ ਹਰਪ੍ਰੀਤ ਸਿੰਘ ਤੂਰ ਵੀ ਉਹਦੇ ਪਿੱਛੇ-ਪਿੱਛੇ ਤੁਰ ਰਿਹਾ ਹੈ। ਸ਼ਿਕਾਗੋ ਤੇ ਮਿਲਵਾਕੀ ਵਿਚਕਾਰ ਪੈਂਦੀ ਕੈਨੋਸ਼ਾ ਕਾਉਂਟੀ ਦੇ ਸਾਲਾਨਾ ਮੁਕਾਬਲਿਆਂ 'ਚ ਉਹ ਕਈ ਕੱਪ ਜਿੱਤ ਚੁੱਕਾ ਹੈ। 2002 'ਚ ਸ਼ੁਰੂ ਹੋਏ ਵਿਸਾਖੀ ਕੱਪ ਵਿਚ ਉਹ ਛੇ ਵਾਰ ਹਿੱਸਾ ਲੈ ਚੁੱਕਾ ਹੈ ਪਰ ਸਰਵੋਤਮ ਖਿਡਾਰੀ ਪਹਿਲੀ ਵਾਰ ਬਣਿਆ ਹੈ।

ਗੁਰਸਾਹਿਬ ਦਾ ਪਰਿਵਾਰਕ ਲਾਡਲਾ ਨਾਮ 'ਬਿੱਲਾ' ਹੈ। ਮੈਂ ਉਸ ਨੂੰ ਜਦੋਂ ਵਿਸਾਖੀ ਕੱਪ ਬਾਰੇ ਪੁੱਛਿਆ ਤਾਂ ਉਹਦਾ ਉੱਤਰ ਸੀ ਕਿ ਸ਼ਿਕਾਗੋ ਅਤੇ ਅਮਰੀਕਾ ਦੇ ਹੋਰ ਸ਼ਹਿਰਾਂ 'ਚ ਵਸਦੇ ਖਿਡਾਰੀਆਂ ਦੇ ਸ਼ੌਕ ਨੇ ਹੀ 2002 'ਚ ਇਸ ਕੱਪ ਦੀ ਸ਼ੁਰੂਆਤ ਕੀਤੀ। ਸ਼ਿਕਾਗੋ ਅਤੇ ਲਾਸ ਏਂਜਲਸ ਤੋਂ ਇਲਾਵਾ ਇਹ ਕੱਪ ਇਕ ਵਾਰ ਸੈਨ ਫਰਾਂਸਿਸਕੋ ਅਤੇ ਕੈਨੇਡਾ 'ਚ ਵੈਨਕੂਵਰ ਵਿਖੇ ਵੀ ਹੋ ਚੁੱਕਾ ਹੈ। ਐਤਕੀਂ ਇਹ ਟੋਰਾਂਟੋ 'ਚ ਹੋਇਆ ਜਿਸ ਵਿਚ ਉਹ ਜੇਤੂ ਅਤੇ ਟੋਰਾਂਟੋ ਵਾਸੀ ਕੈਸ਼ ਸਿੰਘ ਰਨਰ ਅੱਪ ਐਲਾਨਿਆ ਗਿਆ। ਇਸ ਟੂਰਨਾਮੈਂਟ ਦੇ ਬਾਨੀਆਂ 'ਚੋਂ ਮਨਜੀਤ ਬਾਠ, ਕਰਮਪਾਲ ਚੀਮਾ ਤੇ ਰਾਜਨ ਧਾਲੀਵਾਲ ਅੱਜ ਵੀ ਇਸ ਟੂਰਨਾਮੈਂਟ ਦੀ ਸ਼ਕਤੀ ਹਨ। ਕਰਮਪਾਲ ਚੀਮਾ ਭਾਰਤ ਰਹਿੰਦਿਆਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੀ ਹਾਕੀ ਟੀਮ ਦਾ ਕਪਤਾਨ ਰਿਹੈ। ਉਹ ਭਾਰਤੀ ਹਾਕੀ ਟੀਮ 'ਚ ਆਉਂਦਾ-ਆਉਂਦਾ ਰਹਿ ਗਿਆ। ਡਾ. ਸੰਤੋਖ ਸਿੰਘ ਚੀਮਾ ਦਾ ਹੋਣਹਾਰ ਪੁੱਤਰ ਹੁਣ ਹਾਕੀ ਦੀ ਥਾਂ ਗੋਲਫ਼ ਦੀ ਖੇਡ ਨੂੰ ਪ੍ਰਣਾਇਆ ਜਾ ਚੁੱਕਾ ਹੈ।

ਗੁਰਸਾਹਿਬ ਨੇ ਦੱਸਿਆ ਕਿ ਗੋਲਫ ਖੇਡ ਦੇ ਇਸ ਕੱਪ ਦੇ ਕਾਰਨ ਦੇਸ਼-ਵਿਦੇਸ਼ 'ਚ ਗੋਲਫ ਖਿਡਾਰੀ ਵੱਡੀ ਗਿਣਤੀ 'ਚ ਇਕ ਲੜੀ 'ਚ ਪਰੁੱਚ ਚੁੱਕੇ ਹਨ। ਭਾਰਤ ਤੋਂ ਵੀ ਐਤਕੀਂ ਸ. ਜਗਦੀਪ ਸਿੰਘ ਚੀਮਾ ਇਸ ਟੂਰਨਾਮੈਂਟ ਲਈ ਵਿਸ਼ੇਸ਼ ਤੌਰ 'ਤੇ ਆਏ। ਉਹ ਖੁਦ ਵੀ ਹਰ ਵਰ੍ਹੇ ਨਵੰਬਰ ਮਹੀਨੇ ਚੰਡੀਗੜ੍ਹ 'ਚ ਐਨ.ਆਰ.ਆਈ. ਗੋਲਫ਼ ਟੂਰਨਾਮੈਂਟ ਕਰਵਾਉਂਦੇ ਹਨ। ਪਹਿਲੀ ਤੋਂ ਤਿੰਨ ਜੁਲਾਈ ਤੀਕ ਵਿਸਾਖੀ ਕੱਪ ਵੇਲੇ ਟੋਰਾਂਟੋ 'ਚ ਖਿਡਾਰੀਆਂ ਲਈ ਵਿਆਹ ਵਰਗਾ ਮਾਹੌਲ ਸੀ।

ਕੈਨੇਡਾ ਦੇ ਓਂਟਾਰੀਓ ਸੂਬੇ ਦੇ ਬਲਿਊ ਸਪਰਿੰਗ ਗੋਲਫ਼ ਕੋਰਸ, ਐਕਟਨ, ਗਲੈਨ ਐਬੇ ਗੋਲਫ਼ ਕਲੱਬ, ਓਕਵਿਲ ਅਤੇ ਲੀਗਲ ਹਿੱਜ ਗੋਲਫ਼ ਕੋਰਸ, ਜਾਰਜਟਾਊਨ ਵਿਖੇ ਇਹ ਵਿਸਾਖੀ ਕੱਪ ਕਰਵਾਇਆ ਗਿਆ। ਟੋਰਾਂਟੋ ਵਿਚ ਪ੍ਰਬੰਧ ਕਰਨ ਵਾਲਿਆਂ 'ਚੋਂ ਰੇਅ ਸੰਧੂ-ਪ੍ਰਧਾਨ, ਗੈਰੀ ਸੱਗੂ, ਡਾ. ਰਾਕੇਸ਼ ਉੱਪਲ, ਦੀਦਾਰ ਬਣਵੈਤ, ਅਵਤਾਰ ਬਰਾੜ, ਕੁਲਦੀਪ ਸੈਂਹਬੀ, ਮਹਿੰਦਰ ਸਿੰਘ, ਲੱਕੀ ਗਰੇਵਾਲ, ਰੋਜ਼ਰ ਸ਼ਰਮਾ, ਤਾਰਾ ਧਰਮੋਤ ਅਤੇ ਗਿਆਨ ਪਾਲ ਪ੍ਰਮੁੱਖ ਸਨ। ਖਿਡਾਰੀਆਂ ਵਿਚੋਂ ਹੀ ਜਗਦੀਪ ਸਿੰਘ ਚੀਮਾ ਨੂੰ ਭਾਰਤ 'ਚੋਂ ਆਉਣ ਕਰਕੇ ਮੁੱਖ ਮਹਿਮਾਨ ਮੰਨ ਲਿਆ ਗਿਆ ਤੇ ਉਨ੍ਹਾਂ ਹੀ ਇਨਾਮ ਵੰਡੇ। ਜਗਦੀਪ ਸਿੰਘ ਚੀਮਾ ਪੰਜਾਬ ਤੇ ਹਰਿਆਣਾ ਦਾ ਸਿਰਕੱਢ ਕਿਸਾਨ ਅਤੇ ਸਮਾਜਕ ਆਗੂ ਹੈ, ਪੰਜਾਬੀ ਖੇਤੀਬਾੜੀ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ. ਅਮਰੀਕ ਸਿੰਘ ਚੀਮਾ ਦਾ ਸਪੁੱਤਰ। ਉੱਤਰੀ ਅਮਰੀਕਾ ਤੇ ਭਾਰਤ ਦੇ ਗੋਲਫ਼ ਖਿਡਾਰੀਆਂ ਵਿਚ ਪੁਲ ਬਣ ਕੇ ਵਿਚਰਨ ਕਾਰਨ ਉਸ ਨੂੰ ਇਹ ਮਾਣ ਦਿੱਤਾ ਗਿਆ।

ਗੁਰਸਾਹਿਬ ਨੂੰ ਮਾਣ ਹੈ ਕਿ ਉਹ ਸਿਰਫ ਅਮਰੀਕਾ ਤੇ ਕੈਨੇਡਾ ਵਿਚ ਹੀ ਨਹੀਂ ਖੇਡਦਾ ਸਗੋਂ ਜਦੋਂ ਕਦੇ ਵੀ ਭਾਰਤ ਜਾਂਦਾ ਹੈ ਤਾਂ ਪੰਜਾਬ ਪੁਲਿਸ ਅਕੈਡਮੀ, ਫਿਲੌਰ ਅਤੇ ਰੇਲ ਕੋਚ ਫੈਕਟਰੀ, ਕਪੂਰਥਲਾ ਦੇ ਗੋਲਫ਼ ਕੋਰਸ ਵਿਚ ਵੀ ਖੇਡਣ ਜਾਂਦਾ ਹੈ। ਇਸ ਨਾਲ ਉਸ ਦੀ ਜ਼ਿੰਦਗੀ 'ਚ ਨਵੇਂ ਮਿੱਤਰਾਂ ਅਤੇ ਉਤਸ਼ਾਹੀ ਪਲਾਂ ਦਾ ਦਖ਼ਲ ਵਧਿਆ ਹੈ। ਉਸ ਦੀ ਇਸ ਵੱਖਰੀ ਪੰਜਾਬੀ ਤੋਰ ਨੂੰ ਸਤਿਕਾਰਦਿਆਂ ਮੈਂ ਆਸਵੰਦ ਹੋਇਆ ਹਾਂ ਕਿ ਅਮਰੀਕਾ ਵੀ ਸਾਰਿਆਂ ਨੂੰ ਮਸ਼ੀਨੀ ਪੁਰਜੇ ਨਹੀਂ ਬਣਾਉਂਦਾ ਸਗੋਂ ਜਿਹੜੇ ਗੁਰਸਾਹਿਬ ਵਾਂਗ ਸ਼ੌਕ ਦੇ ਧੁਰੇ ਨਾਲ ਲੱਗੇ ਰਹਿੰਦੇ ਹਨ, ਉਹ ਆਟਾ-ਦਲੀਆ ਹੋਣੋਂ ਬਚ ਜਾਂਦੇ ਹਨ।

*-ਗੁਰਭਜਨ ਗਿੱਲ*

# ਗੁਰਦਾਸ ਮਾਨ 'ਪਹਿਲਾਂ ਤੇ ਹੁਣ'

ਆਓ ਵਿਸ਼ਵ ਪ੍ਰਸਿਧ, ਪੰਜਾਬੀ ਸਭਿਆਚਾਰਕ ਗੀਤਕਾਰ, ਗਾਇਕ ਤੇ ਫਿਲਮੀ ਅਦਾਕਾਰ ਗੁਰਦਾਸ ਮਾਨ ਬਾਰੇ ਕੁਝ ਦਿਲਚਸਪ ਘਟਨਾਵਾਂ/ਯਾਦਾਂ ਸਾਂਝੀਆਂ ਕਰੀਏ। ਮੇਰੀ ਉਸ ਨਾਲ ਨੇੜਤਾ ਉਸ ਜ਼ਮਾਨੇ ਤੋਂ ਹੈ, ਜਦੋਂ ਉਹ ਅਖਾੜਾ ਸਿਰਫ ਸਾਢੇ ਤਿੰਨ ਹਜ਼ਾਰ ਰੁਪਏ ਵਿਚ ਹੀ ਲਾ ਦੇਂਦਾ ਸੀ, ਹੁਣ ਸਾਢੇ 7 ਲੱਖ ਰੁਪਈਆ ਲੈਂਦਾ ਹੈ। ਹੁਣ ਉਸ ਦੀ ਪਤਨੀ ਮਨਜੀਤ ਕੌਰ ਅੱਧਾ ਧਨ ਐਡਵਾਂਸ ਲੈਣ ਤੋਂ ਬਾਅਦ ਹੀ ਲਿਖਤੀ ਐਗਰੀਮੈਂਟ ਕਰਦੀ ਹੈ। ਪਹਿਲਾਂ ਮਾਨ ਆਪਣੇ ਪੁਰਾਣੇ ਸਾਥੀ ਸਾਜੀ ਭੋਲਾ ਢੋਲਕੀਵਾਲਾ ਤੇ ਸੋਨੂੰ (ਬਠਿੰਡਵੀ) ਤੇ ਥੋੜੇ ਜਿਹੇ ਸਾਜੀਆਂ ਨਾਲ ਟੁੱਟੀ ਭੱਜੀ ਜੀਪ 'ਤੇ ਸਵਾਰ ਹੋ ਕੇ ਹੀ ਵਕਤ ਸਿਰ

**ਜੁਗਰਾਜ ਗਿੱਲ ਅਬੋਹਰਵੀ**
**ਫੋਨ:704-257-6693**

ਅਖਾੜੇ ਵਾਲੇ ਸਥਾਨ 'ਤੇ ਪਹੁੰਚ ਜਾਂਦਾ ਸੀ, ਪਰ ਹੁਣ ਮੁੰਬਈ ਤੋਂ ਹਵਾਈ ਜਹਾਜ਼ ਅਤੇ ਵਧੀਆ ਮਹਿੰਗੀ ਏ.ਸੀ. ਕਾਰ ਰਾਹੀਂ ਹੀ ਪਹੁੰਚਦਾ ਹੈ। ਪਹਿਲਾਂ ਦੋ ਮੰਜਿਆਂ 'ਤੇ ਬੰਨ੍ਹੇ ਆਮ ਲਾਊਡ ਸਪੀਕਰ ਨਾਲ ਹੀ ਸਰ ਜਾਂਦਾ ਸੀ ਪਰ ਹੁਣ ਉਸ ਦਾ ਸਾਊਂਡ ਸਿਸਟਮ ਦਿੱਲੀ ਤੋਂ ਲੱਖਾਂ ਰੁਪਿਆ ਖਰਚਾ ਕਰਕੇ ਮੰਗਵਾਇਆ ਜਾਂਦਾ ਹੈ। ਹੁਣ ਭੋਲਾ ਢੋਲਕੀਵਾਲਾ ਤੇ ਸੋਨੂੰ (ਬਠਿੰਡਵੀ) ਸਮੇਤ 10-15 ਸਾਜੀ ਲੈ ਕੇ ਪਹੁੰਚਦਾ ਹੈ।

ਸ਼ੁਰੂ ਵਿਚ ਭੋਲਾ ਢੋਲਕੀਵਾਲਾ ਤੇ ਗੁਰਦਾਸ ਮਾਨ ਤੇ ਕਦੇ ਕਦੇ ਹਾਕਮ ਸੂਫੀ ਪੁਰਾਣੇ ਸਾਈਕਲ 'ਤੇ ਹੀ ਮੇਲਿਆਂ ਵਿਚ ਮਾਣਕ ਵਗੈਰਾ ਦੇ ਅਖਾੜੇ ਸੁਣਦੇ ਤੇ ਗਿੱਦੜਬਾਹਾ ਆ ਕੇ ਸ਼ਮਸ਼ਾਨਘਾਟ ਵਿਚ ਰਾਤ ਨੂੰ ਰਿਆਜ਼ ਕਰਦੇ। ਇਹ ਗੱਲ ਕੋਰੀ ਗੱਪ ਹੈ ਕਿ "ਹਾਕਮ ਸੂਫੀ, ਗੁਰਦਾਸ ਮਾਨ ਦਾ ਗੁਰੂ ਹੈ।" ਪਟਿਆਲੇ ਪੜ੍ਹਾਈ ਕਰਦੇ ਸਮੇਂ ਕਾਲਜ ਹੋਸਟਲ ਵਿਚ ਗੁਰਦਾਸ ਮਾਨ ਪਹਿਲਾਂ ਥਾਲੀ ਤੋਂ ਹੀ ਸੰਗੀਤ ਪੈਦਾ ਕਰਦਾ ਰਿਹਾ ਤੇ ਫਿਰ ਡਫਲੀ ਨੂੰ ਅਪਨਾ ਲਿਆ। ਉਥੇ ਹੀ ਆਪਣੀ ਸਹਿਪਾਠਣ ਨਾਲ ਲਵ ਮੈਰਿਜ ਕੀਤੀ। ਪਹਿਲਾਂ ਮਨਜੀਤ ਮਾਨ ਦੇ ਪਿਤਾ ਨੇ ਕਿਹਾ ਸੀ, "ਇਹ ਡਫਲੀ ਵਜਾਉਣ ਵਾਲਾ ਮੇਰੀ ਧੀ ਨੂੰ ਵਿਆਹ ਤੋਂ ਬਾਅਦ ਕਿਵੇਂ ਸੁਖੀ ਰੱਖ ਸਕੇਗਾ? ਪਹਿਲਾਂ ਕੋਈ ਨੌਕਰੀ ਲੱਗੇ, ਫਿਰ ਵਿਆਹ ਹੋਵੇਗਾ।"

ਸੋ, ਗੁਰਦਾਸ ਮਾਨ ਨੂੰ ਪੰਜਾਬ ਰਾਜ ਬਿਜਲੀ ਬੋਰਡ ਪਟਿਆਲਾ ਵਿਚ ਕਲਰਕੀ ਦੀ ਨੌਕਰੀ ਕਰਨੀ ਪਈ ਤੇ ਫਿਰ ਯਾਰਾਂ ਬੇਲੀਆਂ ਨੇ ਪਟਿਆਲੇ ਵਿਆਹ ਕਰ ਦਿੱਤਾ। ਜਦੋਂ ਇਸ ਪ੍ਰੇਮ ਵਿਆਹ ਬਾਰੇ ਘਰ ਪਤਾ ਲੱਗਾ ਤਾਂ ਪਿਤਾ ਸ. ਗੁਰਦੇਵ ਸਿੰਘ ਮਾਨ (ਪ੍ਰਧਾਨ) ਨੇ ਤਾਂ ਗੁੱਸਾ ਕੀਤਾ ਪਰ ਮਾਤਾ ਜੀ ਨੇ ਪਟਿਆਲੇ ਆ ਕੇ ਅਸ਼ੀਰਵਾਦ ਦਿੱਤਾ ਅਤੇ ਜੋੜੀ ਨੂੰ ਗਿੱਦੜਬਾਹੇ ਪਿੰਡ ਲਿਜਾ ਕੇ ਦੁਬਾਰਾ ਅਨੰਦ ਕਾਰਜ ਕਰਵਾਇਆ। ਸੋ ਤਦ ਤੋਂ ਮਾਨ ਵਰਗੇ ਅੜਬ-ਅੜੀਅਲ ਘੋੜੇ ਦੀਆਂ ਵਾਗਾਂ ਕੱਸੀਆਂ ਹੋਈਆਂ ਹਨ।

ਇਕ ਵਾਰੀ ਦਸ਼ਮੇਸ਼ ਗਰਲਜ਼ ਕਾਲਜ ਬਾਦਲ ਵਿਚ ਪ੍ਰੋਗਰਾਮ ਸ਼ੁਰੂ ਹੋਣ ਤੋਂ ਪਹਿਲਾਂ ਕਾਲਜ ਦੀ ਲਾਇਬਰੇਰੀਅਨ ਜੋ ਖੁਦ ਵੀ ਮਾਨ ਹੀ ਹੈ, ਨੇ ਆਪਣੇ ਨਾਲ ਫੋਟੋ ਖਿਚਵਾਉਣ ਲਈ ਕਿਹਾ ਤਾਂ ਗੁਰਦਾਸ ਨੇ ਉਸਨੂੰ ਭੈਣ ਮੰਨ ਕੇ ਕਈ ਫੋਟੋਆਂ ਖਿਚਵਾਈਆਂ ਤਾਂ ਸਭ ਕੁੜੀਆਂ ਤੇ ਸਟਾਫ ਬਾਗੋ ਬਾਗ ਹੋ ਗਏ।

ਸ਼ੁਰੂਆਤੀ ਦੌਰ ਵਿਚ ਅਬੋਹਰ ਵਰਗੇ ਕੱਟੜ ਹਿੰਦੂ ਵਿਰਕਾਪ੍ਰਸਤ ਸ਼ਹਿਰ ਵਿਚ ਮੇਰੇ ਰਿਸ਼ਤੇਦਾਰ ਤੇ ਦੋਸਤ ਸੁਖਵੀਰ ਕੁੰਡਲ (ਸੁੱਖੀ ਬਰਾੜ), ਜੋਗਿੰਦਰ ਸਿੰਘ 'ਗੋਲੂ' (ਹੁਣ ਡੀ.ਐਸ.ਪੀ. ਤੇ ਸੁਖਬੀਰ ਸਿੰਘ ਬਾਦਲ ਦਾ ਸਭ ਤੋਂ ਭਰੋਸੇਮੰਦ ਸਕਿਊਰਿਟੀ ਇੰਚਾਰਜ), ਪਾਲੀ ਸੰਧੂ (ਪਟਵਾਰੀ), ਪਾਲ ਪੱਤਰਿਆਂ ਵਾਲਾ (ਗਾਇਕ/ਫਿਲਮੀ ਹਸਤੀ, ਸੁਨਿਆਰਾ) ਤੇ ਹੋਰ ਸਾਥੀਆਂ ਪਹਿਲਾਂ ਅਬੋਹਰ ਤੇ ਫਿਰ ਮਲੋਟ ਵਿਚ ਲੋਕ ਰੰਗ ਮੰਚ ਬਣਾ ਕੇ ਬਿੱਟੀ, ਪ੍ਰਗਟ ਭਾਗੂ, ਹਾਕਮ ਸੂਫੀ, ਅਸ਼ੋਕ ਮਸਤੀ, ਪਰਮਿੰਦਰ ਸੰਧੂ, ਭਗਵੰਤ ਮਾਨ, ਚਾਚਾ ਰੌਣਕੀ ਰਾਮ ਤਾਂ ਸੱਦੇ ਹੀ ਪਰ ਸਭ ਤੋਂ ਵਧ ਗੁਰਦਾਸ ਮਾਨ ਤੋਂ ਸਭਿਆਚਾਰਕ ਪ੍ਰੋਗਰਾਮ ਕਰਵਾਏ ਜੋ ਬੇਹੱਦ ਸਫਲ ਤੇ ਸੁਪਰ ਹਿੱਟ ਰਹੇ। ਜਦਕਿ ਅਬੋਹਰ ਵਿਚਲੇ ਕੁਝ ਹਿੰਦੀ ਪ੍ਰੇਮੀਆਂ ਨੇ ਸਾਡੇ ਬਰਾਬਰ ਹੀ ਉਸੇ ਵਕਤ ਹਿੰਦੀ ਪ੍ਰੋਗਰਾਮ ਤੇ ਨਾਟਕ ਕਰਵਾ ਕੇ ਅਮਿਤਾਭ ਬਚਨ, ਸੁਨੀਲ ਦੱਤ, ਸੰਜੇ ਦੱਤ, ਵੈਜੰਤੀਮਾਲਾ, ਰਾਜ ਬੱਬਰ ਵੀ ਬੁਲਾਏ ਪਰ ਸਾਡੀ ਬਰਾਬਰੀ ਨਾ ਕਰ ਸਕੇ। ਫਿਰ ਜਦੋਂ ਮੈਂ ਤੇ ਸੁੱਖੀ ਨੇ ਅਬੋਹਰ ਤੇ ਮਾਨ ਨੇ ਪੰਜਾਬ ਛੱਡਿਆ ਤਾਂ ਉਨ੍ਹਾਂ ਲੱਡੂ ਵੰਡੇ। ਸਾਡੇ ਗਰੁਪ ਤੋਂ ਬਾਦ ਗਾਇਕ ਕ੍ਰਿਸ਼ਨ ਸ਼ੌਂਕੀ, ਰਾਜੂ ਜਾਖੜ ਤੇ ਫਿਲਮ ਬਾਰੂਦ ਦਾ ਨਿਰਮਾਤਾ, ਸਰਪੰਚ ਮੰਮੁਖੇੜਾ ਵਿਜਯ ਕਾਲੜਾ ਨੇ ਪੰਜਾਬੀ ਸਭਿਆਚਾਰਕ ਮੰਚ ਬਣਾ ਕੇ ਪੰਜਾਬੀਅਤ ਦਾ ਝੰਡਾ ਬੁਲੰਦ ਕੀਤਾ ਤੇ ਕਰ ਰਹੇ ਹਨ।

ਇਕ ਵਾਰੀ ਜਦੋਂ ਅਬੋਹਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਚਲੇ ਸਾਡੇ ਹੀ ਇਕ ਹੋਰ ਪ੍ਰੋਗਰਾਮ ਵਿਚ ਗੁਰਦਾਸ ਮਾਨ ਗਾ ਕੇ ਹਟਿਆ ਤਾਂ ਮੁੱਖ ਮਹਿਮਾਨ ਉਜਾਗਰ ਸਿੰਘ (ਡਿਪਟੀ ਪੰਚਾਇਤ ਮੰਤਰੀ) ਨੇ 5000 ਰੁਪਏ ਦੀ ਮਾਲੀ ਮਦਦ ਦੇਣ ਦਾ ਐਲਾਨ ਕੀਤਾ। ਮਾਨ ਨੇ ਵੀ ਆਪਣੀ ਫੀਸ 5000 ਰੁਪਏ ਮਦਦ ਵਜੋਂ ਦੇਣ ਦਾ ਐਲਾਨ ਕਰ ਮਾਰਿਆ। ਮੰਤਰੀ ਨੇ ਫਿਰ ਮਾਈਕ ਲੈ ਕੇ ਭਵਿੱਖ ਵਿਚ ਫਿਰ ਹੋਰ 5000 ਰੁਪਏ ਭੇਜਣ ਦਾ ਲਾਰਾ ਲਾ ਦਿੱਤਾ ਤਾਂ ਮਾਨ ਨੇ ਮਾਈਕ ਖੋਹ ਕੇ ਸਰੋਤਿਆਂ ਤੋਂ ਮਿਲੇ ਕਰੀਬ 9000 ਰੁਪਏ ਵੀ ਦੇਣ ਦਾ ਐਲਾਨ ਕਰ ਦਿੱਤਾ ਤਾਂ ਹਾਜ਼ਰ ਹਜ਼ਾਰਾਂ ਲੋਕਾਂ ਦੀ ਤਾੜੀਆਂ ਦੀ ਗੂੰਜ ਅੱਧੀ ਰਾਤ ਨੂੰ ਸਾਰੇ ਸ਼ਹਿਰ ਨੇ ਸੁਣੀ। ਤਦ ਮੰਤਰੀ ਜੀ ਤਾਂ ਸ਼ਰਮਸਾਰ ਹੋ ਕੇ ਖੱਦਰ ਦੀ ਜਾਕਟ ਵਿਚ ਹੱਥ ਫਸਾ ਕੇ ਖਿਸਕਦੇ ਬਣੇ।

ਇਹ ਗੱਲਾਂ ਉਦੋਂ ਦੀਆਂ ਹਨ, ਐਪਰ ਹੁਣ ਗੁਰਦਾਸ ਮਾਨ ਪੈਸੇ ਵਲ ਕਾਫੀ ਖਿਚ ਰੱਖਦਾ ਹੈ ਕਿਉਂਕਿ ਉਸ ਦੀਆਂ ਕਰੋੜਾਂ ਦੀ ਲਾਗਤ ਦੀਆਂ ਵਧੀਆ ਫਿਲਮਾਂ ਦੀ ਨਿਰਮਾਤਾ ਤੇ ਕੰਟਰੋਲਰ ਮਨਜੀਤ ਮਾਨ ਜੋ ਹੈ। ਇਨ੍ਹਾਂ ਦੇ ਇਕਲੌਤੇ ਬੇਟੇ ਗੁਰਇਕਮ ਸਿੰਘ ਮਾਨ ਦੇ ਵੀ ਫਿਲਮੀ ਕਲਾਕਾਰ ਬਣਨ ਦੀ ਗੱਲ ਉਡੀ ਸੀ। ਇਹ ਵੀ ਮਜ਼ਾਕ ਬਣਿਆ ਹੈ ਕਿ ਗੁਰਦਾਸ ਦੇਸ਼ ਦੇ ਅੰਦਰ ਤੇ ਬਾਹਰ ਸ਼ੋਅ ਕਰਕੇ ਪੈਸੇ ਕਮਾਉਂਦਾ ਹੈ ਅਤੇ ਮਨਜੀਤ ਸਾਰੇ ਫਿਲਮਾਂ ਬਣਾਉਣ 'ਚ ਉਡਾ ਦਿੰਦੀ ਹੈ।

ਅਬੋਹਰ ਵਿਚਲੇ ਇਸੇ ਸਕੂਲ ਵਿਚ ਸਾਡੇ ਇਕ ਪ੍ਰੋਗਰਾਮ ਵਿਚ ਗੁਰਦਾਸ ਗਾ ਰਿਹਾ ਸੀ। ਉਸ ਸਮੇਂ ਪੰਜਾਬ ਦੇ ਸਭ ਤੋਂ ਅੜਬ ਤੇ ਚਰਚਿਤ ਡੀ.ਐਸ.ਪੀ. ਸੁਰਜੀਤ ਸਿੰਘ ਗਰੇਵਾਲ (ਕਿਲ੍ਹਾ ਰਾਏਪੁਰ) ਬਤੌਰ ਵਿਸ਼ੇਸ਼ ਮਹਿਮਾਨ ਤੇ ਏ.ਡੀ.ਸੀ. ਕੁਲਬੀਰ ਸਿੰਘ ਕੰਗ (ਰਿਟਾਇਡ ਮੇਜਰ) ਬਤੌਰ ਮੁੱਖ ਮਹਿਮਾਨ ਬਿਰਾਜਮਾਨ ਸਨ। ਡੀ.ਐਸ.ਪੀ. ਨੇ ਆਪਣੇ ਵਲੈਤੀ ਟੇਪ ਰਿਕਾਰਡਰ ਦਾ ਮਾਈਕ ਮੰਚ ਉਪਰਲੇ ਮੁੱਖ ਮਾਈਕ ਨਾਲ ਆਪਣੇ ਸਿਪਾਹੀ ਤੋਂ ਬੰਨ੍ਹਵਾ ਦਿੱਤਾ ਤਾਂ ਮਾਨ ਨੇ ਮਾਈਕ ਖੋਲ੍ਹ ਕੇ ਸੁੱਟਦਿਆਂ ਕਿਹਾ "ਮੇਰਾ ਗੀਤ ਦੂਰ ਵੱਜ ਰਹੇ ਸਪੀਕਰ ਤੋਂ ਰਿਕਾਰਡ ਕਰੋ, ਨਾ ਕਿ ਮੰਚ ਤੋਂ।" ਸਿਪਾਹੀ ਨੇ ਡੀ.ਐਸ.ਪੀ. ਦੇ ਇਸ਼ਾਰੇ 'ਤੇ ਦੋ ਵਾਰੀ ਫੇਰ ਮਾਈਕ ਬੰਨ੍ਹਿਆ ਪਰ ਮਾਨ ਨੇ ਹਰ ਵਾਰੀ ਖੋਲ੍ਹ ਕੇ ਸੁੱਟ ਦਿੱਤਾ ਤੇ ਅਖੀਰ ਕਹਿ ਦਿੱਤਾ ਕਿ 'ਕਿਸੇ ਨੇ ਕੁੱਤੇ ਦੀ ਪੂਛ 20 ਸਾਲ ਵੰਝਲੀ 'ਚ ਪਾਈ ਪਰ ਜਦੋਂ ਕੱਢੀ ਤਾਂ ਵਿੰਗੀ ਹੀ ਨਿਕਲੀ, ਇਹੀ ਹਾਲ ਪੰਜਾਬ ਪੁਲਿਸ ਦਾ ਹੈ, ਅੰਗ੍ਰੇਜ਼ ਚਲੇ ਗਏ ਪਰ ਇਹ ਨਹੀਂ ਬਦਲੀ।' ਪੁਲਿਸ ਨੇ ਡੀ.ਐਸ.ਪੀ. ਦੇ ਇਸ਼ਾਰੇ 'ਤੇ ਡਾਂਗਾਂ ਕੱਸ ਲਈਆਂ। ਇਸ ਤੋਂ ਪਹਿਲਾਂ ਕਿ ਲਾਠੀਚਾਰਜ ਹੁੰਦਾ, ਕੰਗ ਸਾਹਿਬ ਛਾਲ ਮਾਰ ਕੇ ਮੰਚ 'ਤੇ ਚੜ੍ਹ ਗਏ ਤੇ ਪ੍ਰੋਗਰਾਮ ਬੰਦ ਕਰਵਾ ਕੇ ਮਾਨ ਨੂੰ ਮੰਚ ਪਿੱਛੇ ਖੜ੍ਹੀ ਕਾਰ ਵਿਚ ਸੁੱਟਿਆ ਤੇ ਅਲਵਿਦਾ ਕੀਤਾ। ਪਹਿਲਾਂ ਏਨਾ ਅੜਬ ਤੇ ਅੜੀਖੋਰ ਸੀ ਮਾਨ।

ਅਜਿਹੇ ਹੀ ਸਾਡੇ ਇਕ ਪ੍ਰੋਗਰਾਮ ਵਿਚ ਜਦੋਂ ਗੁਰਦਾਸ ਮਾਨ ਗੀਤ ਗਾ ਰਿਹਾ ਸੀ ਤਾਂ ਮੇਰੇ ਪਿੰਡ ਦੇ ਤੇ ਗਵਾਂਢੀ ਪ੍ਰੋਫੈਸਰ ਦੀਆਂ ਤਿੰਨ ਜਵਾਨ, ਸੁੰਦਰ ਭੈਣਾਂ ਵਿਚੋਂ ਹੀ ਉਠ ਕੇ ਬਾਹਰ ਨੂੰ ਜਾਣ ਲੱਗੀਆਂ ਤਾਂ ਮਾਨ ਨੇ ਗੀਤ ਛੱਡ ਕੇ ਸ਼ੇਅਰ ਬੋਲ ਦਿੱਤਾ, 'ਯੇ ਹੁਸਨ ਕਿਧਰ ਕੋ ਜਾ ਰਹਾ ਹੈ...?' ਤਦ ਗੁੱਸੇ ਵਿਚ ਆ ਕੇ ਪ੍ਰੋਫੈਸਰ ਤੇ ਸਾਥੀਆਂ ਨੇ ਡਾਂਗਾਂ ਕੱਸ ਲਈਆਂ ਤੇ ਕਿਹਾ, "ਮਾਨ ਜ਼ਰਾ ਬਾਹਰ ਸੜਕ 'ਤੇ ਆਵੇ, ਫੇਰ ਦੱਸਦੇ ਹਾਂ ਕਿ ਹੁਸਨ ਕਿੱਧਰ ਨੂੰ ਜਾਂਦਾ ਹੈ।" ਤਦ ਤੁਰੰਤ ਪ੍ਰੋਗਰਾਮ ਬੰਦ ਕਰਵਾ ਕੇ ਮੰਚ ਦੇ ਪਿਛਲੇ ਬੂਹੇ ਰਾਹੀਂ ਖਿਸਕਾ ਕੇ ਮਾਨ ਨੂੰ ਅਲਵਿਦਾ ਆਖੀ ਤੇ ਪ੍ਰੋਫੈਸਰ ਦੇ ਸਾਥੀ ਮਸਾਂ ਠੰਢੇ ਕੀਤੇ।

ਮੇਰੇ ਛੋਟੇ ਭਰਾ ਸੁਰਦੇਵ ਸਿੰਘ ਗਿੱਲ ਜੋ ਪਹਿਲਾਂ ਡੀ.ਏ.ਵੀ. ਕਾਲਜ ਜਲਾਲਾਬਾਦ ਵਿਚ ਪ੍ਰੋਫੈਸਰ ਸੀ, ਨੇ ਕਾਲਜ ਵਿਚ ਪ੍ਰੋਗਰਾਮ "ਦੁਪਹਿਰ ਚਾਂਦੀ ਦੀ" ਕਰਵਾਇਆ ਤਾਂ ਗੁਰਦਾਸ ਮਾਨ ਨੂੰ ਸਾਢੇ 4 ਲੱਖ ਰੁਪਏ ਵਿਚ ਹੀ ਬੁੱਕ ਕੀਤਾ ਕਿਉਂਕਿ ਕਾਲਜ ਦੀ ਪ੍ਰਬੰਧਕੀ ਕਮੇਟੀ ਦੇ ਮੁਖੀ ਮਹੰਤ ਕਰਤਾਰ ਸਿੰਘ ਦੀ ਮੌਤ ਤੋਂ ਬਾਅਦ ਕਾਲਜ ਵਿਚ ਉਨ੍ਹਾਂ ਦੀ ਯਾਦ ਵਿਚ ਲਾਇਬਰੇਰੀ ਬਣਾਉਣੀ ਸੀ। ਤਦ ਉਨ੍ਹਾਂ ਦਾ ਵਿਸ਼ਵ ਪ੍ਰਸਿੱਧ ਬੇਟਾ ਸ. ਜੋਗਿੰਦਰ ਸਿੰਘ (ਸੀ.ਬੀ.ਆਈ. ਚੀਫ) ਕਾਲਜ ਦਾ ਚੇਅਰਮੈਨ ਸੀ, ਜਿਨ੍ਹਾਂ ਦੇ ਡਰ ਕਾਰਨ ਚੈਕ ਰਾਹੀਂ ਹੀ ਮਾਨ ਨੂੰ ਮਿਹਨਤਾਨਾ ਮਿਲਿਆ ਜਿਸ ਵਿਚੋਂ 70,000 ਰੁਪਏ ਸਰਕਾਰੀ ਟੈਕਸ, 20,000 ਰੁਪਏ ਹਵਾਈ ਟਿਕਟ, 20,000



(ਬਾਕੀ ਸਫਾ 28 'ਤੇ)

Entry Free

'ਸਾਉਣ ਦਾ ਮਹੀਨਾ ਮਾਹੀ ਆ ਗਿਆ ਗੱਡੀ ਜੋੜ ਕੇ, ਮੈ ਨੀ ਜਾਣਾ ਸਹੁਰੇ ਗੱਡੀ ਲੈ ਜਾ ਖਾਲੀ ਮੋੜ ਕੇ'

Entry Free

# PUNJABI CULTURAL SOCIETY SACRAMENTO (U.S.A.)

ਪੇਸ਼ ਕਰਦੀ ਹੈ

# ਤੀਆਂ



# TEEYAN

## On Sunday, the 15th AUGUST 2010 At 1.00 P. M.

## AT S.E.S. Hall

10427 E. STOCKTON BLVD. ELK GROVE, CA 95624

Featuring : Songs, Gidha, Dances, Skits, D.J. and Much More

ALL LADIES AND GIRLS ARE INVITED

ORGANIZING COMMITTEE

Baldev Kaur, Rashpal Kaur, Harpreet Sahota, Aman Rangi, Rajwinder Pooni, Pardeep Pooni, Kamal Dhillon, Bhavandeep Kaur, Rajbir Kaur, Parmjeet Sandhu, Balbir Pooni, Surinder Chahal, Gujan Aulkh, Jaswinder Chohan, Jasvir Gill, Harinder Kaur, Laddi Thandi (Henna Beauty Parlour), Balwinder Garcha, Sonia Dhillon, Rani Sarhadi, Rupinder Kaur, Tajinder Kaur, Harminder Kaur, Parmjit Kaur, Kuldeep Banwait & Mandeep Pharwala

New Attraction:
Miss Teeyan Contest
Age 14-20
Call To Participate

For Participation & Stalls Please Call :

Mandeep Pharwala @ 916-682-7321, Rashpal Parhar @ 730-7191, Baldev Kaur @ 996-2010, Email: palpharwala@yahoo.com

ਇਸ ਮੌਕੇ ਤੇ ਕਪੜੇ ਅਤੇ ਗਹਿਣਿਆਂ ਦੇ ਸਟਾਲ ਵੀ ਲਾਏ ਜਾਣਗੇ।

ਐਂਟਰੀ ਬਿਲਕੁਲ ਮੁਫਤ No Cameras Will Be Allowed Inside The Hall ਵੱਲੋਂ : ਪ੍ਰਬੰਧਕ ਕਮੇਟੀ

# ਬੇਕਰਜ਼ਫੀਲਡ ਵਿਚ ਲੱਗੀਆਂ ਤੀਆਂ ਦੀਆਂ ਰੌਣਕਾਂ

**ਬੇਕਰਜ਼ਫੀਲਡ (ਮਨਦੀਪ ਮਾਨ):** ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਇਸ ਸ਼ਹਿਰ ਵਿਚ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਤੀਆਂ ਦਾ ਤਿਓਹਾਰ ਇਕ ਮੇਲੇ ਦੇ ਰੂਪ ਵਿਚ ਕੁਆਰੀਆਂ, ਸਜ-ਵਿਆਹੀਆਂ ਅਤੇ ਵਡੇਰੀ ਉਮਰ ਦੀਆਂ ਬੀਬੀਆਂ ਵਲੋਂ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਬੀਬੀਆਂ ਨੇ ਇਕ ਦੂਜੇ ਦੇ ਉਪਰ ਦੀ ਹੋ ਕੇ ਚੜ੍ਹਦੀ ਤੋਂ ਚੜ੍ਹਦੀ ਬੋਲੀ ਪਾ ਮੇਲੇ ਨੂੰ ਸਿਖਰ 'ਤੇ ਪਹੁੰਚਾ ਦਿੱਤਾ।

ਪਿਛਲੇ 22 ਸਾਲਾਂ ਤੋਂ ਇਕੋ ਹੀ ਥਾਂ ਉਤੇ ਕਰਵਾਏ ਜਾ ਰਹੇ ਇਸ ਤੀਆਂ ਦੇ ਮੇਲੇ ਦੀ ਖਾਸੀਅਤ ਇਹ ਹੈ ਕਿ ਇਸ ਵਿਚ ਡੀ.ਜੇ. ਜਾਂ ਟੇਪ ਰਿਕਾਰਡਰ ਦੀ ਵਰਤੋਂ ਨਹੀਂ ਕੀਤੀ ਜਾਂਦੀ ਅਤੇ ਪੰਜਾਬ ਦੀਆਂ ਅਸਲ ਤੀਆਂ ਵਾਂਗ ਹੀ ਕੁੜੀਆਂ-ਚਿੜੀਆਂ ਅਤੇ ਵਡੇਰੀਆਂ ਆਪ



ਬੋਲੀਆਂ ਪਾਉਂਦੀਆਂ ਹਨ ਅਤੇ ਗੀਤ-ਸੰਗੀਤ ਕਰਦੀਆਂ ਹਨ।

ਇਸ ਮੇਲੇ ਵਿਚ ਖਾਣ-ਪੀਣ ਦਾ ਪ੍ਰਬੰਧ ਵਿਨੋਦ ਕੰਬੋਜ ਅਤੇ ਬਲਜੀਤ ਭੁੱਟੋ ਵਲੋਂ ਕੀਤਾ ਗਿਆ। ਮੇਲੇ ਦੀਆਂ ਪ੍ਰਬੰਧਕ ਸੁਰਿੰਦਰ ਕੌਰ, ਮੁਖਤਿਆਰ ਕੌਰ, ਰਵਿੰਦਰ ਕੌਰ, ਸਵਰਨਜੀਤ ਕੌਰ ਗਿੱਲ, ਕੁਲਵਿੰਦਰ ਕੌਰ ਅਤੇ ਸੁਖਜੀਤ ਕੌਰ ਵੜੈਚ ਵਲੋਂ ਮੇਲੇ 'ਚ ਆਈਆਂ ਸਮੂਹ ਬੀਬੀਆਂ ਦਾ ਧੰਨਵਾਦ ਕੀਤਾ ਗਿਆ। ਜੀ-ਪੰਜਾਬ ਸਾਡਾ ਚੈਨਲ ਵਲੋਂ ਇਸ ਮੇਲੇ ਦੀ ਰਿਕਾਰਡਿੰਗ ਕੀਤੀ ਗਈ। ਇਸ ਤੋਂ ਇਲਾਵਾ ਸਥਾਨਕ ਟੀ.ਵੀ. ਚੈਨਲਾਂ ਆਈ ਵਿਟਨੈਸ 29 ਅਤੇ ਨਿਊਜ਼ ਚੈਨਲ 17 ਵਲੋਂ ਵੀ ਮੇਲੇ ਦੀ ਰਿਕਾਰਡਿੰਗ ਕੀਤੀ ਗਈ ਜੋ ਅਗਲੇ ਦਿਨੀਂ ਟੀ.ਵੀ. 'ਤੇ ਦਿਖਾਈ ਜਾਏਗੀ।



















Sponsored Page


Healthy Body Healthy Mind!
SIKH SPORTS ASSOCIATION PRESENTS
(U.S.A)
4th ਚੌਥੀਆਂ ਸਾਲਾਨਾ ਖੇਡਾਂ
ANNUAL GAMES
4TH & 5TH SEPTEMBER 2010
for registration and Question? visit www.sikhsports.com
JAMES LOGAN HIGH SCHOOL
1800- H STREET, UNION CITY CA-94587
Sikh Sports Association of USA
To advertise in our souvenir, set up a booth or banner ad, or for suggestions and information, please call us at 1.866.499.0032.
GOLF
CRICKET
WRESTLING
SOCCER
BASKETBALL
VOLLEYBALL
KABADDI
TRACK & FIELD
FIELD HOCKEY
FOR REGISTRATION VISIT WWW.SIKHSPORTS.COM
Donations: Sikh Sports 4430 Deer Field Way, Danville, CA 94506
Sikh Sports Association of USA is a non-profit organization
I Design Concept 408.931.5200 I

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

## Refinance Now

**15 & 30 Yr Fixed Rates Are Getting Better!!!**
**5/1, 7/1 ARM are also attractive**
**Refinance Now At Zero Cost**

**Call Sukhi Gill @ 510-207-9067**

CA DRE Lic.#01180969

# Short Sale Specialist

## We can sell your house in short sale at no cost to you.

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ 'ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale 'ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ। *Foreclosure ਦੇ ਮੁਕਾਬਲੇ Short Sale 'ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ। *ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale 'ਤੇ ਲਾ ਕੇ ਘਰ ਵੇਚ ਸਕਦੇ ਹਾਂ।

Selling new and old Homes from San Jose to Sacramento

Fremont Office:
86 Pilgrim Loop
Fremont CA 94539
510-440-9292

**Cell: 510-304-9292**
**Cell:408-666-8279**



**Jaswinder Gill** M.Sc (PAU)
CA DRE# 00966763
Broker/Owner/Notary

*2004 to 2006 Award Winner
Top 1% Listing Realtor in Bay Area

Sacramento Office:
8695 Territorial Way,
Elk Grove CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings




**14434 Tiburon Rd, San Leandro CA 94577**
4 Bedrooms, 2 Full Bath, 2 Car Garage
1464 sq ft




**304 Pennyhill drive San Jose CA 95127**
4 Bedrooms, 3 Baths, 2 Car Garage.
Area 1933 Sq. Ft - Lot 4500 Sq. Ft




**111 Nancy Lane San Jose CA 95127**
6 Plex - 2 units each
3Bed/1Bath - 3Bed/1Bath - 3Bed/1Bath





**675 Bel Air Court Morgan Hill CA 95037**
5 Bedrooms, 3 Baths, 2 Car Garage.
Area 2807 Sq. Ft - Lot 6534 Sq. Ft




**1802 Picasso Way Stockton, CA 95206**
3 Bedrooms, 3 Baths, 2 Car Garage




**950 Silver Court Lathrop, CA 95330**
3 Bedrooms, 2.5 Baths, 2 Car Garage.
Living Area 2448 Sq. Ft




**1512 Sonoma Dr Milpitas CA 95035**
4 Bedroom and 3 full bath
Large family room with wet bar & fireplace




**1231 Cracolice Way, Milpitas 95035**
4 Bedrooms, 2.5 Baths, 2 Car Garage.
Area 1868 Sq. Ft - Lot 4893 Sq. Ft.

# DR. HARMESH KUMAR OF SABH FOUNDATION PROUDLY PRESENTS

Tickets
$29, $39,
$49, $75,
VIP, VVIP
Tickets Available at
Ticketmaster.com

*Bhangra King Gurdas Maan*

*Gurdas Maan 's name is almost synonymous with Bhangra. No wonder he is known as "Bhangra King"*

Tickets are available at all Indian Groceries Stores Fresno & Selma

**GRAND SPONSORS**

**TAJ RANDHAWA**
Commercial Realtor-RemaxGold
(for all your Commercial/Business Needs to buy or sell
(LIC # 01495361)
559-259-4247

**VOHRA BROTHERS**
Fast n Esy Group
(Gas Station/Liquor Stores)
Viney Vohra
559-213-0462
Vikram Vohra
559-213-0459


**SILVER SPONSORS**

**JASPREET SINGH**
ATTORNEY AT LAW
559-271-5511

**SPONSORED & SUPPORTED BY:**

Dr. Kuldip Thusu
Dr. Pedro Eva
Dr. Paramjit Sandhu
Valley Wide Beverages Distributors (Fresno, CA)
Donaghey Sales (Fresno, CA)
Coca Cola (Fresno, CA)
Pepsi Cola (Fresno, CA)
Narinder Sahota
(Central Valley Engg. & Surveying)
559-891-8811
Paul Dhaliwal
Amrit Dhaliwal
Mickey Sra
Taj Mahal Photography
Sukhbir Bhandal
Remax Gold
(for all kind of Real Estate needs)
Jim Mueller (Borrego Springs Bank)
for all kinds of commercial Loans needs
559-230-1330
TJ (Express Graphics)
Jaswinder Singh
(New India Sweets & Spices)
Paul Sihota (Royal Express)
Nijjar Brothers (Madera)
Pritam Pasla (Liquor King)
Avtar Gill & Harry Gill
(Gill Insurance)
Realty World
(Dany Singh & Harpreet Bali)
Sudarshan Sharma
Royal India Market &
Royal Fabrics
Pritam Gill (A-1 Realty)
Balraj Brar
Charanjit Bath

**MARKETING CONSULTANT**
Jai Singh


## Saroyan Theatre

**700 M Street • Fresno, CA 93721**

## Saturday August 28, 2010 at 7:30 PM

**Fundraiser show for South Asian Seniors Home**

**For Sponsorship, Tickets and other Info. Call:**

**Dr. Harmesh Kumar: 408-821-9325, Taj Randhawa: 559-259-4247, Viney Vohra: 559-213-0462, Dilbag Banger: 559-940-2500, Sukhi Gill: 559-472-8680, Aditi Khullar: 510-610-0750**

Attorney **Harjot Ginny Walia**, Legal Advisor for Gurdas Maan, Tel: (800)-598-0716

# ਮਾਓਵਾਦੀਆਂ ਨੇ ਸੀ.ਪੀ.ਐਮ. ਲਈ ਪੈਕੇਜ ਐਲਾਨਿਆ

**-ਪੰਜਾਬ ਟਾਈਮਜ਼ ਬਿਊਰੋ**

**ਲਾਲਗੜ੍ਹ (ਪੱਛਮੀ ਬੰਗਾਲ)** : ਪੱਛਮੀ ਬੰਗਾਲ ਸਰਕਾਰ ਵਲੋਂ ਆਤਮ ਸਮਰਪਣ ਕਰਨ ਵਾਲੇ ਮਾਓਵਾਦੀਆਂ ਲਈ ਐਲਾਨੇ ਗਏ 'ਪੈਕੇਜ' ਦੇ ਮੁਕਾਬਲੇ ਬੀਤੀ 8 ਅਗਸਤ ਨੂੰ ਮਾਓਵਾਦੀਆਂ ਨੇ ਸੀ.ਪੀ.ਐਮ. ਦੇ ਕਥਿਤ ਹਥਿਆਰਬੰਦ ਕੇਡਰ ਨੂੰ ਕਿਹਾ ਹੈ ਕਿ ਜੇਕਰ ਉਹ ਆਪਣੇ ਹਥਿਆਰ ਉਨ੍ਹਾਂ ਨੂੰ ਦੇ ਦੇਣ ਤਾਂ ਚੰਗੇ ਪੈਸੇ ਦਿੱਤੇ ਜਾਣਗੇ। ਮਾਓਵਾਦੀਆਂ ਦੀ ਕੇਂਦਰੀ ਕਮੇਟੀ ਦੇ ਮੈਂਬਰ ਆਕਾਸ਼ ਨੇ ਦੱਸਿਆ, "ਸੀ.ਪੀ.ਐਮ. ਦੇ ਜਿਹੜੇ ਵਰਕਰ ਸਾਨੂੰ ਐਸ.ਐਲ. ਆਰ'ਜ਼ ਜਾਂ ਏ.ਕੇ. 47 ਰਾਈਫਲਾਂ ਦੇਣਗੇ, ਉਨ੍ਹਾਂ ਨੂੰ ਇਕ ਲੱਖ ਰੁਪਏ, ਕਾਰਬਾਈਨ, ਆਟੋਮੈਟਿਕ ਰਿਵਾਲਵਰ ਤੇ ਪਿਸਤੌਲ ਦੇਣ ਵਾਲਿਆਂ ਨੂੰ 70 ਹਜ਼ਾਰ ਰੁਪਏ ਤੇ ਦੇਸੀ ਬੰਦੂਕ ਦੇਣ 'ਤੇ 8 ਹਜ਼ਾਰ ਜਾਂ ਇਸ ਤੋਂ ਵੱਧ ਮਿਲਣਗੇ।"

ਉਨ੍ਹਾਂ ਦੋਸ਼ ਲਗਾਇਆ ਕਿ ਸੀ.ਪੀ.ਐਮ. ਵਲੋਂ ਪੱਛਮੀ ਮਿਦਨਾਪੁਰ, ਬਾਂਕੁਰਾ ਤੇ ਪੁਰੂਲੀਆ ਜ਼ਿਲ੍ਹਿਆਂ ਵਿਚ ਪੇਂਡੂਆਂ ਨੂੰ ਟਰੇਨਿੰਗ ਕੈਂਪਾਂ 'ਚ ਜ਼ਬਰਦਸਤੀ ਲਿਆਂਦਾ ਜਾ ਰਿਹਾ ਹੈ। ਇਨ੍ਹਾਂ ਕੈਂਪਾਂ ਦੀ ਗਿਣਤੀ 100 ਤੋਂ ਘੱਟ ਹੈ। ਉਨ੍ਹਾਂ ਦਾਅਵਾ ਕੀਤਾ ਕਿ ਅਜਿਹੇ 58 ਕੈਂਪ ਪੱਛਮੀ ਮਿਦਨਾਪੁਰ, 16 ਪੁਰੂਲੀਆ ਤੇ ਬਾਂਕੁਰਾ ਵਿਚ ਚਲ ਰਹੇ ਹਨ। ਜੰਗਲ ਮਹਿਲ ਦੇ 23 ਸਕੂਲਾਂ ਨੂੰ ਹਥਿਆਰਾਂ ਦੀ ਟਰੇਨਿੰਗ ਦੇਣ ਲਈ ਵਰਤਿਆ ਜਾ ਰਿਹਾ ਹੈ। ਆਕਾਸ਼ ਨੇ ਕਿਹਾ, "ਜਿਹੜੇ ਸੀ.ਪੀ.ਐਮ. ਵਰਕਰ ਹਥਿਆਰ ਸਾਨੂੰ ਸੌਂਪ ਦੇਣਗੇ, ਉਨ੍ਹਾਂ ਨੂੰ ਨਕਦ ਇਨਾਮ ਦਿੱਤਾ ਜਾਵੇਗਾ ਤੇ ਉਨ੍ਹਾਂ ਦੀ ਜਾਨ ਬਖ਼ਸ਼ੀ ਜਾਵੇਗੀ।"

ਇਥੇ ਜ਼ਿਕਰਯੋਗ ਹੈ ਕਿ 28 ਜੁਲਾਈ ਨੂੰ ਪੱਛਮੀ ਬੰਗਾਲ ਸਰਕਾਰ ਨੇ ਮਾਓਵਾਦੀਆਂ ਲਈ ਆਤਮ-ਸਮਰਪਣ-ਕਮ-ਮੁੜ ਵਸੇਬਾ ਪੈਕੇਜ ਐਲਾਨਿਆ ਸੀ। ਪੈਕੇਜ ਮੁਤਾਬਕ ਹਥਿਆਰ ਸੁੱਟਣ ਵਾਲੇ ਮਾਓਵਾਦੀ ਦੇ ਫਿਕਸਡ ਡਿਪਾਜ਼ਿਟ 'ਚ 3 ਸਾਲਾਂ ਲਈ ਡੇਢ ਲੱਖ ਰੁਪਏ ਰੱਖੇ ਜਾਣਗੇ ਤੇ 3 ਸਾਲਾਂ ਲਈ 2 ਹਜ਼ਾਰ ਰੁਪਏ ਮਹੀਨਾ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਉਨ੍ਹਾਂ ਨੂੰ ਮਰਜ਼ੀ ਮੁਤਾਬਕ ਵੋਕੇਸ਼ਨਲ ਟਰੇਨਿੰਗ ਦਿੱਤੀ ਜਾਵੇਗੀ। ਸਰਕਾਰ ਮੁਤਾਬਕ ਮਸ਼ੀਨਗੰਨ ਸੁੱਟਣ 'ਤੇ 25 ਹਜ਼ਾਰ, 15000 ਏ.ਕੇ.-47 ਸੁੱਟਣ, 10 ਹਜ਼ਾਰ ਮੋਬਾਈਲ ਫੋਨ, ਰਿਵਾਲਵਰ ਤੇ ਬਾਰੂਦੀ ਸੁਰੰਗ 'ਤੇ 3 ਹਜ਼ਾਰ ਰੁਪਏ ਅਤੇ ਧਮਾਕਾਖੇਜ਼ ਸਮੱਗਰੀ 'ਤੇ ਪ੍ਰਤੀ ਕਿਲੋਮੀਟਰ ਇਕ ਹਜ਼ਾਰ ਰੁਪਏ ਦਿੱਤੇ ਜਾਣਗੇ।

ਇਸੇ ਦੌਰਾਨ ਪਤਾ ਲਗਾ ਹੈ ਕਿ ਨਕਸਲ ਪ੍ਰਭਾਵਤ ਜ਼ਿਲ੍ਹਿਆਂ 'ਚ ਦੋ ਮੋਰਚਿਆਂ 'ਤੇ ਕੰਮ ਕਰਨ ਸਬੰਧੀ ਆਪਣੀ ਵਚਨਬੱਧਤਾ ਨੂੰ ਅਮਲੀ ਰੂਪ ਦਿੰਦਿਆਂ ਯੋਜਨਾ ਕਮਿਸ਼ਨ ਨੇ ਇਨ੍ਹਾਂ ਖੇਤਰਾਂ ਦੇ ਵਿਕਾਸ ਲਈ 13.742 ਕਰੋੜ ਰੁਪਏ ਦੇ ਪੈਕੇਜ ਨੂੰ ਮਨਜ਼ੂਰੀ ਦੇ ਕੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਕੋਲ ਭੇਜ ਦਿੱਤਾ ਹੈ।

ਕਮਿਸ਼ਨ ਦੇ ਮੈਂਬਰ ਮੀਹਰ ਸ਼ਾਹ ਨੇ ਕਿਹਾ "ਯੋਜਨਾ ਕਮਿਸ਼ਨ ਨੇ ਨਕਸਲ ਪ੍ਰਭਾਵਤ ਜ਼ਿਲ੍ਹਿਆਂ ਲਈ ਸਾਂਝੀ ਕਾਰਜ ਯੋਜਨਾ ਨੂੰ ਅੰਤਿਮ ਰੂਪ ਦੇ ਕੇ ਇਸ ਨੂੰ ਪ੍ਰਧਾਨ ਮੰਤਰੀ ਕੋਲ ਭੇਜ ਦਿੱਤਾ ਹੈ ਤੇ ਹੁਣ ਇਸ ਯੋਜਨਾ ਨੂੰ ਮੰਤਰੀ ਮੰਡਲ ਵਿਚ ਵਿਚਾਰਿਆ ਜਾਵੇਗਾ।" ਉਨ੍ਹਾਂ ਦੱਸਿਆ ਕਿ ਇਸ ਪੈਕੇਜ ਦਾ ਮੁੱਖ ਟੀਚਾ ਨਕਸਲ ਪ੍ਰਭਾਵਤ ਜ਼ਿਲ੍ਹਿਆਂ ਵਿਚ ਪ੍ਰਸ਼ਾਸਨਿਕ ਸੇਵਾਵਾਂ ਵਿਚ ਸੁਧਾਰ ਦੇ ਨਾਲ-ਨਾਲ ਪਾਣੀ, ਬਿਜਲੀ, ਸੜਕ ਤੇ ਸਿਹਤ ਸੇਵਾਵਾਂ ਵਰਗੀਆਂ ਮੁੱਢਲੀਆਂ ਲੋੜਾਂ ਵਿਚ ਸੁਧਾਰ ਕਰਨਾ ਹੈ। ਭਾਵੇਂ ਸ੍ਰੀ ਸ਼ਾਹ ਨੇ ਪੈਕੇਜ ਬਾਰੇ ਵਿਸਥਾਰਤ ਜਾਣਕਾਰੀ ਨਹੀਂ ਦਿੱਤੀ, ਪਰ ਉਨ੍ਹਾਂ ਦੱਸਿਆ ਕਿ ਕਮਿਸ਼ਨ ਦੇ ਕੁਝ ਮੈਂਬਰ ਇਹ ਪੈਕੇਜ 35 ਜ਼ਿਲ੍ਹਿਆਂ ਨੂੰ ਦੇਣਾ ਚਾਹੁੰਦੇ ਹਨ, ਜਦਕਿ ਦੂਜੇ ਮੈਂਬਰ ਇਨ੍ਹਾਂ ਜ਼ਿਲ੍ਹਿਆਂ ਦੀ ਗਿਣਤੀ ਵਧਾ ਕੇ 60 ਕਰਨਾ ਚਾਹੁੰਦੇ ਹਨ। ਉਨ੍ਹਾਂ ਦੱਸਿਆ ਕਿ ਜੇਕਰ ਜ਼ਿਲ੍ਹਿਆਂ ਦੀ ਗਿਣਤੀ ਵਧਾ ਕੇ 60 ਕਰ ਦਿੱਤੀ ਜਾਂਦੀ ਹੈ ਤਾਂ ਇਸ ਨਾਲ ਜਿੱਥੇ ਵੰਡਣ ਵਾਲੀ ਰਾਸ਼ੀ ਘਟ ਜਾਵੇਗੀ, ਉਥੇ ਕੰਮ ਦਾ ਬੋਝ ਵੀ ਵਧ ਜਾਵੇਗਾ, ਪਰ ਦੂਜੇ ਮੈਂਬਰਾਂ ਦਾ ਤਰਕ ਹੈ ਕਿ ਅਸਲ ਗੱਲ ਪੈਸੇ ਦੀ ਨਹੀਂ ਸਗੋਂ ਸੰਚਾਲਨ ਵਿਵਸਥਾ ਵਿਚ ਸੁਧਾਰ ਦੀ ਹੈ।

ਯਾਦ ਰਹੇ ਬੀਤੀ 9 ਅਗਸਤ ਨੂੰ ਤ੍ਰਿਣਮੂਲ ਕਾਂਗਰਸ ਦੀ ਮੁਖੀ ਮਮਤਾ ਬੈਨਰਜੀ ਨੇ ਇਕ ਰੈਲੀ ਕਰਕੇ ਮੰਗ ਕੀਤੀ ਕਿ ਸਰਕਾਰ ਲਾਲਗੜ੍ਹ ਵਿਖੇ ਤੈਨਾਤ ਸੁਰੱਖਿਆ ਦਸਤਿਆਂ ਨੂੰ ਤੁਰੰਤ ਵਾਪਸ ਸੱਦੇ। ਇਸ ਰੈਲੀ ਨੂੰ ਨਕਸਲੀਆਂ ਨੇ ਪੂਰਾ ਸਮਰੱਥਨ ਦਿੱਤਾ। ਮੰਚ 'ਤੇ ਸਰਕਾਰ ਅਤੇ ਨਕਸਲੀਆਂ ਵਿਚਾਲੇ ਧੁਰੀ ਬਣ ਰਹੇ ਸਵਾਮੀ ਅਗਨੀਵੇਸ਼, ਮੇਧਾ ਪਾਟੇਕਰ ਅਤੇ ਮਸ਼ਹੂਰ ਲੇਖਿਕਾ ਮਹਾਸ਼ਵੇਤਾ ਦੇਵੀ ਵੀ ਮੌਜੂਦ ਸਨ। ਰੈਲੀ ਦੌਰਾਨ ਮਮਤਾ ਨੇ ਨਕਸਲੀਆਂ ਨੂੰ ਹਿੰਸਾ ਛੱਡ ਕੇ ਸਰਕਾਰ ਨਾਲ ਗੱਲਬਾਤ ਕਰਨ ਲਈ ਸਾਹਮਣੇ ਆਉਣ ਦੀ ਅਪੀਲ ਕੀਤੀ। ਲਾਲਗੜ੍ਹ ਰੈਲੀ ਦੀ ਗੂੰਜ ਸੰਸਦ 'ਚ ਵੀ ਪਈ। ਸਦਨ 'ਚ ਖੱਬੀਆਂ ਧਿਰਾਂ ਦੇ ਮੈਂਬਰਾਂ ਨੇ ਕਿਹਾ ਕਿ ਮਮਤਾ ਦੀ ਰੈਲੀ ਨਕਸਲੀਆਂ ਦੀ ਮਦਦ ਨਾਲ ਆਯੋਜਿਤ ਕੀਤੀ ਗਈ।

**ਬਾਰੂਦੀ ਸੁਰੰਗ ਧਮਾਕੇ 'ਚ 5 ਮੌਤਾਂ-** ਯਾਦ ਰਹੇ ਬੀਤੇ ਦਿਨੀਂ ਝਾਰਖੰਡ ਦੇ ਗਿਰੀਡੀਹ ਜ਼ਿਲ੍ਹੇ 'ਚ ਨਕਸਲੀਆਂ ਦੁਆਰਾ ਕੀਤੇ ਗਏ ਬਾਰੂਦੀ ਸੁਰੰਗ ਧਮਾਕੇ 'ਚ ਇਕ ਨਿੱਜੀ ਕੰਪਨੀ ਦੇ ਦੋ ਸੁਰੱਖਿਆ ਮੁਲਾਜ਼ਮਾਂ ਸਮੇਤ ਪੰਜ ਜਣਿਆਂ ਦੀ ਮੌਤ ਹੋ ਗਈ ਸੀ । ਗਿਰੀਡੀਹ ਦੇ ਸੀਨੀਅਰ ਪੁਲਿਸ ਅਧਿਕਾਰੀ ਏਵੀ ਹੋਮਕਰ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਦੇਰ ਰਾਤ ਸਕਿਊਰਿਟੀ ਐਂਡ ਇੰਟੈਲੀਜੈਂਸ ਸਰਵਿਸਿਜ਼ (ਐਸਆਈਐਸ) ਦੇ ਦੋ ਸੁਰੱਖਿਆ ਮੁਲਾਜ਼ਮ, ਇਕ ਡਰਾਈਵਰ ਤੇ ਦੋ ਹੋਰ ਕਰਮਚਾਰੀ ਇਕ ਵਾਹਨ ਰਾਹੀਂ ਗਿਰੀਡੀਹ ਤੋਂ ਡੁਮਰੀ ਜਾ ਰਹੇ ਸਨ। ਪਿੰਡ ਪਾਂਡਿਆਡੀਹ ਨੇੜੇ ਨਕਸਲੀਆਂ ਵਲੋਂ ਕੀਤੇ ਗਏ ਬਾਰੂਦੀ ਸੁਰੰਗ ਧਮਾਕੇ 'ਚ ਇਨ੍ਹਾਂ ਪੰਜਾਂ ਦੀ ਮੌਤ ਹੋ ਗਈ। ਉਨ੍ਹਾਂ ਦੱਸਿਆ ਕਿ ਇਹ ਧਮਾਕਾ ਇੰਨਾ ਜ਼ਬਰਦਸਤ ਸੀ ਕਿ ਵਾਹਨ ਦੇ ਪਰਖਚੇ ਉਡ ਗਏ।

## ਗੁਰੀਲਾ ਫੌਜ ਸੁਰਜੀਤ ਕਰਨ ਦੀ ਚੇਤਾਵਨੀ

**ਕਾਠਮੰਡੂ:** ਨੇਪਾਲ ਦੇ ਲਗਾਤਾਰ ਲਟਕਦੇ ਜਾ ਰਹੇ ਸਿਆਸੀ ਰੇੜਕੇ ਦਰਮਿਆਨ ਨੇਪਾਲੀ ਮਾਓਵਾਦੀਆਂ ਨੇ ਆਪਣੇ ਭੰਗ ਕੀਤੇ ਫੌਜੀ ਵਿੰਗ ਲਈ ਨਵੀਂ ਭਰਤੀ ਸ਼ੁਰੂ ਕਰਨ ਦੀ ਚੇਤਾਵਨੀ ਦਿੱਤੀ ਹੈ, ਜਿਸ ਤੋਂ ਦੇਸ਼ ਦੀ ਅਮਨ ਪ੍ਰਕਿਰਿਆ ਲਈ ਖ਼ਤਰਾ ਪੈਦਾ ਹੋ ਗਿਆ ਹੈ। ਮਾਓਵਾਦੀਆਂ ਨੇ ਇਹ ਚੇਤਾਵਨੀ ਨੇਪਾਲ ਦੀ ਫੌਜ ਵਲੋਂ ਇਸ ਹਫਤੇ ਕੀਤੇ ਗਏ ਇਸ ਐਲਾਨ ਤੋਂ ਬਾਅਦ ਕੀਤੀ ਹੈ ਕਿ ਉਹ 3500 ਜਵਾਨਾਂ ਦੀ ਭਰਤੀ ਦੀ ਸ਼ੁਰੂਆਤ ਕਰੇਗੀ। ਸੰਯੁਕਤ ਰਾਸ਼ਟਰ ਨੇ ਇਸ ਘਟਨਾਕ੍ਰਮ 'ਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ।

ਭੰਗ ਕੀਤੀ ਗਈ 'ਪੀਪਲਜ਼ ਲਿਬਰੇਸ਼ਨ ਆਰਮੀ' ਨੂੰ ਸੁਰਜੀਤ ਕਰਨ ਬਾਰੇ ਚੇਤਾਵਨੀ ਮਾਓਵਾਦੀ ਆਗੂ ਸੀ ਪੀ ਖਾਨਲ ਨੇ ਦਿੱਤੀ, ਜਿਨ੍ਹਾਂ ਕਿਹਾ ਕਿ ਨੇਪਾਲ ਫੌਜ ਵਲੋਂ ਨਵੀਂ ਭਰਤੀ ਅਮਨ ਸੰਧੀ ਦੀ ਉਲੰਘਣਾ ਹੈ। ਮਾਓਵਾਦੀਆਂ ਨੇ ਸਰਕਾਰ ਨਾਲ ਅਮਨ ਸਮਝੌਤੇ ਤੋਂ ਬਾਅਦ 2006 ਵਿਚ ਆਪਣੀ 19,000 ਗੁਰੀਲਿਆਂ ਦੀ ਪੀ ਐਲ ਏ ਨੂੰ ਭੰਗ ਕਰ ਦਿੱਤਾ ਸੀ, ਜਿਨ੍ਹਾਂ ਨੂੰ ਇਸ ਸਮੇਂ ਸੰਯੁਕਤ ਰਾਸ਼ਟਰ ਦੀ ਨਿਗਰਾਨੀ ਵਾਲੇ ਕੈਂਪਾਂ ਵਿਚ ਰੱਖਿਆ ਜਾ ਰਿਹਾ ਹੈ। ਮਾਓਵਾਦੀਆਂ ਅਤੇ ਫੌਜ ਵਲੋਂ ਚੁੱਕੇ ਗਏ ਇਨ੍ਹਾਂ ਕਦਮਾਂ ਤੋਂ ਨੇਪਾਲ 'ਚ ਸੰਯੁਕਤ ਰਾਸ਼ਟਰ ਦਾ ਮਿਸ਼ਨ ਚੌਕਸ ਹੋ ਗਿਆ ਹੈ ਤੇ ਉਸ ਨੇ ਦੋਹਾਂ ਧਿਰਾਂ ਨੂੰ ਅਮਨ ਸਮਝੌਤੇ ਦੀ ਪਾਲਣਾ ਲਈ ਲਿਖਿਆ ਹੈ।

## ਮੰਡੇਲਾ ਦੀ ਨਜਾਇਜ਼ ਬੇਟੀ ਹੋਣ ਬਾਰੇ ਚਰਚਾ



**ਕੇਪਟਾਊਨ:** ਸਮਝਿਆ ਜਾਂਦਾ ਹੈ ਕਿ ਦੱਖਣੀ ਅਫਰੀਕਾ ਦੇ ਸਾਬਕਾ ਰਾਸ਼ਟਰਪਤੀ ਨੈਲਸਨ ਮੰਡੇਲਾ ਦੀ ਇਕ ਨਜਾਇਜ਼ ਬੇਟੀ ਸੀ ਜਿਸ ਦਾ ਜਨਮ 1945 ਵਿਚ ਕੇਪਟਾਊਨ ਵਿਚ ਇਕ ਔਰਤ ਨਾਲ ਮੰਡੇਲਾ ਦੇ ਥੋੜ੍ਹੇ ਜਿਹੇ ਸਮੇਂ ਲਈ ਪਿਆਰ ਤੋਂ ਬਾਅਦ ਹੋਇਆ ਸੀ। ਮੰਡੇਲਾ ਫਾਊਂਡੇਸ਼ਨ ਦੇ ਅਧਿਕਾਰੀਆਂ ਨੇ ਇਹ ਗੱਲ ਕਬੂਲ ਕੀਤੀ ਹੈ। ਮਫੋ ਪੁਲੇ ਨਾਂ ਦੀ ਔਰਤ ਨੇ ਆਪਣੇ ਅਸਲੀ ਪਿਤਾ ਦਾ ਪਤਾ ਲਗਾਉਣ ਦੇ ਸੰਘਰਸ਼ ਵਿਚ 12 ਸਾਲ ਬਿਤਾ ਦਿੱਤੇ। ਪਰ ਜਦ ਤੱਕ ਮੰਡੇਲਾ ਫਾਊਂਡੇਸ਼ਨ ਦੇ ਅਧਿਕਾਰੀਆਂ ਨੇ ਮੰਨਿਆ ਕਿ ਉਹ ਮਫੋ ਦੇ ਦਾਅਵੇ ਦੀ ਪੁਸ਼ਟੀ ਕਰਨ ਦੇ ਨੇੜੇ ਹਨ, ਤਦ ਤੱਕ ਉਸ ਦੀ ਮੌਤ ਹੋ ਗਈ। ਹੁਣ ਮਫੋ ਦੇ ਬੱਚੇ ਆਪਣੀ ਮਾਂ ਨੂੰ ਮੰਡੇਲਾ ਦੀ ਸਤਵੀਂ ਔਲਾਦ ਦਾ ਦਰਜਾ ਦਿਵਾਉਣ ਲਈ ਲੜਾਈ ਲੜ ਰਹੇ ਹਨ। ਨੈਲਸਨ ਮੰਡੇਲਾ ਫਾਊਂਡੇਸ਼ਨ ਦੇ ਬੁਲਾਰੇ ਵੇਰਨੇ ਹੈਰਿਸ ਨੇ ਕਿਹਾ ਕਿ ਮਫੋ ਦਾ ਦਾਅਵਾ ਮੰਡੇਲਾ ਦੀ ਡਾਕੂਮੈਂਟਰੀ ਰਿਕਾਰਡ ਨਾਲ ਮੇਲ ਖਾਂਦਾ ਹੈ। ਹਾਲਾਂਕਿ ਇਸ ਦੀ ਪੁਸ਼ਟੀ ਡੀ.ਐਨ.ਏ. ਟੈਸਟ ਨਾਲ ਹੀ ਹੋਵੇਗੀ। ਉਨ੍ਹਾਂ ਨੇ ਇਹ ਮਾਮਲਾ ਮੰਡੇਲਾ ਦੇ ਪਰਿਵਾਰ ਵਾਲਿਆਂ 'ਤੇ ਛੱਡ ਦਿੱਤਾ।

ਭਾਵੇਂਕਿ ਮੰਡੇਲਾ ਦੇ ਸ਼ਾਦੀਸ਼ੁਦਾ ਹੁੰਦੇ ਹੋਏ ਵੀ ਬੇਵਫਾ ਹੋਣ ਸਬੰਧੀ ਦਾਅਵੇ ਕੋਈ ਨਵੀਂ ਗੱਲ ਨਹੀਂ ਹਨ। ਪਰ ਇਹ ਪਹਿਲਾ ਮਾਮਲਾ ਹੈ ਜਿਸ ਵਿਚ ਕਿਸੇ ਨੇ ਉਨ੍ਹਾਂ 'ਤੇ ਪਿਤਾ ਹੋਣ ਦਾ ਹੱਕ ਜਿਤਾਇਆ ਹੈ। ਬਲੂਮਫੋਂਟੇਨ ਦੀ ਰਹਿਣ ਵਾਲੀ ਮਫੋ ਨੂੰ 1998 ਵਿਚ ਆਪਣੀ ਨਾਨੀ ਤੋਂ ਆਪਣੇ ਪਿਤਾ ਬਾਰੇ ਜਾਣਕਾਰੀ ਮਿਲੀ ਜਿਸ ਤੋਂ ਬਾਅਦ ਉਸ ਦਾ ਸੰਘਰਸ਼ ਸ਼ੁਰੂ ਹੋਇਆ। ਉਸ ਨੂੰ ਪਤਾ ਲੱਗਿਆ ਕਿ ਮੰਡੇਲਾ ਦਾ ਉਸ ਦੀ ਮਾਂ ਸੇਪੋਟੀ ਜੇਨ ਮੋਨਾਕਾਲੀ ਨਾਲ 1945 'ਚ ਇਸ਼ਕ ਸੀ। ਉਦੋਂ ਮੰਡੇਲਾ ਦਾ ਪਹਿਲੀ ਪਤਨੀ ਏਵਲਿਨ ਨਾਲ ਵਿਆਹ ਅਤੇ ਇਕ ਬੇਟਾ ਵੀ ਹੋ ਚੁੱਕਿਆ ਸੀ। ਮਫੋ ਦੀ ਮਾਂ ਸੇਪੋਟੀ ਦੀ 1992 ਵਿਚ ਮੌਤ ਹੋ ਗਈ ਸੀ। ਹੁਣ ਉਸ ਦੇ ਪਰਿਵਾਰ ਵਾਲੇ ਮੰਡੇਲਾ ਦੀ ਬੇਟੀ ਜਿੰਡਜੀ ਦੇ ਜਵਾਬ ਦਾ ਇੰਤਜ਼ਾਰ ਕਰ ਰਹੇ ਹਨ। ਮੰਡੇਲਾ ਪਰਿਵਾਰ ਦੇ ਕਿਸੇ ਮੈਂਬਰ ਨੇ ਇਸ ਦਾਅਵੇ ਤੇ ਕੋਈ ਪ੍ਰਤੀਕਿਰਿਆ ਵਿਅਕਤ ਨਹੀਂ ਕੀਤੀ।

# ਸਿੱਖ ਦੰਗਾ ਪੀੜਤਾਂ ਨੂੰ ਦਿੱਲੀ ਸਰਕਾਰ ਨੇ 154 ਕਰੋੜ ਰੁਪਏ ਦਾ ਮੁਆਵਜ਼ਾ ਦਿੱਤਾ- ਚਿਦੰਬਰਮ

**ਨਵੀਂ ਦਿੱਲੀ** : ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਵਲੋਂ ਨਵੰਬਰ 1984 ਵਿਚ ਮਾਰੇ ਗਏ ਸਿੱਖਾਂ ਦੇ ਪਰਿਵਾਰਾਂ ਜਾਂ ਵਾਰਸਾਂ ਨੂੰ ਕੇਂਦਰ ਸਰਕਾਰ ਵਲੋਂ ਜਾਰੀ ਐਕਸਗਰੇਸ਼ੀਆ ਗਰਾਂਟ ਦੀ ਵੰਡ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ 'ਚ ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਕਿਹਾ ਹੈ ਕਿ ਦਿੱਲੀ ਸਰਕਾਰ ਵਲੋਂ 154.53 ਕਰੋੜ ਰੁਪਏ 1984 ਦੇ ਦੰਗਾ ਪੀੜਤਾਂ ਨੂੰ ਦਿੱਤੇ ਗਏ ਹਨ।

ਸ੍ਰੀ ਢੀਂਡਸਾ ਨੇ ਸਵਾਲ ਕੀਤਾ ਸੀ ਕਿ ਕੇਂਦਰ ਸਰਕਾਰ ਨੇ ਜੋ ਪੈਕਜ ਨਵੰਬਰ '84 ਦੇ ਪੀੜਤਾਂ ਲਈ ਐਲਾਨਿਆ ਸੀ, ਉਸ ਤਹਿਤ ਵਿਧਵਾਵਾਂ ਨੂੰ ਮਕਾਨ ਜਾਂ ਫਲੈਟ ਦੇਣ ਤੋਂ ਇਲਾਵਾ ਉਨ੍ਹਾਂ ਦੇ ਬੱਚਿਆਂ ਨੂੰ ਨੌਕਰੀਆਂ ਦੇਣ ਦੇ ਵਾਅਦੇ ਵੀ ਕੀਤੇ ਗਏ ਸਨ। ਇਨ੍ਹਾਂ ਦੇ ਅੰਕੜੇ ਦੱਸੇ ਜਾਣ। ਸ੍ਰੀ ਢੀਂਡਸਾ ਨੇ ਸਦਨ 'ਚ ਕਿਹਾ ਕਿ ਕੇਂਦਰ ਸਰਕਾਰ ਹੁਣ ਤੱਕ ਦਿੱਲੀ ਅੰਦਰ 2733 ਸਿੱਖਾਂ ਦੇ ਹੀ ਮਾਰੇ ਜਾਣ ਦੇ ਅੰਕੜੇ ਦੱਸ ਰਹੀ ਹੈ ਜਦੋਂ ਕਿ ਸੀਕਰੀ ਕਮੇਟੀ (ਗੈਰ-ਸਰਕਾਰੀ) ਵਲੋਂ ਇਹ ਅੰਕੜੇ ਵਧ ਦੱਸੇ ਗਏ ਹਨ। ਉਨ੍ਹਾਂ ਕਿਹਾ ਕਿ ਟਰੱਕਾਂ ਵਾਲੇ, ਟੈਕਸੀਆਂ ਵਾਲੇ, ਰੇਲਾਂ 'ਚ ਸਫਰ ਕਰਦੇ ਸਿੱਖ ਜਾਂ ਵਰਦੀਧਾਰੀ ਫੌਜੀ ਜੋ '84 ਦੀਆਂ ਘਟਨਾਵਾਂ ਦੇ ਸ਼ਿਕਾਰ ਬਣੇ, ਉਨ੍ਹਾਂ ਦੀ ਗਿਣਤੀ ਪਤਾ ਕਰ ਕੇ ਅੰਕੜੇ ਸੋਧੇ ਜਾਣ।

### ਢੀਂਡਸਾ ਨੇ ਉਠਾਇਆ ਰਾਜ ਸਭਾ ਵਿਚ ਮੁੱਦਾ

ਸ੍ਰੀ ਚਿਦੰਬਰਮ ਨੇ ਸ੍ਰੀ ਢੀਂਡਸਾ ਦੇ ਸਵਾਲਾਂ ਦੇ ਜਵਾਬ 'ਚ ਕਿਹਾ ਕਿ ਅਹੂਜਾ ਕਮੇਟੀ ਦੀ ਰਿਪੋਰਟ 'ਚ ਦੱਸਿਆ ਗਿਆ ਕਿ 2733 ਸਿੱਖ ਨਵੰਬਰ '84 ਦੇ ਦੰਗਿਆਂ ਦੇ ਮਾਰੇ ਗਏ। ਉਨ੍ਹਾਂ ਕਿਹਾ ਕਿ ਇਹ ਕਮੇਟੀ ਦਿੱਲੀ ਸਰਕਾਰ ਵਲੋਂ ਬਣਾਈ ਗਈ ਸੀ। ਕੇਂਦਰੀ ਗ੍ਰਹਿ ਮੰਤਰੀ ਨੇ ਦੱਸਿਆ ਕਿ 154 ਕਰੋੜ ਰੁਪਏ ਤੋਂ ਵਧ ਰਕਮ ਨੂੰ ਐਕਸਗਰੇਸ਼ੀਆ ਗਰਾਂਟ ਵਜੋਂ ਦੇਣ ਤੋਂ ਇਲਾਵਾ ਰਾਹਤ ਪੈਕਜ ਤਹਿਤ ਮੁੜ ਵਸੇਬੇ ਲਈ ਵਿਧਵਾਵਾਂ ਤੇ ਬਿਰਧਾਂ ਨੂੰ 2500 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਵੀ ਜਾਰੀ ਕੀਤੀ ਗਈ ਸੀ।

ਗ੍ਰਹਿ ਮੰਤਰੀ ਨੇ ਕਿਹਾ ਕਿ ਵਿਧਵਾਵਾਂ ਦੇ ਬੱਚਿਆਂ ਨੂੰ ਨੌਕਰੀਆਂ ਤੇ ਰਹਿਣ ਦੇ ਪ੍ਰਬੰਧ ਕਰਨ ਬਾਰੇ ਵੀ ਉਹ ਅੰਕੜੇ ਮੁਹੱਈਆ ਕਰਵਾ ਦੇਣਗੇ। ਸਵਾਲਾਂ ਦੇ ਸਮੇਂ ਦੌਰਾਨ ਉਨ੍ਹਾਂ ਦੱਸਿਆ ਕਿ ਦੰਗਿਆਂ ਨਾਲ ਸਬੰਧਤ ਮੁਆਵਜ਼ੇ ਦਿੱਲੀ ਤੋਂ ਇਲਾਵਾ ਬਿਹਾਰ, ਛੱਤੀਸਗੜ੍ਹ, ਹਰਿਆਣਾ, ਜੰਮੂ-ਕਸ਼ਮੀਰ, ਝਾਰਖੰਡ, ਮੱਧ ਪ੍ਰਦੇਸ਼, ਮਹਾਰਾਸ਼ਟਰ, ਉੜੀਸਾ, ਪੰਜਾਬ, ਉਤਰਾਖੰਡ, ਉੱਤਰ ਪ੍ਰਦੇਸ਼, ਚੰਡੀਗੜ੍ਹ, ਪੱਛਮੀ ਬੰਗਾਲ ਤੇ ਤਾਮਿਲਨਾਡੂ ਵਿਚ ਵੀ ਦਿੱਤੇ ਗਏ ਹਨ।

# ਲੋਕ ਸਭਾ ਵਲੋਂ ਸਰਕਾਰ ਨੂੰ ਮਹਿੰਗਾਈ ਰੋਕਣ ਦੀ ਹਦਾਇਤ

### ਸਾਂਝਾ ਮਤਾ ਪਾਸ

**ਨਵੀਂ ਦਿੱਲੀ:** ਲੋਕ ਸਭਾ ਨੇ ਬੀਤੀ 4 ਅਗਸਤ ਨੂੰ ਇਕ ਸਰਬ ਪ੍ਰਵਾਨਤ ਮਤਾ ਪਾਸ ਕਰ ਕੇ ਸਰਕਾਰ ਨੂੰ ਮਹਿੰਗਾਈ ਨੂੰ ਠੱਲ੍ਹ ਪਾਉਣ ਲਈ ਕਿਹਾ ਹੈ। ਇਹ ਮਤਾ ਮਹਿੰਗਾਈ ਸਬੰਧੀ ਸਦਨ ਵਿਚ ਹੋਈ ਭਖਵੀਂ ਬਹਿਸ ਤੋਂ ਬਾਅਦ ਪਾਸ ਕੀਤਾ ਗਿਆ ਜਦੋਂ ਕਿ ਇਸ ਤੋਂ ਪਹਿਲਾਂ ਬਹਿਸ ਦਾ ਜਵਾਬ ਦਿੰਦਿਆਂ ਵਿੱਤ ਮੰਤਰੀ ਪ੍ਰਣਬ ਮੁਖਰਜੀ ਨੇ ਜ਼ੋਰ ਦੇ ਕੇ ਕਿਹਾ ਕਿ ਮੁਦਰਾ-ਸਫੀਤੀ ਦੇ ਵਾਧੇ ਨੂੰ ਸੂਬਿਆਂ ਅਤੇ ਕੇਂਦਰ ਦੇ ਸਾਂਝੇ ਉਪਰਾਲਿਆਂ ਨਾਲ ਹੀ ਰੋਕਿਆ ਜਾ ਸਕਦਾ ਹੈ।

ਸਪੀਕਰ ਮੀਰਾ ਕੁਮਾਰ ਵਲੋਂ ਪੇਸ਼ ਇਹ ਮਤਾ ਸਦਨ ਨੇ ਸਰਬਸੰਮਤੀ ਨਾਲ ਪਾਸ ਕੀਤਾ ਜਿਹੜਾ ਬਹਿਸ ਦੇ ਤਰੀਕੇ ਸਬੰਧੀ ਹਫਤਾ ਭਰ ਜਾਰੀ ਰਹੇ ਰੇੜਕੇ ਨੂੰ ਖਤਮ ਕਰਨ ਲਈ ਸਮਝੌਤੇ ਵਜੋਂ ਲਿਆਂਦਾ ਗਿਆ। ਗੌਰਤਲਬ ਹੈ ਕਿ ਇਸ ਤੋਂ ਪਹਿਲਾਂ ਵਿਰੋਧੀ ਧਿਰ ਦੀ ਮੰਗ ਸੀ ਕਿ ਮਹਿੰਗਾਈ ਸਬੰਧੀ ਬਹਿਸ ਅਜਿਹੇ ਨਿਯਮ ਤਹਿਤ ਕਰਵਾਈ ਜਾਵੇ ਜਿਸ ਵਿਚ ਵੋਟਿੰਗ ਕਰਵਾਈ ਜਾ ਸਕੇ। ਮਤੇ ਵਿਚ ਸ਼ਬਦ 'ਮਹਿੰਗਾਈ ਦਾ ਵਾਧਾ' ਸ਼ਾਮਲ ਨਹੀਂ ਕੀਤਾ ਗਿਆ। ਬਹਿਸ ਦਾ ਜਵਾਬ ਦਿੰਦਿਆਂ ਸ੍ਰੀ ਮੁਖਰਜੀ ਨੇ ਸਰਕਾਰ ਦੀਆਂ ਨੀਤੀਆਂ ਦੀ ਹਮਾਇਤ ਕਰਦਿਆਂ ਕਿਹਾ ਕਿ ਉਹ ਇਸ ਸਮੱਸਿਆ ਸਬੰਧੀ ਗੰਭੀਰ ਹੈ। ਉਨ੍ਹਾਂ ਨਾਲ ਹੀ ਸੂਬਿਆਂ 'ਤੇ ਵਾਰ ਕਰਦਿਆਂ ਕਿਹਾ ਕਿ ਜਮ੍ਹਾਂਖੋਰੀ ਰੋਕਣ ਲਈ ਉਹ ਢੁਕਵੇਂ ਕਦਮ ਨਹੀਂ ਉਠਾ ਰਹੇ। ਉਨ੍ਹਾਂ ਕਿਹਾ ਕਿ ਕੇਂਦਰ ਇਕੱਲਾ ਇਸ ਮਸਲੇ ਦਾ ਹੱਲ ਨਹੀਂ ਕਰ ਸਕਦਾ ਅਤੇ ਇਹ ਕੰਮ ਸੂਬਿਆਂ ਅਤੇ ਕੇਂਦਰ ਦੀਆਂ ਸਾਂਝੀਆਂ ਕੋਸ਼ਿਸ਼ਾਂ ਨਾਲ ਹੀ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਸੂਬਿਆਂ ਕੋਲ ਜ਼ਰੂਰੀ ਵਸਤਾਂ ਐਕਟ ਤਹਿਤ ਅਖ਼ਤਿਆਰ ਹਨ ਕਿ ਉਹ ਜਮ੍ਹਾਂਖੋਰੀ ਖ਼ਿਲਾਫ਼ ਕਾਰਵਾਈ ਕਰ ਸਕਦੇ ਹਨ। ਉਨ੍ਹਾਂ ਨਾਲ ਹੀ ਕਿਹਾ, "ਮੈਂ ਸਾਰੀ ਜ਼ਿੰਮੇਵਾਰੀ ਉਨ੍ਹਾਂ (ਰਾਜਾਂ) ਸਿਰ ਹੀ ਨਹੀਂ ਸੁੱਟਦਾ।" ਉਨ੍ਹਾਂ ਨਾਲ ਹੀ ਮੌਕੇ ਦਾ ਫਾਇਦਾ ਉਠਾਉਂਦਿਆਂ ਵਿਰੋਧੀ ਧਿਰ ਨੂੰ ਅਪੀਲ ਕੀਤੀ ਕਿ ਉਹ ਗੁਡਜ਼ ਐਂਡ ਸਰਵਿਸਿਜ਼ ਟੈਕਸ (ਜੀ.ਐਸ.ਟੀ.) ਸਬੰਧੀ ਬਿਲ ਪਾਸ ਕਰਨ ਲਈ ਆਮ ਰਾਇ ਬਣਾਏ ਤਾਂ ਕਿ ਪੈਟਰੋਲ ਸਮੇਤ ਵੱਖ-ਵੱਖ ਵਸਤਾਂ ਦੀਆਂ ਕੀਮਤਾਂ ਵਿਚ ਉਤਰਾਵਾਂ-ਚੜ੍ਹਾਵਾਂ ਨੂੰ ਠੱਲ੍ਹ ਪਾਈ ਜਾ ਸਕੇ।

ਵਿਰੋਧੀ ਧਿਰ ਦੇ ਦੋਸ਼ਾਂ ਕਿ ਸਰਕਾਰ ਵਲੋਂ ਤੇਲ ਦੀਆਂ ਕੀਮਤਾਂ ਵਿਚ ਕੀਤੇ ਗਏ ਵਾਧੇ ਨੇ ਵੀ ਮਹਿੰਗਾਈ ਨੂੰ ਹੁਲਾਰਾ ਦਿੱਤਾ ਹੈ, ਨੂੰ ਖਾਰਜ ਕਰਦਿਆਂ ਸ੍ਰੀ ਮੁਖਰਜੀ ਨੇ ਨਾਲ ਹੀ ਮੰਨਿਆ ਕਿ ਉਹ ਤਾਂ ਆਪਣੇ ਬਜਟ ਨੂੰ ਸੰਤੁਲਿਤ ਕਰ ਰਹੇ ਹਨ, ਪਰ ਤੇਲ ਕੀਮਤਾਂ ਦੇ ਵਾਧੇ ਦਾ ਰਾਜਾਂ ਨੂੰ ਵੀ ਫਾਇਦਾ ਹੋਇਆ ਹੈ। ਉਨ੍ਹਾਂ ਵਿਰੋਧੀ ਧਿਰ ਦੇ ਇਨ੍ਹਾਂ ਦੋਸ਼ਾਂ ਨੂੰ ਵੀ ਖਾਰਜ ਕਰ ਦਿੱਤਾ ਕਿ ਉਨ੍ਹਾਂ ਨੇ ਗਰੀਬਾਂ ਦੀ ਤਰਸਯੋਗ ਹਾਲਤ 'ਤੇ ਨਿਰਦਈ ਰਵੱਈਆ ਅਪਣਾਇਆ ਹੋਇਆ ਹੈ। ਉਨ੍ਹਾਂ ਕਿਹਾ ਕਿ ਉਹ ਖੁਦ ਵੀ ਪਿੰਡਾਂ ਦੇ ਜੰਮਪਲ ਹਨ ਅਤੇ ਮਿੱਟੀ ਦਾ ਦੀਵਾ ਬਾਲ ਕੇ ਪੜ੍ਹਦੇ ਰਹੇ ਹਨ। 10 ਕਿਲੋਮੀਟਰ ਤਕ ਪੈਦਲ ਚੱਲ ਕੇ ਸਕੂਲ ਜਾਣਾ ਪੈਂਦਾ ਸੀ। ਉਨ੍ਹਾਂ ਸਵਾਲ ਕੀਤਾ ਕਿ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਵਲੋਂ ਆਪਣੇ ਕਾਰਜਕਾਲ ਵਿਚ ਮਿੱਟੀ ਦੇ ਤੇਲ ਦੀ ਕੀਮਤ ਦੋ ਰੁਪਏ ਲਿਟਰ ਤੋਂ ਵਧਾ ਕੇ 9 ਰੁਪਏ ਕਰਨਾ, ਕੀ ਲੋਕਾਂ ਪ੍ਰਤੀ ਨਿਰਦਈ ਰਵੱਈਆ ਨਹੀਂ ਸੀ। ਜਦੋਂ ਕਿ ਉਨ੍ਹਾਂ ਦੀ ਸਰਕਾਰ ਨੇ ਇਹ ਵਾਧਾ ਸਿਰਫ 9 ਤੋਂ 12 ਰੁਪਏ ਹੀ ਕੀਤਾ ਹੈ। ਉਨ੍ਹਾਂ ਕਿਹਾ ਕਿ ਮੁਦਰਾ ਸਫੀਤੀ ਦੀ ਦਰ ਵਿਚ ਲਗਾਤਾਰ ਕਮੀ ਆ ਰਹੀ ਹੈ ਅਤੇ ਆਮ ਮੁਦਰਾ ਸਫੀਤੀ ਦਰ ਜਿੱਥੇ ਜੂਨ ਵਿਚ ਘੱਟ ਕੇ 10.55 ਫੀਸਦੀ ਰਹਿ ਗਈ ਸੀ, ਉਥੇ 17 ਜੁਲਾਈ ਨੂੰ ਖਤਮ ਹੋਏ ਹਫਤੇ ਦੌਰਾਨ ਖੁਰਾਕੀ ਵਸਤਾਂ ਦੀ ਮਹਿੰਗਾਈ ਦਰ ਵੀ ਘਟ ਕੇ ਇਕ ਅੰਕ ਵਿਚ ਆ ਗਈ ਅਤੇ 9.67 ਫੀਸਦੀ ਰਹਿ ਗਈ ਹੈ।

ਉਧਰ ਵਿਰੋਧੀ ਧਿਰ ਨੇ ਮਹਿੰਗਾਈ ਦੇ ਮੁੱਦੇ ਉਤੇ ਸਰਕਾਰ ਖ਼ਿਲਾਫ਼ ਹੱਲਾ ਤੇਜ਼ ਕਰ ਦਿੱਤਾ ਅਤੇ ਦੋਸ਼ ਲਾਇਆ ਕਿ ਸਰਕਾਰ ਆਮ ਆਦਮੀ ਦੀ 'ਦਾਲ ਰੋਟੀ ਖੋਹ' ਰਹੀ ਹੈ। ਰਾਜ ਸਭਾ ਵਿਚ ਮਹਿੰਗਾਈ ਸਬੰਧੀ ਬਹਿਸ ਦਾ ਆਗਾਜ਼ ਕਰਦਿਆਂ ਵਿਰੋਧੀ ਧਿਰ ਦੇ ਆਗੂ ਅਰੁਣ ਜੇਤਲੀ ਨੇ ਕਿਹਾ ਕਿ ਮਹਿੰਗਾਈ ਨੂੰ ਨੱਥ ਪਾਉਣੀ ਸਰਕਾਰ ਦੇ 'ਵੱਸ ਦਾ ਰੋਗ' ਨਹੀਂ ਹੈ ਅਤੇ ਇਹ ਮਹਿਜ਼ ਬਹਾਨੇਬਾਜ਼ੀ ਕਰ ਰਹੀ ਹੈ। ਮਹਿੰਗਾਈ ਨੂੰ ਲੋਕਾਂ ਉਤੇ ਗੈਰ-ਕਾਨੂੰਨੀ ਟੈਕਸ ਕਰਾਰ ਦਿੰਦਿਆਂ ਭਾਜਪਾ ਆਗੂ ਨੇ ਕਿਹਾ ਕਿ ਮਹਿੰਗਾਈ ਕਾਰਨ ਆਮ ਆਦਮੀ ਦੀ ਖਰੀਦ ਸ਼ਕਤੀ ਨੂੰ ਲਗਾਤਾਰ ਖੋਰਾ ਲੱਗ ਰਿਹਾ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਘੱਟੋ-ਘੱਟ ਮੱਧ ਵਰਗ ਨੂੰ ਰੋਟੀ ਦੇ ਸੰਸੇ ਨਹੀਂ ਸਨ ਪੈਂਦੇ, ਪਰ ਹੁਣ ਤਾਂ ਉਸ ਦੀ 'ਦਾਲ-ਰੋਟੀ ਵੀ ਖੋਹੀ' ਜਾ ਰਹੀ ਹੈ। ਮਹਿੰਗਾਈ ਨੂੰ ਠੱਲ੍ਹ ਪਾਉਣ ਸਬੰਧੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਦੂਜੇ ਮੰਤਰੀਆਂ ਵਲੋਂ ਦਿੱਤੇ ਜਾ ਰਹੇ ਭਰੋਸਿਆਂ ਬਾਰੇ ਉਨ੍ਹਾਂ ਕਿਹਾ, "ਬਹਾਨੇਬਾਜ਼ੀ, ਲੋਕਾਂ ਦੇ ਹੰਝੂਆਂ ਅਤੇ ਭੁੱਖ ਦਾ ਬਦਲ ਨਹੀਂ ਬਣ ਸਕਦੀ। ਸਰਕਾਰ ਨੂੰ ਆਮ ਆਦਮੀ ਦੀਆਂ ਮੁਸ਼ਕਲਾਂ ਦੀ ਕੋਈ ਪ੍ਰਵਾਹ ਨਹੀਂ ਹੈ।" ਉਨ੍ਹਾਂ ਕਿਹਾ ਕਿ ਖੁਰਾਕੀ ਵਸਤਾਂ ਦੀ ਮਹਿੰਗਾਈ ਦਰ ਇਕ ਵਾਰ 23 ਫੀਸਦੀ ਤੱਕ ਚਲੀ ਗਈ ਸੀ ਜਿਹੜੀ ਹੁਣ 12 ਫੀਸਦੀ ਉਤੇ ਆ ਗਈ ਹੈ, ਪਰ ਇਹ ਵੀ ਬਹੁਤ ਜ਼ਿਆਦਾ ਹੈ। ਆਮ ਮੁਦਰਾ ਸਫੀਤੀ ਵੀ ਦੋ ਅੰਕਾਂ ਵਿਚ ਹੈ ਜਿਹੜੀ ਭਾਰਤ ਵਰਗੇ ਦੂਜੇ ਅਰਥਚਾਰਿਆਂ ਜਿਵੇਂ ਬ੍ਰਾਜ਼ੀਲ, ਚੀਨ, ਸ੍ਰੀਲੰਕਾ ਅਤੇ ਇੰਡੋਨੇਸ਼ੀਆ ਦੇ ਮੁਕਾਬਲੇ ਕਾਫੀ ਵੱਧ ਹੈ। ਉਨ੍ਹਾਂ ਨਾਲ ਹੀ ਦੋਸ਼ ਲਾਇਆ ਕਿ ਸਰਕਾਰ ਨੂੰ ਕਸ਼ਮੀਰ ਅਤੇ ਮਾਓਵਾਦੀ ਮਸਲੇ ਦਾ ਕੋਈ ਹੱਲ ਵੀ ਸਮਝ ਨਹੀਂ ਆ ਰਿਹਾ।"

## ਸੁਲ੍ਹਾ ਦੀ ਗੁੰਜਾਇਸ਼ ਨਾ ਹੋਣਾ ਤਲਾਕ ਦਾ ਆਧਾਰ

**ਨਵੀਂ ਦਿੱਲੀ:** ਵਿਗੜ ਚੁੱਕੇ ਵਿਆਹ ਸੰਬੰਧਾਂ ਵਿਚ ਸੁਲ੍ਹਾ ਦੀ ਗੁੰਜਾਇਸ਼ ਨਾ ਹੋਣ ਨੂੰ ਤਲਾਕ ਦਾ ਆਧਾਰ ਬਣਾਉਣ ਦੀ ਵਿਵਸਥਾ ਵਾਲੇ ਇਕ ਬਿੱਲ ਨੂੰ ਬੀਤੀ 4 ਅਗਸਤ ਨੂੰ ਰਾਜ ਸਭਾ ਵਿਚ ਪੇਸ਼ ਕੀਤਾ ਗਿਆ। ਬਿੱਲ ਵਿਚ ਤਲਾਕ ਕਾਰਨ ਪਤਨੀ ਅਤੇ ਬੱਚਿਆਂ ਦੇ ਹਿੱਤਾਂ ਦੀ ਰੱਖਿਆ ਦੀ ਸਮੁੱਚੀ ਵਿਵਸਥਾ ਕੀਤੀ ਗਈ ਹੈ।

ਕਾਨੂੰਨ ਮੰਤਰੀ ਐਮ. ਵੀਰੱਪਾ ਮੋਇਲੀ ਨੇ ਇਨ੍ਹਾਂ ਵਿਵਸਥਾਵਾਂ ਵਾਲੇ ਵਿਆਹ ਕਾਨੂੰਨ (ਸੋਧ) ਬਿਲ 2010 ਨੂੰ ਸਦਨ ਵਿਚ ਪੇਸ਼ ਕੀਤਾ। ਇਸ ਬਿੱਲ ਦੀਆਂ ਵਿਵਸਥਾਵਾਂ ਤਹਿਤ ਹਿੰਦੂ ਵਿਆਹ ਐਕਟ 1955 ਅਤੇ ਵਿਸ਼ੇਸ਼ ਵਿਆਹ ਐਕਟ 1954 ਵਿਚ ਲੋੜੀਂਦੀ ਸੋਧ ਕੀਤੀ ਜਾਵੇਗੀ।

## ਹਰ ਮਾਮਲੇ 'ਤੇ ਚਰਚਾ ਲਈ ਤਿਆਰ ਹੈ ਭਾਰਤ

**ਨਵੀਂ ਦਿੱਲੀ** : ਭਾਰਤ ਨੇ ਬੀਤੀ 5 ਅਗਸਤ ਨੂੰ ਪਾਕਿਸਤਾਨ ਨਾਲ ਕਦਮ-ਦਰ-ਕਦਮ ਢੰਗ ਨਾਲ ਹਰੇਕ ਵਿਸ਼ੇ 'ਤੇ ਗੱਲਬਾਤ ਕਰਨ ਦੀ ਇੱਛਾ ਪ੍ਰਗਟਾਈ ਹੈ, ਪਰ ਉਸ ਨੇ ਉਨ੍ਹਾਂ ਜਹਾਦੀਆਂ ਨੂੰ ਨੱਥ ਪਾਉਣ ਲਈ ਵੀ ਕਿਹਾ ਹੈ, ਜਿਨ੍ਹਾਂ ਦਾ ਭਾਰਤ ਵਿਰੋਧੀ ਪ੍ਰਚਾਰ ਦੋਵਾਂ ਧਿਰਾਂ ਵਿਚਾਲੇ ਭਰੋਸੇ ਦੇ ਖੱਪੇ ਨੂੰ ਭਰਨ ਨਹੀਂ ਦੇ ਰਿਹਾ।

ਵਿਦੇਸ਼ ਮੰਤਰੀ ਐਸ.ਐਮ. ਕ੍ਰਿਸ਼ਨਾ ਨੇ ਰਾਜ ਸਭਾ ਵਿਚ ਇਕ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਕਿ ਪਾਕਿਸਤਾਨ ਨੂੰ ਦੋਸਤਾਨਾ ਸਬੰਧ ਵਿਕਸਤ ਕਰਨ ਲਈ ਭਾਰਤ ਦੀ 'ਵਡੇਰੀ ਪੇਸ਼ਕਦਮੀ' ਸਮਝਣੀ ਚਾਹੀਦੀ ਹੈ। "ਅਸੀਂ ਪਾਕਿਸਤਾਨ ਨਾਲ ਮੱਤਭੇਦ ਸੁਲਝਾਉਣ ਲਈ ਕਦਮ-ਦਰ-ਕਦਮ ਪਹੁੰਚ ਅਖ਼ਤਿਆਰ ਕਰਨਾ ਚਾਹੁੰਦੇ ਹਾਂ। ਇਸੇ ਲਈ ਅਸੀਂ ਉਨ੍ਹਾਂ ਨਾਲ ਹਰ ਇਕ ਵਿਸ਼ੇ 'ਤੇ ਚਰਚਾ ਕਰਨ ਦੇ ਇੱਛੁਕ ਹਾਂ।" ਭਾਜਪਾ ਦੇ ਐਸ.ਐਸ. ਆਹਲੂਵਾਲੀਆ ਨੇ ਉਨ੍ਹਾਂ ਤੋਂ ਕਸ਼ਮੀਰ ਹਿੰਸਾ ਬਾਰੇ ਪੁੱਛਿਆ ਸੀ।

# ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਿਹਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

**ਚਿਹਰੇ ਦੀ ਸੁੰਦਰਤਾ** | **ਮੋਟਾਪਾ ਘਟਾਓ** | **ਸਿਹਤ ਬਣਾਓ**


**ਵਾਲਾਂ ਦਾ ਝੜਨਾ** | **ਸ਼ੂਗਰ ਕੰਟਰੋਲ** | **ਇਸਤਰੀ ਰੋਗ**

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

## Surajvanshi Pharmacy (R)

*MANUFACTURE & EXPORTER OF HERBAL PRODUCTS*

25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627

# ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

ਸੈਕਰਾਮੈਂਟੋ, ਕੈਲੀਫੋਰਨੀਆ

*National Truck Driving School*

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

Kashmir S. Thandi
Office: (866) 933-3038
Balhar S. Ranu
Cell:916-502-7733

4585 Pell Dr. Secramento CA, 95838

# DOT Physical Exams Only $60

## Absolutely No Waiting

ਟਰੱਕਰ ਵੀਰਾਂ ਦੇ ਧਿਆਨਯੋਗ
ਫਿਜ਼ੀਕਲ ਐਗਜ਼ਾਮ ਲਈ ਤੁਸੀਂ ਕਲੀਨਿਕ ਆਓ, ਸਿਰਫ 20 ਮਿੰਟ ਵਿਚ ਫਾਰਗ ਕਰਾਂਗੇ
ਅੱਜ ਹੀ ਆਪਣੀ ਅਪੁਆਇੰਟਮੈਂਟ ਬਣਾਓ



ਡਾ. ਜਗਜੀਤ ਸਿੰਘ ਸਿਹੋਤਾ ਡੀ ਸੀ
ਫੋਨ: 209-464-7738

ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ
ਫੋਨ: 209-464-7738

2531 N. California Street
(North California St. & Ellis St.
Stockton, CA 95204-5501

ਸਾਡੀ ਕਲੀਨਿਕ ਹਾਰਡਿੰਗ ਵੇਅ ਅਤੇ ਅਲਪਾਈਨ ਐਵਨਿਊ ਦੇ ਵਿਚਕਾਰ ਸੇਂਟ ਜੌਸਫ ਹਸਪਤਾਲ ਤੋਂ ਡੇਢ ਬਲਾਕ ਦੂਰ ਹੈ।

# ਸਦੀਆਂ ਤਾਂ ਬਦਲ ਗਈਆਂ ਨੇ ਪਰ ਧਰਮ ਦੀ ਕੱਟੜਤਾ ਨਹੀਂ ਬਦਲੀ

**-ਜਤਿੰਦਰ ਪਨੂੰ**

'ਮਜ਼ਹਬ ਨਹੀਂ ਸਿਖਾਤਾ, ਆਪਸ ਮੇਂ ਬੈਰ ਰਖਨਾ' ਵਾਲੀ ਸਤਰ ਜਦੋਂ ਵੀ ਗਾਈ ਜਾਵੇ, ਸੁਣਨ ਵਾਲਿਆਂ ਨੂੰ ਆਮ ਕਰਕੇ ਚੰਗੀ ਲਗਦੀ ਹੈ। ਇਹ ਆਮ ਧਾਰਨਾ ਹੈ ਕਿ ਧਰਮ ਜੋੜਦਾ ਹੈ, ਇਕ ਦੂਜੇ ਨਾਲੋਂ ਤੋੜਦਾ ਨਹੀਂ। ਹੋਣਾ ਵੀ ਇੰਜ ਹੀ ਚਾਹੀਦਾ ਹੈ। ਜਿੱਥੋਂ ਤੱਕ ਹਕੀਕਤਾਂ ਦਾ ਸੰਬੰਧ ਹੈ, ਧਰਮ ਨੇ ਭਾਵੇਂ ਇਹ ਕਦੇ ਨਾ ਕਿਹਾ ਹੋਵੇ, ਧਰਮ ਦੀ ਸਿੱਖਿਆ ਦੇ ਅਰਥਾਂ ਦੀ ਥਾਂ ਅਨਰਥ ਕਰਨ ਵਾਲਿਆਂ ਨੇ ਸਾਰਾ ਅਮਲ ਇਸ ਤੋਂ ਉਲਟ ਕੀਤਾ ਹੈ।


ਈਸਾ ਨੂੰ ਸਲੀਬ ਉਤੇ ਟੰਗਿਆ ਗਿਆ ਸੀ, ਪਰ ਇਹ ਕੰਮ ਕਿਸੇ ਨੇ ਉਸ ਦਾ ਰਾਜ ਖੋਹਣ ਲਈ ਨਹੀਂ ਸੀ ਕੀਤਾ। ਜਿਨ੍ਹਾਂ ਨੇ ਕੀਤਾ ਸੀ, ਉਨ੍ਹਾਂ ਦਾ ਵਿਸ਼ਵਾਸ ਸੀ ਕਿ ਧਰਮ ਦੀ ਜਿਹੜੀ ਲੀਹ ਉਤੇ ਅਸੀਂ ਚਲ ਰਹੇ ਹਾਂ, ਉਹੋ ਠੀਕ ਹੈ ਤੇ ਇਹ ਉਸ ਤੋਂ ਉਲਟ ਚਲ ਕੇ ਧਰਮ ਦੀ ਬੇਅਦਬੀ ਕਰ ਰਿਹਾ ਹੈ। ਹਜ਼ਰਤ ਮੁਹੰਮਦ ਸਾਹਿਬ ਨਾਲ ਜਿਨ੍ਹਾਂ ਨੇ ਟਕਰਾਅ ਦਾ ਮਾਹੌਲ ਵਾਰ-ਵਾਰ ਪੈਦਾ ਕੀਤਾ, ਉਹ ਵੀ ਅਧਰਮੀ ਨਹੀਂ, ਧਰਮ ਬਾਰੇ ਆਪਣੀ ਸੋਚ ਨੂੰ ਸਭ ਤੋਂ ਚੰਗੀ ਮੰਨਣ ਵਾਲੇ ਸਨ। ਦੋਵਾਂ ਧਰਮਾਂ, ਇਸਾਈਅਤ ਅਤੇ ਇਸਲਾਮ ਅੰਦਰ ਸਮਾਂ ਪਾ ਕੇ ਦੋ-ਦੋ ਧਾਰਾਵਾਂ ਬਣ ਗਈਆਂ ਤੇ ਦੋਵਾਂ ਧਾਰਾਵਾਂ ਵਾਲੇ ਆਪੋ ਵਿਚ ਲੜ-ਲੜ ਕੇ ਮਰਦੇ ਤੇ ਮਾਰਦੇ ਰਹੇ। ਜੇ ਧਰਮ ਜਾਂ ਮਜ਼ਹਬ ਵੈਰ ਰੱਖਣਾ ਨਹੀਂ ਸਿਖਾਉਂਦਾ ਤਾਂ ਇਹ ਇਕ ਦੂਜੇ ਦਾ ਲਹੂ ਵਗਾਉਣ ਕਿਉਂ ਲੱਗੇ ਰਹੇ ਸਨ? ਖ਼ੂਨੀ ਖੇਡ ਤਾਂ ਅਜੇ ਵੀ, ਖਾਸ ਕਰ ਕੇ ਇਸਲਾਮ ਅੰਦਰ ਸ਼ੀਆ ਤੇ ਸੁੰਨੀ ਦਰਮਿਆਨ, ਰੁਕੀ ਨਹੀਂ।

ਸਮਾਂ ਪੈ ਕੇ ਇਸ ਵਿਚ ਇਕ ਨਵੇਂ ਧਰਮ ਦੀ ਸ਼ੁਰੂਆਤ ਹੋਈ। ਬਾਬੇ ਨਾਨਕ ਦਾ ਇਹ ਧਰਮ ਮਨ-ਮੱਤਾਂ ਦੇ ਵਿਰੋਧ ਤੋਂ ਸ਼ੁਰੂ ਹੋਇਆ, ਜਿਸ ਵਿਚ ਹਰ ਧਰਮ ਦੇ ਆਗੂ ਪੁਰਸ਼ਾਂ ਨੂੰ ਫੋਕੇ ਕਰਮ-ਕਾਂਡਾਂ ਦੀ ਕਚਿਆਈ ਬਾਰੇ ਉਨ੍ਹਾਂ ਦੇ ਦਰਾਂ 'ਤੇ ਜਾ ਕੇ ਦੱਸਿਆ ਗਿਆ। ਮਾਣ ਨਾਲ ਕਿਹਾ ਜਾਂਦਾ ਹੈ ਕਿ ਬਾਬੇ ਗੁਰੂ ਨੇ ਕੁਰੂਕਸ਼ੇਤਰ ਵਿਚ ਜਾ ਕੇ ਪੰਡਤਾਂ ਨੂੰ ਕਿਹਾ ਸੀ ਕਿ ਸੂਰਜ ਨੂੰ ਪਾਣੀ ਚੜ੍ਹਾਉਣਾ ਬੰਦ ਕਰੋ, ਇਸ ਦਾ ਕੋਈ ਫਾਇਦਾ ਨਹੀਂ। ਅੱਜ ਏਦਾਂ ਦੇ ਛੱਤੀ ਕਿਸਮ ਦੇ ਪਾਖੰਡ ਸਿੱਖ ਧਰਮ ਅੰਦਰ ਆ ਚੁੱਕੇ ਹਨ, ਜਿਨ੍ਹਾਂ ਦਾ ਵਿਰੋਧ ਘਰ ਆ ਕੇ ਕੀਤਾ ਗਿਆ ਬਰਦਾਸ਼ਤ ਕਰਨਾ ਤਾਂ ਕਿਧਰੇ ਰਿਹਾ, ਦੂਰ ਬੈਠੇ ਦਾ ਕਿੰਤੂ ਕੀਤਾ ਵੀ ਉਹ ਸਹਾਰ ਨਹੀਂ ਸਕਦੇ। ਇਹ ਹਾਲ ਉਸ ਧਰਮ ਦਾ ਹੈ, ਜਿਸ ਦੇ ਗੁਰੂ ਸਾਹਿਬਾਨ ਨੇ ਸੱਚ ਅਤੇ ਸੋਚ ਦੀ ਆਜ਼ਾਦੀ ਲਈ ਕੁਰਬਾਨੀਆਂ ਕੀਤੀਆਂ ਸਨ।

'ਮਜ਼ਹਬ ਨਹੀਂ ਸਿਖਾਤਾ ਆਪਸ ਮੇਂ ਬੈਰ ਰਖਨਾ' ਵਾਲਾ ਗੀਤ ਕਈ ਸਦੀਆਂ ਬਾਅਦ ਬਣਿਆ, ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਕਈ ਸਦੀਆਂ ਪਹਿਲਾਂ ਹੋ ਗਈ ਸੀ। ਉਸ ਨੂੰ ਇਕ ਕੁੜੀ ਦੇ ਰਿਸ਼ਤੇ ਦੀ ਕੌੜ ਨਾਲ ਜੋੜ ਕੇ ਗੱਲ ਪਾਸੇ ਪਾਉਣ ਦਾ ਜਿੰਨਾ ਮਰਜ਼ੀ ਯਤਨ ਕੀਤਾ ਜਾਵੇ, ਇਹ ਸੱਚ ਇਤਿਹਾਸ ਦਾ ਹਿੱਸਾ ਹੈ ਕਿ ਬਾਦਸ਼ਾਹ ਜਹਾਂਗੀਰ ਦੀ ਨਜ਼ਰ ਵਿਚ ਗੁਰੂ ਅਰਜਨ ਸਾਹਿਬ ਦੀ ਪ੍ਰੰਪਰਾ 'ਕੁਫਰ ਦੀ ਦੁਕਾਨ' ਸੀ। ਜਹਾਂਗੀਰ ਨੂੰ ਬੜਾ 'ਅਦਲ' (ਇਨਸਾਫ) ਕਰਨ ਵਾਲਾ ਮੰਨਿਆ ਜਾਂਦਾ ਸੀ, ਪਰ ਧਰਮ ਦੇ ਮਾਮਲੇ ਵਿਚ ਉਹ ਵੀ ਸਿਰਫ ਆਪਣੇ ਧਰਮ ਨੂੰ ਹੀ ਧਰਮ ਮੰਨਦਾ ਸੀ, ਦੂਜੇ ਧਰਮ ਦੀ ਹੋਂਦ ਬਰਦਾਸ਼ਤ ਕਰਨ ਨੂੰ ਤਿਆਰ ਨਹੀਂ ਸੀ। ਫਿਰ ਉਸ ਦੇ ਪੋਤਰੇ ਔਰੰਗਜ਼ੇਬ ਨੇ ਧਰਮ ਦੇ ਨਾਂ ਉਤੇ ਤਸ਼ੱਦਦ ਦਾ ਰਾਹ ਫੜਦਿਆਂ ਹਿੰਦੂਆਂ ਦੇ ਜਨੇਊ, ਅਤੇ ਲੋੜ ਪਵੇ ਤਾਂ ਜਨੇਊ ਵਾਲੇ ਸਿਰ, ਲਾਹੁਣ ਤੱਕ ਦਾ ਜ਼ੁਲਮ ਧਰਮ ਦੇ ਨਾਂ ਉਤੇ ਵਿੱਢ ਲਿਆ ਸੀ। ਇਸ ਦੇ ਵਿਰੁਧ ਗੁਰੂ ਤੇਗ ਬਹਾਦਰ ਸਾਹਿਬ ਦੀ ਦਿੱਲੀ ਵਿਚ ਸ਼ਹੀਦੀ ਨੂੰ ਸਿਰਫ 'ਤਿਲਕ-ਜੰਞੂ' ਦੀ ਰਾਖੀ ਨਾਲ ਜੋੜ ਕੇ ਅਸਲ ਗੱਲ ਲੁਕਾ ਦਿੱਤੀ ਗਈ। ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਜਦੋਂ ਗੁਰੂ ਸਾਹਿਬਾਨ ਨੇ ਜਿਸ ਜਨੇਊ ਦੀ ਰਸਮ ਦਾ ਖੰਡਨ ਕੀਤਾ ਹੋਇਆ ਸੀ, ਉਸੇ ਜਨੇਊ ਦੀ ਰਾਖੀ ਲਈ ਨੌਵੇਂ ਗੁਰੂ ਨੂੰ ਸ਼ਹੀਦੀ ਦੇਣ ਦੀ ਲੋੜ ਨਹੀਂ ਸੀ। ਸ਼ਹੀਦੀ ਦਾ ਮੂਲ ਇਹ ਸੀ ਕਿ ਕੋਈ ਜਨੇਊ ਪਹਿਨੇ ਜਾਂ ਨਾ ਪਹਿਨੇ, ਇਹ ਉਸ ਦੀ ਵਿਅਕਤੀਗਤ ਆਜ਼ਾਦੀ ਦਾ ਸਵਾਲ ਹੈ, ਬਾਦਸ਼ਾਹ ਔਰੰਗਜ਼ੇਬ ਜਾਂ ਹੋਰ ਕਿਸੇ ਨੂੰ ਇਹ ਹੱਕ ਨਹੀਂ ਕਿ ਧੱਕੇ ਨਾਲ ਲੋਕਾਂ ਨੂੰ ਆਪਣੀ ਲੀਹ 'ਤੇ ਚੱਲਣ ਨੂੰ ਮਜਬੂਰ ਕਰੇ। ਗੁਰੂ ਤੇਗ ਬਹਾਦਰ ਸਾਹਿਬ ਦੀ ਮਹਾਨ ਸ਼ਹੀਦੀ ਦਾ ਅਸਲ ਮਕਸਦ ਵਿਚਾਰਾਂ ਦੀ ਆਜ਼ਾਦੀ ਦੇ ਹੱਕ 'ਚ ਖੜ੍ਹਨਾ ਤੇ ਧਰਮ ਦੇ ਨਾਂ ਦੀ ਕੱਟੜਤਾ ਦਾ ਵਿਰੋਧ ਕਰਨਾ ਸੀ।

ਸਦੀਆਂ ਬੀਤ ਗਈਆਂ, ਧਰਮ ਦੀ ਕੱਟੜਤਾ ਨਹੀਂ ਬਦਲੀ। ਉਹ ਅੱਜ ਵੀ ਉਵੇਂ ਦੀ ਉਵੇਂ ਹੈ ਤੇ ਲਗਭਗ ਸਾਰੇ ਸਥਾਪਤ ਧਰਮਾਂ ਅੰਦਰ ਇਕ ਜਾਂ ਦੂਜੇ ਰੂਪ ਵਿਚ ਮੁੜ-ਮੁੜ ਉਭਰਦੀ ਹੈ, ਜਿਸ ਦੀਆਂ ਕਈ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ।

ਗਵਾਂਢੀ ਦੇਸ਼ ਪਾਕਿਸਤਾਨ ਅੰਦਰ ਇਸਲਾਮ ਦੇ ਨਾਂ 'ਤੇ ਹਕੂਮਤ ਚਲਦੀ ਹੈ। ਆਪਸੀ ਮੱਤਭੇਦ ਕਿਸੇ ਵੀ ਹੱਦ ਤੱਕ ਬਰਦਾਸ਼ਤ ਕੀਤੇ ਜਾ ਸਕਦੇ ਹਨ, ਪਰ ਜਦੋਂ ਮੁੱਦਾ ਉਨ੍ਹਾਂ ਦੇ ਰਾਜ-ਧਰਮ ਮੁਤਾਬਕ ਅੱਲ੍ਹਾ ਦੀ ਨਿੰਦਾ ਬਣ ਜਾਵੇ, ਬਰਦਾਸ਼ਤ ਨਹੀਂ ਕੀਤਾ ਜਾਂਦਾ। ਕੋਈ ਈਸਾ ਬਾਰੇ ਜਾਂ ਦੂਜੇ ਧਰਮਾਂ ਦੇ ਗੁਰੂਆਂ-ਪੀਰਾਂ ਬਾਰੇ ਭਾਵੇਂ ਕੁਝ ਵੀ ਕਹਿੰਦਾ ਰਹੇ, ਜਦੋਂ ਅੱਲ੍ਹਾ ਜਾਂ ਕੁਰਾਨ ਦੇ ਵਿਰੁਧ ਕੁਝ ਕਿਹਾ ਹੋਣ ਦਾ ਦੋਸ਼ ਕਿਸੇ ਉਤੇ ਲੱਗ ਗਿਆ, ਸਜ਼ਾ ਸਿਰਫ ਮੌਤ ਦੀ ਹੈ। ਕਈ ਵਾਰੀ ਲੋਕ ਨਿੱਜੀ ਦੁਸ਼ਮਣੀਆਂ ਕੱਢਣ ਲਈ ਵੀ



ਕਿਸੇ 'ਤੇ ਇਹੋ ਜਿਹਾ ਦੋਸ਼ ਲਾ ਦੇਂਦੇ ਹਨ ਤੇ ਪਿੰਡ ਦਾ ਕਾਜ਼ੀ ਉਸ ਨੂੰ ਮਾਰ ਦੇਣ ਦਾ ਹੁਕਮ ਦੇ ਦੇਂਦਾ ਹੈ। ਉਥੇ ਦੋ ਕਿਸਮ ਦੇ ਕਤਲ ਹੋਣੇ ਆਮ ਗੱਲ ਹਨ, ਪਹਿਲਾ ਅਣਖ ਨਾਲ ਜੋੜ ਕੇ ਕੀਤਾ ਗਿਆ ਕਤਲ, ਜਿਸ ਵਿਚ ਵਿਰੋਧੀ ਧੜੇ ਦਾ ਬੰਦਾ ਕਤਲ ਕਰ ਕੇ ਉਸ ਦੇ ਬਾਅਦ ਇਕ ਔਰਤ ਆਪਣੇ ਪਰਿਵਾਰ ਦੀ ਕਤਲ ਕਰ ਦਿੱਤੀ ਜਾਂਦੀ ਹੈ ਤੇ ਦੋਵਾਂ ਦੇ 'ਨਾਜਾਇਜ਼ ਸੰਬੰਧ' ਕਹਿ ਕੇ ਅਣਖ ਲਈ ਕਤਲ ਕੀਤੇ ਗਏ ਕਹਿ ਦਿੱਤੇ ਜਾਂਦੇ ਹਨ। ਦੂਜਾ ਮਾਮਲਾ ਰੱਬ ਦੀ ਨਿੰਦਾ ਦਾ ਹੈ। ਰਿਸ਼ਤੇਦਾਰੀ ਵਿਚ ਜਾਇਦਾਦ ਦੇ ਝਗੜੇ ਲਈ ਵੀ ਕਿਸੇ ਨੂੰ ਖੇਤਾਂ ਵਿਚ ਕਤਲ ਕਰ ਕੇ ਆ ਕੇ ਕਹਿ ਦਿਓ ਕਿ 'ਬੱਦਲ ਆਏ ਵੇਖ ਕੇ ਫਸਲ ਖਰਾਬ ਹੋਣ ਦੇ ਡਰੋਂ ਇਸ ਨੇ ਰੱਬ ਨੂੰ ਗਾਲ੍ਹ ਕੱਢੀ ਸੀ, ਸਾਡੇ ਤੋਂ ਸਹਾਰ ਨਹੀਂ ਹੋਈ ਤੇ ਕਤਲ ਕਰ ਦਿੱਤਾ।' ਅਣਖ ਵਾਲੇ ਕਤਲ ਦੀ ਗੱਲ ਤਾਂ ਮੰਨੀ ਜਾਵੇ ਜਾਂ ਨਾ ਪਰ ਰੱਬ ਵਾਲੀ ਗੱਲ ਮੰਨ ਕੇ ਮਾਮਲਾ ਝੱਟ ਮੁੱਕ ਜਾਂਦਾ ਹੈ।

ਪਿਛਲੇ ਦਿਨੀਂ ਤਾਂ ਪਾਕਿਸਤਾਨ ਤੋਂ ਇਕ ਹੋਰ ਵੀ ਖਬਰ ਆ ਗਈ। ਇਕ ਜਾਇਦਾਦ ਦੇ ਝਗੜੇ ਵਿਚ ਦੋ ਈਸਾਈ ਭਰਾਵਾਂ ਉਤੇ ਕਿਸੇ ਮੁਸਲਮਾਨ ਨੇ ਦੋਸ਼ ਲਾ ਦਿੱਤਾ ਕਿ ਇਹ ਅੱਲ੍ਹਾ ਦੇ ਖਿਲਾਫ ਬੋਲਦੇ ਸੁਣੇ ਸਨ। ਗ੍ਰਿਫਤਾਰੀ ਹੋਈ, ਕੇਸ ਅਦਾਲਤ ਵਿਚ ਗਿਆ ਤੇ ਪਤਾ ਹੀ ਸੀ ਕਿ ਸਜ਼ਾ ਮੌਤ ਦੀ ਮਿਲ ਜਾਣੀ ਹੈ, ਪਰ ਓਨੀ ਦੇਰ ਉਡੀਕ ਕੀਤੇ ਬਿਨਾਂ ਇਕ ਦਿਨ ਉਨ੍ਹਾਂ ਨੂੰ ਕਚਹਿਰੀ ਵਿਚ ਹੀ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਤੇ ਦਲੀਲ ਇਹ ਦਿੱਤੀ ਕਿ ਅੱਲ੍ਹਾ ਦੀ ਸ਼ਾਨ ਦੇ ਖਿਲਾਫ ਬੋਲਣ ਵਾਲਾ ਜਿੰਦਾ ਨਹੀਂ ਰਹਿਣਾ ਚਾਹੀਦਾ। ਦੁਨੀਆਂ ਭਰ ਵਿਚੋਂ ਮੰਗ ਹੋ ਰਹੀ ਹੈ ਕਿ ਪਾਕਿਸਤਾਨ ਅੰਦਰ ਇਹ ਕਾਨੂੰਨ ਖਤਮ ਹੋਣਾ ਚਾਹੀਦਾ ਹੈ ਤੇ ਭਾਰਤ ਵਿਚ ਇਸ ਦੇ ਉਲਟ ਇਹ ਮੰਗ ਉਠ ਰਹੀ ਹੈ ਕਿ ਇਸ ਮਾਮਲੇ ਵਿਚ ਸਜ਼ਾ ਇਥੇ ਵੀ ਸਖਤ ਹੋਣੀ ਚਾਹੀਦੀ ਹੈ। ਇਕ ਸੰਗਠਨ ਨੇ ਤਾਂ ਇਹ ਵੀ ਮੰਗ ਕਰ ਦਿੱਤੀ ਹੈ ਕਿ ਜਿਸ ਬੰਦੇ ਉਤੇ ਗਊ ਹੱਤਿਆ ਦਾ ਦੋਸ਼ ਲੱਗਾ ਹੋਵੇ, ਉਸ ਲਈ ਵੀ ਫਾਂਸੀ ਦੀ ਸਜ਼ਾ ਚਾਹੀਦੀ ਹੈ।

ਸਾਡਾ ਯੁੱਗ ਸੱਭਿਅਤਾ ਦਾ ਯੁੱਗ ਹੈ, ਜਿਸ ਵਿਚ ਮਨੁੱਖੀ ਹੱਕਾਂ ਦੀ ਆਵਾਜ਼ ਉਠਾਈ ਜਾਂਦੀ ਹੈ। ਮਨੁੱਖੀ ਹੱਕਾਂ ਵਿਚ ਸਭ ਹੱਕਾਂ ਤੋਂ ਵੱਡਾ ਹੱਕ ਕਿਸੇ ਇਨਸਾਨ ਦਾ ਜਿਊਣ ਦਾ ਹੱਕ ਹੁੰਦਾ ਹੈ। ਧਰਮ ਦੇ ਨਾਂ ਉਤੇ ਕੱਟੜਪੰਥੀ ਸੋਚ ਨੂੰ ਧਾਰਨ ਕਰਨ ਵਾਲਿਆਂ ਨੂੰ ਹੋਰ ਸਾਰੇ ਹੱਕ ਠੀਕ ਲਗਦੇ ਹਨ, ਪਰ ਧਰਮ ਦੇ ਮੁੱਦੇ ਉਤੇ ਕਿਸੇ ਦਾ ਜੀਊਣ ਦਾ ਹੱਕ ਉਹ ਖੋਹਣ ਤੁਰ ਪੈਂਦੇ ਹਨ। ਇਸ ਦੀਆਂ ਤਾਜ਼ਾ ਮਿਸਾਲਾਂ ਸਾਡੇ ਕੋਲ ਹਨ।

ਪੰਜਾਬ ਵਿਚ ਤੀਹ ਕੁ ਸਾਲ ਪਹਿਲਾਂ ਨਿਰੰਕਾਰੀਆਂ ਦੇ ਮੁਖੀ ਦਾ ਵਿਰੋਧ ਸ਼ੁਰੂ ਹੋਇਆ ਤਾਂ ਕਈ ਮੌਤਾਂ ਅੰਮ੍ਰਿਤਸਰ ਵਾਲੇ ਪਹਿਲੇ ਟਕਰਾਓ ਦਰਮਿਆਨ ਹੋਈਆਂ ਤੇ ਕਈ ਉਸ ਤੋਂ ਬਾਅਦ ਹੋਰਨੀਂ ਥਾਈਂ ਹੋ ਗਈਆਂ। ਖੁਦ ਨਿਰੰਕਾਰੀ ਮੁਖੀ ਨੂੰ ਵੀ ਮਾਰ ਦਿੱਤਾ ਗਿਆ। ਇਹ ਸਾਰਾ ਖੂਨ-ਖਰਾਬਾ ਧਰਮ ਦੇ ਨਾਂ 'ਤੇ ਹੋਇਆ ਸੀ। ਏਨੇ ਸਾਲ ਲੰਘ ਜਾਣ ਮਗਰੋਂ ਵੀ ਪੰਜਾਬ ਵਿਚ ਨਿਰੰਕਾਰੀ ਸੰਪਰਦਾ ਕਾਇਮ ਹੈ। ਅੰਮ੍ਰਿਤਸਰ ਵਿਚ ਟੱਕਰ ਵਾਲੀ ਥਾਂ ਉਤੇ ਗੁਰਦੁਆਰਾ ਬਣ ਗਿਆ ਹੈ, ਪਰ ਬਾਈਪਾਸ ਉਤੇ ਵੱਡੇ ਨਿਰੰਕਾਰੀ ਸਮਾਗਮ ਅੱਜ ਵੀ ਹੋਈ ਜਾਂਦੇ ਹਨ।

ਉਸ ਤੋਂ ਪਿੱਛੋਂ ਨੂਰਮਹਿਲ ਵਾਲੇ ਦਿਵਿਆ ਜਯੋਤੀ ਜਾਗਰਿਤੀ ਸੰਸਥਾਨ ਨਾਲ ਟੱਕਰਾਂ ਦਾ ਮੁੱਢ ਬੰਨ੍ਹ ਲਿਆ ਗਿਆ। ਫਿਰ ਸਿਰਸੇ ਵਾਲੇ ਡੇਰਾ ਸੱਚ ਸੌਦਾ ਦੇ ਪੰਜਾਬ ਵਿਚਲੇ ਸਾਰੇ ਡੇਰੇ ਚੁਕਾ ਦੇਣ ਦੇ ਹੁਕਮ ਸ੍ਰੀ ਅਕਾਲ ਤਖਤ ਸਾਹਿਬ ਤੋਂ ਚਾੜ੍ਹ ਦਿੱਤੇ ਗਏ ਤੇ ਹੁਕਮ ਚਾੜਨ ਵਾਲੇ ਦੂਜਿਆਂ ਨੂੰ ਮਰਨ-ਮਾਰਨ ਤੋਰ ਕੇ ਆਪ ਪਿਛਲੀ ਗਲੀ ਥਾਈਂ ਅੰਮ੍ਰਿਤਸਰ ਨੂੰ ਖਿਸਕ ਗਏ। ਇਕ ਵਾਰ ਭਨਿਆਰਾਂ ਵਾਲੇ ਪਿਆਰਾ ਸਿੰਘ ਦੇ 'ਭਵਸਾਗਰ ਗ੍ਰੰਥ' ਨੂੰ ਮੁੱਦਾ ਬਣਾ ਲਿਆ ਤੇ ਪਾਬੰਦੀ ਲਗਵਾ ਦਿੱਤੀ, ਪਰ ਜਦੋਂ ਅਦਾਲਤ ਵਲੋਂ ਇਹ ਪੁੱਛਿਆ ਗਿਆ ਕਿ ਇਸ ਵਿਚਲੇ ਨੁਕਸ ਦੱਸ ਦਿਓ ਤਾਂ ਦੱਸਣ ਵਾਲੇ ਧਾਰਮਿਕ ਪੁਰਸ਼ਾਂ ਨੇ ਕਮੇਟੀ ਬਣਾਉਣ ਤੋਂ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ ਜੇ ਕਮੇਟੀ ਬਣਾਈ ਤਾਂ ਉਸ ਗ੍ਰੰਥ ਨੂੰ ਪੜ੍ਹਨ ਦੀ ਅਵੱਗਿਆ ਕਰਨੀ ਪਵੇਗੀ, ਜਿਸ ਉਤੇ ਅਕਾਲ ਤਖਤ ਸਾਹਿਬ ਨੇ ਪਾਬੰਦੀ ਲਾਈ ਹੋਈ ਹੈ। ਇਸ ਸਾਰੀ ਖੇਡ ਪਿੱਛੇ ਧਰਮ ਨਹੀਂ, ਧਰਮ ਦੀ ਅਸਲ ਭਾਵਨਾ ਨੂੰ ਰਾਜਨੀਤਕ ਲੋੜਾਂ ਲਈ ਵਰਤਣ ਦੀ ਨੀਤੀ ਸੀ। ਇੰਜ ਧਰਮ ਨੂੰ ਲੋਕਾਂ ਵਿਚ ਏਕਤਾ ਦੀ ਬਜਾਏ ਵਾਰ-ਵਾਰ ਪਾਟਕ ਪਾਉਣ ਲਈ ਵਰਤਿਆ ਗਿਆ ਹੈ।

ਪਿਛਲੇ ਸਾਲ ਇਕ ਵਾਰੀ ਫਿਰ ਇਹੋ ਜਿਹਾ ਉਬਾਲਾ ਆਇਆ, ਜਦੋਂ ਆਸਟਰੀਆ ਦੀ ਰਾਜਧਾਨੀ ਵੀਆਨਾ ਵਿਚ ਰਵੀਦਾਸ ਜੀ ਦੇ ਅਨੁਯਾਈ ਸੰਤ ਰਾਮਾਨੰਦ ਨੂੰ ਕਤਲ ਕਰ ਦਿੱਤਾ ਗਿਆ। ਦਲੀਲ ਇਹ ਦਿੱਤੀ ਗਈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਬੈਠੇ ਉਸ ਸੰਤ ਦੇ ਗੋਡੀਂ ਹੱਥ ਲਾ ਕੇ ਮੱਥੇ ਟੇਕੇ ਜਾ ਰਹੇ ਸਨ। ਇੰਜ ਤਾਂ ਕਈ ਸਿੱਖ ਸੰਤ ਵੀ ਕਰਦੇ ਹਨ। ਉਸ ਵਕਤ ਵੀ ਧਰਮ ਅਤੇ ਮਰਿਯਾਦਾ ਦੇ ਆਪਣੀ ਮਰਜ਼ੀ ਦੇ ਅਰਥ ਕੱਢ ਕੇ ਨੌਜਵਾਨਾਂ ਨੂੰ ਇਕ ਪਾਸੇ ਲਾਇਆ ਗਿਆ ਸੀ, ਹੁਣ ਵੀ ਲਾਇਆ ਜਾ ਰਿਹਾ ਹੈ। ਇਹੋ ਕਾਰਨ ਹੈ ਕਿ ਬੀਤੀ ਜੁਲਾਈ ਵਿਚ ਉਸੇ ਸ਼ਹਿਰ ਅੰਦਰ ਰਾਧਾ ਸਵਾਮੀ ਸੰਪਰਦਾ ਦੇ ਮੁਖੀ ਉਤੇ ਹਮਲੇ ਦੀ ਕੋਸ਼ਿਸ਼ ਕੀਤੀ ਗਈ ਹੈ। ਰਾਧਾ ਸਵਾਮੀ ਸੰਪਰਦਾ ਦੇ ਮੁੱਖ ਡੇਰੇ ਦੇ ਆਸੇ-ਪਾਸੇ ਦੇ ਪਿੰਡਾਂ ਦੇ ਕਿਸਾਨਾਂ ਨਾਲ ਦੁਰ-ਵਿਹਾਰ ਦੀਆਂ ਰਿਪੋਰਟਾਂ ਕਾਰਨ ਭਾਵੇਂ ਕਈ ਲੋਕਾਂ ਦੇ ਮਨ ਵਿਚ ਉਨ੍ਹਾਂ ਬਾਰੇ ਕਈ ਕਿੰਤੂ ਹੋ ਸਕਦੇ ਹਨ, ਪਰ ਲੋਕਾਂ ਦੀ ਰੋਟੀ ਨਾਲ ਸੰਬੰਧ ਰੱਖਦੇ ਉਹ ਮਸਲੇ ਤਾਂ ਕਾਨੂੰਨੀ ਢੰਗ ਨਾਲ ਨਜਿੱਠੇ ਜਾਣੇ ਹਨ ਤੇ ਧਰਮ ਦੇ ਜਨੂੰਨ ਨੇ ਕੁਝ ਨੌਜਵਾਨਾਂ ਨੂੰ ਇਕ ਵਾਰ ਉਹੋ ਜਿਹੇ ਖੂਨ-ਖਰਾਬੇ ਲਈ ਉਕਸਾਉਣਾ ਸ਼ੁਰੂ ਕਰ ਦਿੱਤਾ, ਜਿਹੋ ਜਿਹਾ ਪਿਛਲੇ ਸਾਲ ਹੋ ਚੁੱਕਾ ਸੀ।

ਵਿਸਥਾਰ ਹੋਰ ਚਾਹੀਦਾ ਹੋਵੇ ਤਾਂ ਸਾਧਵੀ ਪ੍ਰਗਿਆ ਸਿੰਘ ਤੇ ਕਰਨਲ ਪੁਰੋਹਿਤ ਦੇ ਬੰਬ ਧਮਾਕੇ ਕਰਨ ਵਾਲੇ ਸੰਗਠਨ ਦੀ ਵੀ ਚਰਚਾ ਕੀਤੀ ਜਾ ਸਕਦੀ ਹੈ, ਪੰਜਾਬ ਵਿਚ ਈਸਾਈਆਂ ਦੇ ਸਮਾਗਮ ਰੋਕਣ ਵਾਲੇ ਸੰਗਠਨਾਂ ਦੀ ਵੀ ਤੇ ਕਈ ਹੋਰਨਾਂ ਦੀ ਵੀ, ਪਰ ਇਹ ਸਾਰੇ ਦ੍ਰਿਸ਼ਟਾਂਤ ਦੇਣ ਤੋਂ ਬਾਅਦ ਵੀ ਕਹਿਣ ਵਾਲੀ ਗੱਲ ਇਹੋ ਹੈ ਕਿ ਇਨ੍ਹਾਂ ਵਿਚੋਂ ਕਿਸੇ ਨੇ ਵੀ ਇਨਸਾਨੀਅਤ ਦੇ ਧਰਮ ਨੂੰ ਨਹੀਂ ਪੜ੍ਹਿਆ, ਸਿਰਫ ਪਹਿਰਾਵੇ ਦੇ ਪੱਖੋਂ ਵੱਖ-ਵੱਖਰੇ ਧਰਮਾਂ ਦੇ ਵਖਰੇਵੇਂ ਹੀ ਪੜ੍ਹੇ ਹਨ। ਬਹੁਤ ਸਾਰੀਆਂ ਚੰਗਿਆਈਆਂ ਵੀ ਹਨ ਇਨ੍ਹਾਂ ਧਰਮਾਂ ਵਿਚ, ਪਰ ਉਨ੍ਹਾਂ ਨੂੰ ਪੜ੍ਹਨ ਅਤੇ ਸਮਝਣ ਦੀ ਨਾ ਹੁਣ ਕਿਸੇ ਦੀ ਕੋਈ ਇੱਛਾ ਜਾਪਦੀ ਹੈ, ਨਾ ਖੇਚਲ ਦਾ ਮਾਦਾ। ਇਸ ਕਰ ਕੇ ਜੋ ਹੋ ਰਿਹਾ ਹੈ ਜਾਂ ਜੋ ਕੀਤਾ ਕਰਵਾਇਆ ਜਾ ਰਿਹਾ ਹੈ, ਉਸੇ ਨੂੰ ਧਰਮ ਮੰਨ ਲਿਆ ਗਿਆ।

# ਗੁਰਦੁਆਰਾ ਗੁਰਜੋਤਿ ਪ੍ਰਕਾਸ਼ ਦਾ ਮਾਮਲਾ ਅਦਾਲਤੀ ਚੱਕਰਵਿਊਹ ਵਿਚ

**ਸ਼ਿਕਾਗੋ (ਪੰਜਾਬ ਟਾਈਮਜ਼ ਬਿਊਰੋ):** ਇਥੋਂ ਦੇ ਗੁਰਦੁਆਰਾ ਗੁਰਜੋਤਿ ਪ੍ਰਕਾਸ਼ (ਆਈਲੈਂਡ ਲੇਕ) ਦਾ ਮਾਮਲਾ ਅਦਾਲਤੀ ਹੁਕਮਾਂ ਦੇ ਚੱਕਰਵਿਊਹ ਵਿਚ ਫਸ ਗਿਆ ਜਾਪਦਾ ਹੈ। ਇਹ ਮਾਮਲਾ ਲੰਘੀ 5 ਅਗਸਤ ਨੂੰ ਉਸ ਸਮੇਂ ਇਕ ਨਵਾਂ ਮੋੜ ਕੱਟ ਗਿਆ ਜਦੋਂ ਅਦਾਲਤ ਨੇ ਇਸ ਗੁਰੂਘਰ ਉਤੇ ਪਿਛਲੀ 27 ਜੁਲਾਈ ਤੋਂ ਕਾਬਜ਼ ਇਥੋਂ ਦੇ ਇਕ ਗਰਮਖਿਆਲੀ ਧੜੇ ਅਤੇ ਨਵੇਂ ਪ੍ਰਬੰਧਕਾਂ ਵਜੋਂ ਦਾਅਵੇਦਾਰਾਂ ਵਿਰੁਧ ਹੁਕਮ ਪਾਸ ਕਰ ਕੇ ਉਨ੍ਹਾਂ ਨੂੰ ਗੁਰੂਘਰ ਤੁਰੰਤ ਖਾਲੀ ਕਰਨ ਦੇ ਆਦੇਸ਼ ਦੇ ਦਿੱਤੇ ਅਤੇ ਇੰਜ ਗੁਰੂ ਨਾਨਕ ਸਿੱਖ ਮਿਸ਼ਨ ਦੇ ਪ੍ਰਬੰਧ ਹੇਠ ਚਲ ਰਹੇ ਇਸ ਗੁਰੂਘਰ ਉਤੇ ਬਾਬਾ ਦਲਜੀਤ ਸਿੰਘ ਸ਼ਿਕਾਗੋ ਦਾ ਕਬਜ਼ਾ ਬਹਾਲ ਹੋ ਗਿਆ ਪਰ 10 ਅਗਸਤ ਨੂੰ ਇਹ ਵਿਰੋਧੀ ਧੜਾ ਗੁਰੂਘਰ ਵਿਚ ਦਰਸ਼ਨਾਂ ਲਈ ਜਾਣ ਦੇ ਹੁਕਮ ਅਦਾਲਤ ਤੋਂ ਹਾਸਲ ਕਰਨ ਵਿਚ ਕਾਮਯਾਬ ਹੋ ਗਿਆ।

ਮੈਕੇਨਰੀ ਸਰਕਟ ਕੋਰਟ ਵਲੋਂ 10 ਅਗਸਤ ਨੂੰ ਜਾਰੀ ਇਸ ਹੁਕਮ ਵਿਚ ਹਰਮਿੰਦਰ ਸਿੰਘ ਖਹਿਰਾ, ਜਸਵਿੰਦਰ ਸਿੰਘ ਖਹਿਰਾ, ਯਾਦਵਿੰਦਰ ਸਿੰਘ ਗਰੇਵਾਲ, ਭਰਪੂਰ ਸਿੰਘ, ਜਗਦੀਸ਼ ਸਿੰਘ ਸੰਧੂ, ਮੱਖਣ ਸਿੰਘ ਕਲੇਰ, ਸੰਤ ਬਲਬੀਰ ਸਿੰਘ, ਜਸਬੀਰ ਸਿੰਘ ਰੰਧਾਵਾ, ਸੁਖਵਿੰਦਰ ਸਿੰਘ ਗਿੱਲ, ਹਰਪਿੰਦਰ ਸਿੰਘ ਅਟਵਾਲ ਅਤੇ ਸੁਖਵਿੰਦਰ ਸਿੰਘ ਨੂੰ ਰਾਹਤ ਦਿੰਦਿਆਂ ਗੁਰੂ ਘਰ ਵਿਚ ਮੱਥਾ ਟੇਕਣ ਅਤੇ ਨਾਮ ਸਿਮਰਨ ਲਈ ਜਾਣ ਦੀ ਇਜਾਜ਼ਤ ਦੇ ਦਿੱਤੀ। ਅਦਾਲਤ ਨੇ ਆਪਣੇ ਹੁਕਮ ਵਿਚ ਇਹ ਵੀ ਲਿਖਿਆ ਹੈ ਕਿ ਇਹ ਮੁਦੱਈ ਗੁਰਦੁਆਰਾ ਗੁਰਜੋਤਿ ਪ੍ਰਕਾਸ਼ ਅੰਦਰ ਸਿਰਫ ਮੱਥਾ ਟੇਕਣ ਜਾਂ ਦੀਵਾਨ ਵਿਚ ਸ਼ਾਮਲ ਹੋਣ ਲਈ ਹੀ ਜਾ ਸਕਦੇ ਹਨ, ਉਨ੍ਹਾਂ ਦੀ ਹੋਰ ਕੋਈ ਵੀ ਕਾਰਵਾਈ ਅਦਾਲਤ ਦੀ ਹੁਕਮ ਅਦੂਲੀ ਮੰਨੀ ਜਾਏਗੀ।

ਅਦਾਲਤ ਨੇ ਮੁਦੱਈਆਂ ਵਲੋਂ ਪਿਛਲੀ 4 ਅਗਸਤ ਨੂੰ ਬਾਬਾ ਦਲਜੀਤ ਸਿੰਘ ਵਿਰੁਧ ਆਰਜੀ ਰਿਸਟਰੇਨਿੰਗ ਆਰਡਰ ਲੈਣ ਲਈ ਦਾਇਰ ਕੀਤੀ ਗਈ ਮੋਸ਼ਨ ਨੂੰ ਮੌਜੂਦਾ ਕਾਨੂੰਨਾਂ ਅਨੁਸਾਰ ਨਿਰਾਧਾਰ, ਅਣਉਚਿਤ ਅਤੇ ਸਿਰਫ ਦੂਜੇ ਨੂੰ ਪਰੇਸ਼ਾਨ ਕਰਨ ਦੇ ਮਨੋਰਥ ਨਾਲ ਦਾਇਰ ਕੀਤੀ ਗਈ ਮੰਨਦਿਆਂ ਇਹ ਹੁਕਮ ਵੀ ਸੁਣਾਇਆ ਕਿ ਮੁਦੱਈ ਭਰਪੂਰ ਸਿੰਘ ਖਰਚੇ ਵਜੋਂ 1260 ਡਾਲਰ ਪ੍ਰਤੀਵਾਦੀ ਬਾਬਾ ਦਲਜੀਤ ਸਿੰਘ ਨੂੰ ਉਨ੍ਹਾਂ ਦੇ ਵਕੀਲ ਰਾਹੀਂ 30 ਦਿਨਾਂ ਦੇ ਅੰਦਰ ਦੇਵੇ।

ਅਦਾਲਤ ਨੇ ਇਸ ਕੇਸ ਲਈ ਅਗਲੀ ਤਾਰੀਖ 20 ਅਗਸਤ ਮਿਥਦਿਆਂ ਕੇਸ ਜੱਜ ਕਾਲਡਵੈਲ ਤੋਂ ਲੈ ਕੇ ਜੱਜ ਟਾਮਸ ਮਾਇਰ ਦੇ ਹਵਾਲੇ ਕਰਨ ਦਾ ਫੈਸਲਾ ਵੀ ਸੁਣਾਇਆ। ਬਾਬਾ ਦਲਜੀਤ ਸਿੰਘ ਨੂੰ 27 ਜੁਲਾਈ ਤੋਂ 1 ਅਗਸਤ ਤਕ ਦੀਆਂ ਸਕਿਉਰਿਟੀ ਕੈਮਰੇ ਦੀਆਂ ਟੇਪਾਂ ਵੀ ਅਦਾਲਤ ਪਾਸ 19 ਅਗਸਤ ਤਕ ਪੁਜਦੀਆਂ ਕਰਨ ਲਈ ਆਖਿਆ ਹੈ।

ਅਦਾਲਤ ਤੋਂ ਗੁਰੂਘਰ ਦਾਖਲ ਹੋਣ ਅਤੇ ਮੱਥਾ ਟੇਕਣ ਦੇ ਹੁਕਮ ਲੈਣ ਪਿਛੋਂ ਨਵੇਂ ਪ੍ਰਬੰਧਕ ਹੋਣ ਦੇ ਦਾਅਵੇਦਾਰ ਭਰਪੂਰ ਸਿੰਘ, ਜਸਬੀਰ ਸਿੰਘ ਰੰਧਾਵਾ, ਜਗਦੀਸ਼ ਸਿੰਘ ਸੰਧੂ ਅਤੇ ਉਨ੍ਹਾਂ ਦੇ ਸਾਥੀ ਮੱਥਾ ਟੇਕਣ ਲਈ ਗੁਰਦੁਆਰਾ ਗੁਰਜੋਤਿ ਪ੍ਰਕਾਸ਼ ਪਹੁੰਚੇ। ਇਸ ਗਰੁਪ ਦੇ ਨੇੜਲੇ ਸੂਤਰਾਂ ਅਨੁਸਾਰ ਜਦੋਂ ਉਹ ਗੁਰਦੁਆਰਾ ਸਾਹਿਬ ਪਹੁੰਚੇ ਤਾਂ ਬਾਬਾ ਦਲਜੀਤ ਸਿੰਘ ਅਦਾਲਤ ਦੇ ਹੁਕਮਾਂ ਦਾ ਪਤਾ ਲਗ ਜਾਣ ਕਾਰਨ ਗੁਰੂਘਰ ਨੂੰ ਤਾਲਾ ਲਾ ਕੇ ਇਧਰ-ਉਧਰ ਹੋ ਗਏ ਪਰ ਪੁਲਿਸ ਪਾਸ ਪਹੁੰਚ ਕਰਨ ਅਤੇ ਅਦਾਲਤ ਦੇ ਹੁਕਮ ਦਿਖਾਏ ਜਾਣ ਤੇ ਪੁਲਿਸ ਨੇ ਬਾਬਾ ਦਲਜੀਤ ਸਿੰਘ ਨੂੰ ਬੁਲਾ ਕੇ ਗੁਰੂਘਰ ਦੇ ਦੀਵਾਨ ਹਾਲ ਦਾ ਤਾਲਾ ਖੁਲਵਾਇਆ। ਸੰਗਤਾਂ ਨੇ ਗੁਰੂ ਚਰਨਾਂ ਵਿਚ ਪਹੁੰਚ ਕੇ ਅਰਦਾਸ ਕੀਤੀ ਅਤੇ ਸ਼ੁਕਰਾਨਾ ਕੀਤਾ। ਬਾਅਦ ਵਿਚ ਉਹ ਸਭ ਗੁਰੂਘਰ ਮੱਥਾ ਟੇਕ ਕੇ ਚਲੇ ਗਏ।

ਇਸ ਤੋਂ ਪਹਿਲਾਂ ਲੰਘੀ 5 ਅਗਸਤ ਨੂੰ ਮੈਕੇਨਰੀ ਸਰਕਟ ਕੋਰਟ ਨੇ ਨਾ ਸਿਰਫ ਇਕ ਦਿਨ ਪਹਿਲਾਂ 4 ਅਗਸਤ ਨੂੰ ਨਵੇਂ ਕਾਬਜ਼ ਹੋਏ ਧੜੇ ਦੀ ਬੇਨਤੀ ਉਤੇ ਬਾਬਾ ਦਲਜੀਤ ਸਿੰਘ ਵਿਰੁਧ ਪਾਸ ਕੀਤੇ ਮਨਾਹੀ (ਰੈਸਟਰੇਟਿੰਗ) ਦੇ ਆਰਜੀ ਆਰਡਰ ਹੀ ਕੈਂਸਲ ਕੀਤੇ ਸਗੋਂ ਇਹ ਵੀ ਹੁਕਮ ਦਿਤਾ ਕਿ ਕਾਬਜ਼ ਧੜਾ ਉਸੇ ਦਿਨ 12 ਵਜੇ ਤੋਂ ਪਹਿਲਾਂ-ਪਹਿਲਾਂ ਗੁਰੂਘਰ ਦਾ ਅਹਾਤਾ ਖਾਲੀ ਕਰੇ, ਨਹੀਂ ਤਾਂ ਇਸ ਨੂੰ ਅਦਾਲਤ ਦੇ ਹੁਕਮਾਂ ਦੀ ਅਦੂਲੀ ਸਮਝਿਆ ਜਾਏਗਾ। ਇਨਾ ਹੀ ਨਹੀਂ ਅਦਾਲਤ ਨੇ ਕਾਬਜ਼ ਹੋਏ ਗਰਮਖਿਆਲੀ ਧੜੇ ਦੇ ਵਕੀਲ ਨੂੰ ਵੀ ਹੁਕਮ ਦਿਤਾ ਕਿ ਉਹ ਦੱਸੇ ਕਿ ਅਦਾਲਤ ਨੂੰ ਗੁਮਰਾਹ ਕਰਨ ਦੇ ਦੋਸ਼ ਹੇਠ ਉਸ ਵਿਰੁਧ ਕਾਰਵਾਈ ਕਿਉਂ ਨਾ ਕੀਤੀ ਜਾਵੇ?

ਇਸੇ ਦੌਰਾਨ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੇ ਆਦੇਸ਼ਾਂ ਉਤੇ ਅਮਰੀਕਾ ਦੇ ਮੋਹਤਬਰ ਸਿੱਖਾਂ ਦਾ ਇਕ ਵਫਦ ਵੀ ਬਾਬਾ ਦਲਜੀਤ ਸਿੰਘ ਅਤੇ ਦੂਜੀ ਕਾਬਜ਼ ਧਿਰ ਵਿਚਾਲੇ ਸਮਝੌਤਾ ਕਰਵਾਉਣ ਲਈ ਸ਼ੁਕਰਵਾਰ ਨੂੰ ਸ਼ਿਕਾਗੋ ਪਹੁੰਚਿਆ ਪਰੰਤੂ ਉਦੋਂ ਤਕ ਸਥਿਤੀ ਬਿਲਕੁਲ ਬਦਲ ਚੁਕੀ ਸੀ। ਇਸ ਵਫਦ ਵਿਚ ਨਿਊ ਯਾਰਕ ਤੋਂ ਮਾਸਟਰ ਮਹਿੰਦਰ ਸਿੰਘ, ਸ. ਜਰਨੈਲ ਸਿੰਘ ਗਿਲਜੀਆਂ, ਯੂਬਾ ਸਿਟੀ ਤੋਂ ਦੀਦਾਰ ਸਿੰਘ ਬੈਂਸ ਅਤੇ ਗੁਰਨਾਮ ਸਿੰਘ ਪੰਮਾ ਅਤੇ ਮਿਲਵਾਕੀ ਤੋਂ ਸ. ਦਰਸ਼ਨ ਸਿੰਘ ਧਾਲੀਵਾਲ ਸ਼ਾਮਲ ਸਨ। ਇਸ ਵਫਦ ਦੇ ਯਤਨਾਂ ਨਾਲ ਸ਼ਿਕਾਗੋ ਦੇ ਸਰਗਰਮ ਸਿੱਖ ਆਗੂਆਂ ਦੀ ਇਕ ਮੀਟਿੰਗ ਵੀ ਹੋਈ ਜਿਸ ਵਿਚ ਕਿਸੇ ਵੀ ਗੁਰੂਘਰ ਉਤੇ ਜਬਰੀ ਕਬਜ਼ਾ ਕਰਨ ਦੀ ਕੋਸ਼ਿਸ਼ ਦਾ ਵਿਰੋਧ ਕਰਦਿਆਂ ਸਭ ਮਸਲੇ ਪੰਥਕ ਰਵਾਇਤਾਂ ਅਨੁਸਾਰ ਹੱਲ ਕਰਨ ਦਾ ਮਤਾ ਪਾਸ ਕੀਤਾ ਗਿਆ। ਇਸ ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਗੁਰਦੁਆਰਾ ਪੈਲਾਟਾਈਨ ਦੇ ਸਾਬਕਾ ਪ੍ਰਧਾਨ ਰਘਵਿੰਦਰ ਸਿੰਘ ਮਾਹਲ, ਸੀ ਆਈ ਸੀ ਮੈਂਬਰ ਮਤ ਸਿੰਘ ਦਿਲੋਂ, ਰਘਬੀਰ ਸਿੰਘ ਹੁੰਦਲ, ਮੇਜਰ ਗੁਰਚਰਨ ਸਿੰਘ ਝੱਜ, ਦੀਵਾਨ ਤੋਂ ਬਲਵਿੰਦਰ ਸਿੰਘ ਏਵਨ ਕਾਰਪੈਟ ਅਤੇ ਅਮਰੀਕ ਸਿੰਘ ਅਮਰ ਕਾਰਪੈਟ ਵੀ ਮੌਜੂਦ ਸਨ। ਇਹ ਵੀ ਪਤਾ ਲੱਗਾ ਹੈ ਕਿ ਇਸ ਵਫਦ ਨੇ ਦੂਜੀ ਧਿਰ ਨਾਲ ਗੱਲਬਾਤ ਚਲਾਉਣ ਦੀ ਕੋਸ਼ਿਸ਼ ਕੀਤੀ ਪਰ ਇਸ ਮਾਮਲੇ ਵਿਚ ਕੋਈ ਬਹੁਤੀ ਪ੍ਰਗਤੀ ਨਾ ਹੋ ਸਕੀ।

ਜ਼ਿਕਰਯੋਗ ਹੈ ਕਿ ਬਾਬਾ ਦਲਜੀਤ ਸਿੰਘ ਵਲੋਂ ਇਹ ਮਾਮਲਾ ਸ੍ਰੀ ਅਕਾਲ ਤਖਤ ਉਤੇ ਵੀ ਲਿਜਾਇਆ ਗਿਆ। ਸ੍ਰੀ ਅਕਾਲ ਤਖਤ ਵਲੋਂ ਮਿਤੀ 14 ਜੁਲਾਈ 2010 ਨੂੰ ਜਾਰੀ ਇਕ ਆਦੇਸ਼ ਵਿਚ ਕਿਹਾ ਗਿਆ ਹੈ ਕਿ ਸ੍ਰੀ ਹਰਮਿੰਦਰ ਸਿੰਘ ਖਹਿਰਾ ਅਤੇ ਉਨ੍ਹਾਂ ਦੇ ਪੁਤਰ ਜਸਕਰਨ ਸਿੰਘ ਖਹਿਰਾ ਨੇ "ਗੁਰਦੁਆਰਾ ਗੁਰੂ ਨਾਨਕ ਮਿਸ਼ਨ ਵਿਖੇ ਕਈ ਵਾਰ ਸ਼ਰਾਬੀ ਹਾਲਤ ਵਿਚ ਆ ਕੇ ਲਲਕਾਰੇ ਮਾਰੇ, ਮਰਿਆਦਾ ਦੀ ਉਲੰਘਣਾ ਕੀਤੀ ਅਤੇ ਗੁਰਦੁਆਰਾ ਸਾਹਿਬ ਵਿਰੁਧ ਕੋਰਟ ਕੇਸ ਕੀਤਾ।" ਇਸ ਸਬੰਧੀ ਸ੍ਰੀ ਅਕਾਲ ਤਖਤ ਵਲੋਂ ਸ੍ਰੀ ਖਹਿਰਾ ਨੂੰ ਆਪਣੀ ਪੱਤਰਕਾ ਨੰਬਰ 3145 ਮਿਤੀ 15-4-2010 ਰਾਹੀਂ ਸ਼ਿਕਾਇਤ ਦੇ ਆਧਾਰ ਤੇ "30 ਦਿਨਾਂ ਦੇ ਅੰਦਰ ਅੰਦਰ ਸਪਸ਼ਟੀਕਰਨ ਭੇਜਣ ਲਈ ਲਿਖਿਆ ਗਿਆ ਸੀ ਪਰੰਤੂ ਉਨ੍ਹਾਂ ਵਲੋਂ ਪੁੱਜਾ ਸਪਸ਼ਟੀਕਰਨ ਤਸੱਲੀਬਖਸ਼ ਨਹੀਂ ਹੈ।" ਅਕਾਲ ਤਖਤ ਵਲੋਂ ਪੰਜ ਸਿੰਘ ਸਾਹਿਬਾਨ ਦੇ ਦਸਤਖਤਾਂ ਹੇਠ ਜਾਰੀ ਇਸ ਆਦੇਸ਼ ਵਿਚ ਕਿਹਾ ਗਿਆ ਹੈ ਕਿ ਜਿੰਨਾ ਚਿਰ ਹਰਮਿੰਦਰ ਸਿੰਘ ਅਤੇ ਜਸਕਰਣ ਸਿੰਘ ਖਹਿਰਾ ਸ੍ਰੀ ਅਕਾਲ ਤਖਤ ਸਾਹਿਬ ਦੇ ਸਕੱਤਰੇਤ ਵਿਖੇ ਆਪਣਾ ਸਪਸ਼ਟੀਕਰਨ ਦੇ ਕੇ ਤਸੱਲੀ ਨਹੀਂ ਕਰਵਾਉਂਦੇ, ਉਨ੍ਹਾਂ ਚਿਰ ਤਕ ਇਨ੍ਹਾਂ ਨੂੰ ਨਾ ਹੀ ਕਿਸੇ ਧਾਰਮਕ ਸੰਸਥਾ ਵਿਚ ਮੈਂਬਰ ਲਿਆ ਜਾਵੇ ਅਤੇ ਨਾ ਹੀ ਕਿਸੇ ਧਾਰਮਕ ਸਮਾਗਮ ਵਿਚ ਬੋਲਣ ਦਿਤਾ ਜਾਵੇ।

*To Advertise with us*
*call: 847-359-0746*
*Fax:847-705-9388*

# ਗੁਰਦਾਸ ਮਾਨ ਦਾ 28 ਅਗਸਤ ਦਾ ਸ਼ੋਅ ਮਿਸ਼ਨਰੀ ਕਾਰਜ ਵੀ – ਡਾ. ਕੁਮਾਰ

**ਫਰਿਜ਼ਨੋ (ਐਸ. ਅਸ਼ੋਕ ਭੌਰਾ):** 'ਪੰਜਾਬ ਦੇ ਯੁੱਗ ਗਾਇਕ ਤੇ ਵਤਨ ਦੀ ਮਿੱਟੀ ਤੇ ਗੀਤਾਂ ਤੇ ਗਾਇਕੀ ਦੀ ਸਦਾ ਬਹਾਰ ਪੇਸ਼ਕਾਰੀ ਨਾਲ ਪੂਰੀ ਹੋ ਜਾਂਦੀ ਹੈ।



*ਡਾ. ਹਰਮੇਸ਼ ਕੁਮਾਰ, ਤਾਜ ਰੰਧਾਵਾ ਅਤੇ ਵਿਨੈ ਵੋਹਰਾ*


ਸਭਿਆਚਾਰ ਦੀ ਦੁਨੀਆਂ ਭਰ ਵਿਚ ਮਹਿਕ ਖਿਲਾਰਨ ਵਾਲੇ ਗੁਰਦਾਸ ਮਾਨ ਦੇ 28 ਅਗਸਤ ਨੂੰ ਫਰਿਜ਼ਨੋ ਦੇ ਸੈਰੋਇਨ ਥੀਏਟਰ ਵਿਚ ਹੋਣ ਵਾਲੇ ਪ੍ਰੋਗਰਾਮ ਦੀਆਂ ਸਾਰੀਆਂ ਤਿਆਰੀਆਂ ਹੀ ਮੁਕੰਮਲ ਨਹੀਂ ਹੋ ਗਈਆਂ ਸਗੋਂ ਇਕ ਖਾਸ ਮਿਸ਼ਨ ਤੇ ਉਦੇਸ਼ ਲਈ ਕਰਵਾਏ ਜਾ ਰਹੇ ਗੁਰਦਾਸ ਮਾਨ ਦੇ ਸੋਅ ਲਈ ਸਮੁੱਚੇ ਭਾਈਚਾਰੇ ਵਲੋਂ ਜੋ ਸਹਿਯੋਗ ਦਿੱਤਾ ਜਾ ਰਿਹਾ ਹੈ, ਉਸ ਦਾ ਮੈਂ ਹਮੇਸ਼ਾ ਰਿਣੀ ਅਤੇ ਕਰਜ਼ਦਾਰ ਰਹਾਂਗਾ।' ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਸਬ-ਫਾਊਂਡੇਸ਼ਨ ਦੇ ਮੁੱਖ ਸੰਚਾਲਕ ਤੇ ਪੰਜਾਬੀ ਭਾਈਚਾਰੇ ਦੀ ਉਘੀ ਸ਼ਖਸੀਅਤ ਕਰਕੇ ਜਾਣੇ ਜਾਂਦੇ ਡਾ. ਹਰਮੇਸ਼ ਕੁਮਾਰ ਨੇ ਹੋਰ ਕਿਹਾ ਕਿ ਉਨ੍ਹਾਂ ਦੇ ਜੀਵਨ ਦਾ ਮਿਸ਼ਨ ਤੇ ਮਨੋਰਥ ਮਦਰ ਟਰੇਸਾ ਦੇ ਪਾਏ ਪੂਰਨਿਆਂ 'ਤੇ ਚੱਲਣਾ ਹੈ ਤੇ ਔਖੇ ਪਰ ਮਹੱਤਵਪੂਰਨ ਕਾਰਜਾਂ ਵਿਚ ਔਕੜਾਂ ਆਉਂਦੀਆਂ ਹਨ ਪਰ ਪੰਜਾਬੀਆਂ ਨੇ ਇਨ੍ਹਾਂ ਨੂੰ ਹਮੇਸ਼ਾ ਵੰਗਾਰ ਦੇ ਰੂਪ ਵਿਚ ਲਿਆ ਹੈ।

ਡਾ. ਹਰਮੇਸ਼ ਕੁਮਾਰ ਜਿਨ੍ਹਾਂ ਨੇ ਪਹਿਲਾਂ ਵੀ ਬੁਢਾਪੇ ਵਲ ਤੁਰੇ ਜਾਂਦੇ ਪੰਜਾਬੀਆਂ ਤੇ ਏਸ਼ੀਆਈ ਲੋਕਾਂ ਲਈ ਸਿਹਤ ਸੰਭਾਲ ਕੇਂਦਰ ਬਣਾਉਣ ਲਈ ਗਾਇਕ ਡਾ. ਸਤਿੰਦਰ ਸਰਤਾਜ ਤੇ ਗਾਇਕਾ ਮੁੰਨੀ ਬੇਗਮ ਦੇ ਸ਼ੋਅ ਆਯੋਜਿਤ ਕੀਤੇ ਹਨ, ਨੇ ਕਿਹਾ ਕਿ ਗੁਰਦਾਸ ਦੇ ਇਸ ਸ਼ੋਅ ਦਾ ਮਕਸਦ ਵੀ ਇਨ੍ਹਾਂ ਹੀ ਸੁਪਨਿਆਂ ਨੂੰ ਅੱਗੇ ਤੋਰਨਾ ਹੈ। ਗੁਰਦਾਸ ਮਾਨ ਦੇ ਇਸ ਸ਼ੋਅ ਦੇ ਮੁੱਖ ਸਪਾਂਸਰ ਰਿਐਲਟਰ ਤਾਜ ਰੰਧਾਵਾ ਤੇ ਉਘੇ ਬਿਜ਼ਨਸਮੈਨ ਵਿਨੈ ਵੋਹਰਾ ਨੇ ਇਸ ਸਾਂਝ ਵਿਚ ਹੱਥ ਵੰਡਾਉਂਦਿਆਂ ਦੱਸਿਆ ਕਿ ਭਾਵੇਂ ਪੰਜਾਬ ਵਿਚ ਵਗਣ ਵਾਲੇ ਦਰਿਆ ਗਿਣਤੀ ਵਿਚ ਢਾਈ ਹੀ ਕਿਉਂ ਨਾ ਰਹਿ ਗਏ ਹੋਣ ਪਰ ਗੁਰਦਾਸ ਮਾਨ ਨੇ ਸਮੁੱਚੇ ਪੰਜਾਬੀਆਂ ਦਾ ਦੁਨੀਆਂ ਭਰ ਵਿਚ ਸਿਰ ਉਚਾ ਕਰਕੇ ਦਰਸਾ ਦਿੱਤਾ ਹੈ ਕਿ ਪੰਜਾਬ ਵਿਚਲੇ ਢਾਈ ਦਰਿਆਵਾਂ ਦੀ ਘਾਟ, ਸਭਿਆਚਾਰਕ ਗੀਤਾਂ ਤੇ ਗਾਇਕੀ ਦੀ ਸਦਾ ਬਹਾਰ ਪੇਸ਼ਕਾਰੀ ਨਾਲ ਪੂਰੀ ਹੋ ਜਾਂਦੀ ਹੈ।

ਤਾਜ ਰੰਧਾਵਾ ਤੇ ਵਿਨੈ ਵੋਹਰਾ ਅਨੁਸਾਰ ਇਸ ਕਾਰਜ ਲਈ ਹਰ ਪੰਜਾਬੀ ਨੇ ਹੱਥ ਵਧਾਇਆ ਹੈ ਤੇ ਟਿਕਟਾਂ ਵੀ ਬੜੇ ਉਤਸ਼ਾਹ ਨਾਲ ਖਰੀਦੀਆਂ ਜਾ ਰਹੀਆਂ ਹਨ। ਜਿਸ ਸ਼ੋਅ ਵਿਚ ਬੱਚੇ ਤੇ ਔਰਤਾਂ ਸ਼ਾਮਲ ਹੋਣਾ ਮਾਣ ਵਾਲੀ ਗੱਲ ਸਮਝਣ, ਉਸ ਸ਼ੋਅ ਦੇ ਅਸਫਲ ਹੋਣ ਦੀ ਸੰਭਾਵਨਾ ਹੋ ਹੀ ਨਹੀਂ ਸਕਦੀ। ਡਾ. ਹਰਮੇਸ਼ ਕੁਮਾਰ, ਤਾਜ ਰੰਧਾਵਾ ਤੇ ਵਿਨੈ ਵੋਹਰਾ ਨੇ ਸਭ ਪੰਜਾਬੀ ਭੈਣ-ਭਰਾਵਾਂ ਨੂੰ ਬੇਨਤੀ ਕੀਤੀ ਕਿ ਇਸ ਸੰਗੀਤਕ ਤੇ ਰੰਗੀਨ ਸ਼ਾਮ ਵਿਚ ਆਪਣੀ ਹਾਜ਼ਰੀ ਨੂੰ ਯਕੀਨੀ ਬਣਾਉਣ। ਸੰਪਰਕ ਲਈ ਫੋਨ ਨੰਬਰ ਹਨ : 408-821-9325 (ਡਾ. ਕੁਮਾਰ), 559-259-4247 (ਤਾਜ ਰੰਧਾਵਾ) ਤੇ 559-213-0462 (ਵਿਨੈ ਵੋਹਰਾ)।

# ਬੀਬੀ ਜਸਵੰਤ ਕੌਰ ਨਮਿਤ ਸ਼ਰਧਾਂਜਲੀ ਸਮਾਗਮ

**ਪਾਇਲ:** ਪੰਜਾਬ ਦੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੀ ਪਤਨੀ ਬੀਬੀ ਜਸਵੰਤ ਕੌਰ ਨਮਿੱਤ ਪਾਠ ਦਾ ਭੋਗ ਪਿੰਡ ਕੋਟਲੀ ਵਿਖੇ ਪਾਇਆ ਗਿਆ। ਇਸ ਮੌਕੇ ਵੱਖ-ਵੱਖ ਰਾਜਸੀ ਪਾਰਟੀਆਂ ਦੇ ਆਗੂਆਂ, ਧਾਰਮਿਕ ਸੰਸਥਾਵਾਂ ਦੇ ਮੁਖੀਆਂ ਨੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ।



ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵਲੋਂ ਕੇਂਦਰੀ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਨੇ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਇਸ ਪਰਿਵਾਰ ਦੇ ਮੁਖੀ ਬੇਅੰਤ ਸਿੰਘ ਨੇ ਆਪਣਾ ਆਪ ਵਾਰ ਕੇ ਸੂਬੇ ਅੰਦਰ ਅਮਨ ਸ਼ਾਂਤੀ ਦਾ ਮਾਹੌਲ ਬਣਾਇਆ। ਉਨ੍ਹਾਂ ਕਿਹਾ ਕਿ ਮਾਤਾ ਜਸਵੰਤ ਕੌਰ ਦੀ ਦੂਰਅੰਦੇਸ਼ੀ ਸੋਚ ਸਦਕਾ ਹੀ ਇਹ ਪਰਿਵਾਰ ਦੇਸ਼ ਦੇ ਨਾਮੀ ਘਰਾਣਿਆਂ ਦੀ ਸੂਚੀ ਵਿਚ ਸ਼ਾਮਲ ਹੋਇਆ ਹੈ।

ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਬੀਬੀ ਜਸਵੰਤ ਕੌਰ ਦੀ ਪ੍ਰੇਰਨਾ ਸਦਕਾ ਹੀ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦਾ ਸਾਰਾ ਪਰਿਵਾਰ ਕਾਂਗਰਸ ਪਾਰਟੀ ਦੇ ਇਕ ਵਫਾਦਾਰ ਸਿਪਾਹੀ ਦੇ ਤੌਰ 'ਤੇ ਦੇਸ਼ ਦੀ ਸੇਵਾ ਕਰ ਰਿਹਾ ਹੈ। ਪੰਜਾਬ ਮਾਮਲਿਆਂ ਦੀ ਇੰਚਾਰਜ ਮੋਹਸਿਨਾ ਕਿਦਵਾਈ ਨੇ ਕੁੱਲ ਹਿੰਦ ਕਾਂਗਰਸ ਦੀ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਵਲੋਂ ਬੀਬੀ ਜਸਵੰਤ ਕੌਰ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਤੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ, "ਸ਼ਹੀਦ ਬੇਅੰਤ ਸਿੰਘ ਦੇ ਪਰਿਵਾਰ ਨੇ ਸਾਰੇ ਪੰਜਾਬ ਦੀ ਭਲਾਈ ਲਈ ਲੜਾਈ ਲੜੀ ਹੈ ਜਿਸ ਦੇ ਪਿੱਛੇ ਮਾਤਾ ਜੀ ਦਾ ਅਹਿਮ ਯੋਗਦਾਨ ਰਿਹਾ ਹੈ।" ਵਿਰੋਧੀ ਧਿਰ ਦੀ ਨੇਤਾ ਬੀਬੀ ਰਜਿੰਦਰ ਕੌਰ ਭੱਠਲ ਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਮਹਿੰਦਰ ਸਿੰਘ ਕੇ.ਪੀ. ਨੇ ਮਾਤਾ ਜਸਵੰਤ ਕੌਰ ਨੂੰ ਯਾਦ ਕੀਤਾ। ਸਾਬਕਾ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਮਹੇਸ਼ਇੰਦਰ ਸਿੰਘ ਗਰੇਵਾਲ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਸ਼ੋਕ ਸੰਦੇਸ਼ ਪੜ੍ਹ ਕੇ ਸੁਣਾਇਆ। ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਵਲੋਂ ਹਰਿਆਣਾ ਸਰਕਾਰ ਦੇ ਟ੍ਰਾਂਸਪੋਰਟ ਮੰਤਰੀ ਉਮ ਪ੍ਰਕਾਸ਼ ਨੇ ਸ਼ਰਧਾਂਜਲੀ ਭੇਟ ਕੀਤੀ। ਕੁੱਲ ਹਿੰਦ ਯੂਥ ਕਾਂਗਰਸ ਦੇ ਜਨਰਲ ਸਕੱਤਰ ਅਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਵਿਕਾਸ ਉਪਾਧਿਆਏ ਸ੍ਰੀ ਰਾਹੁਲ ਗਾਂਧੀ ਦਾ ਸੰਦੇਸ਼ ਲੈ ਕੇ ਸ਼ਾਮਲ ਹੋਏ।

ਬੀਬੀ ਜਸਵੰਤ ਕੌਰ ਨੂੰ ਪ੍ਰਧਾਨ ਕੁੱਲ ਹਿੰਦ ਅਤਿਵਾਦੀ ਵਿਰੋਧੀ ਫਰੰਟ ਮਨਿੰਦਰਜੀਤ ਸਿੰਘ ਬਿੱਟਾ, ਪ੍ਰਧਾਨ ਬਹੁਜਨ ਸਮਾਜ ਪਾਰਟੀ ਅਵਤਾਰ ਸਿੰਘ ਕਰੀਮਪੁਰੀ, ਕਾਮਰੇਡ ਜੋਗਿੰਦਰ ਦਿਆਲ, ਸਾਬਕਾ ਐਮ.ਪੀ. ਜਗਮੀਤ ਬਰਾੜ, ਲੋਕ ਸਭਾ ਮੈਂਬਰ ਮੁਨੀਸ਼ ਤਿਵਾੜੀ ਤੇ ਸੁਖਦੇਵ ਸਿੰਘ ਲਿਬੜਾ, ਅਜੀਤਇੰਦਰ ਸਿੰਘ ਮੋਫਰ, ਰਾਣਾ ਕੇ ਪੀ ਸਿੰਘ, ਨਿਰਮਲ ਸਿੰਘ ਸੁਤਰਾਣਾ, ਬ੍ਰਹਮ ਮਹਿੰਦਰਾ, ਦਰਸ਼ਨ ਸਿੰਘ ਬਰਾੜ, ਗੁਰਦੀਪ ਸਿੰਘ ਭੈਣੀ, ਮੰਗਤ ਰਾਏ ਬਾਂਸਲ, ਬੀਬੀ ਹਰਚੰਦ ਕੌਰ, ਸੁਖਪਾਲ ਸਿੰਘ ਖਹਿਰਾ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ।



*ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਬੀਬੀ ਜਸਵੰਤ ਕੌਰ ਦੀ ਦੇਹ 'ਤੇ ਫੁੱਲ ਚੜ੍ਹਾਉਂਦੇ ਹੋਏ*

## ਧਾਮੀ ਮੁੜ ਚੁਣੇ ਗਏ ਦਲ ਖਾਲਸਾ ਦੇ ਪ੍ਰਧਾਨ

**ਹੁਸ਼ਿਆਰਪੁਰ:** ਦਲ ਖਾਲਸਾ ਦੀ ਕਾਰਜਕਾਰੀ ਕਮੇਟੀ ਅਤੇ ਜ਼ਿਲ੍ਹਾ ਪ੍ਰਧਾਨਾਂ ਨੇ ਬੀਤੀ 10 ਅਗਸਤ ਨੂੰ ਪਾਰਟੀ ਦੀ 32ਵੀਂ ਵਰਵੇਗੰਢ ਮੌਕੇ ਸਰਬਸੰਮਤੀ ਨਾਲ ਮੌਜੂਦਾ ਪ੍ਰਧਾਨ ਹਰਚਰਨਜੀਤ ਸਿੰਘ ਧਾਮੀ ਨੂੰ ਅਗਲੇ ਦੋ ਸਾਲਾਂ ਲਈ ਮੁੜ ਪ੍ਰਧਾਨ ਚੁਣ ਲਿਆ। ਇੱਥੇ ਕਰਵਾਏ ਸਮਾਗਮ ਵਿਚ ਸ. ਧਾਮੀ ਨੂੰ ਨਵਾਂ ਜਥੇਬੰਦਕ ਢਾਂਚਾ ਬਣਾਉਣ ਦੇ ਅਧਿਕਾਰ ਦੇ ਦਿੱਤੇ ਗਏ ਹਨ।

ਇਸ ਮੌਕੇ 'ਤੇ ਪੰਜਾਬ ਨੂੰ ਪ੍ਰਭੂਸੱਤਾ ਸੰਪੰਨ ਮੁਲਕ ਵਜੋਂ ਸਿਰਜਣ ਦਾ ਅਹਿਦ ਲੈਂਦਿਆਂ ਦਲ ਖਾਲਸਾ ਆਗੂਆਂ ਨੇ 15 ਅਗਸਤ ਕਾਲੇ ਦਿਵਸ ਵਜੋਂ ਮਨਾਉਣ ਦਾ ਐਲਾਨ ਕੀਤਾ ਅਤੇ ਲੋਕਾਂ ਨੂੰ ਵੀ ਆਜ਼ਾਦੀ ਦਿਵਸ ਸਮਾਗਮਾਂ ਤੋਂ ਦੂਰ ਰਹਿਣ ਦੀ ਅਪੀਲ ਕੀਤੀ। ਦਲ ਖਾਲਸਾ ਦੇ ਸਾਬਕਾ ਪ੍ਰਧਾਨ ਸਤਨਾਮ ਸਿੰਘ ਪਾਉਂਟਾ ਨੇ ਕਿਹਾ ਕਿ ਜਿਸ ਦਿਨ ਖਾਲਿਸਤਾਨ ਬਣ ਜਾਵੇਗਾ, ਉਸ ਦਿਨ ਆਜ਼ਾਦੀ ਮਨਾਈ ਜਾਵੇਗੀ। ਉਨ੍ਹਾਂ ਕਿਹਾ ਕਿ ਦੇਸ਼ ਦੇ ਹੋਰਨਾਂ ਸੂਬਿਆਂ ਵਿਚ ਜਦੋਂ ਕੋਈ ਸਮੱਸਿਆ ਖੜ੍ਹੀ ਹੁੰਦੀ ਹੈ ਤਾਂ ਸਰਕਾਰ ਝੱਟ ਉਥੋਂ ਦੇ ਬਾਗੀ ਆਗੂਆਂ ਨਾਲ ਗੱਲਬਾਤ ਕਰਦੀ ਹੈ ਪਰ ਪੰਜਾਬ ਵਿਚਲੀ ਸਮੱਸਿਆ ਉਸ ਨੂੰ ਕੋਈ ਸਮੱਸਿਆ ਨਹੀਂ ਲਗਦੀ।

ਪਾਰਟੀ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਦੱਸਿਆ ਕਿ 15 ਅਗਸਤ ਨੂੰ ਅੰਮ੍ਰਿਤਸਰ ਵਿਖੇ 3 ਘੰਟੇ ਲਈ ਸ਼ਾਂਤਮਈ ਧਰਨਾ ਦੇ ਕੇ ਪੂਰੇ ਵਿਸ਼ਵ ਨੂੰ ਇਹ ਸੁਨੇਹਾ ਦਿੱਤਾ ਜਾਵੇਗਾ ਕਿ ਸਿੱਖ ਕੌਮ ਆਪਣੇ ਦੇਸ਼ ਦੀ ਹਕੂਮਤ ਤੋਂ ਨਾਖੁਸ਼ ਹੈ ਅਤੇ ਉਹ ਆਪਣੇ ਨਾਲ ਹੋਈਆਂ ਵਧੀਕੀਆਂ ਅਤੇ ਨਸਲਕੁਸ਼ੀ ਨੂੰ ਨਹੀਂ ਭੁੱਲੇ। ਇਸ ਮੌਕੇ 'ਤੇ ਦਲ ਖਾਲਸਾ ਦੀ ਮੈਂਬਰਸ਼ਿਪ ਖੋਲ੍ਹਣ ਦਾ ਐਲਾਨ ਕਰਦਿਆਂ ਸ. ਧਾਮੀ ਨੇ ਕਿਹਾ ਕਿ ਪਾਰਟੀ ਦਾ ਮੁੱਖ ਮਕਸਦ ਨੌਜਵਾਨਾਂ ਦੀ ਸਿਧਾਂਤਕ ਲੀਹਾਂ 'ਤੇ ਚਰਿੱਤਰ ਉਸਾਰੀ ਕਰਨਾ ਹੈ।

## ਮੁਸ਼ੱਰਫ ਭਗੌੜਾ ਕਰਾਰ

**ਕਰਾਚੀ:** ਸਿੰਧ ਹਾਈ ਕੋਰਟ ਨੇ ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ ਨੂੰ ਵਾਰ-ਵਾਰ ਨੋਟਿਸ ਦਿੱਤੇ ਜਾਣ ਦੇ ਬਾਵਜੂਦ ਅਦਾਲਤ ਵਿਚ ਪੇਸ਼ ਨਾ ਹੋਣ ਕਾਰਨ ਭਗੌੜਾ ਕਰਾਰ ਦਿੱਤਾ ਹੈ।


ਮਕੈਨਿਕ ਮੈਨੇਜਰ ਦੀ ਲੋੜ ਹੈ

ਇੰਡੀਆਨਾ ਵਿਚ ਇਕ ਟਰੱਕ ਰਿਪੇਅਰ ਸ਼ਾਪ ਵਾਸਤੇ ਇਕ ਜ਼ਿਮੇਵਾਰ ਮਕੈਨਿਕ ਮੈਨੇਜਰ ਦੀ ਲੋੜ ਹੈ ਜੋ ਕਿ ਆਪਣੇ ਸਟਾਫ ਅਤੇ ਸ਼ਾਪ ਵਿਚ ਵਰਤੇ ਜਾਣ ਵਾਲੇ ਸਾਮਾਨ ਦੀ ਰੋਜ਼ਾਨਾ ਖਰੀਦੋ-ਫਰੋਖਤ ਲਈ ਜ਼ਿਮੇਵਾਰ ਹੋਵੇਗਾ। ਤਨਖਾਹ ਯੋਗਤਾ ਅਨੁਸਾਰ ਦਿੱਤੀ ਜਾਵੇਗੀ।

ਸੰਪਰਕ ਕਰੋ: ਜੱਸੀ, ਫੋਨ:765-987-7000

HWY 70 Exit 123, Spiceland, IN



ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ

ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ

ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



RAM Commercial Insurance

High Five Plaza #204
19625 Harlan Rd Lathrop CA 95330
Exactly on I-5 and Luise Exit Opposite to Dennis Restaurant

Global Multi Services

ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.



Rajinder Singh
Insurance Lic No. 0G73739

Financing Available For Buying Trucks

Cell:(510) 557-6988, Ph:209-982-9996

# ਭੁੱਖ ਤੇ ਦੁੱਖ ਨਾਲ ਲੜਨ ਲਈ ਮਜਬੂਰ ਨੇ ਪੰਜਾਬ ਦੇ ਅਨੇਕਾਂ 'ਗਾਮੀ'

**ਸਵਰਨ ਸਿੰਘ ਟਹਿਣਾ***


ਸਾਢੇ ਪੰਜ ਦਹਾਕਿਆਂ ਦੀ ਉਮਰ 'ਚੋਂ ਚਾਰ ਦਹਾਕੇ ਰੰਗਮੰਚ ਦੇ ਲੇਖੇ ਲਾਉਣ ਵਾਲਾ ਸਿਰੜੀ ਸੁਰਜੀਤ ਗਾਮੀ ਤੇਰਾਂ ਦਿਨ ਬਿਮਾਰੀ ਨਾਲ ਜੱਦੋ-ਜਹਿਦ ਕਰਨ ਪਿੱਛੋਂ ਮੌਤ ਦੀ ਬੁੱਕਲ 'ਚ ਸੌਂ ਗਿਆ। ਉਹਦੀ ਇਨਕਲਾਬੀ ਸੋਚ ਤੇ ਪੱਕੇ ਇਰਾਦਿਆਂ ਮੂਹਰੇ ਸਿਰ ਆਪ ਮੂਹਰੇ ਨੀਵਾਂ ਹੋ ਜਾਂਦੈ।


ਸਵਰਨ ਸਿੰਘ ਟਹਿਣਾ

## ਕੀ ਮੈਂ ਝੂਠ ਬੋਲਿਐ...

ਰੰਗਮੰਚ ਨਾਲ ਉਸ ਦੇ ਇਸ਼ਕ ਤੇ ਜਗੀਰੂ ਨਿਜ਼ਾਮ ਖਿਲਾਫ਼ ਧਾਰਨਾ ਬਾਰੇ ਉਹ ਸੱਜਣ ਜ਼ਿਆਦਾ ਜਾਣਦੇ ਨੇ, ਜਿਹੜੇ ਉਸ ਨਾਲ ਗੁਜ਼ਾਰੇ ਪਲਾਂ ਦੇ ਗਵਾਹ ਨੇ। ਕਿਸੇ ਅੱਗੇ ਹੱਥ ਫੈਲਾਉਣ ਦੀ ਥਾਂ ਅਣਖੀਲੀ ਜ਼ਿੰਦਗੀ ਜਿਉਣ ਵਾਲੀ ਅਦਾ ਨੇ ਉਸ ਨੂੰ ਜਿੰਨੇ ਲੋਕਾਂ ਦਾ ਚਹੇਤਾ ਬਣਾਇਆ, ਉਹ ਉਸ ਨੂੰ ਕਦੇ ਚੇਤੇ 'ਚੋਂ ਵਿਸਾਰ ਨਹੀਂ ਸਕਣਗੇ।

ਉਮਰ ਦਾ ਵੱਡਾ ਹਿੱਸਾ 'ਰੰਗ' ਨਾਲ ਗਾਮੀ ਦੀ ਖਾਸੀ ਨੇੜਤਾ ਰਹੀ। 'ਰੰਗਮੰਚ' ਦਾ ਜਨੂੰਨ ਉਸ ਦੇ ਸਿਰ 'ਤੇ ਸਵਾਰ ਰਿਹਾ, ਰੋਟੀ ਟੁੱਕ ਲਈ ਉਸ ਨੇ 'ਰੰਗ ਰੋਗਨ' ਦਾ ਕਿੱਤਾ ਚੁਣਿਆ ਤੇ


ਜੋਗਿੰਦਰ ਸਿੰਘ ਮਤਵਾਲਾ

ਅਖੀਰ ਮੌਤ ਦੀ ਬੁੱਕਲ 'ਚ ਵੀ 'ਅਧਰੰਗ' ਨੇ ਸੁਆਇਆ। ਪੈਰ-ਪੈਰ 'ਤੇ ਉਸ ਦਾ ਟਾਕਰਾ ਮੁਸ਼ਕਲਾਂ ਨਾਲ ਹੋਇਆ, ਪਰ ਉਹ ਜਾਂਬਾਜ਼ ਸਿਪਾਹੀ ਵਾਂਗ ਹਰ ਮੁਸ਼ਕਲ ਨਾਲ ਨੰਗੇ ਧੜ ਲੜਿਆ। ਨਾ ਕਿਸੇ ਦੀ ਚਾਪਲੂਸੀ ਕੀਤੀ, ਨਾ ਸਮਝੌਤਾਵਾਦੀ ਨੀਤੀ ਅਪਨਾਈ, ਨਾ ਹੀ ਗਲਤ ਨੂੰ ਸਹੀ ਆਖਿਆ ਤੇ ਸਿੱਟਾ ਇਹ ਨਿਕਲਿਆ ਕਿ ਸਮਾਜ ਜਾਂ ਸਰਕਾਰ ਨੂੰ ਉਸ ਦੀ ਜ਼ਿੰਦਗੀ 'ਚ ਰੰਗ ਭਰਨਾ ਕਦੇ ਆਪਣਾ ਫ਼ਰਜ਼ ਨਾ ਜਾਪਿਆ।


ਜਦੋਂ ਗਾਮੀ ਨੇ ਮੰਜਾ ਮੱਲ ਲਿਆ ਤਾਂ ਕਦਰ ਕਰਨ ਵਾਲਿਆਂ ਸਰਕਾਰੇ-ਦਰਬਾਰੇ ਉਸ ਦੇ ਇਲਾਜ ਲਈ ਫਰਿਆਦਾਂ ਕੀਤੀਆਂ, ਪਰ ਕਿਸੇ ਨੇ ਇਕ ਨਾ ਸੁਣੀ। ਅਖ਼ਬਾਰਾਂ 'ਚ ਖ਼ਬਰਾਂ ਛਪੀਆਂ ਕਿ ਕੱਚੇ ਢਾਰੇ 'ਚ ਦਿਨਕਟੀ ਕਰਨ ਵਾਲੇ ਉਸ ਕਲਾਵਾਨ ਦੇ ਪਰਿਵਾਰ ਦੀ ਏਨੀ ਪੁੱਜਤ ਨਹੀਂ ਕਿ ਮਹਿੰਗਾ ਇਲਾਜ ਕਰਾ ਸਕੇ ਪਰ ਸਰਕਾਰ ਜਾਂ ਪ੍ਰਸ਼ਾਸਨ ਨੂੰ ਉਸ ਦੀ ਸਾਰ ਲੈਣੀ ਫ਼ਾਇਦੇ ਦਾ ਸੌਦਾ ਨਾ ਜਾਪੀ। ਅਖੀਰ ਦੋਸਤਾਂ-ਮਿੱਤਰਾਂ ਰਲ ਕੇ ਫੰਡ ਇਕੱਠਾ ਕਰਨਾ ਸ਼ੁਰੂ ਕੀਤਾ। ਇਕ ਸਾਬਕਾ ਕਾਂਗਰਸੀ ਵਿਧਾਇਕ ਨੇ ਪੰਦਰਾਂ ਕੁ ਹਜ਼ਾਰ ਦਾ ਚੈਕ ਦਿੱਤਾ, ਨੇੜਲੇ ਸਾਥੀਆਂ ਨੇ ਵਿੱਤ ਮੁਤਾਬਕ ਮਦਦ ਕੀਤੀ, ਪਰ ਇਹ ਮਦਦ ਉਸ ਨੂੰ ਮੌਤ ਦੇ ਜ਼ਾਲਮ ਪੰਜੇ 'ਚੋਂ ਛੁਡਾ ਨਾ ਸਕੀ।

ਬਿਮਾਰੀ ਨਾਲ ਜੂਝਦੇ ਗਾਮੀ ਦੀ ਮੌਤ ਨੇ 'ਵਿਰਸੇ ਦੀਆਂ ਸੇਵਾਦਾਰ' ਜਥੇਬੰਦੀਆਂ ਤੇ ਨੀਲੀਆਂ-ਚਿੱਟੀਆਂ ਪੱਗਾਂ ਵਾਲੀ ਲੀਡਰਸ਼ਿਪ ਦੀ ਜਿਹੜੀ ਪੋਲ ਖੋਲ੍ਹੀ, ਉਸ ਬਾਰੇ ਜਿੰਨੀ ਵਾਰ ਸੋਚੀਦੈ, ਓਨੀ ਵਾਰ ਸਿਰ ਸ਼ਰਮ ਨਾਲ ਝੁਕ ਜਾਂਦੈ। ਦੂਜੇ-ਤੀਜੇ ਮਹੀਨੇ ਅਖ਼ਬਾਰਾਂ ਜ਼ਰੀਏ ਸਰਕਾਰ ਅੱਗੇ ਅਰਜ਼ੋਈਆਂ ਕੀਤੀਆਂ ਜਾਂਦੀਆਂ ਨੇ ਕਿ ਫ਼ਲਾਣਾ ਕਲਾਵਾਨ ਬਿਮਾਰੀ ਨਾਲ ਲੜ ਰਿਹੈ ਤੇ ਉਸ ਦਾ ਇਲਾਜ ਸਰਕਾਰੀ ਖਰਚੇ 'ਤੇ ਕਰਾਇਆ ਜਾਵੇ। ਕਈ ਵਾਰ ਸਰਕਾਰਾਂ ਤੱਕ ਇਹ ਖ਼ਬਰਾਂ ਪਹੁੰਚਦੀਆਂ ਹੀ ਨਹੀਂ ਤੇ ਬਹੁਤੀ ਵਾਰ ਜਾਣ-ਬੁੱਝ ਕੇ ਸ਼ਾਇਦ ਇਸ ਕਰਕੇ ਅਣਗੌਲੀਆਂ ਕਰ ਦਿੱਤੀਆਂ ਜਾਂਦੀਆਂ ਨੇ ਕਿ ਕਲਾ ਜਦੋਂ ਪੈਦਾ ਹੀ ਗੁਰਬਤ 'ਚ ਹੁੰਦੀ ਹੈ ਤਾਂ ਮੌਤ ਦੇ ਸਾਹਮਣੇ ਵੇਲੇ ਇਲਾਜ ਦਾ ਕੀ ਕੰਮ?

ਜਦੋਂ ਜੋਗਿੰਦਰ ਬਾਹਰਲਾ ਬਿਮਾਰੀ ਨਾਲ ਜੂਝ ਰਿਹਾ ਸੀ, ਸਰਕਾਰ ਅੱਗੇ ਉਸ ਦੇ ਇਲਾਜ ਲਈ ਤਰਲੇ ਕੱਢੇ ਗਏ ਸਨ, ਜਗਦੀਸ਼ ਫ਼ਰਿਆਦੀ ਦੀ ਬਿਮਾਰੀ ਵੇਲੇ ਵੀ। ਸ਼ਾਇਰ ਹਰਿੰਦਰ ਸਿੰਘ ਮਹਿਬੂਬ ਵੇਲੇ ਵੀ ਏਦਾਂ ਹੀ ਹੋਇਆ। ਥੋੜ੍ਹੀ ਦੇਰ ਪਹਿਲਾਂ ਬਿਮਾਰੀ ਦਾ ਸਾਹਮਣਾ ਕਰ ਰਹੇ ਨਾਟਕਕਾਰ ਅਜਮੇਰ ਔਲਖ ਨੂੰ ਵੀ ਨੇੜਲਿਆਂ ਦੀ ਮਦਦ ਨਾਲ ਹੀ ਬਚਾਇਆ ਜਾ ਸਕਿਆ, ਜੇ ਸਰਕਾਰ 'ਤੇ ਡੋਰ ਰੱਖੀ ਜਾਂਦੀ ਤਾਂ ਰੱਬ ਹੀ ਰਾਖਾ ਸੀ।

ਪੰਜਾਬ ਦੇ ਵਿਰਸੇ ਨੂੰ ਸੰਭਾਲਣ ਵਾਲੇ ਜਿਹੜੇ ਲੋਕਾਂ ਨੂੰ ਅਸੀਂ 'ਮਹਾਨ' ਆਖ ਕੇ ਵਡਿਆਉਂਦੇ ਹਾਂ, ਜਿਹੜੇ ਗਵੱਈਆਂ ਲਈ ਅਸੀਂ 'ਸਿਰਮੌਰ ਲੋਕ ਗਾਇਕ' ਵਰਗੇ ਸ਼ਬਦ ਵਰਤਦੇ ਹਾਂ, ਜਿਹੜੇ ਸਾਹਿਤਕਾਰਾਂ ਨੂੰ ਅਸੀਂ 'ਕਲਮ ਦੇ ਧਨੀ' ਆਖਦੇ ਨਹੀਂ ਥੱਕਦੇ, ਉਨ੍ਹਾਂ ਦੇ ਅੰਤਲੇ ਵੇਲੇ 'ਸੱਭਿਆਚਾਰ ਹਿਤੈਸ਼ੀ' ਦੁੱਖ 'ਚ ਸ਼ਰੀਕ ਕਿਉਂ ਨਹੀਂ ਹੁੰਦੇ? ਸਿਹਤਯਾਬੀ ਲਈ ਕੋਈ ਫੰਡ ਕਾਇਮ ਕਿਉਂ ਨਹੀਂ ਕਰਦੇ? ਉਨ੍ਹਾਂ ਦੀ ਕਲਾ ਨੂੰ ਉਮਰ ਭਰ ਮਜਬੂਰੀਆਂ ਦਾ ਭਾਰ ਕਿਉਂ ਚੁੱਕਣਾ ਪੈਂਦੈ? ਇਹ ਸਵਾਲ ਅੱਜ ਹਰ ਉਸ ਪੰਜਾਬੀ ਅੱਗੇ ਮੂੰਹ ਅੱਡੀ ਖੜ੍ਹੈ, ਜਿਹੜਾ ਕਲਾਵਾਨਾਂ ਦੇ ਦਰਦ ਨੂੰ ਆਪਣਾ ਦਰਦ ਸਮਝਦੈ।

ਸਰਕਾਰਾਂ ਦੀਆਂ ਗ਼ਲਤ ਨੀਤੀਆਂ ਕਾਰਨ ਜਦੋਂ ਸਰਕਾਰੀ ਖ਼ਜ਼ਾਨਾ ਉਜੜ ਰਿਹੈ, ਖ਼ਜ਼ਾਨਾ ਭਰਨ ਦੇ ਨਾਂ 'ਤੇ ਲੋਕਾਂ ਦੀ ਛਿੱਲ ਲਾਹੀ ਜਾ ਰਹੀ ਏ ਤੇ ਲੋਕਾਂ ਦੇ ਪੈਸੇ 'ਤੇ ਮੌਜ ਮਸਤੀਆਂ ਕਰਨ ਦਾ ਕੋਈ ਮੌਕਾ ਗੁਆਇਆ ਨਹੀਂ ਜਾ ਰਿਹਾ ਤਾਂ ਕੀ ਉਦੋਂ ਭਲੇ ਦਾ ਇਕ-ਅੱਧ ਕੰਮ ਕਰਦਿਆਂ ਏਨਾ ਨਹੀਂ ਕੀਤਾ ਜਾ ਸਕਦਾ ਕਿ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ, ਸੱਭਿਆਚਾਰਕ ਸੱਥਾਂ ਤੇ ਸਾਹਿਤਕ ਸਭਾਵਾਂ ਦੀ ਮਦਦ ਨਾਲ ਉਨ੍ਹਾਂ ਥੁੜ੍ਹਾਂ ਮਾਰੇ ਲੋਕਾਂ ਦੀਆਂ ਸੂਚੀਆਂ ਤਿਆਰ ਕਰ ਲਈਆਂ ਜਾਣ, ਜਿਨ੍ਹਾਂ ਨੇ ਪੂਰੀ ਜ਼ਿੰਦਗੀ ਬਿਨਾਂ ਸਵਾਰਥ ਵੱਖ-ਵੱਖ ਖਿੱਤਿਆਂ 'ਚ ਵਡਮੁੱਲਾ ਯੋਗਦਾਨ ਪਾਇਆ। ਕੀ ਜਗਦੇਵ ਸਿੰਘ ਜੱਸੋਵਾਲ ਦੇ ਕਹਿਣ


ਸਵਰਗੀ ਸੁਰਜੀਤ ਗਾਮੀ

ਮੁਤਾਬਕ ਦਵਾਈ-ਬੂਟੀ ਤੇ ਰਾਸ਼ਨ ਪਾਣੀ ਲਈ ਉਨ੍ਹਾਂ ਦੀਆਂ ਥੋੜ੍ਹੀਆਂ-ਥੋੜ੍ਹੀਆਂ ਪੈਨਸ਼ਨਾਂ ਨਹੀਂ ਬੰਨ੍ਹੀਆਂ ਜਾ ਸਕਦੀਆਂ? ਕੀ ਉਨ੍ਹਾਂ ਦੇ ਸਿਹਤ ਬੀਮੇ ਨਹੀਂ ਕੀਤੇ ਜਾ ਸਕਦੇ ਤਾਂ ਜੁ ਅੰਤਲੇ ਵੇਲੇ ਉਨ੍ਹਾਂ ਨੂੰ ਤਿਲ-ਤਿਲ ਮਰਨਾ ਨਾ ਪਵੇ?

ਜੇ ਸੁਰਿੰਦਰ ਕੌਰ ਬਾਦਲ ਦਾ ਇਲਾਜ ਅਮਰੀਕਾ ਵਰਗੇ ਮੁਲਕ 'ਚ ਹੋ ਸਕਦੈ ਤੇ ਉਸ ਦੇ ਇਲਾਜ ਖਾਤਰ ਮੁੱਖ ਮੰਤਰੀ ਵੱਲੋਂ ਅਮਰੀਕਾ 'ਚ ਬਿਤਾਏ ਪੰਤਾਲੀ ਦਿਨਾਂ ਦੀ ਪ੍ਰਾਈਵੇਟ ਸਕਿਊਰਿਟੀ ਦਾ ਖਰਚਾ ਸਰਕਾਰੀ ਖਜ਼ਾਨੇ 'ਚੋਂ ਅਦਾ ਕੀਤਾ ਜਾ ਸਕਦੈ ਤਾਂ ਗਾਮੀ ਵਰਗਿਆਂ ਦੇ ਇਲਾਜ ਦਾ ਖਰਚਾ ਸਰਕਾਰ ਕਿਉਂ ਨਹੀਂ ਉਠਾ ਸਕਦੀ? ਕੀ ਇਲਾਜ ਦਾ ਹੱਕ ਸਿਰਫ਼ ਧਨਾਢਾਂ ਤੱਕ ਸੀਮਤ ਹੋ ਕੇ ਰਹਿ ਗਿਐ? ਕੀ ਆਮ ਬੰਦੇ ਨੂੰ ਅੱਡੀਆਂ ਰਗੜ-ਰਗੜ ਮਰਦਿਆਂ ਦੇਖਦੇ ਰਹਿਣਾ ਚਾਹੀਦੈ?

ਗੱਲ ਇਕ 'ਗਾਮੀ' ਦੀ ਨਹੀਂ, ਉਸ ਵਰਗੇ ਅਨੇਕਾਂ ਉਨ੍ਹਾਂ 'ਗਾਮੀਆਂ' ਦੀ ਹੈ, ਜਿਹੜੇ ਉਮਰ ਭਰ ਕਲਾ ਦੀਆਂ ਵੱਖ-ਵੱਖ ਵੰਨਗੀਆਂ ਨੂੰ ਸਮਰਪਿਤ ਰਹਿੰਦੇ ਨੇ। ਵਿਰਸੇ ਨੂੰ ਸੰਭਾਲਣ ਅਤੇ ਲੋਕਾਂ ਨੂੰ ਚਾਨਣ ਵਿਖਾਉਣ ਲਈ ਅਥਾਹ ਯੋਗਦਾਨ ਪਾਉਂਦੇ ਨੇ, ਪਰ ਬਿਮਾਰੀਆਂ ਨਾਲ ਦੋ-ਚਾਰ ਹੁੰਦਿਆਂ ਜਦੋਂ ਉਨ੍ਹਾਂ ਦੇ ਹੱਡ ਖਾਲੀ ਭਾਂਡੇ ਵਾਂਗ ਖੜਕਣ ਲੱਗ ਜਾਂਦੇ ਨੇ ਤਾਂ ਉਨ੍ਹਾਂ ਦਾ ਆਖਰੀ ਸਹਾਰਾ ਸਿਰਫ਼ ਮੰਜਾ ਰਹਿ ਜਾਂਦਾ ਹੈ।

ਕੌਣ ਜਾਣਦੈ ਕਿ ਆਪਣੇ ਵੇਲੇ ਦਾ ਨਾਮਵਰ ਗੀਤਕਾਰ ਪਾਲ ਮਜਾਰੇ ਵਾਲਾ ਪਿਛਲੇ ਤਿੰਨ ਦਹਾਕਿਆਂ ਤੋਂ ਅਧਰੰਗ ਕਾਰਨ ਮੰਜੇ ਨਾਲ ਜੁੜਿਆ ਹੋਇਐ। ਉਸ ਦੇ ਲਿਖੇ 'ਨੱਚਣ ਵਾਲੇ ਦੀ ਅੱਡੀ ਨਾ ਰਹਿੰਦੀ, ਗਾਉਣ ਵਾਲੇ ਦਾ ਮੂੰਹ' ਸਮੇਤ ਅਨੇਕਾਂ ਹੋਰ ਗੀਤਾਂ ਦਾ ਅਨੰਦ ਹਰ ਪੰਜਾਬੀ ਨੇ ਮਾਣਿਆ। ਮੁਹੰਮਦ-ਸਦੀਕ-ਰਣਜੀਤ ਕੌਰ, ਨਰਿੰਦਰ ਬੀਬਾ, ਜਗਤਾਰ ਜੱਗਾ ਤੇ ਸੁਰਿੰਦਰ ਸ਼ਿੰਦਾ ਸਮੇਤ ਕਈ ਹੋਰ ਕਲਾਕਾਰਾਂ ਨੇ ਉਸ ਦੇ ਗੀਤ ਗਾਉਣ ਦਾ ਮਾਣ ਹਾਸਲ ਕੀਤਾ, ਪਰ ਇਨ੍ਹਾਂ ਗਾਇਕਾਂ ਸਮੇਤ ਕਿੰਨੇ ਕੁ ਪੰਜਾਬੀ ਨੇ ਜਿਨ੍ਹਾਂ ਆਰਥਿਕ ਪੱਖੋਂ ਕਦੇ ਉਸ ਦੀ ਮਦਦ ਕੀਤੀ ਏ?


ਪੰਜਾਬੀ ਗਾਇਕੀ ਦੀ ਕਈ ਦਹਾਕੇ ਸੇਵਾ ਕਰਨ ਵਾਲਾ ਜੋਗਿੰਦਰ ਸਿੰਘ ਮਤਵਾਲਾ ਉਮਰ ਦੇ ਪਚੱਤਰਵੇਂ ਵਰ੍ਹੇ 'ਚ ਅੱਜ ਜਿਹੜਾ ਵਕਤ ਭੋਗ ਰਿਹੈ, ਉਹ ਦੇਖ ਕੇ ਗੱਚ ਭਰ ਆਉਂਦੈ। ਜਦੋਂ ਉਸ ਨੂੰ ਪਹਿਲੀ ਵਾਰੀ ਮਿਲਿਆ ਸਾਂ, ਉਦੋਂ ਆਪਣੀ ਟੁੱਟੀ ਬਾਂਹ ਢਿੱਡ 'ਤੇ ਰੱਖ ਕੋਟਕਪੂਰੇ ਦੇ ਬੱਸ ਅੱਡੇ 'ਚ ਉਹ ਦਰਦ ਨਾਲ ਕੁਰਲਾ ਰਿਹਾ ਸੀ। ਉਸਦੀ ਹਾਲਤ ਬਾਰੇ ਵਿਦੇਸ਼ਾਂ ਦੇ ਵੱਖ-ਵੱਖ ਅਖ਼ਬਾਰਾਂ 'ਚ ਲੇਖ ਲਿਖੇ ਤਾਂ ਪਰਵਾਸੀ ਵੀਰਾਂ ਨੇ ਉਸ ਨੂੰ ਪੈਂਤੀ ਹਜ਼ਾਰ ਰੁਪਈਆ ਭੇਜਿਆ, ਉਸ ਨਾਲ ਉਹਨੇ ਬਾਂਹ ਦਾ ਪਲੱਸਤਰ ਕਰਾਇਆ ਤੇ ਟੱਬਰ ਦੇ ਲੀੜੇ ਕੱਪੜੇ ਵੀ ਖਰੀਦੇ। ਮਾੜੀ ਕਿਸਮਤ ਉਸ ਤੋਂ ਬਾਅਦ ਉਸ ਦਾ ਪੱਟ ਟੁੱਟ ਗਿਆ। ਉਸ ਨੇ ਮੰਤਰੀਆਂ-ਸੰਤਰੀਆਂ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਪਰ ਖੱਜਲ ਹੋਣ ਤੋਂ ਸਿਵਾ ਉਸ ਨੂੰ ਕੁਝ ਨਸੀਬ ਨਾ ਹੋਇਆ। ਇਕ ਵਾਰ ਉਸ ਨੇ ਅੱਖਾਂ ਭਰ ਕੇ ਦੱਸਿਆ ਸੀ ਕਿ ਪੰਜ ਵਾਰ ਮੈਂ ਲੋਕਾਂ ਤੋਂ ਪੈਸੇ ਫੜ ਮੁੱਖ ਮੰਤਰੀ ਨੂੰ ਮਿਲਣ ਗਿਆ, ਪਰ ਸੈਕਟਰੀਏਟ ਦੇ ਬਾਹਰ ਖੜ੍ਹੇ ਲੋਕ ਝਿੜਕਾਂ ਮਾਰ ਇੰਜ ਭਜਾਉਂਦੇ ਨੇ, ਜਿਵੇਂ ਦਰ 'ਤੇ ਆਏ ਕੁੱਤੇ ਨੂੰ ਭਜਾਇਆ ਜਾਂਦੈ। ਜਿੰਨਾ ਚਿਰ ਮਤਵਾਲੇ ਦੇ ਹੱਡ ਚੱਲਦੇ ਰਹੇ, ਓਨਾ ਚਿਰ ਉਹ ਰਿਕਸ਼ਾ ਚਲਾਉਂਦਾ ਰਿਹਾ, ਪਰ ਉਮਰ ਦੇ ਇਸ ਪੜਾਅ 'ਚ ਅੱਜ ਉਸ ਦੀ ਬਾਂਹ ਕੌਣ ਫੜੇ?

ਕੌਣ ਜਾਣਦੈ ਕਿ ਅਮਲੋਹ ਲਾਗਲੇ ਪਿੰਡ ਲੱਖਾ ਸਿੰਘ ਵਾਲਾ 'ਚ ਵਸਦੇ ਸਿਰੇ ਦੇ ਗਵੱਈਏ ਲੱਖੀ ਵਣਜਾਰਾ ਨਾਲ ਵੀ ਕੱਲ੍ਹ ਨੂੰ 'ਗਾਮੀ' ਵਾਲੀ ਹੋ ਸਕਦੀ ਹੈ, ਕਿਉਂਕਿ ਉਸ ਕੋਲ ਇਲਾਜ ਲਈ ਤਾਂ ਕੀ ਆਟੇ ਜੋਗੇ ਪੈਸੇ ਵੀ ਨਹੀਂ। ਕਿਹੜੀ ਸੱਭਿਆਚਾਰਕ ਸੰਸਥਾ ਜਾਣਦੀ ਹੈ ਕਿ ਅਮਰ ਸਿੰਘ ਚਮਕੀਲੇ ਨੂੰ ਦੋਗਾਣਾ ਗਾਇਕੀ 'ਚ ਲਿਆਉਣ ਵਾਲੀ ਸੁਰਿੰਦਰ ਸੋਨੀਆ ਨਾਲ ਵੀ ਭਵਿੱਖ 'ਚ 'ਗਾਮੀ' ਵਾਲੀ ਹੋ ਸਕਦੀ ਹੈ। ਉਤਮ ਸਿੰਘ ਭੋਲਾ ਨਾਥ, ਦਲੀਪ ਸਿੰਘ ਦਲੀਪ, ਚਤਰ ਸਿੰਘ ਪਰਵਾਨਾ ਤੇ ਮਿਰਜ਼ਾ ਸੰਗੋਵਾਲੀਆ ਵੀ 'ਗਾਮੀ' ਦੀ ਪਾਲ 'ਚ ਖੜ੍ਹਨ ਵਾਲੇ ਨੇ।

ਪੰਜਾਬ ਨੂੰ ਮਾਣ ਦਿਵਾਉਣ ਵਾਲੇ ਅਨੇਕਾਂ ਖਿਡਾਰੀਆਂ ਨਾਲ ਉਸ ਵੇਲੇ 'ਗਾਮੀ' ਵਾਲੀ ਹੋ ਸਕਦੀ ਹੈ, ਜਦੋਂ ਬਿਮਾਰੀ ਦਾ ਜ਼ਾਲਮ ਪੰਜਾ ਉਨ੍ਹਾਂ ਦੇ ਸਰੀਰਾਂ ਨੂੰ ਦਬੋਚ ਲਵੇਗਾ। 1982 ਦੀਆਂ ਏਸ਼ੀਅਨ ਖੇਡਾਂ ਲਈ ਲਏ ਟਰਾਇਲਾਂ 'ਚ ਦੂਜਾ ਸਥਾਨ ਹਾਸਲ ਕਰਨ ਵਾਲਾ ਅੱਖਰ ਗਿਆਨ ਤੋਂ ਸੱਖਣਾ ਪਹਿਲਵਾਨ ਸੰਜੀਵਨ ਲਾਲ ਮੌਕਾਪ੍ਰਸਤ ਸਰਕਾਰਾਂ ਦੇ ਪੁਤਲੇ ਬਣਾ ਕੇ ਰੋਟੀ ਤੋਰਨ ਲਈ ਮਜਬੂਰ ਨਾ ਹੁੰਦਾ, ਜੇ ਸਰਕਾਰਾਂ ਨੂੰ ਉਸ ਦੇ ਜ਼ੋਰ ਦੀ ਕਦਰ ਹੁੰਦੀ। ਸੰਜੀਵਨ ਆਖਦੈ ਸੱਟ ਲੱਗਣ ਕਾਰਨ ਮੈਂ ਉਲੰਪਿਕ 'ਚ ਹਿੱਸਾ ਨਾ ਲੈ ਸਕਿਆ, ਪਰ ਸਰਕਾਰ ਨੇ ਮੇਰੇ ਨਾਲ ਜਿਹੜੇ ਵਾਅਦੇ ਕੀਤੇ ਸਨ, ਉਹ ਵਫ਼ਾ ਨਾ ਹੋਏ।

ਭਲਾ ਸੋਚੋ ਇਸ ਪਦਾਰਥਵਾਦੀ ਦੌਰ 'ਚ ਸੱਚੇ ਦਿਲੋਂ ਕਲਾ ਨੂੰ ਸਮਰਪਿਤ ਲੋਕ ਹਨ ਹੀ ਕਿੰਨੇ ਕੁ ਤੇ ਜੇ ਉਹ ਵੀ ਗੁਰਬਤ ਦੀ ਮਾਰ ਝੱਲਦੇ ਇਲਾਜ ਨੂੰ ਤਰਸਦੇ ਜਹਾਨ ਤੋਂ ਰੁਖ਼ਸਤ ਹੋਣਗੇ ਤਾਂ ਨਵੀਂ ਪਨੀਰੀ ਕਲਾ ਨੂੰ ਇਬਾਦਤ ਕਿਵੇਂ ਸਮਝੇਗੀ? ਕਲਾ ਤੇ ਕਲਾਕਾਰਾਂ ਦੀ ਕਦਰ ਕਰਨੀ ਸਰਕਾਰਾਂ ਦਾ ਫ਼ਰਜ਼ ਹੁੰਦਾ ਹੈ ਤੇ ਜਿਹੜੀਆਂ ਸਰਕਾਰਾਂ ਇਹ ਫ਼ਰਜ਼ ਨਿਭਾਉਣ ਤੋਂ ਅਸਮਰੱਥ ਨੇ, ਉਨ੍ਹਾਂ ਦੇ ਸੂਬੇ 'ਚ ਕਲਾ ਦਾ ਦਰਿਆ ਕਿਵੇਂ ਠਾਠਾਂ ਮਾਰ ਸਕਦੈ?

ਸਾਡੇ ਸੱਭਿਆਚਾਰਕ ਵਿਭਾਗਾਂ ਦੇ ਮੰਤਰੀਆਂ ਤੇ ਅਫ਼ਸਰਾਂ ਨੂੰ ਤਾਂ ਇਸ ਗੱਲ ਦਾ ਪਤਾ ਹੀ ਨਹੀਂ ਕਿ ਕਲਾ ਪੈਦਾ ਕਿਹੜੇ ਹਾਲਾਤਾਂ


ਉਤਮ ਸਿੰਘ ਭੋਲਾ

'ਚ ਹੁੰਦੀ ਹੈ, ਜਵਾਨ ਹੋ ਕੇ ਸਮਾਜ ਲਈ ਚਾਨਣ ਮੁਨਾਰਾ ਕਿਵੇਂ ਬਣਦੀ ਹੈ ਤੇ 'ਆਪਣਿਆਂ' ਦੀ ਬੇਵਫ਼ਾਈ ਦੀ ਮਾਰ ਨਾ ਝੱਲਦੀ ਦਮ ਕਿਵੇਂ ਤੋੜ ਜਾਂਦੀ ਹੈ? ਜੇ ਸੱਭਿਆਚਾਰਕ ਮਾਮਲਿਆਂ ਦੇ ਮੰਤਰੀਆਂ ਦਾ ਫ਼ਰਜ਼ ਸਿਰਫ਼ ਮੇਲਿਆਂ ਦੇ ਉਦਘਾਟਨਾਂ ਵਾਲੇ ਰੀਬਨ ਕੱਟਣਾ ਤੇ ਮੂੰਹ ਨੂੰ ਮਿਸ਼ਰੀ ਲਾ ਕਲਾ ਨੂੰ ਪ੍ਰਫੁੱਲਤ ਕਰਨ ਦਾ ਭਰਮ ਪਾਲਣਾ ਹੈ, ਤਾਂ ਗਾਮੀ ਵਰਗਿਆਂ ਦੀ ਗਿਣਤੀ ਵਿਚ ਇਜ਼ਾਫ਼ਾ ਹੁੰਦਾ ਹੀ ਰਹੇਗਾ।

ਲੋਕਾਂ ਦੇ ਪੈਸੇ ਨਾਲ ਏਅਰ ਕੰਡੀਸ਼ਨ ਗੱਡੀਆਂ 'ਚ ਘੁੰਮਣ ਵਾਲੇ ਮੰਤਰੀ ਜੇ ਇਸ ਗੱਲ ਨੂੰ ਸੋਚਣ-ਸਮਝਣ ਕਿ ਕਲਾਵਾਨ ਲੋਕ ਹਮੇਸ਼ਾ ਕੱਚੇ ਢਾਰਿਆਂ 'ਚ ਹੀ ਕਿਉਂ ਪੈਦਾ ਹੁੰਦੇ ਨੇ, ਸਿਰੜੀ ਲੋਕ ਬਿਨਾਂ ਕਿਸੇ ਨਫ਼ੇ-ਨੁਕਸਾਨ ਦੇ ਆਪਣੀ ਧੁਨ 'ਚ ਮਸਤ ਸਾਰੀ ਉਮਰ ਕਲਾ ਦੇ ਲੇਖੇ ਕਿਵੇਂ ਲਾ ਦਿੰਦੇ ਨੇ, ਤਾਂ ਸ਼ਾਇਦ ਉਨ੍ਹਾਂ ਨੂੰ ਕੁਦਰਤ ਦੀ ਲੀਲਾ ਦੀ ਸਮਝ ਪੈ ਜਾਵੇ। ਅੱਜ ਜਦੋਂ ਚੱਲਦੇ ਸਰੀਰਾਂ ਨੂੰ ਪੰਜ-ਪੰਜ ਸੌ 'ਚ ਵਿਕਣ ਵਾਲੀਆਂ ਵੋਟਾਂ ਤੋਂ ਵੱਧ ਕੁਝ ਨਹੀਂ ਸਮਝਿਆ ਜਾਂਦਾ ਤਾਂ ਕਲਾਵਾਨਾਂ ਦੀ ਪੁੱਛਗਿੱਛ ਕਰਨ ਵਾਲੀਆਂ ਸੰਸਥਾਵਾਂ ਨੂੰ ਹੀ ਆਪਣਾ ਫ਼ਰਜ਼ ਨਿਭਾਉਣਾ ਚਾਹੀਦਾ ਹੈ। ਜੇ ਅਸੀਂ ਪੰਜਾਬ 'ਚ ਨਸ਼ਿਆਂ ਦਾ ਛੇਵਾਂ ਦਰਿਆ ਵਗਾ ਸਕਦੇ ਹਾਂ, ਇਕ-ਇਕ ਪਿੰਡ 'ਚ ਪੰਜ ਪੰਜ ਗੁਰਦੁਆਰੇ ਖੜ੍ਹੇ ਕਰ ਸਕਦੇ ਹਾਂ, ਵੋਟਾਂ ਵੇਲੇ ਠੁੱਕ ਬਣਾਉਣ ਲਈ ਪਾਰਟੀ ਫੰਡ ਦੇ ਕੇ ਰੱਜਿਆਂ ਨੂੰ ਹੋਰ ਰਜਾ ਸਕਦੇ ਹਾਂ, ਤਾਂ ਕੀ ਅਸੀਂ ਥੋੜ੍ਹੇ-ਥੋੜ੍ਹੇ ਪੈਸੇ ਪਾ ਕੇ ਇਨ੍ਹਾਂ 'ਗਾਮੀਆਂ' ਦੀ ਮਦਦ ਨਹੀਂ ਕਰ ਸਕਦੇ?

*ਫੋਨ:91-98141-78883

# ਗੁਰਦਾਸ ਮਾਨ

(ਸਫਾ 18 ਦੀ ਬਾਕੀ)

ਸਾਜ਼ੀਆਂ ਦਾ, ਚੋਖਾ ਪੈਸਾ ਸਾਊਂਡ ਸਿਸਟਮ (ਦਿੱਲੀ) ਤੇ ਟੈਕਸੀਆਂ ਨੂੰ ਦੇ ਕੇ ਮਾਨ ਦੇ ਪੱਲੇ ਉਮੀਦ ਤੋਂ ਕਾਫੀ ਘੱਟ ਪੈਸੇ ਪਏ ਤਾਂ ਉਹ ਬੋਲਿਆ, "ਏਨੇ ਘੱਟ ਪੈਸੇ ਮਿਲੇ ਵੇਖ ਕੇ ਤਾਂ ਮੇਰੀ ਵਹੁਟੀ (ਮਨਜੀਤ ਮਾਨ) ਨੇ ਮੈਨੂੰ ਘਰੇ ਨਹੀਂ ਵੜਨ ਦੇਣਾ।" ਤਾਂ ਸਾਰੇ ਹੱਸ ਪਏ ਜਦਕਿ ਟਿਕਟਾਂ ਦੀ ਵਿਕਰੀ ਤੋਂ 7 ਲੱਖ ਰੁਪਈਆ ਇਕੱਠਾ ਹੋਇਆ ਸੀ।

ਇਕ ਵਾਰੀ ਮਨਜੀਤ ਮਾਨ, ਗੁਰਦਾਸ ਮਾਨ ਨਾਲ ਰੁੱਸ ਕੇ ਮੁੰਬਈ ਦੇ ਇਕ ਹੋਟਲ ਦੇ ਕਮਰੇ ਵਿਚ ਕਿਰਾਏ 'ਤੇ ਰਹਿਣ ਤੁਰ ਗਈ ਤਾਂ ਮਾਨ ਤੁਰੰਤ ਪਿੱਛੇ ਗਏ ਤੇ ਮਿੰਨਤਾਂ ਤਰਲੇ ਕਰਕੇ ਰੁੱਸੀ ਨੂੰ ਮਨਾ ਕੇ ਵਾਪਸ ਘਰ ਲੈ ਆਏ ਤੇ ਤਣਾਅ ਦੂਰ ਕਰਨ ਲਈ ਰੇਡੀਓ ਚਾਲੂ ਕੀਤਾ। ਐਨ ਮੌਕੇ ਅਨੁਸਾਰ ਢੁਕਵਾਂ ਗੀਤ ਆ ਰਿਹਾ ਸੀ, 'ਘਰ ਆਇਆ ਮੇਰਾ ਪ੍ਰਦੇਸੀ ਪਿਆਸ ਬੁਝੀ ਮੇਰੀ ਅੱਖੀਓਂ ਕੀ...!' ਗੀਤ ਸੁਣ ਕੇ ਦੋਵੇਂ ਖੂਬ ਹੱਸੇ।

ਇਕ ਸਮੇਂ ਗਿੱਦੜਬਾਹੇ ਦੇ ਥਾਣੇ ਵਿਚ ਇਕ ਅੜਬ ਜਿਹਾ ਥਾਣੇਦਾਰ ਮਦਨ ਗੋਪਾਲ ਲੱਗਾ ਸੀ, ਜਿਸ ਨੇ ਗਿੱਦੜਬਾਹਾ ਦੇ ਕਈ ਨਾਮੀ ਲੋਕਾਂ ਨੂੰ ਝੂਠੇ ਕੇਸਾਂ ਵਿਚ ਫਸਾ ਕੇ ਰਿਸ਼ਵਤ ਖਾਧੀ, ਕੁੱਟਮਾਰ ਕੀਤੀ ਤੇ ਖੁਦ ਵੀ ਕੁੱਟ ਖਾਧੀ। ਉਸਨੇ ਵਕੀਲ ਜੋਸ਼ੀ, ਵਕੀਲ ਧੀਰ, ਇਕ ਡਾਕਟਰ, ਟਰੱਕ ਯੂਨੀਅਨ ਦੇ ਇਕ ਪ੍ਰਧਾਨ ਤੇ ਗੁਰਦਾਸ ਮਾਨ ਦੇ ਪਿਤਾ ਦੀ ਬੇਇੱਜ਼ਤੀ ਕੀਤੀ। ਮੇਰੇ ਪਿਤਾ ਦੇ ਲਾਇਸੰਸੀ ਪਿਸਤੌਲ ਨੂੰ ਨਾਜਾਇਜ਼ ਲਿਖ ਕੇ ਚਲਾਨ ਕਰ ਦਿੱਤਾ। ਅਸੀਂ ਚੌਧਰੀ ਬਲਰਾਮ ਜਾਖੜ (ਸਪੀਕਰ), ਚੌਧਰੀ ਕਾਂਸ਼ੀ ਰਾਮ ਤੇ ਉਜਾਗਰ ਸਿੰਘ (ਦੋਵੇਂ ਮੰਤਰੀ, ਪੰਜਾਬ) ਤੋਂ ਜ਼ੋਰ ਪਵਾ ਕੇ ਅਤੇ ਕਾਮਰੇਡ ਸੱਘੜ ਸਿੰਘ ਦੇ ਰਿਸ਼ਤੇਦਾਰ ਐਸ.ਡੀ.ਐਮ. ਫਰੀਦਕੋਟ ਰਾਹੀਂ ਥਾਣੇਦਾਰ ਵਿਰੁਧ ਡਾਕੇ ਦਾ ਮੁਕੱਦਮਾ ਦਰਜ ਕਰਵਾ ਦਿੱਤਾ। ਜਾਂਚ ਕਰਵਾ ਕੇ ਟਰਮੀਨੇਟ ਕਰਨ ਦੇ ਆਰਡਰ ਕਰਵਾਏ ਤਾਂ ਮਦਨ ਗੋਪਾਲ ਟੋਪੀ ਪੈਰਾਂ ਵਿਚ ਰੱਖ ਕੇ ਰੋ ਰੋ ਕੇ ਮੁਆਫੀਆ ਮੰਗਣ ਲੱਗਾ ਪਰ ਮੁਆਫੀ ਨਾ ਮਿਲੀ। ਤਦ ਤੋਂ ਗਿੱਦੜਬਾਹਾ ਨੇ ਸੁੱਖ ਦਾ ਸਾਹ ਲਿਆ। ਉਸ ਤੋਂ ਬਾਅਦ ਤਾਂ ਗਿੱਦੜਬਾਹੇ ਜੋਗਿੰਦਰ ਸਿੰਘ ਗੋਲੀ ਮਾਨ ਪਰਿਵਾਰ ਦੇ ਉਪਾਸ਼ਕ ਥਾਣੇਦਾਰ ਲਗਦੇ ਰਹੇ, ਜੋ ਥਾਣੇ ਜਾਣ ਤੋਂ ਪਹਿਲਾਂ ਮਾਨ ਪਰਿਵਾਰ ਦਾ ਅਸ਼ੀਰਵਾਦ ਲੈਣ ਘਰ ਜਾਂਦੇ। ਸ. ਮਨਪ੍ਰੀਤ ਸਿੰਘ ਬਾਦਲ (ਖਜ਼ਾਨਾ ਮੰਤਰੀ) ਵੀ ਮਾਨ ਪਰਿਵਾਰ ਨਾਲ ਕਾਫੀ ਲਗਾਓ ਰੱਖਦਾ ਹੈ। ਗੁਰਦਾਸ ਮਾਨ ਨੂੰ ਬਾਦਲ ਪਰਿਵਾਰ ਨੇ ਚੋਣ ਲੜਨ ਲਈ ਟਿਕਟ ਦੇਣ ਦੀ ਆਫਰ ਵੀ ਕੀਤੀ ਸੀ, ਪਰ ਉਸ ਨੇ ਨਾਂਹ ਕਰ ਦਿੱਤੀ ਸੀ ਕਿਉਂਕਿ ਹੰਸ ਰਾਜ ਹੰਸ ਦਾ ਹਸ਼ਰ ਵੇਖ ਹੀ ਚੁੱਕੇ ਸੀ।

ਗੁਰਦਾਸ ਮਾਨ ਦੇ ਗੀਤ ਵੀ ਸਿੱਖਿਆਦਾਇਕ, ਸੰਦੇਸ਼ਮਈ ਤੇ ਟਕੋਰਾਂ ਲਾਉਣ ਵਾਲੇ ਜਜ਼ਬਾਤੀ ਤਾਂ ਹਨ ਹੀ, ਫਿਲਮਾਂ ਵੀ ਇਸਦੇ ਗੀਤਾਂ ਵਰਗੀਆਂ ਹੀ ਸਫਲ ਹਨ। ਅਤਿਵਾਦ ਦੇ ਦੌਰ ਦੀ ਸੱਚੀ ਕਹਾਣੀ ਤੇ ਬਣੀ ਉਸ ਦੀ ਫਿਲਮ 'ਦੇਸ ਹੋਇਆ ਪ੍ਰਦੇਸ' ਦੇ ਨਿਰਮਾਤਾ (ਫਾਈਨੈਂਸਰ) ਕਸ਼ਮੀਰ ਗਿੱਲ (ਅਮਰੀਕਾ) ਦੇ ਪਿਤਾ ਸੂਬੇਦਾਰ ਸਾਹਿਬ ਵਾਸੀ ਮਲੂਕਾ (ਬਠਿੰਡਾ) ਨੇ ਬਠਿੰਡਾ ਵਿਚ, ਮੇਰੇ ਅਮਰੀਕਾ ਤੋਂ ਪਰਤੇ ਰਿਸ਼ਤੇਦਾਰ ਮਿੰਟੂ (ਗਿੱਦੜਬਾਹਾ) ਦੇ ਸਹਿਯੋਗ ਨਾਲ ਹੋਈ ਮੁਲਾਕਾਤ ਵਿਚ ਦੱਸਿਆ ਕਿ ਕਸ਼ਮੀਰ ਗਿੱਲ ਦੇ ਇਕ ਦੋਸਤ ਨਾਲ ਵਾਪਰੀ ਸੱਚੀ ਘਟਨਾ 'ਤੇ ਆਧਾਰਿਤ ਇਹ ਫਿਲਮ ਬਣਾਉਣ ਲਈ ਉਸਨੇ ਜਦੋਂ ਗੁਰਦਾਸ ਮਾਨ ਨਾਲ ਮਸ਼ਵਰਾ ਕੀਤਾ ਤਾਂ ਉਸ ਨੇ ਕਿਹਾ, "ਛੇ ਕਰੋੜ ਰੁਪਿਆ ਦੇ ਸਕੋਗੇ?" ਤਾਂ ਮੈਂ ਸਾਈਡ ਤੇ ਪਿਆ ਛੇ ਕਰੋੜ ਰੁਪਿਆ ਮਾਨ ਨੂੰ ਉਧਾਰਾ ਦੇ ਦਿੱਤਾ, ਹਾਲਾਂਕਿ ਮੈਨੂੰ ਤਾਂ ਫਿਲਮਾਂ ਵਿਚ ਕੋਈ ਦਿਲਚਸਪੀ ਨਹੀਂ ਸੀ। ਫਿਲਮ ਵੀ ਵਧੀਆ ਬਣੀ ਤੇ ਗੁਰਦਾਸ ਮਾਨ ਨੇ ਸਾਨੂੰ 6 ਕਰੋੜ ਪਾਈ-ਪਾਈ ਮੋੜ ਦਿੱਤਾ। ਹੁਣ ਭਵਿੱਖ ਵਿਚ ਜੇਕਰ ਮਾਨ ਹੋਰ ਵੀ ਆਰਥਿਕ ਸਹਾਇਤਾ ਮੰਗੇਗਾ ਤਾਂ ਖੁਸ਼ੀ-ਖੁਸ਼ੀ ਉਸਨੂੰ ਦੇਵਾਂਗੇ।

ਗੁਰਦਾਸ ਮਾਨ ਆਪਣੀਆਂ ਫਿਲਮਾਂ ਦਾ ਹੀਰੋ ਦੇਵ ਅਨੰਦ ਵਾਂਗ ਆਪ ਹੀ ਆ ਰਿਹਾ ਹੈ। ਗੁਰਦਾਸ ਮਾਨ ਦੇ ਚਿਹਰੇ ਉਪਰ ਵੀ ਵਧਦੀ ਉਮਰ ਦੇ ਨਿਸ਼ਾਨ ਉਜਾਗਰ ਹੋਣ ਲੱਗੇ ਹਨ। ਇਸ ਤੋਂ ਪਹਿਲਾਂ ਕਿ ਉਹ ਵੀ ਦੇਵ ਅਨੰਦ ਵਾਂਗੂੰ ਦਰਸ਼ਕਾਂ ਵਲੋਂ ਨਾ ਪਸੰਦ ਕੀਤਾ ਜਾਵੇ, ਇਸਨੂੰ ਵੀ ਹੀਰੋਇਨਾਂ (ਵੱਡੀਆਂ) ਵਾਂਗ ਆਪਣੇ ਚਿਹਰੇ ਦੀ ਕਾਸਮੈਟਿਕ ਸਰਜਰੀ ਡਾ. ਨਵਤੇਜ ਸਿੰਘ ਢਿੱਲੋਂ (ਵਧੀਆ ਕਾਸਮੈਟਿਕ ਸਰਜਨ) ਤੋਂ ਸਿਰਫ ਅੱਧਾ ਖਰਚਾ ਦੇ ਕੇ ਹੀ ਕਰਵਾ ਲੈਣੀ ਚਾਹੀਦੀ ਹੈ। ਇਹ ਮੇਰੀ ਉਸਨੂੰ ਬੇਨਤੀ ਤੇ ਮੁਫ਼ਤ ਸਲਾਹ ਹੈ, ਅੱਗੇ ਉਸ ਦੀ ਮਰਜ਼ੀ।

## ਸ਼ਬਦ-ਝਰੋਖਾ

ਬਲਜੀਤ ਬਾਸੀ
ਫੋਨ:734-454-4958

# ਰੂਪ ਰੁਪਈਆ

ਪਿਛਲੇ ਦਿਨੀਂ ਖਬਰ ਆਈ ਹੈ ਕਿ ਭਾਰਤੀ ਰੁਪਈਏ ਨੂੰ ਵੀ ਸੰਸਾਰ ਦੀਆਂ ਚਾਰ ਪ੍ਰਮੁਖ ਮੁਦਰਾਵਾਂ ਵਾਂਗ ਇਕ ਨਿਵੇਕਲਾ ਚਿੰਨ੍ਹ ਦੇ ਦਿੱਤਾ ਗਿਆ ਹੈ। ਇਹ ਗੱਲ ਭਾਰਤ ਦੀ ਮਜ਼ਬੂਤ ਹੁੰਦੀ ਜਾ ਰਹੀ ਆਰਥਿਕਤਾ ਦੀ ਲਖਾਇਕ ਦੱਸੀ ਜਾਂਦੀ ਹੈ। ਦੁਨੀਆਂ ਭਰ ਦੇ ਕਾਰੋਬਾਰੀ ਹਲਕਿਆਂ ਵਿਚ ਇਸ ਦੀ ਲਗਾਤਾਰ ਜ਼ਰੂਰਤ ਮਹਿਸੂਸ ਹੋ ਰਹੀ ਸੀ। ਪਾਊਂਡ, ਡਾਲਰ, ਯੂਰੋ ਅਤੇ ਯੈਨ ਦੇ ਤਾਂ ਪਹਿਲਾਂ ਹੀ ਚਿੰਨ੍ਹ ਤੈਅ ਸਨ। ਪਾਊਂਡ ਦੇ ਚਿੰਨ੍ਹ (£) ਦਾ ਵਿਕਾਸ ਰੋਮਨ ਅੱਖਰ ਐਲ (L) ਤੋਂ ਹੋਇਆ ਹੈ ਜੋ ਲਾਤੀਨੀ ਸ਼ਬਦ 'ਲਿਬਰਾ' (Libra) ਦਾ ਇਕ-ਅੱਖਰੀ ਸੰਖੇਪ



*ਬਰਤਾਨੀਆ ਵਲੋਂ 1917 ਚ ਜਾਰੀ ਕੀਤਾ ਰੁਪਈਆ*

ਹੈ। ਲਿਬਰਾ ਰੋਮ ਦੀ ਭਾਰ ਦੀ ਇਕਾਈ ਸੀ ਤੇ ਇਹ ਸ਼ਬਦ ਲਾਤੀਨੀ 'ਚ ਇਸਦੇ ਹੋਰ ਅਰਥ, 'ਤੱਕੜੀ' ਤੋਂ ਵਿਉਤਪਤ ਹੋਇਆ ਹੈ। ਧਿਆਨ ਰਹੇ ਤੁਲਾ ਰਾਸ਼ੀ ਨੂੰ ਅੰਗਰੇਜ਼ੀ 'ਚ ਲਿਬਰਾ ਕਿਹਾ ਜਾਂਦਾ ਹੈ। ਬਰਤਾਨੀਆ ਦੀ ਮੁਦਰਾ ਇਕਾਈ ਪਾਊਂਡ ਦਾ ਨਾਂ ਇਸ ਲਈ ਪਿਆ ਕਿਉਂਕਿ ਇਸਦੀ ਕੀਮਤ ਇਕ ਪਾਊਂਡ ਚਾਂਦੀ ਦੇ ਭਾਰ ਬਰਾਬਰ ਸੀ।

ਡਾਲਰ ਚਿੰਨ੍ਹ ($) ਸ਼ੁਰੂ ਸ਼ੁਰੂ ਵਿਚ ਮੈਕਸੀਕਨ 'ਪੀਸੋ' (Peso) ਨੂੰ ਪ੍ਰਗਟ ਕਰਦਾ ਸੀ ਜਿਸ ਨੂੰ ਸਪੇਨੀ ਡਾਲਰ ਵੀ ਕਿਹਾ ਜਾਂਦਾ ਸੀ। ਇਸ ਨੂੰ 'ਅੱਠ ਟੁਕੜੇ' (pieces of eight) ਵੀ ਆਖਿਆ ਜਾਂਦਾ ਸੀ ਕਿਉਂਕਿ ਇਸਨੂੰ ਅੱਠ ਟੁਕੜਿਆਂ ਵਿਚ ਤੋੜਿਆ ਜਾ ਸਕਦਾ ਸੀ। 1785 ਵਿਚ ਉਤਰੀ ਅਮਰੀਕਾ ਦੀ ਬਰਤਾਨਵੀ ਸਰਕਾਰ ਨੇ ਡਾਲਰ ਅਤੇ ਇਸਦਾ ਚਿੰਨ੍ਹ ਦੋਵੇਂ ਅਪਨਾ ਲਏ। ਡਾਲਰ ਦੇ ਚਿੰਨ੍ਹ ਦੇ ਵਿਕਸਤ ਹੋਣ ਦੀ ਬਹੁ-ਪ੍ਰਵਾਨਤ ਵਿਆਖਿਆ ਇਹ ਹੈ ਕਿ ਇਹ PESOS ਦਰਸਾਉਣ ਲਈ ਰੋਮਨ ਅੱਖਰ 'ਪੀ' ਦੇ ਉਪਰ ਐਸ ਲਿਖਣ ਨਾਲ ਬਣਿਆ। ਇਸ ਦੀਆਂ ਹੋਰ ਵੀ ਵਿਆਖਿਆਵਾਂ ਹਨ। 1963 ਦੀ ਆਕਸਫੋਰਡ ਇੰਗਲਿਸ਼ ਡਿਕਸ਼ਨਰੀ ਅਨੁਸਾਰ ਇਹ ਚਿੰਨ੍ਹ ਆਠੇ ਦੇ ਉਪਰ ਖੜੇ-ਦਾਅ ਖਿਚੀ ਲਕੀਰ ਖਿਚਣ ਨਾਲ ਬਣਿਆ ਪਰ ਬਾਅਦ ਦੇ ਐਡੀਸ਼ਨਾਂ ਨੇ ਇਸ ਪ੍ਰਤੀ ਸ਼ੰਕਾ ਦਰਸਾਈ ਹੈ। ਆਧੁਨਿਕ ਯੁਗ ਵਿਚ ਡਾਲਰ ਤੇ ਪਾਊਂਡ ਦੇ ਨਾਲ ਨਾਲ ਹੋਰ ਕਰੰਸੀਆਂ ਵੀ ਮਹੱਤਤਾ ਗ੍ਰਹਿਣ ਕਰ ਗਈਆਂ ਹਨ ਜਿਸ ਕਰਕੇ ਯੂਰੋ (•) ਤੇ ਯੈਨ (¥) ਦੇ ਚਿੰਨ੍ਹ ਵੀ ਨਿਸ਼ਚਿਤ ਕੀਤੇ ਗਏ ਹਨ। ਇਹ ਸਿਧਿਆਂ ਹੀ ਡਾਲਰ-ਪਾਊਂਡ ਚਿੰਨ੍ਹਾਂ ਅਨੁਸਾਰ ਰੋਮਨ ਅੱਖਰ-ਆਧਾਰਤ ਬਣਾ ਲਏ ਗਏ ਹਨ। ਭਾਰਤੀ ਰੁਪਏ ਦੀ ਵੀ ਲਗਭਗ ਏਹੀ ਕਹਾਣੀ ਹੈ। ਰੋਮਨ 'ਆਰ' ਅਤੇ ਦੇਵਨਾਗਰੀ 'ਰ' ਦੇ ਮਿਲਗੋਭੇ ਵਿਚ ਲੰਮੇ ਦਾਅ ਲਕੀਰ ਖਿਚ ਦਿੱਤੀ ਗਈ ਹੈ।

ਆਉ ਹੁਣ ਚਿੰਨ੍ਹ ਛਡ ਕੇ ਮਾਇਆ ਦੀ ਗੱਲ ਕਰ ਲਈਏ। ਕਹਿੰਦੇ ਹਨ ਮਾਇਆ ਕਮਾਉਂਦਿਆਂ ਆਦਮੀ ਦੀ ਬੱਸ ਹੋ ਜਾਂਦੀ ਹੈ, ਇਸ ਲਈ 'ਰੁਪਈਆ' ਸ਼ਬਦ 'ਰੋ ਪਿਆ' ਤੋਂ ਬਣਿਆ ਹੈ, ਪਰ ਇਹ ਲੋਕ ਕਲਪਨਾ ਹੀ ਹੈ। ਸੰਸਕ੍ਰਿਤ ਧਾਤੂ 'ਰੂਪਯ' ਦਾ ਅਰਥ ਹੈ ਸੁਹੱਪਣ, ਚਮਕ ਆਦਿ ਜਿਸ ਤੋਂ 'ਰੂਪ' ਸ਼ਬਦ ਬਣਿਆ ਹੈ। ਚਾਂਦੀ ਦੀ ਮੁਖ ਵਿਸ਼ੇਸ਼ਤਾ ਚਮਕ ਹੋਣ ਕਾਰਨ ਇਹ 'ਰੂਪਾ' ਕਹਾਉਣ ਲੱਗੀ। 'ਰੂਪ' ਵਿਚ ਪਹਿਲਾਂ ਸੁੰਦਰਤਾ ਤੇ ਫਿਰ ਸ਼ਕਲ ਦੇ ਭਾਵ ਵਿਕਸਤ ਹੋ ਗਏ ਤੇ ਕਿੰਨੇ ਹੀ ਸ਼ਬਦ ਬਣ ਗਏ ਜਿਵੇਂ ਰੂਪਵਾਨ, ਸਰੂਪ, ਕੁਰੂਪ, ਰੂਪਵੰਤ, ਰੂਪ ਚੜ੍ਹਨਾ, ਵਡਰੂਪ, ਨਿਰੂਪਣ, ਰੂਪਕ, ਰੂਪਾਕਾਰ, ਰੂਪਾਂਤਰ, ਰੂਪੀ, ਰੂਪ-ਰੰਗ, ਬਹੁ-ਰੂਪੀਆ, ਰੂਪ ਨਗਰ ਆਦਿ। ਲਾਤੀਨੀ ਵਿਚ ਚਾਂਦੀ ਨੂੰ argentum ਕਹਿੰਦੇ ਹਨ ਜਿਸ ਤੋਂ ਅਰਜਨਟੀਨਾ ਦੇਸ਼ ਦਾ ਨਾਂ ਪਿਆ।

ਗੁਰਬਾਣੀ ਵਿਚ ਰੂਪ ਸ਼ਬਦ ਸੁੰਦਰਤਾ ਅਤੇ ਸ਼ਕਲ ਦੋਨੋਂ ਅਰਥਾਂ ਵਿਚ ਆਏ ਹਨ:

**ਸੁੰਦਰਤਾ:** ਕੇਤਾ ਤਾਣੁ ਸੁਆਲਿਹੁ ਰੂਪੁ (ਗੁਰੂ ਨਾਨਕ)


*ਸਿੱਖ ਗੁਰੂਆਂ ਵਾਲਾ ਸਿੱਕਾ*

**ਸ਼ਕਲ:** ਧਾਣਕ ਰੂਪਿ ਰਹਾ ਕਰਤਾਰ (ਗੁਰੂ ਨਾਨਕ)
ਕੇਤੇ ਤੇਰੇ ਰੂਪ ਰੰਗ ਕੇਤੇ ਜਾਤਿ ਅਜਾਤਿ (ਗੁਰੂ ਨਾਨਕ)

ਭਾਰਤ ਵਿਚ ਛੇਵੀਂ ਸਦੀ ਪੂਰਵ ਈਸਾ ਤੋਂ ਸਿੱਕਿਆਂ ਦੇ ਪ੍ਰਚਲਨ ਦੇ ਪ੍ਰਮਾਣ ਮਿਲਦੇ ਹਨ। ਸਿੱਕੇ ਦੇ ਰੂਪ ਵਿਚ ਪੁਰਾਣੇ ਜ਼ਮਾਨੇ ਤੋਂ ਹੀ ਚਾਂਦੀ ਵਰਤੀ ਜਾਂਦੀ ਸੀ ਜਿਸ ਨੂੰ ਰੂਪਾ ਕਿਹਾ ਜਾਂਦਾ ਸੀ। ਪ੍ਰਾਚੀਨ ਕਾਲ ਵਿਚ ਭਾਰਤ ਵਿਚ ਚਾਂਦੀ ਨੂੰ ਕੁੱਟ ਕੁੱਟ ਕੇ ਸਿੱਕੇ ਦੇ ਰੂਪ ਵਿਚ ਗੋਲ ਕਰ ਲਿਆ ਜਾਂਦਾ ਸੀ ਪਰ ਗੁਰਬਾਣੀ ਵਿਚ ਰੂਪਾ ਮੁਦਰਾ ਇਕਾਈ ਦੇ ਅਰਥ ਵਜੋਂ ਨਾ ਹੋ ਕੇ ਸੁਇਨਾ ਦੇ ਨਾਲ ਲੱਗ ਕੇ ਦੁਨਿਆਵੀ ਧਨ ਦੌਲਤ ਵਜੋਂ ਹੀ ਆਇਆ ਹੈ, ਨਿਸ਼ਚਿਤ ਰੂਪ ਵਿਚ ਸਿੱਕੇ ਵਜੋਂ ਨਹੀਂ:

ਪਰਬਤੁ ਸੁਇਨਾ ਰੁਪਾ ਹੋਵੈ ਹੀਰੇ ਲਾਲ ਜੜਾਉ (ਗੁਰੂ ਨਾਨਕ)
ਸੁਇਨਾ ਰੂਪਾ ਤੁਝ ਤੁਝ ਪਹਿ ਦਾਮ (ਗੁਰੂ ਅਰਜਨ ਦੇਵ)

ਸਿੱਕੇ ਨੂੰ ਢਾਲ ਕੇ ਰੁਪਈਆ ਬਣਾਉਣ ਦੀ ਤਕਨੀਕ ਭਾਰਤ, ਖਾਸ ਤੌਰ 'ਤੇ ਉਤਰ-ਪੱਛਮੀ ਭਾਰਤ ਵਿਚ ਯੂਨਾਨ ਤੋਂ ਆਈ ਕਿਉਂਕਿ ਇਸ ਖਿਤੇ ਵਿਚ ਯੂਨਾਨੀਆਂ ਦਾ ਰਾਜ ਤੇ


*ਮੋਹਰ*


*ਸ਼ੇਰ ਸ਼ਾਹ ਸੂਰੀ ਰੁਪਈਆ*

ਪ੍ਰਭਾਵ ਕਾਫ਼ੀ ਦੇਰ ਰਿਹਾ। ਸੋਲ੍ਹਵੀਂ ਸਦੀ ਦੇ ਅਧ ਵਿਚ ਅਫ਼ਗਾਨ ਬਾਦਸ਼ਾਹ ਸ਼ੇਰ ਸ਼ਾਹ ਸੂਰੀ ਨੇ 'ਰੁਪਈਆ' ਜਿਸ ਦਾ ਭਾਰ ਸਾਢੇ ਗਿਆਰਾਂ ਗਰਾਮ ਸੀ, ਨੂੰ ਮੁਦਰਾ ਦੇ ਸਿੱਕੇ ਵਜੋਂ ਜਾਰੀ ਕੀਤਾ ਤੇ 'ਰੁਪਈਆ' ਸ਼ਬਦ ਪ੍ਰਚਲਤ ਹੋਇਆ। ਇਸ ਦੇ ਨਾਲ ਹੀ ਕਰੀਬ 11 ਗਰਾਮ ਭਾਰ ਵਾਲੀ ਸੋਨੇ ਦੀ ਮੋਹਰ ਅਤੇ ਤਾਂਬੇ ਦਾ ਦਾਮ ਵੀ ਜਾਰੀ ਕੀਤੇ ਗਏ। ਗੌਰਤਲਬ ਹੈ ਕਿ ਗੁਰਬਾਣੀ ਵਿਚ 'ਰੁਪਈਆ' ਸ਼ਬਦ ਨਹੀਂ ਆਇਆ, ਮੋਹਰ ਤੇ ਦਾਮ ਜ਼ਰੂਰ ਮਿਲਦੇ ਹਨ। ਦੂਜੇ ਪਾਸੇ ਭਾਈ ਗੁਰਦਾਸ ਦੀ 23ਵੀਂ ਵਾਰ ਵਿਚ ਇਹ ਸ਼ਬਦ ਜ਼ਰੂਰ ਮਿਲਦਾ ਹੈ:

ਨੀਚਹੁ ਨੀਚੁ ਸਦਾਵਣਾਗੁਰ ਉਪਦੇਸ ਕਮਾਵੈ ਕੋਈ॥
ਤ੍ਰੈ ਵੀਹਾਂ ਦੇ ਦਮਮ ਲੈ ਇਕੁ ਰੁਪਈਆ ਹੋਛਾ ਹੋਈ॥
—
ਦਸੀਂ ਰੁਪਯੀਂ ਲਈਦਾ ਇਕੁ ਸੁਨਈਆ ਹਉਲਾ ਸੋਈ॥
ਸਹਸ ਸੁਨਈਏ ਮੁਲੁ ਕਰ ਲੱਯੈ ਹੀਰਾ ਹਾਰ ਪਰੋਈ॥

ਇਸ ਵਾਰ ਵਿਚ ਤਾਂ ਸਿਕਿਆਂ ਦੇ ਆਪਸ ਵਿਚ ਮੁੱਲ ਵੀ ਦੱਸੇ ਹਨ ਅਰਥਾਤ ਇਕ ਰੁਪਈਆ 60 ਦਾਮਾਂ (ਤ੍ਰੈ ਵੀਹਾਂ ਦਮਮ) ਦੇ ਬਰਾਬਰ ਹੈ, ਇਕ ਸੁਨੱਈਆ ਦਸ ਰੁਪਏ ਦੇ ਬਰਾਬਰ ਆਦਿ। ਸਪਸ਼ਟ ਹੈ ਕਿ ਸੁਨੱਈਆ ਮੋਹਰ ਨੂੰ ਹੀ ਕਿਹਾ ਗਿਆ ਹੈ ਪਰ ਇਹ ਨਹੀਂ ਕਿਹਾ ਜਾ ਸਕਦਾ ਕਿ ਸੁਨੱਈਆ ਸ਼ਬਦ ਕਦੇ ਪ੍ਰਚਲਤ ਵੀ ਸੀ।

ਮੁਗਲਾਂ ਨੇ ਏਹੀ ਰੁਪਈਆ ਜਾਰੀ ਰੱਖਿਆ ਤੇ 17ਵੀਂ ਸਦੀ ਦੇ ਸ਼ੁਰੂ ਵਿਚ ਅੰਗਰੇਜ਼ ਸ਼ਾਸਕ ਵਾਰਨ ਹੇਸਟਿੰਗਜ਼ ਨੇ ਚਾਂਦੀ ਦੇ ਨਾਲ ਨਾਲ ਕਾਗ਼ਜ਼ੀ ਰੁਪਏ ਦਾ ਪ੍ਰਚਲਨ ਵੀ ਸ਼ੁਰੂ ਕਰ ਦਿੱਤਾ। ਅੱਜ ਰੁਪਈਆ, ਜੋ ਭਾਰਤੀ ਮੁਦਰਾ ਦੀ ਇਕਾਈ ਹੈ, ਛਾਈਂ-ਮਾਈਂ ਹੋ ਗਿਆ ਹੈ। ਜਿਨ੍ਹਾਂ ਦਿਨਾਂ 'ਚ ਅਸੀਂ ਜਵਾਨ ਹੁੰਦੇ ਸਾਂ, ਇਕ ਫ਼ਿਲਮੀ ਗਾਣਾ ਚੱਲਿਆ ਸੀ:

ਹਾਏ ਹਾਏ ਹਾਏ ਯੇ ਮਜਬੂਰੀ,
ਯੇ ਮੌਸਮ ਔਰ ਯੇ ਦੂਰੀ
ਤੇਰੀ ਦੋ ਟਕਿਆਂ ਦੀ ਨੌਕਰੀ
ਵੇ ਮੇਰਾ ਲੱਖਾਂ ਦਾ ਸਾਵਣ ਜਾਏ...

ਪਿੰਡਾਂ ਵਿਚ ਇਸਦੀ ਇਕ ਪੈਰੋਡੀ ਚੱਲੀ ਪਈ:

ਹਾਏ ਹਾਏ ਹਾਏ ਯੇ ਮਝ ਬੂਰੀ,
ਨਾ ਘਾਹ ਖਾਏ ਨਾ ਤੂੜੀ
'ਡਿੰਗ 'ਡਿੰਗ ਕੇ ਮੇਰਾ ਸਿਰ ਖਾਏ...

ਇਸ ਪੈਰੋਡੀ ਤੇ ਹੋਰ ਮੁਹਾਵਰੇ ਜਿਵੇਂ ਟਕੇ ਵਰਗਾ ਜਵਾਬ ਦੇਣਾ, ਦੋ ਟਕੇ ਦਾ ਆਦਮੀ ਆਦਿ ਤੋਂ ਪਤਾ ਲਗਦਾ ਹੈ ਕਿ ਟਕਾ ਕਿਸੇ ਬਹੁਤ ਤੁਛ ਕੀਮਤ ਵਾਲੇ ਸਿੱਕੇ ਦਾ ਨਾਂ ਹੈ। ਦੋ ਪੈਸਿਆਂ ਦੀ ਕੀਮਤ ਵਾਲਾ ਇਹ ਚੌਰਸ ਜਿਹਾ ਸਿੱਕਾ ਅਜੇ ਕਲ੍ਹ ਤੱਕ ਚੱਲਦਾ ਰਿਹਾ ਹੈ ਪਰ ਬੰਗਾਲ, ਆਸਾਮ, ਬੰਗਲਾਦੇਸ਼ ਵਿਚ ਅੱਜ ਵੀ ਟਕਾ ਰੁਪਈਏ ਨੂੰ ਕਹਿੰਦੇ ਹਨ। ਗੁਰੂ ਨਾਨਕ ਨੇ ਇਹ ਸ਼ਬਦ ਵਰਤਿਆ ਹੈ:

ਲਖ ਟਕਿਆ ਕੇ ਮੁੰਦੜੇ ਲਖ ਟਕਿਆ ਕੇ ਹਾਰ॥

ਟਕਾ ਸੰਸਕ੍ਰਿਤ ਟੰਕ ਤੋਂ ਬਣਿਆ ਹੈ ਜਿਸਦਾ ਮਤਲਬ ਬੰਨ੍ਹਣਾ, ਛਿਲਣਾ, ਜੋੜਨਾ ਆਦਿ ਹੈ। ਪੁਰਾਣੇ ਜ਼ਮਾਨੇ ਵਿਚ ਢਾਲਣ ਦੀ ਤਰਕੀਬ ਨਹੀਂ ਸੀ ਇਸ ਲਈ ਟੰਕਣ ਅਰਥਾਤ ਸਿੱਕੇ ਉਤੇ ਸਰਕਾਰੀ ਚਿੰਨ੍ਹ ਹੀ ਟੰਕ ਦਿੱਤਾ ਜਾਂਦਾ ਸੀ। ਟੰਕੇ


*ਸਿੱਖ ਸਾਮਰਾਜ ਦਾ ਚਾਂਦੀ ਦਾ ਰੁਪਈਆ (1834)*


*1765 ਵਿਚ ਜਾਰੀ ਕੀਤਾ ਗਿਆ ਖਾਲਸਾ ਰੁਪਈਆ*

ਜਾਣ ਵਾਲੀ ਜਗ੍ਹਾ ਨੂੰ ਟਕਸਾਲ ਕਿਹਾ ਜਾਂਦਾ ਸੀ। ਪੁਰਾਣੇ ਜ਼ਮਾਨੇ ਵਿਚ ਟਕੇ ਦਾ ਅਰਥ ਚਾਰ ਮਾਸ਼ੇ ਦਾ ਤੋਲ ਜਾਂ ਇਸ ਦੇ ਬਰਾਬਰ ਚਾਂਦੀ ਹੁੰਦਾ ਸੀ। ਗੁਰੂ ਨਾਨਕ ਦੀ ਇਸ ਟੂਕ ਵਿਚ ਟਕਾ ਚਾਂਦੀ ਦੇ ਅਜਿਹੇ ਰੁਪਏ ਦੇ ਅਰਥਾਂ ਵਿਚ ਹੀ ਆਇਆ ਹੈ ਪਰ ਅੰਗਰੇਜ਼ਾਂ ਦੇ ਵੇਲੇ ਤੋਂ ਟਕਾ ਦੋ ਪੈਸੇ ਦੇ ਸਿੱਕੇ ਨੂੰ ਕਿਹਾ ਜਾਣ ਲੱਗਾ।

## ਪਾਠਕਾਂ ਦੀ ਰਾਏ

# ਸਿੱਖ ਸੰਘਰਸ਼ ਬਨਾਮ ਅਕਾਲੀ ਦਲ (ਬਾਦਲ)-ਕੁਝ ਸਵਾਲ

ਵੀਹਵੀਂ ਸਦੀ ਵਿਚ ਸਿੱਖ ਕੌਮ ਨੂੰ ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਰੂਪ ਵਿਚ ਇਕ ਅਜਿਹਾ ਸੰਤ ਸਿਪਾਹੀ ਮਿਲਿਆ, ਜਿਸ ਨੇ ਮੁਰਦਾ ਕੌਮ ਵਿਚ ਰੂਹ ਫੂਕ ਕੇ ਕੌਮ ਨੂੰ ਅਣਖ ਤੇ ਗੈਰਤ ਨਾਲ ਜਿਊਣਾ ਸਿਖਾਇਆ। ਉਨ੍ਹਾਂ ਨੇ ਕੌਮ ਨੂੰ ਲਾਮਬੰਦ ਕੀਤਾ, ਕੌਮ ਦੀ ਆਜ਼ਾਦੀ ਲਈ ਫੌਜਾਂ ਨਾਲ ਜੂਝ ਕੇ ਸ਼ਹੀਦੀ ਪ੍ਰਾਪਤ ਕੀਤੀ ਅਤੇ ਅਠਾਰਵੀਂ ਸਦੀ ਦਾ ਇਤਿਹਾਸ ਇਕ ਵਾਰ ਮੁੜ ਦੁਹਰਾਇਆ। ਉਸ ਉਪਰੰਤ ਸਿੱਖ ਕੌਮ ਦੇ ਸੂਰਮਿਆਂ ਨੇ ਖਾੜਕੂ ਸੰਘਰਸ਼ ਲੜਿਆ। ਇਸਦੇ ਵਿਚ ਕੋਈ ਸ਼ੱਕ ਨਹੀਂ ਕਿ ਖਾੜਕੂ ਸੰਘਰਸ਼ ਵਿਚ ਗੁੰਡਾ ਅਨਸਰ ਘੁਸਪੈਠ ਕਰ ਗਿਆ ਅਤੇ ਸਰਕਾਰ ਨੇ ਆਪਣੇ ਬੰਦੇ ਵਾੜ ਕੇ ਸੰਘਰਸ਼ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਵੀ ਕੀਤੀ ਜਿਸ ਵਿਚ ਸਰਕਾਰ ਕੁਝ ਹੱਦ ਤੱਕ ਕਾਮਯਾਬ ਵੀ ਹੋਈ ਪਰ ਕੌਮੀ ਸੰਘਰਸ਼ ਅਤੇ ਸਿੰਘਾਂ ਦੀਆਂ ਕੁਰਬਾਨੀਆਂ 'ਤੇ ਕੋਈ ਸ਼ੱਕ ਨਹੀਂ ਕੀਤਾ ਜਾ ਸਕਦਾ। ਅਸਲੀ ਖਾੜਕੂ ਸਿੰਘਾਂ ਦੇ ਘਰ-ਬਾਰ ਉਜੜ ਗਏ, ਧੀਆਂ-ਭੈਣਾਂ, ਮਾਂ-ਪਿਓ ਠਾਣਿਆਂ ਤੇ ਤਸੀਹਾ ਕੇਂਦਰਾਂ 'ਚ ਬੇਪਤ ਹੋਏ। ਸਿੰਘਾਂ ਨੇ ਅਠਾਰਵੀਂ ਸਦੀ ਨੂੰ ਮਾਤ ਪਾਉਂਦੇ ਤਸੀਹੇ ਸਹਿ ਕੇ ਸ਼ਹੀਦੀਆਂ ਪ੍ਰਾਪਤ ਕੀਤੀਆਂ, ਪਰ ਸੰਘਰਸ਼ ਨੂੰ ਪਿੱਠ ਨਹੀਂ ਦਿਖਾਈ।

ਦੁੱਖ ਦੀ ਗੱਲ ਇਹ ਹੈ ਕਿ ਕੌਮ ਦੀ ਆਜ਼ਾਦੀ ਦਾ ਵਿਰੋਧ, ਸਿੱਖਾਂ ਦੇ ਦੁਸ਼ਮਣਾਂ ਨੇ ਤਾਂ ਕਰਨਾ ਹੀ ਸੀ ਪਰ ਸਿੱਖਾਂ ਦੀ ਨਿਪੁੰਸਕ ਅਕਾਲੀ ਲੀਡਰਸ਼ਿਪ ਨੇ ਉਨ੍ਹਾਂ ਤੋਂ ਵੀ ਵਧ ਕੀਤਾ। ਜਦੋਂ ਪੰਜਾਬ ਦੀ ਧਰਤੀ ਤੇ ਬੇਅੰਤ ਸਿੰਘ ਦੀ ਕਮਾਨ ਹੇਠ ਸਰਕਾਰੀ ਅਤਿਵਾਦ ਪੂਰੇ ਜ਼ੋਰਾਂ 'ਤੇ ਸੀ ਤਾਂ ਇਹ ਅਕਾਲੀ ਲੀਡਰ ਲੋਕਾਂ ਦੀ ਬਾਂਹ ਫੜਨ ਦੀ ਥਾਂ, ਜਾਂ ਤਾਂ ਸਰਕਾਰੀ ਮਸ਼ੀਨਰੀ ਨਾਲ ਜਾ ਖੜੇ ਜਾਂ ਆਪਣੀਆਂ ਖੁੱਡਾਂ ਵਿਚ ਲੁਕ ਗਏ। ਉਦੋਂ ਪੰਥ ਨੇ ਤਿੰਨ ਫਰੰਟਾਂ 'ਤੇ ਸਰਕਾਰੀ ਅਤਿਵਾਦ ਵਿਰੁਧ ਲੜਾਈ ਲੜੀ: ਸ. ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਿਚ ਸਿਆਸੀ ਲੜਾਈ, ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਵਰਗੇ ਪੰਥ ਦਰਦੀਆਂ ਦੀ ਅਗਵਾਈ ਵਿਚ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਸੰਘਰਸ਼, ਭਾਈ ਜਗਤਾਰ ਸਿੰਘ ਹਵਾਰਾ, ਭਾਈ ਬਲਵੰਤ ਸਿੰਘ ਰਾਜੋਆਣਾ, ਸ਼ਹੀਦ ਭਾਈ ਦਿਲਾਵਰ ਸਿੰਘ ਵਰਗੇ ਯੋਧਿਆਂ ਦਾ ਬੇਅੰਤ ਸਿੰਘ ਨੂੰ ਸੋਧ ਕੇ ਸਿੱਖਾਂ ਦੀ ਨਸਲਕੁਸ਼ੀ ਨੂੰ ਰੋਕਣਾ।

ਇਸ ਨਾਲ ਪ੍ਰਕਾਸ਼ ਸਿੰਘ ਬਾਦਲ ਨੂੰ ਮੁੱਖ ਮੰਤਰੀ ਦੀ ਕੁਰਸੀ 'ਤੇ ਬੈਠਣ ਦਾ ਮੌਕਾ ਮਿਲਿਆ, ਜਿਸ ਨੇ ਉਦੋਂ ਸਿੱਖ ਕੌਮ ਨਾਲ ਜ਼ਾਲਮ ਪੁਲਿਸ ਅਫ਼ਸਰਾਂ ਨੂੰ ਸਜ਼ਾਵਾਂ ਦੇਣ ਵਰਗੇ ਬੜੇ ਵੱਡੇ ਵੱਡੇ ਵਾਅਦੇ ਕੀਤੇ ਪਰ ਪੂਰਾ ਇਕ ਵੀ ਨਾ ਕੀਤਾ ਸਗੋਂ ਉਸ ਸੰਘਰਸ਼ ਨੂੰ ਅਰੰਭਣ ਵਾਲੇ ਸੰਤ ਜਰਨੈਲ ਸਿੰਘ ਨੂੰ ਵਿਧਾਨ ਸਭਾ ਵਿਚ ਕਾਂਗਰਸੀ ਤੇ ਅਤਿਵਾਦੀ ਕਿਹਾ। ਸਿੱਖ ਸੰਘਰਸ਼ ਦੇ ਸ਼ਹੀਦਾਂ ਨੂੰ ਅਤਿਵਾਦੀ ਤੇ ਵੱਖਵਾਦੀ ਪ੍ਰਚਾਰਨ ਵਿਚ ਅਕਾਲੀ ਦਲ (ਬਾਦਲ) ਦਾ ਪੂਰਾ ਜ਼ੋਰ ਲੱਗਾ ਹੋਇਆ ਹੈ। 1920 ਵਿਚ ਗੁਰਦੁਆਰਾ ਸੁਧਾਰ ਲਹਿਰ ਵਿਚੋਂ ਸ਼ਹੀਦਾਂ ਦੀ ਜਥੇਬੰਦੀ ਦੇ ਰੂਪ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਹੋਈ ਸੀ ਜੋ ਅੱਜ ਡੋਗਰਿਆਂ ਦੀ ਵਾਰਸ ਬਣ ਕੇ ਰਹਿ ਗਈ ਹੈ। ਬਾਦਲ ਦਲੀਏ ਅੱਜ ਲਾਮਬੰਦ ਹੋ ਕੇ ਸਿੱਖ ਕੌਮ ਦੀਆਂ ਜੜ੍ਹਾਂ ਵਿਚ ਤੇਲ ਦੇ ਰਹੇ ਹਨ। ਸਿੱਖ ਕਦਰਾਂ ਕੀਮਤਾਂ ਤੇ ਪਰੰਪਰਾਵਾਂ ਨੂੰ ਘੱਟੇ ਵਿਚ ਰੋਲਿਆ ਜਾ ਰਿਹਾ ਹੈ, ਆਸੂਤੋਸ਼ ਦੇ ਚਰਨਾਂ 'ਚ ਬਹਿਣ ਵਾਲੀ ਬਾਦਲ ਦੀ ਘਰਵਾਲੀ ਸੁਰਿੰਦਰ ਬਾਦਲ ਨੂੰ ਮਾਤਾ ਖੀਵੀ ਐਵਾਰਡ ਦੇ ਕੇ ਗੁਰੂ ਦੇ ਮਹਿਲਾਂ ਦੀ ਬਰਾਬਰੀ ਕੀਤੀ ਜਾ ਰਹੀ ਹੈ। ਵਿਦੇਸ਼ਾਂ ਵਿਚ ਸਿੱਖਾਂ ਦੀ ਹਮਦਰਦ ਜਥੇਬੰਦੀ ਦਾ ਦਾਅਵਾ ਕਰਨ ਵਾਲੇ ਅਕਾਲੀ ਦਲ (ਬਾਦਲ) ਦੇ ਸਹਿਯੋਗੀ ਇਨ੍ਹਾਂ ਪ੍ਰਸ਼ਨਾਂ ਦੇ ਉਤਰ ਦੇਣ ਦੀ ਖੇਚਲ ਕਰਨ:

1. ਅਪਰੈਲ 1978 ਦੇ ਸਾਕੇ (13 ਸਿੰਘ ਸ਼ਹੀਦ) ਪਿਛੋਂ ਨਿਰੰਕਾਰੀ ਗੁਰਬਚਨ ਸਿੰਘ ਨੂੰ ਸੁਰੱਖਿਅਤ ਦਿੱਲੀ ਕਿਉਂ ਜਾਣ ਦਿੱਤਾ ਗਿਆ?

2. ਜੂਨ 1984 ਦਾ ਘੱਲੂਘਾਰਾ ਕਰਵਾਉਣ ਲਈ ਦਿੱਲੀ ਸਰਕਾਰ ਨਾਲ ਹੱਥ ਕਿਉਂ ਮਿਲਾਇਆ?

3. ਅਨੰਦਪੁਰ ਸਾਹਿਬ ਦੇ ਮਤੇ ਤੋਂ ਮੂੰਹ ਕਿਉਂ ਮੋੜਿਆ?

4. 1997 'ਚ ਬਾਦਲ ਨੇ ਮੁੱਖ ਮੰਤਰੀ ਬਣਨ ਪਿਛੋਂ ਕੌਮੀ ਫਰਜ਼ਾਂ ਤੋਂ ਮੂੰਹ ਕਿਉਂ ਮੋੜਿਆ?

5. ਅਕਾਲ ਤਖ਼ਤ ਦੇ ਜਥੇਦਾਰ ਸਿੰਘ ਸਾਹਿਬ ਗੁਰਦੇਵ ਸਿੰਘ ਕਾਉਂਕੇ ਨੂੰ ਸ਼ਹੀਦ ਕਰਨ ਵਾਲਿਆਂ ਦਾ ਸਾਥ ਕਿਉਂ ਦਿੱਤਾ? ਤਿਵਾੜੀ ਕਮਿਸ਼ਨ ਦੀ ਰਿਪੋਰਟ ਲਾਗੂ ਕਿਉਂ ਨਹੀਂ ਕੀਤੀ?

6. ਸਿੱਖ ਕੌਮ ਦੀ ਜੁਆਨੀ ਨੂੰ ਕੋਹ-ਕੋਹ ਕੇ ਸ਼ਹੀਦ ਕਰਨ ਵਾਲੇ ਪੁਲਿਸ ਅਫ਼ਸਰਾਂ ਨੂੰ ਤਰੱਕੀਆਂ ਕਿਉਂ ਦਿੱਤੀਆਂ?

7. ਦਿੱਲੀ ਵਿਚ ਚੰਦੂਆਂ ਤੇ ਗੰਗੂਆਂ ਦੀ ਵਾਰਿਸ ਭਾਜਪਾ ਨੂੰ ਬਿਨਾਂ ਸ਼ਰਤ ਹਮਾਇਤ ਕਿਉਂ ਦਿੱਤੀ? ਜਦਕਿ ਇਹ ਸਿੱਖ ਕੌਮ ਨੂੰ ਵੱਖਰੀ ਕੌਮ ਤੇ ਸਿੱਖ ਧਰਮ ਨੂੰ ਵੱਖਰਾ ਧਰਮ ਹੀ ਨਹੀਂ ਮੰਨਦੇ, ਹਿੰਦੂਆਂ ਦਾ ਹੀ ਅੰਗ ਮੰਨਦੇ ਹਨ।

8. ਨਵੰਬਰ 1984 ਦੇ ਸਿੱਖ ਕਤਲੇਆਮ ਤੇ ਰਾਜਨੀਤੀ ਕਰਨ ਵਾਲੇ ਬਾਦਲ ਨੇ 6 ਸਾਲ ਦਿੱਲੀ ਵਿਚ ਭਾਜਪਾ ਦੀ ਸਰਕਾਰ ਰਹਿਣ 'ਤੇ ਸਿੱਖਾਂ ਨੂੰ ਇਨਸਾਫ ਕਿਉਂ ਨਹੀਂ ਦਿਵਾਇਆ?

9. ਮਾਰਚ 2000 'ਚ ਚਿੱਟੀ ਸਿੰਘਪੁਰਾ ਵਿਚ 36 ਸਿੱਖਾਂ ਦੇ ਕਤਲ ਲਈ ਜ਼ਿੰਮੇਵਾਰ ਭਾਜਪਾ ਸਰਕਾਰ ਨਾਲ ਭਾਈਵਾਲੀ ਕਿਉਂ ਪਾਈ?

10. ਪੰਜਾਬ ਵਿਚ ਪੰਥ ਨੂੰ ਕਮਜ਼ੋਰ ਕਰਨ ਵਾਲੇ ਤੇ ਗੁਰੂ ਗ੍ਰੰਥ ਸਾਹਿਬ ਦੇ ਦੋਖੀਆਂ ਸਰਸੇ ਵਾਲੇ, ਆਸੂਤੋਸ਼, ਭਨਿਆਰੇ ਵਾਲੇ ਅਤੇ ਅਨੇਕਾਂ ਹੀ ਹੋਰ ਅਜਿਹੇ ਡੇਰਿਆਂ ਨਾਲ ਸਾਂਝ ਕਿਉਂ? ਅਖੌਤੀ ਪੰਥਕ ਸਰਕਾਰ ਇਨ੍ਹਾਂ ਨੂੰ ਸ਼ਹਿ 'ਤੇ ਸਹਿਯੋਗ ਕਿਉਂ ਦੇ ਰਹੀ ਹੈ ਜਦੋਂਕਿ ਸਿੱਖਾਂ ਨੂੰ ਮਾਰਿਆ ਤੇ ਕੁੱਟਿਆ ਜਾ ਰਿਹਾ ਹੈ।

11. ਸਿੱਖਾਂ ਦੀ ਧਾਰਮਿਕ ਸੰਸਥਾ ਸ਼੍ਰੋਮਣੀ ਕਮੇਟੀ ਦਾ ਪੈਸਾ ਆਪਣੇ ਸਿਆਸੀ ਹਿਤਾਂ ਲਈ ਕਿਉਂ ਵਰਤਿਆ ਜਾ ਰਿਹਾ ਹੈ, ਸਿੱਖ ਧਰਮ ਦੇ ਉਲਟ ਪ੍ਰਚਾਰ ਕਰ ਰਹੀਆਂ ਆਰ. ਐਸ. ਐਸ. ਵਰਗੀਆਂ ਜਥੇਬੰਦੀਆਂ ਦਾ ਵਿਰੋਧ ਕਰਨ ਦੀ ਬਜਾਏ ਇਨ੍ਹਾਂ ਦਾ ਪ੍ਰਭਾਵ ਕਿਉਂ ਕਬੂਲਿਆ ਜਾ ਰਿਹਾ ਹੈ?

12. ਸ. ਪ੍ਰਕਾਸ਼ ਸਿੰਘ ਬਾਦਲ ਦਾ ਸਾਧ ਰਾਮਾਨੰਦ ਦੇ ਕਤਲ ਤੋਂ ਬਾਅਦ ਉਸ ਦੇ ਡੇਰੇ ਵਿਚ ਥੱਲੇ ਬੈਠਣਾ ਪਰ ਦੋ ਦਿਨਾਂ ਬਾਅਦ ਹੀ ਅਕਾਲ ਤਖ਼ਤ ਸਾਹਿਬ 'ਤੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕੁਰਸੀ 'ਤੇ ਬੈਠਣਾ ਕੀ ਜਾਇਜ਼ ਹੈ?

13. 5 ਦਸੰਬਰ, 2009 ਲੁਧਿਆਣਾ ਵਿਚ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਲਈ ਰੋਸ ਮੁਜ਼ਾਹਰਾ ਕਰ ਰਹੇ ਸਿੱਖਾਂ ਨੂੰ ਗੋਲੀਆਂ ਮਾਰ ਕੇ ਸ਼ਹੀਦ ਕਿਉਂ ਕੀਤਾ ਗਿਆ? ਜਦੋਂਕਿ ਆਸੂਤੋਸ਼ ਦਾ ਪ੍ਰੋਗਰਾਮ ਪੁਲਿਸ ਪਹਿਰੇ ਹੇਠ ਕਰਵਾਇਆ ਗਿਆ ਅਤੇ ਬਾਅਦ ਵਿਚ ਉਨ੍ਹਾਂ ਸਿੰਘਾਂ ਨੂੰ ਝੂਠੇ ਕੇਸਾਂ ਵਿਚ ਫਸਾਉਣ ਦੇ ਕੀ ਕਾਰਨ ਹਨ?

14. ਸ਼੍ਰੋਮਣੀ ਅਕਾਲੀ ਦਲ ਦੇ ਮਾਣਮੱਤੇ ਇਤਿਹਾਸ 'ਤੇ ਪਹਿਰਾ ਦੇਣ ਦੀ ਬਜਾਏ ਉਸ ਨੂੰ ਕਲੰਕਤ ਕਿਉਂ ਕੀਤਾ ਜਾ ਰਿਹਾ ਹੈ?

15. ਅਕਾਲ ਤਖ਼ਤ ਤੋਂ 20ਵੀਂ ਸਦੀ ਦੇ ਮਹਾਨ ਸਿੱਖ ਦਾ ਖ਼ਿਤਾਬ ਪ੍ਰਾਪਤ, ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਵਿਧਾਨ ਸਭਾ ਵਿਚ ਬਾਦਲ ਵਲੋਂ ਕਾਂਗਰਸ ਦੀ ਪੈਦਾਇਸ਼ ਤੇ ਅਤਿਵਾਦੀ ਕਹਿ ਕੇ ਬੇਅਦਬੀ ਕਿਉਂ ਕੀਤੀ ਗਈ?

16. ਭਾਈ ਜਗਤਾਰ ਸਿੰਘ ਹਵਾਰਾ, ਭਾਈ ਬਲਵੰਤ ਸਿੰਘ ਰਾਜੋਆਣਾ ਤੇ ਸ਼ਹੀਦ ਭਾਈ ਦਿਲਾਵਰ ਸਿੰਘ ਵਰਗੇ ਯੋਧਿਆਂ ਨੂੰ ਏਜੰਸੀਆਂ ਦੇ ਬੰਦੇ ਕਹਿ ਕੇ ਇਨ੍ਹਾਂ ਦਾ ਨਿਰਾਦਰ ਕਿਉਂ ਕੀਤਾ ਜਾ ਰਿਹਾ ਹੈ?

17. ਵਿਦੇਸ਼ੀ ਸਿੱਖਾਂ ਦੀਆਂ ਕਾਲੀਆਂ ਸੂਚੀਆਂ ਖ਼ਤਮ ਕਰਵਾਉਣ ਦੇ ਡਰਾਮੇ ਕੀਤੇ ਜਾ ਰਹੇ ਹਨ, ਪੰਜਾਬ ਦੀਆਂ ਜੇਲ੍ਹਾਂ ਵਿਚ 20-20 ਸਾਲ ਤੋਂ ਬੈਠੇ ਸਿੰਘਾਂ ਨੂੰ ਛੱਡਿਆ ਨਹੀਂ ਗਿਆ ਅਤੇ ਹਰ ਰੋਜ਼ ਸਿੱਖ ਨੌਜਵਾਨਾਂ ਨੂੰ ਝੂਠੇ ਕੇਸਾਂ ਵਿਚ ਫਸਾਇਆ ਜਾ ਰਿਹਾ ਹੈ, ਕਿਉਂ?

18. ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਤਿਹਾੜ ਜੇਲ੍ਹ ਤੋਂ ਪੰਜਾਬ ਦੀ ਜੇਲ੍ਹ ਵਿਚ ਤਬਦੀਲ ਕਰਨ ਦਾ ਬਾਦਲ ਸਰਕਾਰ ਵਲੋਂ ਵਿਰੋਧ ਕਿਉਂ?

ਇਹ ਤਾਂ ਕੁਝ ਹੀ ਸਵਾਲ ਹਨ, ਸਵਾਲਾਂ ਦੀ ਲਿਸਟ ਬੜੀ ਲੰਮੀ ਹੈ।

*-ਦਰਸ਼ਨ ਸਿੰਘ ਫਰੀਮਾਂਟ*
*ਫੋਨ:510-377-1140*

# ਇਕ ਰੇਡ ਵੀਲ੍ਹ ਚੇਅਰ 'ਤੇ

ਖਚਾਖਚ ਭਰਿਆ ਲੁਧਿਆਣੇ ਦਾ ਗੁਰੂ ਨਾਨਕ ਸਟੇਡੀਅਮ। ਇਸ ਮੈਦਾਨ ਅੰਦਰ ਭਾਰਤ ਅਤੇ ਪਾਕਿਸਤਾਨ ਦਾ ਫਾਈਨਲ ਕਬੱਡੀ ਮੈਚ ਹੋਣਾ ਸੀ। ਗਾਇਕਾਂ ਦੇ ਅਖਾੜਿਆਂ ਤੋਂ ਬਾਅਦ ਗਿੱਧੇ-ਭੰਗੜੇ ਦੀ ਧਮਾਲ ਵੀ ਠੰਢੀ ਪੈ ਚੁੱਕੀ ਸੀ। ਬਸ ਹੁਣ ਇੰਤਜ਼ਾਰ ਸੀ ਗੱਭਰੂਆਂ ਦਾ, ਜਿਨ੍ਹਾਂ ਦੇ ਪੱਟਾਂ ਦੇ ਜ਼ੋਰ ਦੀ ਅਸਲ ਪਰਖ ਅੱਜ ਹੋਣੀ ਸੀ।



**ਸੁਖਵੀਰ ਗਰੇਵਾਲ**
e-mail:sukhsports@gmail.com

ਮੇਰੀਆਂ ਨਜ਼ਰਾਂ ਪੂਰੇ ਸਟੇਡੀਅਮ ਦੀਆਂ ਪੌੜੀਆਂ ਉਪਰ ਖਰੂਦ ਪਾ ਰਹੇ ਦਰਸ਼ਕਾਂ ਨੂੰ ਦੇਖ ਕੇ ਬਾਗੋ-ਬਾਗ ਹੋ ਰਹੀਆਂ ਸਨ ਪਰ ਸਟੇਡੀਅਮ ਦੇ ਇਕ ਕੋਨੇ ਵਿਚ ਖਾਲੀ ਪਈਆਂ ਪੌੜੀਆਂ ਵਾਰ-ਵਾਰ ਮੇਰੇ ਮਨ ਨੂੰ ਖਟਕ ਰਹੀਆਂ ਸਨ। ਇਹ ਬਲਾਕ ਕੁੜੀਆਂ ਲਈ ਰਿਜ਼ਰਵ ਸੀ। ਰਾਤ ਨੂੰ ਕਬੱਡੀ ਦੇ ਮੈਚਾਂ ਵਿਚ ਭਲਾ ਕੁੜੀਆਂ ਦਾ ਕੀ ਕੰਮ?' ਸ਼ਾਇਦ ਇਹ ਸੋਚ ਕੇ ਬਹੁਤਿਆਂ ਨੇ ਧੀਆਂ-ਭੈਣਾਂ ਨੂੰ ਨਾਲ ਲਿਆਉਣਾ ਠੀਕ ਨਹੀਂ ਸੀ ਸਮਝਿਆ। ਕੁੜੀਆਂ ਅਤੇ ਖੇਡਾਂ ਬਾਰੇ ਲੋਕਾਂ ਦੀ ਸੋਚ ਦੀ ਅਜੇ ਮੈਂ ਪੁਣ-ਛਾਣ ਕਰ ਹੀ ਰਿਹਾ ਸਾਂ ਕਿ ਸਟੇਡੀਅਮ ਦੇ ਇਕ ਪਾਸਿਓਂ ਵਧੇ ਰੌਲੇ ਨੇ ਮੇਰੀ ਬਿਰਤੀ ਤੋੜ ਦਿੱਤੀ। ਦੋਵੇਂ ਟੀਮਾਂ ਸਟੇਡੀਅਮ ਅੰਦਰ ਦਾਖਲ ਹੋ ਚੁੱਕੀਆਂ ਸਨ।

ਪੰਦਰਾਂ ਕੁ ਮਿੰਟਾਂ ਬਾਅਦ ਮੈਚ ਸ਼ੁਰੂ ਹੋ ਗਿਆ। ਪੂਰੇ ਸਟੇਡੀਅਮ ਦਾ ਧਿਆਨ ਰੇਡਾਂ ਅਤੇ ਜੱਫਿਆਂ ਉਪਰ ਸੀ ਪਰ ਮੇਰਾ ਮਨ ਸਟੇਡੀਅਮ ਦੀਆਂ ਖਾਲੀ ਪੌੜੀਆਂ ਉਪਰੋਂ ਨਹੀਂ ਸੀ ਹਟਿਆ। ਪਾਣੀ ਦੀ ਪਹਿਲੀ ਬਰੇਕ ਹੋਈ ਤਾਂ ਸਟੇਡੀਅਮ ਦੇ ਇਕ ਕੋਨੇ ਤੋਂ ਵੀਲ੍ਹ ਚੇਅਰ 'ਤੇ ਬੈਠੀ ਇਕ ਕੁੜੀ ਮੈਦਾਨ ਅੰਦਰ ਦਾਖਲ ਹੋਈ। ਉਸਦੇ ਨਾਲ ਇਕ ਹੋਰ ਕੁੜੀ ਤੇ ਬਜ਼ੁਰਗ ਮਾਤਾ ਵੀ ਸੀ। ਤਿੰਨੇ ਜਣੀਆਂ ਕਬੱਡੀ ਦੇ ਪਾਣੇ ਕੋਲ ਜਾ ਕੇ ਰੁਕ ਗਈਆਂ ਤੇ ਮੇਰੇ ਮਨ ਨੂੰ ਇਸ ਗੱਲ ਨੇ ਫਿਰ ਸੋਚੀਂ ਪਾ ਦਿੱਤਾ, 'ਰਾਤ ਨੂੰ ਕਬੱਡੀ ਦੇ ਮੈਚਾਂ ਵਿਚ ਭਲਾ ਕੁੜੀਆਂ ਦਾ ਕੀ ਕੰਮ?'

ਮੈਥੋਂ ਰਿਹਾ ਨਾ ਗਿਆ। ਮੈਂ ਮਲਕੜੇ ਜਿਹੇ ਪੌੜੀਆਂ ਉਤਰ ਕੇ ਕਬੱਡੀ ਦੇ ਪਾਣੇ ਵਲ ਹੋ ਤੁਰਿਆ। ਵੀਲ੍ਹ ਚੇਅਰ ਦੇ ਨੇੜੇ ਹੋ ਕੇ ਤੱਕਿਆ ਤਾਂ ਨੌਂ ਸਾਲ ਪਹਿਲਾਂ ਵਾਪਰੀ ਘਟਨਾ ਮੇਰੀਆਂ ਅੱਖਾਂ ਅੱਗੇ ਘੁੰਮ ਗਈ। ਵੀਲ੍ਹ ਚੇਅਰ 'ਤੇ ਬੈਠੀ ਕੁੜੀ ਕਬੱਡੀ ਖਿਡਾਰਨ ਜਸਪ੍ਰੀਤ ਸੀ, ਜਿਹੜੀ ਪਟਿਆਲੇ ਵਿਚ ਕਬੱਡੀ ਮੈਚ ਖੇਡਦਿਆਂ ਫੱਟੜ ਹੋ ਗਈ ਸੀ।

ਕਬੱਡੀ ਦੇ ਸਿਰ 'ਤੇ ਨਾਂ ਕਮਾਉਣ ਦੀਆਂ ਕੋਸ਼ਿਸ਼ਾਂ ਵਿਚ ਲੱਗੀ ਜਸਪ੍ਰੀਤ ਦੀ ਜ਼ਿੰਦਗੀ ਵਿਚ ਸਾਲ 2001 ਦੀ 25 ਨਵੰਬਰ ਦਾ ਮਨਹੂਸ ਦਿਨ ਵੀ ਆਇਆ। ਕੌਮੀ ਖੇਡਾਂ ਦੌਰਾਨ ਪੰਜਾਬ ਅਤੇ ਹਰਿਆਣੇ ਦਾ ਮੈਚ ਸੀ। ਹਰਿਆਣੇ ਦੀ ਰੇਡਰ ਗੀਤਾ ਦੀ ਖੇਡਾਂ ਵਿਚ ਪੂਰੀ ਦਹਿਸ਼ਤ ਬਣ ਚੁੱਕੀ ਸੀ। ਗੀਤਾ ਨੂੰ ਜਿਹੜੀ ਵੀ ਸਟਾਪਰ ਰੋਕਣ ਦਾ ਹੌਸਲਾ ਕਰਦੀ ਸੀ, ਉਹ ਖੇਡਣ ਨਾਲੋਂ ਉਹਦੇ ਸੱਟ ਮਾਰਨ ਦੀ ਜ਼ਿਆਦਾ ਕੋਸ਼ਿਸ਼ ਕਰਦੀ। ਗੀਤਾ ਨੇ ਰੇਡ ਪਾਈ ਤਾਂ ਫੌਲਾਦੀ ਜਿਗਰੇ ਵਾਲੀ ਜਸਪ੍ਰੀਤ ਨੇ ਉਸ ਨੂੰ ਫੜ ਲਿਆ। ਉਹੀ ਗੱਲ ਹੋ ਗਈ, ਜੀਹਦਾ ਡਰ ਸੀ। ਗੀਤਾ ਨੇ ਆਪਣੇ ਸੁਭਾਅ ਮੁਤਾਬਕ ਜਸਪ੍ਰੀਤ ਨੂੰ ਸੱਟ ਮਾਰੀ। ਪਾਣੇ ਦੇ ਵਿਚਕਾਰ ਪਈ ਜਸਪ੍ਰੀਤ ਦਰਦ ਨਾਲ ਕਰਾਹ ਰਹੀ ਸੀ। ਮੈਚ ਰੁਕ ਗਿਆ। ਜਸਪ੍ਰੀਤ ਨੂੰ ਹਸਪਤਾਲ ਲਿਜਾਇਆ ਗਿਆ। ਡਾਕਟਰੀ ਰਿਪੋਰਟਾਂ ਤੋਂ ਪਤਾ ਲੱਗਿਆ ਕਿ ਉਸ ਦੀ ਰੀੜ੍ਹ ਦੀ ਹੱਡੀ ਟੁੱਟ ਚੁੱਕੀ ਸੀ। ਫਾਈਨਲ ਮੈਚ ਭਾਵੇਂ ਪੰਜਾਬ ਨੇ ਜਿੱਤ ਲਿਆ ਪਰ ਜਸਪ੍ਰੀਤ ਜ਼ਿੰਦਗੀ ਦਾ ਮੈਚ ਹਾਰ ਚੁੱਕੀ ਸੀ।

ਰਜਿੰਦਰਾ ਹਸਪਤਾਲ ਤੋਂ ਬਾਅਦ ਪੀ. ਜੀ. ਆਈ. ਵਿਚ ਵੀ ਉਸਦਾ ਇਲਾਜ ਚੱਲਿਆ ਪਰ ਡਾਕਟਰ ਪੂਰੀ ਵਾਹ ਲਾ ਕੇ ਜਸਪ੍ਰੀਤ ਨੂੰ ਮੁੜ ਖੇਡਣ ਜੋਗੀ ਤਾਂ ਕੀ, ਪੈਰਾਂ 'ਤੇ ਖੜ੍ਹੀ ਹੋਣ ਦੇ ਕਾਬਲ ਵੀ ਨਹੀਂ ਬਣਾ ਸਕੇ। ਸਰਕਾਰ ਨੇ ਪੰਜ ਲੱਖ ਰੁਪਏ ਦੀ ਮਦਦ ਐਲਾਨੀ ਪਰ ਕਬੱਡੀ ਦੇ ਸਿਰ 'ਤੇ ਜਿਹੜੇ ਸੁਪਨੇ ਜਸਪ੍ਰੀਤ ਨੇ ਸੰਜੋਏ ਸਨ, ਉਹ ਹੌਲੀ ਹੌਲੀ ਦਮ ਤੋੜ ਗਏ। ਇਹ ਸੀ ਉਸ ਦੀ ਬੀਤੀ ਜ਼ਿੰਦਗੀ।

ਮੈਂ ਕਬੱਡੀ ਦੀ ਸਟਾਰ ਜਸਪ੍ਰੀਤ ਕੋਲ ਖੜ੍ਹਾ ਉਸ ਦੀ ਬੀਤੀ ਜ਼ਿੰਦਗੀ ਦਾ ਲੇਖਾ-ਜੋਖਾ ਲਾਉਣ ਦੇ ਨਾਲ-ਨਾਲ ਉਸ ਦੇ ਮਨ ਅੰਦਰ ਉਠਦੀਆਂ ਖਾਹਿਸ਼ਾਂ ਨੂੰ ਵੀ ਨਾਪਣ ਦੀ ਕੋਸ਼ਿਸ਼ ਕਰ ਰਿਹਾ ਸਾਂ। ਪਾਕਿਸਤਾਨ ਵਿਰੁਧ ਜਦੋਂ ਵੀ ਭਾਰਤੀ ਟੀਮ ਦਾ ਕੋਈ ਖਿਡਾਰੀ ਅੰਕ ਲੈ ਕੇ ਜਾਂਦਾ ਤਾਂ ਉਹ ਖੁਸ਼ੀ 'ਚ ਖੀਵੀ ਹੋ ਜਾਂਦੀ। ਉਸ ਦਾ ਮਨ ਕਰਦਾ ਕਿ ਉਹ ਵੀ ਸਟੇਡੀਅਮ ਦੇ ਦਰਸ਼ਕਾਂ ਵਾਂਗ ਹਰ ਅੰਕ 'ਤੇ ਖੜ੍ਹੀ ਹੋ ਕੇ ਤਾੜੀਆਂ ਮਾਰੇ ਪਰ ਬੇਵਸ ਸੀ। ਰੀੜ੍ਹ ਦੀ ਹੱਡੀ ਦੀ ਸੱਟ ਕਾਰਨ ਉਸ ਦੇ ਧੜ ਤੋਂ ਹੇਠਲਾ ਪਾਸਾ ਮਰ ਚੁੱਕਿਆ ਸੀ। ਫਲੱਡ ਲਾਈਟਾਂ ਦੀ ਰੌਸ਼ਨੀ ਨਾਲੋਂ ਵਧ ਚਮਕ ਜਸਪ੍ਰੀਤ ਦੀਆਂ ਖਾਹਿਸ਼ਾਂ ਦੀ ਸੀ। ਹਾਫ ਟਾਈਮ ਦੀ ਸੀਟੀ ਵੱਜੀ ਤਾਂ ਮੈਂ ਵੀਲ੍ਹ ਚੇਅਰ ਦੇ ਨਾਲ ਬੈਠੀ ਬਜ਼ੁਰਗ ਮਾਤਾ ਨੂੰ ਫਤਹਿ ਬੁਲਾ ਕੇ ਪੁੱਛਿਆ, "ਤੁਸੀਂ ਜਸਪ੍ਰੀਤ ਦੇ ਮਾਤਾ ਜੀ ਹੋ?"

"ਹਾਂ ਪੁੱਤ, ਆਹ ਕੁੜੀ ਨੇ ਜਿੱਦ ਫੜੀ ਸੀ ਕਿ ਫਾਈਨਲ ਮੈਚ ਜ਼ਰੂਰ ਦੇਖਣਾ ਏ।" ਜਸਪ੍ਰੀਤ ਦੇ ਮਾਤਾ ਬਲਵੀਰ ਕੌਰ ਰਾਤ ਨੂੰ ਮੈਚ ਦੇਖਣ ਲਈ ਫਰੀਦਕੋਟ ਤੋਂ ਆਉਣ ਦੀ ਜਿਵੇਂ ਮਜਬੂਰੀ ਦੱਸ ਰਹੇ ਹੋਣ।

"ਜਸਪ੍ਰੀਤ, ਹੁਣ ਕਿਵੇਂ ਲੰਘਦੀ ਏ ਜ਼ਿੰਦਗੀ।" ਮੈਂ ਪੁੱਛਿਆ।

"ਠੀਕ ਏ ਭਾਅ ਜੀ, ਪਿਤਾ ਜੀ ਸੰਸਾਰ ਤੋਂ ਫਾਨੀ ਹੋ ਚੁੱਕੇ ਨੇ, ਭਰਾ ਹੈਂਡੀਕੈਪ ਹੈ।"

"ਅੱਜ ਮੈਚ ਦੇਖਣ ਕਿਵੇਂ ਆਏ?"

"ਕਬੱਡੀ ਕੱਪ ਵਾਲੇ ਸਨਮਾਨਤ ਕਰਨ ਨੂੰ ਕਹਿੰਦੇ ਸਨ।"

ਮੈਂ ਕਬੱਡੀ ਬਾਰੇ ਕੁਝ ਹੋਰ ਗੱਲਾਂ ਕਰਨੀਆਂ ਚਾਹੁੰਦਾ ਸੀ ਪਰ ਲੱਗਿਆ ਜਸਪ੍ਰੀਤ ਨੂੰ ਗੱਲਾਂ ਨਾਲੋਂ ਮੈਚ ਜ਼ਿਆਦਾ ਪਿਆਰਾ ਸੀ। ਮੈਚ ਲਗਭਗ ਭਾਰਤ ਜਿੱਤ ਚੁੱਕਾ ਸੀ। ਆਖਰੀ ਸੀਟੀ ਵੱਜਣ ਦੀ ਦੇਰ ਸੀ ਕਿ ਪੌੜੀਆਂ 'ਤੇ ਬੈਠਾ ਹਜੂਮ ਕਬੱਡੀ ਦੇ ਮੈਦਾਨ ਵਿਚ ਆ ਗਿਆ। ਮੰਗੀ ਤੇ ਦੁੱਲੇ ਦੇ ਸਾਥੀਆਂ ਨਾਲ ਫੋਟੋਆਂ ਖਿਚਵਾਉਣ ਵਾਲਿਆਂ ਦਾ ਕੋਈ ਅੰਤ ਨਹੀਂ ਸੀ। ਜੇਤੂ ਟੀਮ ਨੂੰ ਕੱਪ ਦੇ ਨਾਲ ਇਕ ਕਰੋੜ ਦਾ ਚੈਕ ਦੇਣ ਦਾ ਕੰਮ ਅਜੇ ਨਿਪਟਿਆ ਹੀ ਸੀ ਕਿ ਜਸਪ੍ਰੀਤ ਦੀ ਭੈਣ ਬਲਜੀਤ ਭੀੜ 'ਚੋਂ ਕਿਸੇ ਨੂੰ ਲੱਭ ਰਹੀ ਸੀ। ਮੈਨੂੰ ਲੱਗਿਆ ਸ਼ਾਇਦ ਜਸਪ੍ਰੀਤ ਨਾਲੋਂ ਵਿਛੜ ਗਈ ਹੋਵੇ।

ਮੈਂ ਨੇੜੇ ਹੋ ਕੇ ਪੁੱਛਿਆ, "ਕੀ ਗੱਲ ਹੋ ਗਈ?"

"ਭਾਅ ਜੀ, ਕੋਈ ਕਹੋ ਇਨ੍ਹਾਂ ਨੂੰ, ਜਸਪ੍ਰੀਤ ਨੂੰ ਸਨਮਾਨਤ ਕਰਨ ਬਾਰੇ।" ਉਹ ਪੂਰੀ ਤਰ੍ਹਾਂ ਘਬਰਾਈ ਹੋਈ ਸੀ। ਬਲਜੀਤ ਭੀੜ ਵਿਚੋਂ ਉਸ ਨੇਤਾ ਨੂੰ ਲੱਭਣ ਦੀ ਕੋਸ਼ਿਸ਼ ਕਰ ਰਹੀ ਸੀ, ਜਿਸ ਨੇ ਉਸ ਨੂੰ ਸਨਮਾਨਤ ਕਰਵਾਉਣ ਦਾ ਵਾਅਦਾ ਕੀਤਾ ਸੀ। ਹੌਲੀ-ਹੌਲੀ ਸਟੇਡੀਅਮ ਖਾਲੀ ਹੋ ਗਿਆ। ਹਾਰਨ ਮਾਰਦੀਆਂ ਗੱਡੀਆਂ ਜਸਪ੍ਰੀਤ ਦੀਆਂ ਅੱਖਾਂ ਤੋਂ ਓਹਲੇ ਹੋ ਗਈਆਂ।

ਮੈਂ ਇਕ ਕੋਨੇ ਵਿਚ ਖੜ੍ਹਾ ਵੀਲ੍ਹ ਚੇਅਰ 'ਤੇ ਬੈਠੀ ਲਾਚਾਰ ਜਸਪ੍ਰੀਤ ਨੂੰ ਵੇਖ ਰਿਹਾ ਸੀ। ਕਬੱਡੀ ਲਈ ਜਾਨ ਜ਼ੋਖਮ ਵਿਚ ਪਾਉਣ ਵਾਲੀ ਜਸਪ੍ਰੀਤ ਨੂੰ ਕਿਸੇ ਨੇ ਨਹੀਂ ਪੁੱਛਿਆ। ਉਹ ਵੀ ਦਿਨ ਸਨ ਜਦੋਂ ਜਸਪ੍ਰੀਤ ਨੂੰ ਮੈਚ ਤੋਂ ਪਹਿਲਾਂ ਸਾਰੀ ਟੀਮ ਅੱਡੀਆਂ ਚੁੱਕ ਕੇ ਉਡੀਕਦੀ ਸੀ। ਬਲਜੀਤ ਨੇ ਗੱਲ ਬਣਦੀ ਨਾ ਦੇਖ ਕੇ ਜਸਪ੍ਰੀਤ ਦੀ ਵੀਲ੍ਹ ਚੇਅਰ ਨੂੰ ਧੱਕਾ ਮਾਰਦਿਆਂ ਸਟੇਡੀਅਮ ਤੋਂ ਬਾਹਰ ਜਾਣ ਦਾ ਮਨ ਬਣਾ ਲਿਆ। ਗੱਡੀ ਵਿਚ ਬੈਠ ਕੇ ਜਸਪ੍ਰੀਤ ਪਿੰਡ ਨਵਾਂ ਕਿਲ੍ਹਾ ਦੇ ਰਾਹ ਪੈ ਗਈ।

ਕਬੱਡੀ ਖੇਡਣ ਤੋਂ ਬੇਵੱਸ ਜਸਪ੍ਰੀਤ ਕੌਰ ਅੱਜ ਸਿਸਟਮ 'ਤੇ ਰੇਡ ਪਾ ਗਈ ਸੀ। ਇਸ ਰੇਡ ਦੇ ਪੁਆਇੰਟ ਬਾਰੇ ਫੈਸਲਾ ਕਰਨ ਦਾ ਹੱਕ ਭਾਂਅ-ਭਾਂਅ ਕਰਦੇ ਸਟੇਡੀਅਮ ਉਪਰ ਛੱਡ ਗਈ ਸੀ।



**ਕਬੱਡੀ ਲਈ ਆਪਾ ਵਾਰਨ ਵਾਲੀ ਵੀਲ੍ਹ ਚੇਅਰ 'ਤੇ ਬੈਠੀ ਜਸਪ੍ਰੀਤ ਕੌਰ ਲੁਧਿਆਣਾ ਵਿਖੇ ਆਪਣੀ ਮਾਤਾ ਤੇ ਭੈਣ ਨਾਲ ਖਿਤਾਬੀ ਜੰਗ ਦਾ ਅਨੰਦ ਮਾਣਦੀ ਹੋਈ**

## ਸਿਆਣਿਆਂ ਦਾ ਕਿਹਾ

(1) ਕਹਿੰਦੇ ਹਾਂ ਕਿ ਸਮਾਂ ਬੀਤ ਗਿਆ-ਨਹੀਂ, ਸਮਾਂ ਕਾਇਮ ਹੈ ਪਰ ਆਪਾਂ ਬੀਤ ਜਾਂਦੇ ਹਾਂ।

(2) ਮਨੁੱਖ ਦਾ ਇਤਿਹਾਸ ਖੁਰਾਕ ਦੀ ਭਾਲ ਵਿਚ ਇਕ ਭੁੱਖੇ ਜਾਨਵਰ ਦੀ ਕਹਾਣੀ ਹੈ।

(3) ਮੌਤ ਕਿਸੇ ਵੀ ਤਰੀਕੇ ਟਾਲੀ ਨਹੀਂ ਜਾ ਸਕਦੀ, ਉਹ ਤਾਂ ਆਪਣੀ ਸਾਥਣ ਹੈ, ਆਪਣੀ ਮਿੱਤਰ ਹੈ।

(4) ਜੇ ਮਰਨ ਵਾਲਾ ਬਹਾਦਰੀ ਨਾਲ ਮਰੇ ਤਾਂ ਮਰਨ ਵਾਲੇ ਨੇ ਮਰ ਕੇ ਵੀ ਕੁਝ ਨਹੀਂ ਗਵਾਇਆ।

(5) ਜਿੰਨੀ ਜੁਝਾਰੂ ਬਾਗੀ ਸਿੱਖ ਲਹਿਰ ਬਚ ਗਈ ਹੈ ਜਿੱਤ ਲਈ ਉਤਨੀ ਹੀ ਕਾਫੀ ਹੈ।

(6) ਸਿੱਖ ਇਕ ਵੱਖਰੀ ਕੌਮ ਹੈ ਅਤੇ ਖਾਲਿਸਤਾਨ ਦੀ ਮੁਕੰਮਲ ਸਥਾਪਨਾ ਦੀ ਜਦੋਜਹਿਦ ਜਾਰੀ ਹੈ।

(7) ਵੱਡੀ ਇੱਜਤ ਲੈਣ ਲਈ ਵੱਡੇ ਗੁਣ ਵੀ ਹੋਣੇ ਚਾਹੀਦੇ ਹਨ।

(8) ਜੇ ਗੁਲਾਮ ਦੇ ਦਿਮਾਗ ਵਿਚ ਗੁਲਾਮੀ ਦਾ ਅਹਿਸਾਸ ਪੈਦਾ ਕਰਾ ਦਿੱਤਾ ਜਾਵੇ ਤਾਂ ਉਹ ਬਗਾਵਤ ਕਰਕੇ ਸਰਕਾਰ ਨੂੰ ਬਿਪਤਾ ਪਾ ਸਕਦਾ ਹੈ।

(9) ਕੰਢੇ ਉਤੇ ਬੈਠਿਆਂ ਮਿਲਦਾ ਬੜਾ ਅਰਾਮ, ਜਿਹੜੇ ਵਹਿਣੀਂ ਜੂਝਦੇ ਉਨ੍ਹਾਂ ਨੂੰ ਪ੍ਰਣਾਮ।

(10) ਧਰਮ ਦੇ ਨਾਂ 'ਤੇ ਬੁਰਾ ਕਰਨ ਵਾਲੇ ਤੋਂ ਇਕ ਵੇਸਵਾ ਹੀ ਚੰਗੀ ਹੈ ਜੋ ਨੇਕੀ ਦੇ ਨਾਮ 'ਤੇ ਲੁਟਦੀ ਤਾਂ ਨਹੀਂ।

(11) ਕੋਈ ਗਿਆਨ ਸਾਡੇ ਲਈ ਕਿੰਨਾ ਵੀ ਲਾਭਦਾਇਕ ਕਿਉਂ ਨਾ ਹੋਵੇ, ਤਕੜੇ ਮਨ ਤੋਂ ਬਿਨਾ ਅਮਲ ਵਿਚ ਨਹੀਂ ਆਉਂਦਾ।

(12) ਹਰ ਧਰਮ ਵਧੇ ਫੁਲੇ ਪਰ ਸਿੱਖ ਧਰਮ ਉਪਰ ਮਾਰੂ ਹਮਲਾ ਅਸੀਂ ਬਰਦਾਸ਼ਤ ਨਹੀਂ ਕਰ ਸਕਦੇ।

(13) ਮੁਸੀਬਤਾਂ ਸਹਿ ਰਹੇ ਬਹਾਦਰ ਸਿੱਖ ਯੋਧਿਆਂ ਅਤੇ ਜ਼ੁਲਮ ਦਾ ਸ਼ਿਕਾਰ ਹੋਈ ਸਿੱਖ ਕੌਮ ਦੇ ਸਿਦਕ ਸਦਕਾ ਸਿੱਖ ਕੌਮ ਇਕ ਦਿਨ ਆਪਣੀ ਮੰਜ਼ਿਲ ਜਰੂਰ ਹਾਸਲ ਕਰੇਗੀ।

(14) ਬਜ਼ੁਰਗ ਨਾਲੋਂ ਜਵਾਨ ਦੀ ਖੂਬੀ ਇਹ ਹੈ ਕਿ ਉਹਦੇ ਜਜ਼ਬਾਤ ਬਜ਼ੁਰਗ ਨਾਲੋਂ ਕਿਤੇ ਵੱਧ ਦਇਆਵਾਨ ਹੁੰਦੇ ਹਨ।

(15) ਜੋ ਪਲ ਆਪਾਂ ਵਿਅਰਥ ਗਵਾ ਦਿੰਦੇ ਹਾਂ ਉਹ ਆਪਣੀ ਬਦ ਕਿਸਮਤੀ ਦੇ ਖਾਤੇ ਵਿਚ ਜਮ੍ਹਾ ਹੋ ਜਾਂਦੇ ਹਨ।

(16) ਆਦਮੀ ਨੇ ਖੂਨ ਕਰਨਾ ਜਾਂ ਕਿਸੇ ਨੂੰ ਮਾਰਨਾ ਜੰਗਲੀ ਜਾਨਵਰਾਂ ਤੋਂ ਸਿੱਖਿਆ ਹੈ-ਇਹ ਮਨੁਖੀ ਸੁਭਾ ਨਹੀਂ।

(17) ਜੀਵਨ ਇਕ ਕੋਰਾ ਕਾਗਜ਼ ਹੈ ਇਸ 'ਤੇ ਜੋ ਲਿਖੋਗੇ ਉਹੀ ਦੂਸਰਿਆਂ ਨੇ ਪੜ੍ਹਨਾ ਹੈ।

(18) ਆਸ ਦੀ ਕਾਲੀ ਰਾਤ ਵਿਚੋਂ ਤਾਰਿਆਂ ਦੀ ਬਰਾਤ ਨੂੰ ਤੱਕੋ।

(19) ਪਾਣੀ ਦੀ ਨਰਮ ਬੂੰਦ ਲਗਾਤਾਰ ਸਖਤ ਅਤੇ ਖੁਰਦਰੇ ਪੱਥਰ 'ਤੇ ਪੈਂਦੀ ਰਹੇ ਤਾਂ ਉਹ ਵੀ ਘਸਣਾ ਸ਼ੁਰੂ ਹੋ ਜਾਂਦਾ ਹੈ।

(20) ਮਾਂ ਜਦੋਂ ਪੁੱਤ ਦੀ ਲਾਸ਼ ਕੋਲ ਬੈਠੀ ਹੋਵੇ, ਉਹ ਘੜੀ ਮਾਂ ਦੀ ਜ਼ਿੰਦਗੀ ਲਈ ਬੜੀ ਦੁਖਦਾਈ ਹੁੰਦੀ ਹੈ।

(21) ਪਿਉ ਦੇ ਮੋਢਿਆਂ 'ਤੇ ਜਦੋਂ ਜੁਆਨ ਪੁੱਤ ਦੀ ਲਾਸ਼ ਹੁੰਦੀ ਹੈ ਉਹ ਸਾਰੀ ਉਮਰ ਦਾ ਭਿਆਨਕ ਪਲ ਹੁੰਦਾ ਹੈ।

(22) ਜਿਹੜੀਆਂ ਗੱਲਾਂ ਨਾਲ ਮਿਲੇ ਜ਼ਖਮ ਸਦਾ ਹਰੇ ਰਹਿਣ ਉਹ ਗੱਲਾਂ ਕਦੇ ਨਹੀਂ ਭੁਲਾਈਆਂ ਜਾ ਸਕਦੀਆਂ।

(23) ਉਨਾ ਖਤਰਾ ਤੁਹਾਨੂੰ ਦੁਸ਼ਮਣ ਤੋਂ ਨਹੀਂ-ਜਿੰਨਾ ਆਪਣੇ ਕਿਸੇ ਕਮੀਨੇ ਯਾਰ ਤੋਂ।

(24) ਇਕ ਕਮੀਨੇ ਦਗੇਬਾਜ਼ ਦੋਸਤ ਨਾਲੋਂ ਦਾਨਾ ਦੁਸ਼ਮਣ ਲੱਖ ਦਰਜੇ ਚੰਗਾ ਹੈ।

(25) ਆਪਣੇ ਦੋਸਤ ਘੱਟ ਤੋਂ ਘੱਟ ਅਤੇ ਸੋਚ ਸਮਝ ਕੇ ਬਣਾਉ।

(26) ਹਿੰਦੂ ਦੇ ਘਰ ਮੁੰਡਾ ਜੰਮੇ ਤਾਂ ਇੱਕ ਹੋਰ ਨਵੀਂ ਹੱਟੀ ਖੁੱਲ ਜਾਂਦੀ ਹੈ-ਸਿੱਖ ਦੇ ਘਰ ਮੁੰਡਾ ਜੰਮੇ ਤਾਂ ਜਾਇਦਾਦ ਵਿਚ ਵੰਡੀਆਂ ਪੈ ਜਾਂਦੀਆਂ ਹਨ।

(27) ਧਰਮ ਯੁੱਧ ਨੂੰ ਬੇਗੁਨਾਹਾਂ ਦੇ ਕਤਲਾਂ ਦਾ ਕਰਜ਼ਈ ਨਹੀਂ ਬਣਨ ਦੇਣਾ ਚਾਹੀਦਾ।

(28) ਕਾਂਗਰਸ ਪੰਜਾਬ ਲਈ ਕੈਂਸਰ ਹੈ ਅਤੇ ਬੀ ਜੇ ਪੀ ਪੰਜਾਬ ਲਈ ਮਵਾਦੀ ਫੋੜਾ।

(29) ਆਜ਼ਾਦੀ ਦਾ ਰਸਤਾ ਉਹੀ ਦਿਖਾ ਸਕਦਾ ਹੈ ਜਿਸ ਨੂੰ ਆਜ਼ਾਦੀ ਦੀ ਕਦਰ ਹੋਵੇ।

**ਪੇਸ਼ਕਾਰ-ਪਰਮਜੀਤ ਸਿੰਘ ਦਾਖਾ**

# ਐਥੋਂ ਉਡ ਜਾ ਭੋਲਿਆ ਪੰਛੀਆ, ਤੂੰ ਆਪਣੀ ਜਾਨ ਬਚਾ

**ਡੇਵਿਡ ਐਲਿਨ ਲੌਂਗਫੈਲੋ**

ਜਦੋਂ ਕਿਸੇ ਟੂਣੇਹਾਰੀ ਅਭਾਗੀ ਰੁੱਤੇ ਕਹਿਰ ਅਤੇ ਜ਼ੁਲਮ ਦੀਆਂ ਬੱਦਲੀਆਂ ਚੜ੍ਹਦੀਆਂ ਹਨ ਤਾਂ ਚੰਡਾਲ-ਪਿਸ਼ਾਚ ਗਰੀਬਾਂ ਨੂੰ ਸਬੂਤਾ ਨਿਗਲਣ ਲਈ ਇਕ ਕਤਾਰ 'ਚ ਆ ਖਲੋਂਦੇ ਹਨ।

ਨਾ-ਸ਼ੁਕਰਗੁਜ਼ਾਰੀ ਦੇ ਪਾਪ ਦਾ ਵਰਨਣ ਕਰਦਿਆਂ ਭਾਈ ਗੁਰਦਾਸ ਦੀ ਬਿੰਬਾਵਲੀ ਪੂਰਨ ਇਨਸਾਫ ਕਰਦੀ ਹੈ, ਜਦੋਂ ਕਿ ਅਕ੍ਰਿਤਘਣ ਮਨੁੱਖ ਦੀ ਖੋਪੜੀ ਵਿਚ ਕੁੱਤੇ ਦਾ ਮਾਸ ਰਿੰਨਣਾ, ਖੂਨ ਨਾਲ ਲੱਥਪੱਥ ਕੱਪੜੇ ਨਾਲ ਢਕਣਾ, ਸਭ ਕੁਝ ਸੜ੍ਹਿਆਂਦ ਮਾਰਦਾ ਹੈ ਪਰ ਫਿਰ ਵੀ ਭੋਗ ਵਿਲਾਸ ਕਰ ਕੇ ਚਲਿੱਤਰੀ ਤ੍ਰੀਮਤ ਸਿਰ 'ਤੇ ਉਠਾਈ ਜਾ ਰਹੀ ਹੈ, ਅਰਥਾਤ ਨਾ-ਸ਼ੁਕਰਾ ਆਦਮੀ ਇਨ੍ਹਾਂ ਸਭ ਤੋਂ ਵੀ ਭੈੜਾ ਹੈ। ਗੁਰਬਾਣੀ ਮੁਤਾਬਕ ਨਾ-ਸ਼ੁਕਰਗੁਜ਼ਾਰੀ ਸਭ ਤੋਂ ਵੱਡਾ ਪਾਪ ਹੈ।

ਮੈਂ ਬਚਪਨ ਵਿਚ ਮਸੂਰੀ 'ਚ ਵਿਦਿਆਰਥੀ ਕਾਲ ਸਮੇਂ ਕਿਸੇ ਸੁਲਝੇ ਹੋਏ ਪ੍ਰਚਾਰਕ ਦੇ ਮੂੰਹੋਂ ਉਂਗਲੀ-ਮਾਰ ਡਾਕੂ ਬਾਰੇ ਪ੍ਰਚਲਤ ਦੰਦ-ਕਥਾ ਸੁਣੀ ਸੀ। ਰਮਤੇ ਫਕੀਰਾਂ ਦੇ ਰਾਹ ਵਿਚ ਜਦੋਂ ਮਨੁੱਖੀ ਰੂਪ ਵਿਚ ਚੰਡਾਲ-ਪਿਸ਼ਾਚ ਖੁਦ ਚਲ ਕੇ ਆ ਜਾਵੇ ਅਤੇ ਭਲਾਈ ਦੇ ਰਾਹ ਵਿਚ ਭਿਆਨਕ ਰੁਕਾਵਟ ਖੜੀ ਕਰੇ ਤਾਂ ਸਬਰ ਦਾ ਘੜਾ ਪਾਪਾਂ ਨਾਲ ਭਰ ਜਾਂਦਾ ਹੈ। ਪ੍ਰਲੋਕ ਨੂੰ ਨਾ ਕਿਸੇ ਨੇ ਦੇਖਿਆ, ਨਾ ਕੋਈ ਇਸ ਦਾ ਵਜੂਦ ਦੇਖੇਗਾ, ਕਿਉਂਕਿ ਕਲਪਨਾ ਦੇ ਰੰਗ ਛਲਾਵੇ ਦਾ ਧੋਖਾ ਹਨ। ਇਹ ਧੋਖਾ ਹੁਸੀਨ ਅਤੇ ਦਿਲਚਸਪ ਜ਼ਰੂਰ ਹੈ, ਸਿਰਫ ਛਿਣ ਭਰ ਦੀ ਮਸਤੀ ਮਾਨਣ ਲਈ। ਹਰ ਸੰਕਟ ਜਾਂ ਦੁਬਿਧਾ ਦਾ ਵਿਪਰੀਤ ਰੂਪ ਇਕ ਸੁਨਹਿਰੀ ਸੁਫਨੇ ਦੀ ਤਰ੍ਹਾਂ ਹੋਂਦ ਵਿਚ ਆਉਂਦਾ ਹੈ। ਸਬਜ਼ਬਾਗ ਦੇ ਮਿੱਠੇ ਅਤੇ ਰਸ-ਭਰੇ ਫਲ ਕਿਸ ਨੇ ਤੋੜੇ? ਆਮ ਕਹਾਵਤ ਹੈ, 'ਇਹ ਜੱਗ ਮਿੱਠਾ, ਅਗਲਾ ਕਿਸ ਡਿੱਠਾ'। ਜੇਕਰ ਮਾਤ-ਲੋਕ ਦੇ ਬਾਬੇ, ਬੈਕੁੰਠ ਦੇ ਦੇਵਤੇ ਅਤੇ ਇੰਦਰਲੋਕ ਦੀਆਂ ਪਰੀਆਂ ਸਭ ਮਿਲ ਕੇ ਫਾਸ਼ੀਵਾਦ ਦੀ ਹਕੂਮਤ ਖੜੀ ਕਰ ਲੈਣ ਅਤੇ 'ਬ੍ਰਹਮ ਲੋਕ ਸਭਾ' ਖੋਲ੍ਹ ਲੈਣ ਤਾਂ ਸਮਝੋ ਕਿ ਹੁਣ ਪਰਲੋ ਦੇ ਆਉਣ ਵਿਚ ਜ਼ਿਆਦਾ ਦੇਰ ਨਹੀਂ। ਮਾਤ-ਲੋਕ ਦੇ ਇੱਛਾਧਾਰੀ ਬਾਬਿਆਂ ਦੀ ਮੁੜ ਸਮੁੰਦਰ ਰਿੜਕਣ ਦੀ ਇਹ ਕੋਸ਼ਿਸ਼ ਹੋਵੇਗੀ।

ਸਵਾਰਥੀ ਸ਼ਾਸਕ ਮੰਡਲੀ ਅਤੇ ਸਫੈਦਪੋਸ਼ ਪਰਮਾਰਥੀ ਬਾਬੇ ਇੱਕੋ ਹੀ ਉਦੇਸ਼ ਲੈ ਕੇ ਚਲਦੇ ਹਨ, 'ਕੋਈ ਮਰੇ ਕੋਈ ਜੀਵੇ, ਸੁਥਰਾ ਘੋਲ ਪਤਾਸੇ ਪੀਵੇ'। ਕਿਰਤ ਵਿਚ ਮਗਨ ਸਿਰਫ ਭਾਈ ਲਾਲੋ ਹੈ, ਬਾਕੀ ਵਧ ਰਹੇ ਸੱਜਣ ਠੱਗ ਜਾਂ ਮਲਕ ਭਾਗੋ ਵਰਤਮਾਨ ਦੇ ਅਖੌਤੀ ਕੌਰੂ ਬਾਦਸ਼ਾਹ ਹਨ। ਬਾਬਿਆਂ ਦਾ ਨਾਹਰਾ ਹੈ, 'ਸੰਤੋ ਮਾਖਣ ਖਾਇਆ ਛਾਛ ਪੀਏ ਸੰਸਾਰ'। ਜੇਕਰ ਦੇਵਤਿਆਂ ਨੂੰ ਰਿਸ਼ਵਤ ਦੀ ਮੋਟੀ ਬੋਰੀ ਮਿਲ ਜਾਵੇ ਤਾਂ ਇਸ ਤੋਂ ਵਧੀਆ ਮਾਡਰਨ ਸੱਚਾ ਸੌਦਾ ਕੀ ਹੋ ਸਕਦਾ ਹੈ?

ਮੇਰੇ ਮਹਾਨ ਭਾਰਤ ਵਿਚ ਪਰਮਾਰਥਵਾਦ ਬਹੁਤ ਲੁਭਾਣਾ ਵਪਾਰ ਹੈ। ਲੋੜ ਹੈ ਸਿਰਫ ਇਕ ਲੰਗੋਟੀ ਅਤੇ ਸੁਆਹ ਦੀ, ਜਿੱਥੇ ਜੀ ਆਵੇ, ਬੈਠ ਜਾਵੋ ਤੇ ਉਨ੍ਹਾਂ ਦਾ ਹਾਸੋਹੀਣਾ ਤਰਕ ਹੈ, 'ਸਗਲੀ ਧਰਤੀ ਸਾਧ ਕੀ'। ਦੁਨੀਆਂ ਨੂੰ ਗਫਲਤ ਦੀ ਨੀਂਦ ਵਿਚੋਂ ਕੱਢਣ ਵਾਲਾ ਜਾਗਰੁਕਤਾ ਦਾ ਪਹਿਰੇਦਾਰ ਕਵੀ ਨੰਦ ਲਾਲ ਨੂਰਪੁਰੀ ਗੁਰਬਤ ਦੇ ਖੂਹ ਵਿਚ ਡੁੱਬ ਸਕਦਾ ਹੈ, ਪਰ ਹਾਈਵੇ 'ਤੇ ਬੈਠੇ ਗੰਢੇ-ਤਾਵੀਜ਼ ਕਰਨ ਵਾਲੇ ਸਾਧ ਉਰਫ ਵਿਹਲੜ ਸਾਨ੍ਹ ਵਾਧੂ ਖੁਰਾਕ ਸਮੱਗਰੀ ਕੀੜੇ-ਮਕੌੜਿਆਂ ਅਤੇ ਜਾਨਵਰਾਂ ਨੂੰ ਪਾਉਂਦੇ ਹਨ। ਨੂਰਪੁਰੀ ਚੌਕੰਨਾ ਕਰਨ ਲਈ ਕੂਕਦਾ ਹੈ:

ਐਥੋਂ ਉਡ ਜਾ ਭੋਲਿਆ ਪੰਛੀਆ
ਤੂੰ ਆਪਣੀ ਜਾਨ ਬਚਾ।
ਐਥੇ ਡਾਕੇ ਪੈਣ ਦੁਪਹਿਰ ਨੂੰ
ਤੇਰਾ ਆਲ੍ਹਣਾ ਦੇਣਗੇ ਢਾਹ।
ਐਥੇ ਚੂੜੇ ਵਾਲੀਆਂ ਰੋਂਦੀਆਂ
ਗਲ ਵਿਚ ਜੁਲਫਾਂ ਪਾ।
ਐਥੇ ਘਰ ਘਰ ਫਾਹੀਆਂ ਗੱਡੀਆਂ
ਬੀਬਾ ਛੁਰੀਆਂ ਹੇਠ ਨਾ ਆ।

ਭੋਗ ਦੀ ਸਮੱਗਰੀ ਦਾ ਅੰਬਾਰ ਲਗਾਈ, ਪੱਥਰ ਦੇ ਬੁੱਤਾਂ ਵਿਚ ਸਮਾਏ ਦੇਵਤੇ ਬਿਟਰ-ਬਿਟਰ ਸ਼ਰਧਾਲੂਆਂ ਵਲ ਦੇਖਦੇ ਹਨ। ਇਨ੍ਹਾਂ ਬੁੱਤਾਂ ਵਿਚ ਐਨੀ ਹਿੰਮਤ ਨਹੀਂ ਕਿ ਗਰੀਬ ਦੇ ਵਿਵੇਕ ਨੂੰ ਝੰਜੋੜ ਕੇ ਕਹਿ ਸਕਣ, "ਤੇਰੇ ਬੱਚੇ ਦੁੱਧੋਂ ਸੱਖਣੇ ਸੌਂ ਗਏ, ਪਰ ਤੂੰ ਭਰ-ਭਰ ਗੜਵੀਆਂ ਬੇਜਾਨ ਪੱਥਰਾਂ ਦੀ ਹਿੱਕ 'ਤੇ ਡੋਲ੍ਹਦਾ ਹੈਂ।"

ਗਰੀਬ ਆਦਮੀ ਦੀ ਕਲਪਨਾ ਦੀ ਬਿੰਬਾਵਲੀ ਵੀ ਸੋਹਣੇ ਸ਼ਬਦਾਂ ਦੀ ਹਮੇਸ਼ਾ ਮੁਹਤਾਜ ਰਹਿੰਦੀ ਹੈ। 'ਗੋਰੀ ਨਹਾ ਕੇ ਛੱਪੜ ਵਿਚੋਂ ਨਿਕਲੀ, ਸੁਲਫੇ ਦੀ ਲਾਟ ਵਰਗੀ' ਇਸ ਤੁਕ ਵਿਚ ਇਕ ਕਿਰਤੀ-ਕਿਸਾਨ ਦੀ ਕਲਪਨਾ ਦਾ ਸਮੁੰਦਰ ਠਾਠਾਂ ਮਾਰਦਾ ਹੈ, ਪਰ ਚਿਲਮ ਦਾ ਸੁਲਫਾ ਕਾਮੁਕ ਅਜ਼ਮਾਇਸ਼ ਦਾ ਨਾ ਰੁਕਣ ਵਾਲਾ ਬੇਵੱਸ ਚਿਤਰਣ ਹੈ, ਜੋ ਰੰਗੀਨ ਛੱਲਿਆਂ ਦੇ ਰੂਪ ਵਿਚ ਸੁਹੱਪਣ ਦਾ ਮੁਲੰਮਾ ਹੈ, ਜੋ ਸਵਰਗ ਦੇ ਅਨੰਦ ਦੀ ਅਛੋਹ ਝਲਕ ਹੈ। ਕੁਝ ਭਾਸ਼ਾ ਦੇ ਵਾਰਤਾਲਾਪ ਮਨੁੱਖ ਨੂੰ ਨਰ-ਭੱਖੀ ਸੰਗਿਆ ਦਾ ਨਾਮ ਦੇ ਕੇ ਤੁਲਨਾਤਮਕ ਸਮਤੋਲ ਲਈ ਆਲੋਚਨਾਤਮਕ ਵਜ਼ਨ ਸਾਵਾਂ ਰੱਖਦੇ ਹਨ, ਕਿਉਂਕਿ ਵਾਧੂ ਵਿਸ਼ੇਸ਼ਣ ਦਾ ਪਾਸਕੂ ਪਾਉਣ ਦੀ ਜ਼ਰੂਰਤ ਨਹੀਂ ਪੈਂਦੀ। ਮਿਸਾਲ ਵਜੋਂ ਧੀਰ ਸਾਹਿਬ ਲਿਖਦੇ ਹਨ, "ਚੁੱਪ ਕਰ ਜਾ ਗੁਟਾਰ ਜਾਤਾ, ਸਾਲੇ ਦੇ ਸੀਰਮੇ ਪੀ ਜੂੰ ਇਕ ਤਿਪ ਨੀਂ ਡੁੱਲਣ ਦਿੰਦਾ।"

ਅਸਲ ਵਿਚ 'ਸੀਰਮੇ' ਸ਼ਾਹ-ਰਗ ਵਿਚੋਂ ਨਿਕਲਣ ਵਾਲੇ ਖੂਨ ਨੂੰ ਆਖਦੇ ਹਨ, ਜੋ ਅਕਸਰ ਸ਼ੇਰ ਪੀਂਦਾ ਹੈ ਤੇ ਜਦੋਂ ਤੱਕ ਸ਼ਿਕਾਰ ਆਪਣੇ ਪ੍ਰਾਣ ਨਾ ਤਿਆਗ ਦੇਵੇ, ਉਦੋਂ ਤੱਕ ਸ਼ਾਹ-ਰਗ ਨਹੀਂ ਛੱਡਦਾ। ਅਜਿਹੇ ਸੀਰਮੇ ਪੀਣ ਵਾਲਿਆਂ ਦੀ ਇਸ ਪਦਾਰਥਵਾਦੀ ਯੁੱਗ ਵਿਚ ਕੋਈ ਕਮੀ ਨਹੀਂ, ਭਾਵੇਂ ਉਹ ਸਿਆਸੀ ਖੇਤਰ ਦੇ ਮਹਾਂਰਥੀ ਹੋਣ ਜਾਂ ਵਪਾਰਕ ਸ਼੍ਰੇਣੀ ਜ਼ਹਿਨੀਅਤ ਦੇ ਲੋਕ, ਜੋ ਇਨਸਾਨੀ ਰੱਤ ਦੀ ਮਿਲਾਵਟ ਕਰ ਕੇ ਲੋੜਵੰਦਾਂ ਨੂੰ ਵੇਚਦੇ ਹਨ।

## ਗੱਲੀਂ-ਬਾਤੀਂ



ਐਸ. ਅਸ਼ੋਕ ਭੌਰਾ

ਫੋਨ:510-277-2592

# ਅੱਜ ਦੀ ਰਾਤ ਕਿਤੇ ਨਾ ਜਾਵੀਂ, ਅੱਜ ਦੀ ਰਾਤ ਅਸਾਂ ਟੁਰ ਜਾਣਾ

*ਸਿਆਣੇ ਬੰਦੇ ਗਲਤੀ ਕਰਕੇ ਮੰਨਣ ਲੱਗਿਆਂ ਵੀ ਬਿੰਦ ਨੀ ਲਾਉਂਦੇ, ਮੂਰਖ ਮੂਰਖਤਾ 'ਤੇ ਅੜਿਆ ਰਹਿੰਦਾ ਹੈ। ਮੂਰਖ ਕੋਲ ਭਾਬੀ ਖੇਡਣ ਵਾਲੀ ਤਾਸ਼ ਤਾਂ ਹੁੰਦੀ ਹੈ ਪਰ ਸਬਰ, ਸੰਜਮ, ਭਰੋਸਾ ਤੇ ਆਤਮ-ਵਿਸ਼ਵਾਸ ਦੇ ਚਾਰ ਬਾਦਸ਼ਾਹ ਨਹੀਂ ਹੁੰਦੇ। ਧੌਲਿਆਂ ਦਾ ਅਰਥ ਇਹ ਨਹੀਂ ਕਿ ਬੰਦੇ ਦੀ ਸੋਚ ਵੀ ਸਾਫ-ਸੁਥਰੀ ਹੋ ਗਈ ਹੋਵੇ। ਜਿਹੜਾ ਬੰਦਾ ਕੰਮ ਤਾਂ ਕਰੇ ਪਰ ਕੰਮ ਦੀ ਪੱਧਰ ਨਾ ਬਣਾ ਸਕੇ ਜਾਂ ਉਹ ਕੰਮ ਕਰਨ ਲੱਗ ਪਵੇ ਜੀਹਦੇ ਯੋਗ ਹੀ ਨਹੀਂ, ਫਿਰ ਉਹ ਨਿਰਾਸ਼ ਤੇ ਦੁਖੀ ਹੁੰਦਾ ਹੈ। ਇਸ ਸਥਿਤੀ ਵਿਚ ਉਹ ਖਾਹ-ਮਖਾਹ ਕਿਸੇ ਨੂੰ ਆਪਣਾ ਦੁਸ਼ਮਣ ਮੰਨ ਬੈਠਦਾ ਹੈ, ਕਿਉਂਕਿ ਇਹ ਸਾਰਾ ਕੁਝ ਉਹਦੇ ਅੰਦਰਲੇ ਡਰ ਦੀ ਭਾਵਨਾ ਨਾਲ ਵਾਪਰਿਆ ਹੁੰਦਾ ਹੈ ਤੇ ਹਾਲਾਤ ਉਹਦੇ ਆਪਣੇ ਹੀ ਹਾਸੋਹੀਣੇ ਹੋ ਜਾਂਦੇ ਹਨ। ਕਈ ਲੋਕ ਅਜਿਹੇ ਵੀ ਹੁੰਦੇ ਹਨ ਕਿ ਵੜੇ ਤਾਂ ਖੂਹ 'ਚ ਹੁੰਦੇ ਹਨ ਝਗੜਨਾ ਚੁਬਾਰਿਆਂ ਨਾਲ ਚਾਹੁੰਦੇ ਹਨ। ਇਕ ਬਾਦਸ਼ਾਹ ਮਹਿਲਾਂ ਤੇ ਟਹਿਲ ਰਿਹਾ ਸੀ, ਉਹਨੂੰ ਵੇਖ ਕੇ ਕੁੱਤਾ ਭੌਂਕਣੋ ਨਾ ਹਟੇ। ਨੌਕਰ ਨੇ ਕਿਹਾ ਮਹਾਰਾਜ ਇਹਦੇ ਡਾਂਗ ਫੇਰਾਂ? ਬਾਦਸ਼ਾਹ ਮੁਸਕਰਾ ਕੇ ਕਹਿਣ ਲੱਗਾ 'ਮੂਰਖਾ ਅਵਾਰਾ ਕੁੱਤੇ ਭੌਂਕਦੇ ਹੀ ਹੁੰਦੇ ਨੇ, ਇਹ ਵਿਚਾਰਾ ਰੋਟੀ ਦੇ ਟੁੱਕ ਲਈ ਆਇਐ, ਉਹ ਦੇਹ ਇਹਨੂੰ।' ਤੇ ਨੌਕਰ ਬਹੁਤੀ ਵਫ਼ਾਦਾਰੀ ਕਰਦਾ ਸ਼ਰਮਿੰਦਾ ਹੋ ਗਿਆ। ਜਦੋਂ ਕਿਸੇ ਸਮਾਗਮ ਵਿਚ ਕਿਸੇ ਨੂੰ ਸਨਮਾਨ ਦੇ ਕੇ ਵਿਸ਼ੇਸ਼ ਬਣਾਇਆ ਜਾਂਦਾ ਹੈ ਤਾਂ ਪੰਡਾਲ 'ਚ ਬੈਠੇ ਬਾਕੀ ਲੋਕ ਆਪਣੇ ਆਪ ਨੂੰ ਸਾਧਾਰਣ ਸਮਝ ਕੇ ਸ਼ਰਮਿੰਦੇ ਹੋ ਜਾਂਦੇ ਹਨ। ਇਨ੍ਹਾਂ ਚੋਂ ਕਈ ਫਿਰ ਖਾਸ ਬਣਨ ਲਈ ਯਤਨ ਕਰਨ ਲੱਗ ਪੈਂਦੇ ਹਨ ਤੇ ਕਈ ਈਰਖਾ ਦੀ ਉਲਟੀ ਬਾਹਰ ਕਰਨ ਲਈ ਨਿਕਲ ਜਾਂਦੇ ਹਨ। ਬਜ਼ਾਰੋਂ ਕੋਈ ਵਰਦੀ ਜਾਂ ਫੀਤੀਆਂ ਫੁੰਮਣੀਆਂ ਖਰੀਦ ਕੇ ਪਹਿਨ ਲਵੇ ਤਾਂ ਉਹ ਜਰਨੈਲ ਨਹੀਂ ਬਣ ਜਾਂਦਾ। ਕਈ ਸਥਿਤੀਆਂ ਮਤਵਾਲੀਆਂ ਹੁੰਦੀਆਂ ਨੇ ਪਰ ਬਣ ਹਾਸੋਹੀਣੀਆਂ ਜਾਂਦੀਆਂ ਨੇ। ਨਵੀਂ ਆਈ ਬਹੂ ਨੂੰ ਦਿਨ ਚੜ੍ਹੇ ਤੱਕ ਸੁੱਤੀ ਦੇਖ ਕੇ ਧੀ ਨੇ ਮਾਂ ਨੂੰ ਕਿਹਾ, "ਭਾਬੀ ਨੂੰ ਉਠਾ ਆਵਾਂ?" ਮਾਂ ਹੱਸ ਨੇ ਬੋਲੀ ਨਾ ਧੀਏ ਨਵੀਆਂ ਵਿਆਹੀਆਂ ਦੀਆਂ ਅੱਖਾਂ 'ਚ ਲੋਹੜੇ ਦਾ ਉਨੀਂਦਰਾ ਹੁੰਦੈ।' ਭੋਲੀ ਧੀ ਫੇਰ ਪੁੱਛ ਬੈਠੀ ਉਹ ਕਿਉਂ? ਮਾਂ ਨੇ ਦੂਜੇ ਪਾਸੇ ਮੂੰਹ ਘੁਮਾਇਆ, 'ਜਿੱਦਣ ਤੇਰੇ ਹੱਥ ਪੀਲੇ ਹੋਏ ਆਪੇ ਪਤਾ ਲੱਗ ਜੂ' ਮਲਕੜੇ ਜਿਹੇ ਕਹਿ ਕੇ ਮਾਂ ਬਾਹਰ ਚਲੇ ਗਈ। ਕਈ ਗੱਲਾਂ ਦੇ ਅਰਥ ਕਰਨੇ ਨਹੀਂ ਪੈਂਦੇ ਹੋ ਜਾਂਦੇ ਨੇ। ਭੁੱਖ ਸਾਰਿਆਂ ਨੂੰ ਲਗਦੀ ਹੈ ਪਰ ਭੁੱਖ ਖਿਲਾਰਨ ਵਾਲੇ ਘੱਟ ਹੁੰਦੇ ਨੇ। ਕਿਤੇ ਕਾਲਿਆਂ ਗੁੱਟਾਂ 'ਚ ਚਾਂਦੀ ਦਾ ਕੰਗਣ ਪਹਿਨਾ ਦਿੱਤਾ ਜਾਵੇ ਤਾਂ ਚਾਂਦੀ ਤੇ ਕੰਗਣ ਦੋਵੇਂ 'ਕੱਠਿਆਂ ਬੇਇੱਜਤੀ ਸਮਝਣ ਲਗਦੇ ਹਨ। ਸ਼ਾਇਦ ਇਹ ਪੜ੍ਹ ਕੇ ਲੱਗੇ ਕਿ ਬਹੁਤਿਆਂ ਘਰਾਂ ਦੇ ਦਰਵਾਜ਼ੇ ਪਿਛਵਾੜੇ ਵੱਲ ਵੀ ਹੁੰਦੇ ਹਨ।*

ਜੋਤਸ਼ੀਆਂ ਅੱਗੇ ਹੱਥ ਵਧਾ ਕੇ ਮੁਕੱਦਰਾਂ ਦੇ ਭੇਦ ਜਾਨਣ ਦੀ ਉਤਸੁਕਤਾ ਰੱਖਣ ਵਾਲਾ ਮਨੁੱਖ ਤਾਂਘ ਇਸ ਗੱਲ ਲਈ ਰਿਹਾ ਹੁੰਦਾ ਹੈ ਕਿ 'ਅੱਗੋਂ ਕੀ ਹੋਣ ਵਾਲਾ ਹੈ?' ਅਸਲ ਵਿਚ ਇਹ ਉਹ ਲੋਕ ਹੁੰਦੇ ਹਨ ਜਿਨ੍ਹਾਂ ਨੇ ਜ਼ਿੰਦਗੀ ਕਿਸੇ ਬੇਮੁਹਾਣੇ ਤੇ ਅਸੰਭਵ ਆਦਰਸ਼ ਦੇ ਭਾਰ ਹੇਠ ਦੱਬ ਲਈ ਹੁੰਦੀ ਹੈ। ਇਹ ਲੋਕ ਇਹ ਜਾਨਣ ਦੀ ਕੋਸ਼ਿਸ਼ ਵਲ ਨਹੀਂ ਤੁਰਦੇ ਕਿ ਜ਼ਿੰਦਗੀ ਦੀ ਕੋਈ ਮੰਜ਼ਿਲ ਨਹੀਂ, ਜ਼ਿੰਦਗੀ ਆਪਣੇ-ਆਪ ਵਿਚ ਹੀ ਮੰਜ਼ਿਲ ਹੈ। 'ਫਸਟ ਕਮ ਫਸਟ ਗੋ' ਦਾ ਜੇ ਕਿਤੇ ਨਿਯਮ ਲਾਗੂ ਨਹੀਂ ਹੁੰਦਾ ਤਾਂ ਉਹ ਸਿਰਫ ਮੌਤ 'ਤੇ ਹੈ। ਮੌਤ ਜ਼ਿੰਦਗੀ ਵਿਚ ਅਕਸਰ ਵਾਰੀ ਸਿਰ ਨਹੀਂ ਆਉਂਦੀ। ਜੇ ਰੱਬ ਮੌਤ ਦੇ ਭੇਦ ਜਾਨਣ ਦਾ ਅਧਿਕਾਰ ਆਪਣੇ ਕੋਲ ਨਾ ਰੱਖਦਾ ਤਾਂ ਬਹੁਤ ਸਾਰੇ ਲੋਕਾਂ ਨੇ ਮੌਤ ਤੋਂ ਪਹਿਲਾਂ ਮਰ ਜਾਣਾ ਸੀ। ਜਿਹੜੇ ਲੋਕ ਜਗਰਾਤੇ, ਜੱਗ, ਹਵਨ, ਪਾਠ ਤੇ ਕੀਰਤਨ ਕਰਵਾ ਕੇ ਜੀਵਨ ਨੂੰ ਸੁਖਾਲਾ ਬਣਾਉਣ ਤੇ ਰੱਬ ਨੂੰ ਆਪਣੇ ਹੱਕ 'ਚ ਕਰਨ ਵਿਚ ਲੱਗੇ ਹੋਏ ਹਨ, ਉਨ੍ਹਾਂ ਨੂੰ ਭਰਮ ਹੈ ਕਿ ਦੁਨੀਆਂ ਸ਼ਾਇਦ ਨਹੀਂ ਜਾਣਦੀ ਕਿ ਇਹ ਸਿਰਫ ਵਿਖਾਵੇ ਦੇ ਸ਼ਿੰਗਾਰੇ ਹੋਏ ਪਖੰਡ ਵੀ ਹੋ ਸਕਦੇ ਹਨ। ਜੇ ਬੰਦਾ ਕਿਸੇ ਚੀਜ਼ ਨੂੰ ਹਰ ਵੇਲੇ ਕੁੱਛੜ ਚੁੱਕੀ ਰੱਖਦਾ ਹੈ ਤਾਂ ਇਹ ਸਿਰਫ ਮੌਤ ਹੀ ਹੈ। ਮੌਤ ਦੇ ਸਾਹਮਣੇ ਮੰਗਤਾ ਵੀ ਉਨਾ ਹੀ ਸੁਰੱਖਿਅਤ ਹੈ, ਜਿੰਨਾ ਸੁਰੱਖਿਆ ਗਾਰਡਾਂ ਵਿਚ ਬਾਦਸ਼ਾਹ। ਸੁਰਾਹੀ ਤੇ ਗਰਦਨ ਵਿਚ ਇਕ ਸਮਾਨਤਾ ਇਹ ਹੈ ਕਿ ਇਸ ਨੂੰ ਫੜਨਾ ਬੜਾ ਸੁਖਾਲਾ ਹੁੰਦਾ ਹੈ। ਸਫਲ ਭਾਵੇਂ ਹਾਲੇ ਤੀਕਰ ਕੋਈ ਵੀ ਨਹੀਂ ਹੋਇਆ ਪਰ ਮੌਤ ਅੱਗੇ ਭੱਜਣ ਦਾ ਹਰ ਇਕ ਨੇ ਯਤਨ ਕੀਤਾ ਹੈ। ਮੂਸਾ ਇਸ ਦੀ ਇਕ ਉਦਾਹਰਣ ਵਰਗੀ ਵੰਨਗੀ ਹੈ।

ਸ਼ਾਇਦ ਦੋ ਦੰਦ-ਕਥਾਵਾਂ ਤੁਸੀਂ ਵੀ ਸੁਣੀਆਂ ਹੋਣਗੀਆਂ। ਇਨ੍ਹਾਂ ਨੂੰ ਪੇਸ਼ ਕਰਨ ਦੇ ਆਪੋ-ਆਪਣੇ ਢੰਗ ਵੀ ਹੋ ਸਕਦੇ ਨੇ ਕਿਉਂ ਕਿ ਕਈਆਂ ਘਰਾਂ ਦੇ ਬਨੇਰਿਆਂ 'ਤੇ ਸ਼ਾਇਦ ਕਾਂ ਕਦੇ ਨਾ ਵੀ ਬੋਲਿਆ ਹੋਵੇ, ਹੋਣੀ ਨੇ ਮੱਧਮ ਸਿਗਨਲ ਕਈ ਵਾਰ ਜ਼ਰੂਰ ਦਿੱਤੇ ਹਨ। ਜਿਹੜੇ ਮੌਤ ਦੀ ਮੋਰੀ 'ਚੋਂ ਸੁਰੱਖਿਅਤ ਪਰਤੇ ਹਨ 'ਜ਼ਿੰਦਗੀ ਦੇ ਅਰਥ ਕਿੰਨੇ ਵੱਡੇ ਹੁੰਦੇ ਹਨ?' ਸ਼ਾਇਦ ਉਨ੍ਹਾਂ ਤੋਂ ਸਿਵਾ ਕੋਈ ਵੀ ਅਨੁਭਵ ਨਾ ਕਰ ਸਕੇ।

ਇਕ ਵਾਰ ਇਕ ਬਾਦਸ਼ਾਹ ਨੇ ਆਪਣੇ ਰਾਜਸੀ ਵਿਰੋਧੀ ਗਿਆਰਾਂ ਕੈਦੀਆਂ ਨੂੰ ਫਾਂਸੀ ਦੀ ਸਜ਼ਾ ਸੁਣਾਈ। ਫਾਂਸੀ ਦੇਣ ਤੋਂ ਇਕ ਦਿਨ ਪਹਿਲਾਂ ਇਕ ਸਿਆਣੇ ਕੈਦੀ ਨੇ ਆਪਣੀ ਅੰਤਿਮ ਇੱਛਾ ਬੜੀ ਅਜੀਬ ਜਿਹੀ ਰੱਖ ਦਿੱਤੀ। ਉਸ ਨੇ ਕਿਸੇ ਮਾਹਿਰ ਜੋਤਸ਼ੀ ਨੂੰ ਜੇਲ੍ਹ 'ਚ ਬੁਲਾ ਕੇ ਇਸ ਕਰਕੇ ਮਿਲਣਾ ਚਾਹਿਆ ਕਿ ਉਸ ਨੇ ਆਪਣੀ ਸਾਰੀ ਜ਼ਿੰਦਗੀ ਵਿਚ ਨਾ ਕੋਈ ਗੁਨਾਹ ਕੀਤਾ ਹੈ, ਨਾ ਪਾਪ ਕੀਤਾ ਹੈ, ਨਾ ਕਿਸੇ ਦਾ ਦਿਲ ਦੁਖਾਇਆ ਹੈ, ਨਾ ਮਾਸ ਖਾਧਾ ਹੈ, ਨਾ ਸ਼ਰਾਬ ਪੀਤੀ ਹੈ, ਫਿਰ ਉਸਨੂੰ ਬੇਨਿਆਈਂ ਮੌਤੇ ਕਿਉਂ ਮਾਰਿਆ ਜਾ ਰਿਹਾ ਹੈ? ਉਸਨੇ ਕਿਹਾ, 'ਜੇ ਬਾਦਸ਼ਾਹ ਆਪਣੇ-ਆਪ ਨੂੰ ਧਰਮੀ ਸਮਝਦਾ ਹੈ ਤਾਂ ਉਹ ਕਿਸੇ ਮਾਹਿਰ ਜੋਤਸ਼ੀ ਨੂੰ ਬੁਲਾਏ ਤਾਂ ਕਿ ਮੈਂ ਆਪਣੇ ਮੁਕੱਦਮੇ ਨੂੰ ਜਾਣ ਕੇ ਆਪਣੇ ਆਪ ਨਾਲ ਸੰਤੁਸ਼ਟ ਹੋ ਜਾਵਾਂ ਕਿ ਮੈਂ ਜ਼ਰੂਰ ਕੋਈ ਮੌਤ ਦੀ ਸਜ਼ਾ ਵਰਗੀ ਗਲਤੀ ਕੀਤੀ ਹੈ।'

ਫਿਰ ਬਜ਼ੁਰਗ ਜੋਤਸ਼ੀ ਬੁਲਾਇਆ ਗਿਆ। ਉਸ ਨੇ ਆਪਣੀ ਸ਼ਰਤ ਰੱਖ ਦਿੱਤੀ ਕਿ ਮੈਂ ਇਸ ਫਾਂਸੀਯਾਫ਼ਤਾ ਮਨੁੱਖ ਨੂੰ ਇਕੱਲਿਆਂ ਮਿਲਣਾ ਚਾਹੁੰਦਾ ਹਾਂ ਕਿਉਂਕਿ ਬਾਦਸ਼ਾਹ ਚਾਹੁੰਦਾ ਸੀ ਕਿ ਮੁਕੱਦਮੇ ਦਾ ਭੇਦ ਭਰੇ ਦਰਬਾਰ ਵਿਚ ਖੋਲ੍ਹਿਆ ਜਾਵੇ। ਖੈਰ! ਜੋਤਸ਼ੀ ਦੀ ਵੀ ਮੰਨ ਲਈ ਗਈ ਤੇ ਦੋਹਾਂ ਨੂੰ ਇਕ ਕੋਠੜੀ ਵਿਚ ਭੇਜ ਦਿੱਤਾ ਗਿਆ।

'ਮੈਂ ਬੇਗੁਨਾਹ ਹਾਂ, ਮੈਨੂੰ ਫਾਂਸੀ 'ਤੇ ਕਿਉਂ ਲਟਕਾਇਆ ਜਾ ਰਿਹਾ ਹੈ?' ਕੈਦੀ ਨੇ ਪੁੱਛਿਆ।

'ਤੈਨੂੰ ਫਾਂਸੀ ਹੋਵੇਗੀ ਹੀ ਨਹੀਂ। ਫਿਰ ਇਹ ਭੇਦ ਕਿਉਂ ਦੱਸਾਂ?' ਜੋਤਸ਼ੀ ਨੇ ਹੱਸਦਿਆਂ ਕਿਹਾ।

'ਮੇਰੀ ਜਾਨ 'ਤੇ ਬਣੀ ਐ ਤੇ ਤੇਰੇ ਦੰਦ ਨਿਕਲ ਰਹੇ ਨੇ।' ਉਹ ਗੁੱਸੇ 'ਚ ਲਾਲ-ਪੀਲਾ ਹੋਇਆ ਬੋਲਿਆ।

'ਚੱਲ ਫੇਰ ਕੱਲ੍ਹ ਦੁਪਹਿਰੇ ਮਿਲਾਂਗੇ।'

'ਨਹਾ ਧੋ ਕੇ ਬੈਠੇ ਤੜਕੇ ਪੰਜ ਵਜੇ ਮੌਤ ਗੱਲਵਕੜੀ 'ਚ ਲੈ ਲਵੇਗੀ। ਝੂਠ ਦੀ ਪੰਡ ਮੇਰੀਆਂ ਅੱਖਾਂ ਤੋਂ ਓਹਲੇ ਹੋ ਜਾ।' ਤੇ ਉਹਦੇ ਸਬਰ ਦਾ ਪੁਲ ਟੁੱਟ ਗਿਆ।

ਜੋਤਸ਼ੀ ਫੇਰ ਵੀ ਹੱਸਦਾ ਹੋਇਆ ਬਾਹਰ ਚਲੇ ਗਿਆ।

ਇਨ੍ਹਾਂ ਸਿਆਸੀ ਕੈਦੀਆਂ ਨੂੰ ਫਾਂਸੀ ਦੇਣ ਤੋਂ ਪਹਿਲਾਂ ਹੀ ਇਹ ਖਬਰ ਆ ਗਈ ਕਿ ਬਾਦਸ਼ਾਹ ਦਿਲ ਫੇਲ੍ਹ ਹੋਣ ਨਾਲ ਅੱਖਾਂ ਮੀਚ ਗਿਆ ਹੈ। ਬਾਦਸ਼ਾਹ ਦੇ ਪੁੱਤਰ ਨੂੰ ਲੱਗਾ ਕਿ ਇਨ੍ਹਾਂ ਬੇਕਸੂਰੇ ਲੋਕਾਂ ਦੀਆਂ ਬਦ-ਦੁਆਵਾਂ ਨੇ ਹੀ ਮੇਰੇ ਬਾਪ ਨੂੰ ਖਾ ਲਿਆ ਹੈ ਤੇ ਉਹਨੇ ਸਾਰੇ ਕੈਦੀ ਰਿਹਾ ਕਰਨ ਦਾ ਹੁਕਮ ਸੁਣਾ ਦਿੱਤਾ। ਅਗਲੇ ਦਿਨ ਸਾਰੇ ਕੈਦੀਆਂ ਦਾ ਸਿਰ ਜੋਤਸ਼ੀ ਦੇ ਚਰਨਾਂ ਵਿਚ ਸੀ।

ਇਵੇਂ ਇਕ ਵਾਰ ਇਕ ਗੱਭਰੂ ਟਿੱਚਰੀ ਤੇ ਮਖੌਲੀਆ ਲਹਿਜ਼ੇ ਵਿਚ ਇਕ ਜੋਤਸ਼ੀ ਕੋਲ ਗਿਆ ਤੇ ਚੌਂਕੜੀ ਮਾਰਕੇ ਉਸ ਅੱਗੇ ਬੈਠ ਗਿਆ।

'ਕਿਵੇਂ ਆਇਐਂ ਭਗਤਾ?'

'ਕਿਸਮਤ ਦਾ ਹਾਲ-ਚਾਲ ਪੁੱਛਣ।' ਉਹਨੇ ਸੱਜਾ ਹੱਥ ਜੋਤਸ਼ੀ ਵਲ ਵਧਾਉਂਦਿਆਂ ਕਿਹਾ।

ਜੋਤਸ਼ੀ ਨੇ ਹੱਥ 'ਤੇ ਨਿਗਾਹ ਮਾਰੀ ਤੇ ਫਿਰ ਉਦਾਸ ਨਜ਼ਰਾਂ ਨਾਲ ਉਹਦਾ ਚਿਹਰਾ ਤੱਕਦਿਆਂ ਕਿਹਾ, 'ਅੱਜ ਤੇਰੀ ਜ਼ਿੰਦਗੀ ਦਾ ਆਖਰੀ ਦਿਨ ਐ। ਆਥਣ ਤੀਕਰ ਮੌਤ ਤੇਰੇ ਗਲੇ ਲੱਗ ਜਾਵੇਗੀ।'

'ਪੰਡਿਤਾ ਤੇਰਾ ਦਿਮਾਗ ਠੀਕ ਐ। ਮੈਂ ਚੌਵੀਆਂ ਸਾਲਾਂ ਦਾ ਜੁਆਨ ਆਂ, ਕੋਈ ਬਿਮਾਰੀ ਨੀਂ, ਦੁਸ਼ਮਣੀ ਨੀਂ, ਹੋਣੀ ਦੇ ਤਾਂ ਮੈਂ ਮਾਰੂੰ ਚੂਲੇ 'ਚ ਲੱਤ।'

'ਤੂੰ ਜੋ ਪੁੱਛਿਆ, ਮੈਂ ਦੱਸ'ਤਾ। ਬਾਕੀ ਤੇਰੀ ਮਰਜ਼ੀ ਐ।'

'ਪਖੰਡ ਦੀਆਂ ਦੁਕਾਨਾਂ ਵੀ ਸ਼ੋਕ 'ਚ ਖੋਲ੍ਹ ਕੇ ਬੈਠੇ ਨੇ। ਬੁੱਧੂ ਬਣਾਈ ਚੱਲੋ ਲੋਕਾਂ ਨੂੰ। ਸਹੁਰੀ ਦੇ ਗਿਆਰਾਂ ਰੁਪਏ ਵੀ ਚੜ੍ਹਾ ਕੇ ਗੁਆ ਲਏ।' ਤੇ ਉਹ ਬੁੜ-ਬੁੜ ਕਰਦਾ ਪਿੰਡ ਨੂੰ ਜਾਣ ਵਾਲੀ ਲਾਰੀ 'ਚ ਬੈਠ ਗਿਆ।

ਬੱਸ ਹਾਲੇ ਚਾਰ ਕੁ ਮੀਲ ਹੀ ਗਈ ਹੋਵੇਗੀ ਕਿ ਅਸਮਾਨ ਬੱਦਲਾਂ ਨਾਲ ਕਾਲਾ ਹੋ ਗਿਆ। ਬਿਜਲੀ ਐਂ ਲਿਸ਼ਕੇ ਜਿਵੇਂ ਕੌਡੀਆਂ ਵਾਲਾ ਸੱਪ ਫੁੰਕਾਰੇ ਮਾਰਦਾ ਹੁੰਦੈ।

ਉਸ ਗੱਭਰੂ ਨੇ ਸੋਚਿਆ ਕਿ ਪੰਡਿਤ ਕਿਤੇ ਠੀਕ ਈ ਨਾ ਹੋਵੇ? ਜੇ ਬਿਜਲੀ ਬੱਸ 'ਤੇ ਪੈ ਗਈ ਤਾਂ ਆਈ ਤਾਂ ਮੇਰੀ ਐ, ਬਾਕੀ ਵਿਚਾਰੇ ਨਿਹੱਥੇ ਮਾਰੇ ਜਾਣਗੇ। ਮੈਂ ਹੀ ਉਤਰ ਜਾਨੈਂ।' ਤੇ ਜਿਉਂ ਹੀ ਬੱਸ ਬੰਦ ਫਾਟਕ ਤੇ ਰੁਕੀ, ਉਹ ਗੱਭਰੂ ਛਾਲ ਮਾਰਕੇ ਅਹੁ ਗਿਆ। ਬਨਾਰਸ ਦੇ ਲੋਕਾਂ ਨੂੰ ਇਸ ਘਟਨਾ ਦਾ ਪਤੈ ਕਿ ਜਿਉਂ ਹੀ ਟ੍ਰੇਨ ਗੁਜਰੀ, ਬੱਸ ਤੁਰੀ ਤੇ ਅਸਮਾਨੀ ਬਿਜਲੀ ਦੀ ਲਪੇਟ 'ਚ ਬੱਸ ਪ੍ਰਮਾਣੂ ਬੰਬਾਂ ਵਾਂਗ ਆ ਗਈ। ਖਚਾਖਚ ਭਰੀ ਬੱਸ ਦੀਆਂ ਸਵਾਰੀਆਂ ਮਾਸ ਦੀਆਂ ਬੋਟੀਆਂ 'ਚ ਬਦਲ ਗਈਆਂ। ਤੇ ਚੀਕਾਂ-ਚੰਘਿਆੜਾਂ ਦੀ ਹਾਲ ਦੁਹਾਈ 'ਚ ਉਸ ਗੱਭਰੂ ਨੂੰ ਇਹ ਨਹੀਂ ਪਤਾ ਲੱਗ ਰਿਹਾ ਸੀ ਕਿ 'ਆਈ ਕੀਹਦੀ ਸੀ?'

ਪੰਜਾਬ 'ਚ ਜਦੋਂ ਮਾੜੇ ਦਿਨ ਸਨ। ਮੌਤ ਅਵਾਰਾ ਸਾਨ੍ਹ ਵਾਂਗ ਘਰ-ਘਰ ਤੁਰੀ ਫਿਰਦੀ ਸੀ। ਪੁਲਿਸ ਤੇ ਖਾੜਕੂਆਂ-ਦੋਵਾਂ ਦੇ ਹੱਥਾਂ 'ਚ ਬੰਦੂਕਾਂ ਸਨ। ਇਹ ਗੱਲ ਉਨ੍ਹਾਂ ਦਿਨਾਂ ਦੀ ਐ।

ਇਕ ਪੰਜਾਬੀ ਗਾਇਕ ਦੀਆਂ ਦੋ ਤਿੰਨ ਟੇਪਾਂ ਹਿੱਟ ਹੋ ਗਈਆਂ। ਇਕ ਦਿਨ ਇਕ ਲਵਾ ਜਿਹਾ ਮੁੰਡਾ ਕਾਗਜ਼ ਦੇ ਦੋ ਟੁਕੜਿਆਂ 'ਤੇ ਗੀਤ ਲਿਖ ਕੇ ਗਾਇਕ ਦੇ ਦਫਤਰ ਦੇ ਗਿਆ। ਲਿਖਣਾ-ਲੁਖਣਾ ਤਾਂ ਆਉਂਦਾ ਨ੍ਹੀਂ ਸੀ ਤੇ ਗੀਤ ਰੱਦੀ ਦੀ ਟੋਕਰੀ 'ਚ ਟੁਕੜਿਆਂ 'ਚ ਹੋ ਕੇ ਖਿਲਰ ਗਏ। ਫਿਰ ਕਈ ਸਾਲ ਇਸ ਘਟਨਾ ਨੂੰ ਲੰਘ ਗਏ। ਇਹ ਗੀਤ ਲਿਖਣ ਵਾਲਾ ਮੁੰਡਾ ਖਾੜਕੂ ਸਫਾਂ 'ਚ ਸ਼ਾਮਲ ਹੋ ਗਿਆ। ਗੀਤ ਲਿਖਣ ਤੇ ਰਿਕਾਰਡ ਕਰਵਾਉਣ ਦੀ ਸੋਚ ਖਾਨਿਉਂ ਨਿਕਲ ਗਈ। ਉਧਰ ਪਿੰਡ 'ਚ ਰਹਿਣ ਵਾਲਾ ਗਾਇਕ ਸ਼ੋਹਰਤ ਤੇ ਕਮਾਈ ਹੋਣ ਕਰਕੇ ਸ਼ਹਿਰ ਆਣ ਵੱਸਿਆ ਤੇ ਬਾਕੀ ਮਰਾਸੀ ਮੀਰ ਆਲਮਾਂ ਦਾ ਪਰਿਵਾਰ ਪਿੰਡ ਹੀ ਟਿਕ ਗਿਆ।

ਰੱਬ ਦੀ ਮਰਜ਼ੀ ਕਿ ਕਿਤੇ ਉਹ ਖਾੜਕੂ ਮੁੰਡਾ ਅੱਧੀ ਰਾਤ ਨੂੰ ਗਾਇਕ ਦੇ ਪਿੰਡ 'ਚੋਂ ਲੰਘ ਰਿਹਾ ਸੀ। ਦਿਮਾਗ 'ਚ ਸ਼ਰਾਰਤ ਆ ਗਈ ਕਿ ਚਲੋ ਅੱਜ ਮਰਾਸੀਆਂ ਨਾਲ ਸ਼ੁਗਲ ਹੀ ਕਰਕੇ ਚਲਦੇ ਆਂ ਤੇ ਉਹਨੇ ਘਰ ਦਾ ਬੂਹਾ ਖੜਕਾ ਦਿੱਤਾ। ਰੌਲਿਆਂ ਦੇ ਵੇਲੇ ਦਾ ਦਰਵਾਜ਼ਾ ਜਦੋਂ ਚੀਂ ਚੀਂ ਕਰਦਾ ਖੁੱਲ੍ਹਿਆ ਤਾਂ ਗਾਇਕ ਦਾ ਵੱਡਾ ਭਰਾ ਨਿਕਲਿਆ, 'ਕੌਣ ਓ ਭਾਈ ਤੁਸੀਂ?'

'ਤੈਨੂੰ ਦੱਸਾਂ ਕੌਣ ਆਂ ਮੈਂ? ਆਹ ਦੀਹਦੀਂ ਐ?' ਤੇ ਖਾੜਕੂ ਨੇ ਲੱਤ ਨਾਲ ਸਿਰ ਪਰਨੇ ਖੜ੍ਹੀ ਕੀਤੀ ਏ.ਕੇ. 47 ਵਲ ਇਸ਼ਾਰਾ ਕਰਦਿਆਂ ਕਿਹਾ।

ਤੇ ਪੱਤੇ ਵਾਂਗ ਕੰਬਦਾ ਉਹ ਵਿਚਾਰਾ ਤਰਲੇ ਨਾਲ ਕਹਿਣ ਲੱਗਾ, 'ਮਾਲਕੋ, ਐਤਕੀਂ ਲੋੜ ਈ ਨ੍ਹੀ ਉਚਿਆਂ ਪਹਾੜਾਂ 'ਤੇ ਜਾਣ ਦੀ, ਦਰਸ਼ਨ ਹੋ ਗਏ ਦੇਵੀ ਦੇ ਘਰੇ।'

'ਤੈਨੂੰ ਕਰਾਉਨੈਂ ਦਰਸ਼ਨ। ਕਰਤੀ ਮਰਾਸੀਆਂ ਆਲੀ ਟਿੱਚਰ।'

'ਵੱਡੇ ਮਹਾਰਾਜ ਦੀ ਸਹੁੰ। ਗੁੱਸੇ ਨਾ ਹੋਵੋ। ਹੁਕਮ ਕਰੋ, ਕੀ ਸੇਵਾ ਕਰੀਏ, ਲੰਗਰ-ਪਾਣੀ ਛਕੋਗੇ?'

'ਲੰਗਰ-ਪਾਣੀ ਛੱਡ, ਐਂ ਦੱਸ ਜਿਹੜੇ ਮੈਂ ਗੀਤ ਦੇ ਕੇ ਗਿਆ ਸੀ, ਰਿਕਾਰਡ ਨ੍ਹੀਂ ਕਰਵਾਏ। ਲੱਗ ਜੋ ਲਾਈਨ 'ਚ।'

'ਅੱਲਾ ਦੇ ਵਾਸਤੇ ਐਂ ਜ਼ੁਲਮ ਨਾ ਕਰਿਓ। ਸਾਨੂੰ ਤਾਂ ਥੋਡੇ ਗੀਤਾਂ ਦਾ ਪਤਾ ਈ ਨ੍ਹੀ। ਛੋਟਾ ਵੀਰ ਤਾਂ ਸ਼ਹਿਰ 'ਚ ਰਹਿਣ ਲੱਗ ਪਿਐ। ਪੁੱਛ ਲਾਂਗੇ ਸਵੇਰੇ।'

'ਮੈਂ ਗੀਤਾਂ ਦੀ ਪੂਰੀ ਕਾਪੀ ਦੇ ਕੇ ਗਿਆ ਸੀ। ਮੈਂ ਕੱਲ੍ਹ ਇਸੇ ਵੇਲੇ ਆਵਾਂਗਾ। ਮੇਰੀ ਕਾਪੀ ਲੱਭ ਕੇ ਰੱਖਿਓ, ਨਹੀਂ ਤਾਂ ਕੱਲ ਨੂੰ ਟੱਬਰ ਮਾਰ ਦੇਣੈ ਸਾਰਾ।'

ਤੇ ਮਜ਼ਾਕ ਕਰਨ ਆਇਆ ਖਾੜਕੂ ਦਬਕਾ ਮਾਰ ਕੇ ਚਲੇ ਗਿਆ। ਮੌਤ ਤੋਂ ਪਹਿਲਾਂ ਈ ਵਿਛ ਗਿਆ ਸੱਥਰ ਮਰਾਸੀਆਂ ਦੇ ਵਿਹੜੇ। ਦੋਵੇਂ ਭਰਾ ਗਲ ਲੱਗ-ਲੱਗ ਰੋਣ, ਪਿਓ ਰੋਂਦੇ ਵੇਖ ਕੇ ਨਿਆਣੇ ਧਾਹਾਂ ਮਾਰਨ, ਔਰਤਾਂ ਦੀਆਂ ਅੱਖਾਂ ਹੜ੍ਹ ਦੇ ਪਾਣੀ ਵਾਂਗ ਵਗਣ। ਲੱਗ ਪਏ ਘਰ ਦੀ ਫਰੋਲਾ-ਫਰੋਲੀ ਕਰਨ। ਵਿਚੇ ਰੋਂਦੇ ਕਹੀ ਜਾਣ, 'ਮੰਗ ਕੇ ਖਾਣਾ ਚੰਗਾ ਸੀ, ਆਹ ਕੀ ਵੀਰ ਨੇ ਪੰਗਾ ਲੈ ਲਿਆ।'

ਦੂਜੇ ਦੀ ਜ਼ੁਬਾਨ ਨਾ ਨਿਕਲੇ। 'ਕਾਪੀ ਜ਼ਰੂਰ ਘਰੇ ਹੋਊ.. ਉਦੋਂ ਤਾਂ ਸ਼ਹਿਰ ਨਾਲ ਵਾਸਤਾ ਈ ਕੋਈ ਨ੍ਹੀ ਸੀ।'

ਤੇ ਦੂਜੇ ਦਿਨ ਟਰੰਕ-ਪੇਟੀਆਂ, ਨਿਆਣਿਆਂ ਦੇ ਕਿਤਾਬਾਂ ਵਾਲੇ ਬਸਤੇ ਫਰੋਲੇ, ਪਈ ਕਿਤੇ ਭੁਲੇਖੇ 'ਚ ਕਾਪੀ ਰੱਖ ਲਈ ਹੋਵੇ। ਗੱਲ ਨਾ ਬਣੀ ਤੇ ਜਿਉਂ-ਜਿਉਂ ਦਿਨ ਢਲੀ ਜਾਵੇ, ਡੋਬੂ ਪੈਣ ਵਿਚਾਰਿਆਂ ਦੇ।

ਬੇਬੇ ਕਹਿਣ ਲੱਗੀ, 'ਵੇ ਪੁੱਤਰੋ ਆਹ ਘੜੇ-ਚਾਟੀਆਂ ਵੀ ਵੇਖ ਲਵੋ ਦਾਣਿਆਂ ਵਾਲੀਆਂ, ਕਿਤੇ ਇਨ੍ਹਾਂ 'ਚ ਨਾ ਹੋਵੇ?'

ਤੇ ਲੱਗ ਪਿਆ ਸਾਰਾ ਟੱਬਰ ਚੁੱਕ-ਚੁੱਕ ਢੇਰੀ ਕਰਨ। ਵਿਚੇ ਮੱਕੀ, ਵਿਚੇ ਕਣਕ, ਵਿਚੇ ਬਾਸਮਤੀ ਤੇ ਵਿਚੇ ਛੋਲੇ ਲਾ'ਤਾ ਵਿਹੜੇ 'ਚ ਸਤਨਾਜੇ ਦਾ ਢੇਰ।

ਉਧਰ ਸਟਾਰ ਗਾਇਕ ਬੀਕਾਨੇਰ ਪ੍ਰੋਗਰਾਮ ਕਰਨ ਗਿਆ ਹੋਇਆ ਸੀ। ਨ੍ਹੇਰਾ ਪਸਰ ਗਿਆ। ਸਾਰਾ ਦਿਨ ਅੰਨ-ਪਾਣੀ ਤਾਂ ਮੂੰਹ ਕੀ ਲਾਉਣਾ ਸੀ। ਇਕ ਦੂਜੇ ਨਾਲ ਰੋਣ ਤੋਂ ਸਿਵਾ ਗੱਲ ਵੀ ਕੁਝ ਨਾ ਕਰਨ। ਭੱਜ ਕੇ ਜਾਣ ਤਾਂ ਜਾਣ ਵੀ ਕਿੱਥੇ? ਮਰਾਸੀਆਂ ਦਾ ਭੁੱਖ-ਨਿਭਾਣਾ ਟੱਬਰ ਢਿੱਡ 'ਤੇ ਹੱਥ ਰੱਖ ਕੇ ਬੱਤੀਆਂ ਬੁਝਾ ਕੇ ਮੰਜਿਆਂ 'ਤੇ ਲੇਟ ਗਿਆ। ਮਾੜੀ ਜਿਹੀ ਬਿੜਕ ਹੋਵੇ ਤਾਂ ਦਰਵਾਜ਼ੇ ਦੀ ਝੀਤ 'ਚੋਂ ਬਾਹਰ ਦੇਖਣ। ਦੋ ਖਣ ਦੀ ਕੋਠੜੀ 'ਚ ਸੁੰਗੜ ਕੇ ਖਰਬੂਜ਼ੇ ਤੋਂ ਕਰੇਲਾ ਬਣਿਆ ਟੱਬਰ ਮਨੋ ਇਕ ਦੂਜੇ ਨੂੰ ਕਹੇ 'ਅੱਜ ਦੀ ਰਾਤ ਕਿਤੇ ਨਾ ਜਾਵੀਂ ਅੱਜ ਦੀ ਰਾਤ ਅਸਾਂ ਟੁਰ ਜਾਣਾ..।'

ਮਰਾਸੀਆਂ ਦੇ ਘਰ ਦੇ ਬਾਹਰ ਘੁਮਿਆਰਾਂ ਦਾ ਆਵਾ ਸੀ ਕੱਚੇ ਭਾਂਡੇ ਪਕਾਉਣ ਵਾਲਾ। ਜੂਨ ਮਹੀਨਾ ਇਕ ਰਾਤ ਤਪੇ ਤੇ ਦੂਜਾ ਆਵਾ। ਨੇੜੇ ਈ ਘੁਮਿਆਰਾਂ ਨੇ ਰੇੜ੍ਹਾ ਖੜ੍ਹਾ ਕੀਤਾ ਹੋਇਆ ਸੀ। ਮਾੜੀ ਕਿਸਮਤ ਗਰਮੀ ਨਾਲ ਰੇੜ੍ਹੇ ਦਾ ਟਾਇਰ ਪਾਟ ਗਿਆ ਸਵੇਰੇ ਚਾਰ ਵਜੇ।

ਮਰਾਸੀਆਂ ਦਾ ਸਾਰਾ ਟੱਬਰ ਵੜ ਗਿਆ ਇਕ ਮੰਜੇ ਹੇਠ। ਧੋਬੀ ਦੇ ਕੱਪੜਿਆਂ ਵਾਂਗ ਤਹਿ ਲੱਗ ਗਈ। ਅੱਤ ਦੀ ਗਰਮੀ, ਪੱਖੇ ਬੰਦ, ਬੱਤੀਆਂ ਬੰਦ ਤੇ ਨਿਆਣਿਆਂ ਦੇ ਮੂੰਹ ਮੂਹਰੇ ਹੱਥ ਦੇ ਕੇ ਦੋਵੇਂ ਭਰਾ ਕਹੀ ਜਾਣ 'ਢੱਠੇ ਖੂਹ 'ਚ ਪਵੇ ਏਹਜੀ ਗਾਇਕੀ, ਮਰ ਜਾਣਾ ਟੱਬਰ ਅੱਜ ਭੰਗ ਦੇ ਭਾੜੇ।' ਖਿਝਿਆਂ ਨੇ ਤੂੰਬੀਆਂ, ਵਾਜੇ ਚੁੱਕ ਕੇ ਪੜਛੱਤੀ 'ਤੇ ਸੁੱਟ ਦਿੱਤੇ।

ਦਿਨ ਚੜ੍ਹ ਆਇਆ, ਨੌਂ ਵੱਜ ਗਏ। ਗੁਆਂਢੀਆਂ ਨੇ ਸੋਚਿਆ 'ਅੱਗੇ ਤਾਂ ਮਰਾਸੀ ਚਾਰ ਵਜੇ ਉੱਠ ਕੇ ਗੇੜੀਆਂ ਮਾਰਨ ਲੱਗ ਪੈਂਦੇ ਸੀ, ਅੱਜ ਸੌਂ ਗਏ ਸੁਸਰੀ ਵਾਂਗ।' ਬਿੜਕਾਂ ਲੈਣ ਕੰਨ ਲਾ-ਲਾ ਪਰ ਅੰਦਰੋਂ ਤਾਂ ਸਾਹ ਲੈਣ ਦੀ ਆਵਾਜ਼ ਨਾ ਆਵੇ। ਬੜੀਆਂ 'ਵਾਜਾਂ ਮਾਰੀਆਂ ਪਰ ਬੋਲੇ ਕੋਈ ਨਾ। ਸਰਪੰਚ ਨੂੰ ਇਤਲਾਹ ਦਿੱਤੀ ਕਿ ਖੌਰੇ ਕੀ ਭਾਣਾ ਵਰਤਿਆ ਸਾਰਾ ਟੱਬਰ ਈ ਸੁੱਤਾ ਪਿਆ ਰਹਿ ਗਿਐ। ਸਰਪੰਚ ਨੇ ਗੁਆਂਢ 'ਚੋਂ ਕੰਧ ਤੋਂ ਖੜ੍ਹ ਕੇ ਹਾਕ ਮਾਰੀ, 'ਓਏ ਫਜ਼ਲਦੀਨਾ, ਕੁੰਡਾ ਖੋਲ੍ਹ।'

ਅੰਦਰੋਂ ਸੁੱਕੇ ਤਾਲੂਏ 'ਚੋਂ ਮੱਧਮ ਆਵਾਜ਼ ਆਈ, 'ਅੱਜ ਆ ਜਾਣਾ ਭਰਾ ਨੇ ਬੀਕਾਨੇਰੋਂ, ਅਸੀਂ ਗੀਤ ਹੀ ਸਾਰੇ ਥੋਡੇ ਗਾਇਆ ਕਰਾਂਗੇ। ਰੱਬ ਦੀ ਸਹੁੰ ਗੋਲੀ ਨਾ ਮਾਰਿਓ।'

'ਫਜ਼ਲਦੀਨਾ, ਮੈਂ ਸਰਪੰਚ ਬੋਲਦਾਂ ਹਰਨੇਕ ਸਿਹੁੰ। ਬਾਹਰ ਨਿਕਲੋ, ਗੱਲ ਕੀ ਐ?'

'ਸਰਪੰਚ ਸਾਹਿਬ, ਇਹ ਤੁਹਾਡੇ ਤੋਂ ਸਾਡਾ ਕੁੰਡਾ ਖੁਲਾਉਣਾ ਚਾਹੁੰਦੇ ਐ, ਤੜਕੇ ਚਾਰ ਵਜੇ ਦੀ ਗੋਲੀ ਚਲਦੀ ਐ ਬਾਹਰ।'

'ਪਤੰਦਰੋ ਉਹ ਤਾਂ ਘੁਮਿਆਰਾਂ ਦੇ ਰੇੜ੍ਹੇ ਦਾ ਟਾਇਰ ਪਾਟਣ ਨਾਲ ਖੜਾਕ ਹੋਇਆ ਸੀ।'

ਦਰਵਾਜ਼ੇ ਦੀਆਂ ਝੀਤਾਂ 'ਚ ਦਿੱਤੇ ਕੱਪੜੇ ਬਾਹਰ ਕੱਢ ਕੇ ਦੇਖਿਆ ਤਾਂ ਸਾਰਾ ਪਿੰਡ ਬਾਹਰ 'ਕੱਠਾ ਹੋਇਆ ਵੇਖ ਕੇ ਟੱਬਰ ਨਿਕਲਿਆ ਤੇ ਗੀਤਾਂ ਦੀ ਕਾਪੀ ਵਾਲੀ ਕਹਾਣੀ ਦੱਸੀ। ਪਿੰਡ ਹੱਸ-ਹੱਸ ਕੇ ਲੋਟ-ਪੋਟ ਹੋਵੇ।

ਚਲੋ! ਖਾੜਕੂ ਤਾਂ ਮੁੜ ਕੇ ਨਹੀਂ ਆਇਆ ਪਰ ਗਾਇਕ ਤੇ ਟੱਬਰ ਨੇ ਉਹਨੂੰ ਪੰਜਾਬ ਦਾ ਹਿੱਟ ਗੀਤਕਾਰ ਜ਼ਰੂਰ ਬਣਾ ਦਿੱਤਾ। ਪੂਰੇ ਛੇ ਸਾਲ ਆਪ ਈ ਗਾਣੇ ਲਿਖ ਕੇ ਉਹਦੇ ਨਾਂ 'ਤੇ ਰਿਕਾਰਡ ਕਰਵਾਉਂਦੇ ਰਹੇ। ਫੇਰ ਕਿਤੇ ਉਨ੍ਹਾਂ ਤੀਕਰ ਖ਼ਬਰ ਪਹੁੰਚੀ ਕਿ ਉਹ ਖਾੜਕੂ ਤਾਂ ਪੁਲਿਸ ਨੇ ਮੁਕਾਬਲੇ 'ਚ ਮਾਰ'ਤਾ।

ਦੋਵੇਂ ਭਰਾਵਾਂ ਨੇ ਲਮਰੇਟਾ ਸਕੂਟਰ ਚੁੱਕਿਆ ਤੇ ਥਾਣੇ ਜਾ ਪਹੁੰਚੇ। ਪੁੱਛਣ ਲੱਗੇ 'ਥਾਣੇਦਾਰ ਸਾਹਿਬ... ਸਿੰਘ ਤੁਸੀਂ ਸੱਚੀਂ ਮਾਰ'ਤਾ?'

'ਕਰੋ ਇਨ੍ਹਾਂ ਮਰਾਸੀਆਂ ਨੂੰ ਹਵਾਲਾਤ 'ਚ ਬੰਦ, ਤੁਸੀਂ ਧਾਰਾਂ ਲੈਣੀਆਂ ਮਾਰ'ਤਾ ਕਿ ਨਹੀਂ?'

"ਧਾਰਾਂ-ਧੂਰਾਂ ਤਾਂ ਮਹਾਰਾਜ ਕੀ ਲੈਣੀਆਂ। ਪੁੱਛਣ ਆਏ ਸੀ ਪਈ ਹੁਣ ਉਹਦੇ ਨਾਂ 'ਤੇ ਗੀਤ ਨਾ ਲਿਖਿਆ ਕਰੀਏ।" ਤੇ ਵਾਰਦਾਤ ਕਰਕੇ ਆਇਆ ਥਾਣੇਦਾਰ ਮਰਾਸੀਆਂ ਦੀ ਇਸ ਵਾਰਦਾਤ ਨੂੰ ਸੁਣ ਕੇ ਸਮਝ ਗਿਆ ਸੀ ਕਿ 'ਮਰਾਸੀਆਂ ਨਾਲ ਨੱਚ ਕੇ ਸੱਚੀਂ ਥਕਾਵਟ ਨ੍ਹੀ ਹੁੰਦੀ।'

---

## ਜ਼ਰਾ ਹਟ ਕੇ -ਮਨਵੀਰ

### ਰਾਮ ਰੱਖੀ ਤੇ ਚੋਰ

ਰਾਮ ਰੱਖੀ ਸੁਨੱਖੀ ਤਾਂ ਰੱਜ ਕੇ ਸੀ ਪਰ ਪੰਜਾਹਾਂ ਤੋਂ ਟੱਪਦਿਆਂ ਹੀ ਪਤਾ ਨਹੀਂ ਕਿਹਦੀ ਨਜ਼ਰ ਲੱਗ ਗਈ ਕਿ ਸਾਲ-ਡੇਢ ਸਾਲ 'ਚ ਉਸ ਦਾ ਫੁੱਲਾਂ ਤੋਂ ਹੌਲਾ ਸਰੀਰ ਢਾਈ ਕੁਇੰਟਲ ਭਾਰ ਵਿਚ ਬਦਲ ਗਿਆ।

ਉਸ ਦਿਨ ਰਾਮ ਰੱਖੀ ਅਤੇ ਉਸ ਦਾ ਮੁੰਡਾ ਘਰ ਵਿਚ ਇਕੱਲੇ ਹੀ ਸਨ। ਰਾਤ ਨੂੰ ਅਜੇ ਉਸ ਦੀ ਅੱਖ ਲੱਗੀ ਹੀ ਸੀ ਕਿ ਪਤਾ ਨਹੀਂ ਚੋਰ ਕਿਹੜੇ ਵੇਲੇ ਅੰਦਰ ਆ ਵੜਿਆ। ਰਾਮ ਰੱਖੀ ਦੀ ਜਾਗ ਖੁੱਲ੍ਹ ਗਈ ਤੇ ਉਸ ਨੇ ਚੋਰ ਫੜ੍ਹ ਲਿਆ। ਹਾਲਾਤ ਇਹ ਬਣੇ ਕਿ ਕਰੇਲਾ ਕੱਦੂ ਨਾਲ ਭਿੜ ਗਿਆ। ਰਾਮ ਰੱਖੀ ਭਾਰੀ ਤੇ ਚੋਰ ਵਿਚਾਰਾ ਇਕਹਿਰੀ ਵੰਗ ਵਰਗਾ। ਰਾਮ ਰੱਖੀ ਪੈ ਗਈ ਝਪਟ ਕੇ। ਚੜ੍ਹ ਕੇ ਬਹਿ ਗਈ ਚੋਰ ਦੀ ਛਾਤੀ 'ਤੇ ਅਤੇ ਪੁੱਤਰ ਨੂੰ ਆਵਾਜ਼ ਮਾਰ ਕੇ ਕਹਿਣ ਲੱਗੀ, "ਵੇ ਪਾਲਿਆ, ਭੱਜ ਕੇ ਜਾ ਤੇ ਪੁਲਿਸ ਨੂੰ ਸੱਦ ਕੇ ਲਿਆ।"

ਚੋਰ ਵਿਚਾਰਾ ਹੇਠਾਂ ਪਿਆ ਲੇਰਾਂ ਮਾਰੇ। ਸਾਹ ਨਿਕਲਣ ਨੂੰ ਕਰੇ। ਪਾਲੇ ਨੂੰ ਘਰ ਅੰਦਰ ਇਧਰ ਉਧਰ ਦੌੜਦਾ ਦੇਖ ਕੇ ਰਾਮ ਰੱਖੀ ਫਿਰ ਲੋਹੀ-ਲਾਖੀ ਹੋਈ ਬੋਲੀ, "ਵੇ ਬੇਸ਼ਰਮਾ, ਗਿੱਧੇ ਵਾਂਗ ਇਥੇ ਗੇੜਾ ਦੇਈ ਜਾਨੈਂ, ਗਿਆ ਨ੍ਹੀਂ ਪੁਲਿਸ ਨੂੰ ਸੱਦਣ?"

"ਜਾਨਾਂ ਬੇਬੇ, ਜੁੱਤੀ ਨਹੀਂ ਸਾਲੀ ਲੱਭਦੀ।"

ਇੰਨੇ ਵਿਚ ਹਾਲੋ-ਬੇਹਾਲ ਹੋਇਆ ਚੋਰ ਪੂਰਾ ਜ਼ੋਰ ਲਾ ਕੇ ਤਰਲੇ ਜਿਹੇ 'ਚ ਬੋਲਿਆ, "ਓਇ ਜਾ ਭਰਾਵਾ ਛੇਤੀ ਜਾਹ, ਜੇ ਜੁੱਤੀ ਤੇਰੀ ਨਹੀਂ ਲੱਭਦੀ ਤਾਂ ਮੇਰੀ ਪਾ ਜਾਹ।"

---

## ਗੱਲ ਬਣੀ ਕਿ ਨਹੀਂ ਐਸ. ਅਸ਼ੋਕ ਭੌਰਾ

### ਕੁਹੱਡ

ਜਿਹੜੇ ਈਰਖਾ 'ਚ ਆਫਰੇ ਫਿਰਨ ਬੰਦੇ, ਜੀਭ ਗਿਠ ਭਰ ਲੈਂਦੇ ਨੇ ਕੱਢ ਮੀਆਂ।
ਗੱਲ ਨਿੱਕੀ ਤੋਂ ਐਵੇਂ ਬੁਖਲਾ ਜਾਂਦੇ, ਟੱਟੂ ਧੂੜ ਵਿਚ ਦਿੰਦੇ ਨੇ ਛੱਡ ਮੀਆਂ।
ਸੂਈ ਧਾਗੇ ਦਾ ਕੰਮ ਨਾ ਕਰਨ ਪਾਪੀ, ਖੁੰਢੀ ਕੈਂਚੀ ਨਾ ਰਹੇ ਨੇ ਵੱਢ ਮੀਆਂ।
ਰੂਹਾਂ ਭਟਕਦੀਆਂ ਫਿਰਦੀਆਂ ਹੈਨ ਲੱਖਾਂ, ਗੰਗਾ ਗਏ ਨ੍ਹੀ ਪਰਤਦੇ ਹੱਡ ਮੀਆਂ।
ਝੰਡੇ ਪਾੜ ਕੇ ਕੱਛਾਂ ਵਿਚ ਲਈ ਫਿਰਦੇ, ਐਵੇਂ ਆਖਦੇ ਦਿੱਤੇ ਨੇ ਗੱਡ ਮੀਆਂ।
ਗੱਲਾਂ ਸੱਚੀਆਂ ਸੁਣਨ ਦੇ ਨਹੀਂ ਆਦੀ, ਚਾੜ੍ਹੀ ਤਾਹਾਂ ਨੂੰ ਰੱਖਣ ਬਲੱਡ ਮੀਆਂ।
ਨਹੀਂ ਹੰਸਾਂ ਦੀ ਬੋਲੀ ਬੋਲ ਸਕਦੇ, ਚੁੱਕੀ ਬਗਲੇ ਜੋ ਫਿਰਦੇ ਨੇ ਡੱਡ ਮੀਆਂ।
ਕਈ ਵੇਖਣ ਨੂੰ ਹੀ ਭੋਲੇ ਲਗਦੇ ਨੇ, ਉਂਜ ਹੁੰਦੇ ਨੇ ਪੂਰੇ ਕੁਹੱਡ ਮੀਆਂ।

# ਵਿਛੜੇ ਗੁਰਧਾਮਾਂ ਦੇ ਦਰਸ਼ਨ ਦੀਦਾਰੇ

**ਸਫਰਨਾਮਾ**

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਇਹ ਗੁਰਦੁਆਰਾ ਉਸ ਥਾਂ 'ਤੇ ਹੈ ਜਿਥੇ ਗੁਰੂ ਰਾਮਦਾਸ ਜੀ, ਜਿਨ੍ਹਾਂ ਦਾ ਪਹਿਲਾ ਨਾਂ ਜੇਠਾ ਸੀ, ਦਾ ਜਨਮ ਹੋਇਆ। ਅਸਲ ਵਿਚ ਇਹ ਉਨ੍ਹਾਂ ਦਾ ਘਰ ਸੀ। ਇਥੇ ਗੁਰਦੁਆਰੇ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਰਹਿੰਦਾ ਹੈ। ਇਸ ਦੇ ਦੁਆਲੇ ਸੰਘਣੀ ਆਬਾਦੀ ਹੈ ਤੇ ਇਕ ਪਾਸੇ ਚੂਨਾ ਮੰਡੀ ਬਾਜ਼ਾਰ ਹੈ। ਗੁਰਦੁਆਰਾ ਸਾਹਿਬ ਤਾਂ ਪਹਿਲਾਂ ਹੀ ਮੁਕੰਮਲ ਹੈ।



**ਮਝੈਲ ਸਿੰਘ ਸਰਾਂ**

ਜੇ ਇਸ ਵਿਚ ਥੋੜ੍ਹੀ ਜਹੀ ਵੀ ਕੋਈ ਮੁਰੰਮਤ ਕਰਨੀ ਹੁੰਦੀ ਹੈ ਤਾਂ ਪਹਿਲਾਂ ਪਾਕਿਸਤਾਨ ਦੇ ਪੁਰਾਤਤਵ ਮਹਿਕਮੇ ਨੂੰ ਦੱਸਣਾ ਪੈਂਦਾ ਹੈ। ਉਹ ਇਸ ਦੇ ਮੂਲ ਰੂਪ ਵਿਚ ਕੋਈ ਤਬਦੀਲੀ ਦੀ ਇਜਾਜ਼ਤ ਨਹੀਂ ਦਿੰਦੇ। ਇਸ ਦੀਆਂ ਗਰਾਊਂਡ ਫਲੋਰ ਤੋਂ ਇਲਾਵਾ 2 ਹੋਰ ਮੰਜ਼ਲਾਂ ਹਨ ਪਰ ਵਿਚਕਾਰੋਂ ਗੁੰਬਦ ਇੱਕੋ ਹੀ ਹੈ, ਇਸ ਗੁਰਦੁਆਰੇ ਦੀ ਬਿਲਡਿੰਗ ਇਕ ਵੱਖਰੀ ਤਰ੍ਹਾਂ ਦੀ ਹੈ ਭਾਵ ਤੁਸੀਂ ਅੰਦਰਲੇ ਪਾਸੇ ਇਕ ਖੂੰਜੇ ਵਿਚ ਦੀਵਾਰ ਵਲ ਮੂੰਹ ਕਰਕੇ ਹੌਲੀ ਜਿਹੇ ਵੀ ਬੋਲੋ ਤਾਂ ਬਿਲਕੁਲ ਬਿਲਡਿੰਗ ਦੇ ਦੂਜੇ ਪਾਸੇ ਕਿਸੇ ਖੂੰਜੇ ਵਿਚ ਕੰਧ ਨਾਲ ਖੜ੍ਹੇ ਦੂਜੇ ਜਣੇ ਨੂੰ ਸਾਫ ਸੁਣਦਾ ਹੈ ਜਦੋਂਕਿ ਵਿਚਾਲੇ ਖੜ੍ਹੇ ਨੂੰ ਕੁਝ ਨਹੀਂ ਸੁਣਦਾ। ਅਸੀਂ ਕਰਕੇ ਵੀ ਦੇਖਿਆ ਤਾਂ ਇੰਦਾਂ ਦੀ ਹੀ ਗੱਲ ਸੀ। ਸ਼ਾਇਦ ਇਹ ਉਹਦੀ ਆਰਕੀਟੈਕਚਰਲ ਬਣਤਰ ਕਰਕੇ ਹੋਊਗਾ।

ਇਸ ਗੁਰਦੁਆਰੇ ਦੇ ਗੇਟ ਤੋਂ ਅੰਦਰ ਵੜਦੇ ਸਾਰ ਇਕ ਪਾਸੇ ਇਕ ਖੂਹ ਦੀ ਥਾਂ ਹੈ ਜਿਹੜਾ ਕਹਿੰਦੇ ਨੇ ਕਿ ਗੁਰੂ ਸਾਹਿਬ ਦੇ ਵੇਲੇ ਦਾ ਹੈ। ਗੁਰਦੁਆਰੇ ਦੇ ਸਾਹਮਣੇ ਜਾਂ ਇੰਦਾਂ ਕਹਿ ਲਈਏ ਕਿ ਵਿਚੋਂ ਹੀ ਇਕ ਪਾਸੇ ਮਾਰਕੀਟ ਜਿਹੀ ਬਣਦੀ ਰੁਕੀ ਹੋਈ ਸੀ। ਕਾਦਿਰ ਭਾਈ ਨੇ ਦੱਸਿਆ ਕਿ ਇਸ ਥਾਂ 'ਤੇ ਨਾਜਾਇਜ਼ ਕਬਜ਼ਾ ਕਰਕੇ ਕੋਈ ਮਾਰਕੀਟ ਬਣਾ ਰਿਹਾ ਸੀ। ਇਸ ਥਾਂ 'ਤੇ ਗੁਰੂ ਰਾਮਦਾਸ ਜੀ ਦੇ ਭਰਾ ਦਾ ਘਰ ਸੀ। ਇਥੇ ਗੁਰੂ ਜੀ ਨੇ ਆਪਣੇ ਪੁੱਤਰ ਅਰਜਨ ਦੇਵ (ਗੁਰੂ) ਨੂੰ ਆਪਣੇ ਭਤੀਜੇ ਦੇ ਵਿਆਹ 'ਤੇ ਭੇਜਿਆ ਸੀ ਜਿਸ ਵਿਚ ਵੱਡੇ ਪੁੱਤਰਾਂ ਪ੍ਰਿਥੀ ਚੰਦ ਤੇ ਮਹਾਂਦੇਵ ਨੇ ਜਾਣ ਤੋਂ ਨਾਂਹ ਕਰ ਦਿੱਤੀ ਸੀ। ਉਥੇ ਹੀ ਇਕ ਚੁਬਾਰਾ ਸੀ ਜਿਥੇ ਕਿ ਗੁਰੂ ਅਰਜਨ ਦੇਵ ਜੀ ਰਹੇ। ਵਿਰਾਗ ਵਿਚ ਆ ਕੇ ਜਿਹੜੀਆਂ ਚਿੱਠੀਆਂ ਪਿਤਾ ਗੁਰੂ ਨੂੰ ਲਿਖੀਆਂ, ਉਹ ਵੀ ਇਸੇ ਪਵਿੱਤਰ ਜਗ੍ਹਾ ਤੇ ਰਚੀਆਂ ਗਈਆਂ ਜਿਹੜੀਆਂ ਪ੍ਰਿਥੀਆ ਲੁਕਾਉਂਦਾ ਰਿਹਾ ਸੀ। ਉਹ ਵਿਰਾਗਮਈ ਚਿੱਠੀਆਂ ਹੀ 'ਸ਼ਬਦ ਹਜ਼ਾਰੇ' ਦੀ ਬਾਣੀ ਹੈ।

ਕਾਦਿਰ ਭਾਈ ਨੇ ਦੱਸਿਆ ਕਿ ਔਕਾਫ ਬੋਰਡ ਨੇ ਕੋਰਟ ਵਿਚ ਸਟੇਅ ਆਰਡਰ ਲਏ ਹੋਏ ਹਨ ਜਿਸ ਕਰਕੇ ਕਬਜ਼ਾਕਾਰ ਨੂੰ ਉਸਾਰੀ ਰੋਕਣੀ ਪਈ। ਹੁਣ ਔਕਾਫ ਬੋਰਡ ਇਸ ਥਾਂ ਨੂੰ ਵੀ ਗੁਰਦੁਆਰੇ ਦੀ ਥਾਂ ਸਾਬਤ ਕਰ ਰਹੀ ਹੈ। ਇਕ ਹੋਰ ਦਿਲਚਸਪ ਗੱਲ ਵੀ ਉਹਨੇ ਦੱਸੀ ਕਿ ਗੁਰਦੁਆਰੇ ਦੇ ਪਿਛਲੇ ਪਾਸੇ ਕਈ ਸਿੱਖਾਂ ਦੀਆਂ ਕੱਪੜੇ ਦੀਆਂ ਦੁਕਾਨਾਂ ਹਨ ਪਰ ਉਨ੍ਹਾਂ ਨੇ ਕਦੇ ਵੀ ਗੁਰਦੁਆਰੇ ਦੇ ਮਸਲੇ ਵਲ ਧਿਆਨ ਨਹੀਂ ਦਿੱਤਾ। ਜਦੋਂਕਿ ਆਲੇ ਦੁਆਲੇ ਅਤੇ ਬਾਜ਼ਾਰ ਦੇ ਸਾਰੇ ਮੁਸਲਮਾਨ ਇਹ ਥਾਂ ਗੁਰਦੁਆਰੇ ਕੋਲ ਹੀ ਰਹਿਣ ਦੇਣ ਦੇ ਹੱਕ ਵਿਚ ਹਨ। ਕੁਝ ਦੇਰ ਉਥੇ ਰੁਕ ਕੇ ਜਦੋਂ ਅਸੀਂ ਚੱਲਣ ਲੱਗੇ ਤਾਂ ਲਾਂਗਰੀ ਨੇ ਲੰਗਰ ਵੀ ਬਣਾ ਲਿਆ ਤੇ ਸਾਨੂੰ ਵੀ ਛਕਾ ਕੇ ਤੋਰਿਆ।

ਬਾਹਰ ਫਿਰ ਉਸੇ ਬਾਜ਼ਾਰ ਵਿਚ ਆ ਗਏ ਤਾਂ ਕਾਦਿਰ ਭਾਈ ਨੇ ਦੱਸਿਆ ਕਿ ਇਹ ਬਾਜ਼ਾਰ 24 ਘੰਟੇ ਹੀ ਖੁੱਲ੍ਹਾ ਰਹਿੰਦਾ ਹੈ। ਕਾਰਨ ਇਹ ਕਿ ਭੀੜਾ ਹੋਣ ਕਰਕੇ ਟਰੱਕ ਤਾਂ ਅੰਦਰ ਆ ਨਹੀਂ ਸਕਦਾ ਤੇ ਸਾਮਾਨ ਦੀ ਜਿੰਨੀ ਵੀ ਲੋਡਿੰਗ ਜਾਂ ਅਨਲੋਡਿੰਗ ਹੁੰਦੀ ਹੈ, ਉਹ ਖੋਤਿਆਂ ਜਾਂ ਖੱਚਰਾਂ 'ਤੇ ਹੁੰਦੀ ਹੈ ਜੋ ਅੱਧੀ ਰਾਤੀਂ ਸ਼ੁਰੂ ਹੋ ਕੇ ਸਵੇਰ 6-7 ਵਜੇ ਤੱਕ ਚਲਦੀ ਹੈ। ਚਲਦੇ-ਚਲਦੇ ਅੱਗੇ ਬਾਜ਼ਾਰ ਚੌੜਾ ਹੋਣਾ ਸ਼ੁਰੂ ਹੋ ਜਾਂਦਾ ਹੈ। ਰਸਤੇ ਵਿਚ ਉਚੀ ਚਾਰਦੀਵਾਰੀ ਅੰਦਰ ਵੱਡੀ ਬਿਲਡਿੰਗ ਸੀ ਤੇ ਬਾਹਰ ਵੱਡਾ ਗੇਟ, ਕਾਦਿਰ ਭਾਈ ਨੇ ਦੱਸਿਆ ਕਿ ਇਹ ਧਿਆਨ ਸਿੰਘ ਡੋਗਰੇ ਦੀ ਹਵੇਲੀ ਸੀ ਪਰ ਹੁਣ ਉਹ ਸਰਕਾਰ ਕੋਲ ਹੈ ਤੇ ਇਸ ਵਿਚ 'ਗੌਰਮਿੰਟ ਫਾਤਿਮਾ ਜਿਨਾਹ ਕਾਲਜ ਫਾਰ ਵੁਮੈਨ' ਖੁੱਲ੍ਹਿਆ ਹੋਇਆ ਹੈ।

ਸਾਨੂੰ ਕਾਰ ਵਿਚ ਬਿਠਾ ਕੇ ਕਾਦਿਰ ਫਿਰ ਚਲ ਪਿਆ ਤਾਂ ਬਾਜ਼ਾਰਾਂ ਵਿਚੋਂ ਹੀ ਜਾਂਦਿਆਂ ਇਕ ਜਗ੍ਹਾ ਕਾਰ ਰੋਕ ਕੇ ਸਾਨੂੰ ਉਤਾਰ ਲਿਆ। ਆਲਾ ਦੁਆਲਾ ਦੇਖਿਆ ਤਾਂ ਸੱਜੇ ਪਾਸੇ ਥੋੜ੍ਹੀਆਂ ਪੌੜੀਆਂ ਚੜ੍ਹ ਕੇ ਇਕ ਗੇਟ ਸੀ ਜਿਸ ਉਤੇ ਲਿਖਿਆ ਸੀ "ਗੁਰਦੁਆਰਾ ਪਾਤਸ਼ਾਹੀ ਛੇਵੀਂ, ਮੁਜੰਗ"। ਗੇਟ ਖੁੱਲ੍ਹਾ ਸੀ ਤੇ ਅੰਦਰ ਕੁਝ ਰਿਹਾਇਸ਼ੀ ਕਮਰੇ ਤੇ ਇਕ ਵੱਡਾ ਵਰਾਂਡਾ ਹੈ। ਉਥੇ ਇਕ ਮੁਸਲਮਾਨ ਪਰਿਵਾਰ ਰਹਿੰਦਾ ਲੱਗਾ। ਦੂਜੇ ਪਾਸੇ ਗੁਰਦੁਆਰੇ ਦੀ ਬਿਲਡਿੰਗ ਹੈ। ਇਹ ਗੁਰਦੁਆਰਾ ਵੀ ਮਹਾਰਾਜਾ ਰਣਜੀਤ ਸਿੰਘ ਵੇਲੇ ਦਾ ਬਣਿਆ ਹੋਇਆ ਹੈ। ਸਾਨੂੰ ਸਿੱਖਾਂ ਨੂੰ ਦੇਖ ਕੇ ਉਸ ਘਰ ਵਿਚ ਰਹਿ ਰਹੀਆਂ ਜੁਆਨ ਬੀਬੀਆਂ ਤਾਂ ਅੰਦਰ ਚਲੇ ਗਈਆਂ ਪਰ ਇਕ ਜੁਆਨ ਮੁੰਡੇ ਨੇ ਸਾਡੇ ਕੋਲ ਆ ਕੇ ਸਤਿ ਸ੍ਰੀ ਅਕਾਲ ਬੁਲਾਈ ਤੇ ਚਾਹ ਪਾਣੀ ਦੀ ਸੇਵਾ ਵੀ ਪੁੱਛੀ। ਇਕ ਬਜ਼ੁਰਗ ਬੰਦਾ ਤੇ ਬਜ਼ੁਰਗ ਮਾਈ ਬਰਾਂਡੇ ਵਿਚ ਹੀ ਮੰਜਿਆਂ 'ਤੇ ਬੈਠੇ ਸਾਡੇ ਵਲ ਦੇਖਦੇ ਰਹੇ। ਗੁਰਦੁਆਰੇ ਦੇ ਅੰਦਰ ਜਿੱਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਜਾਂਦਾ ਹੈ, ਉਹ ਥਾਂ ਥੋੜ੍ਹਾ ਉਚਾ ਹੈ ਤੇ ਛੋਟਾ ਜਿਹਾ ਗਲੀਚਾ ਵਿਛਾਇਆ ਹੋਇਆ ਸੀ। ਉਹ ਮੁੰਡਾ ਸਾਨੂੰ ਇਸ ਬਾਰੇ ਜਾਣਕਾਰੀ ਦੇਣ ਲੱਗ ਪਿਆ ਕਿ ਗਰਮੀਆਂ ਵਿਚ ਜਦੋਂ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਅਵਤਾਰ ਪੁਰਬ ਹੁੰਦਾ ਹੈ ਤਾਂ ਸਿੱਖ ਅਖੰਡ ਪਾਠ ਕਰਵਾਉਂਦੇ ਹਨ, ਦੀਵਾਨ ਸਜਾਉਂਦੇ ਤੇ ਲੰਗਰ ਤਿਆਰ ਕਰਦੇ ਹਨ। ਇਸ ਗੁਰਦੁਆਰੇ ਦਾ ਇਤਿਹਾਸ ਉਸ ਇਸ ਤਰ੍ਹਾਂ ਦੱਸਿਆ ਕਿ ਗੁਰੂ ਹਰਗੋਬਿੰਦ ਸਾਹਿਬ ਜਦੋਂ ਸ੍ਰੀਨਗਰ (ਕਸ਼ਮੀਰ) ਗਏ ਸਨ ਤਾਂ ਇਸ ਥਾਂ ਤੇ ਵਿਸ਼ਰਾਮ ਕੀਤਾ ਸੀ। ਉਸ ਵੇਲੇ ਉਨ੍ਹਾਂ ਨਾਲ ਕੁਝ ਸਿੱਖ ਵੀ ਸਨ। ਇਥੇ ਗੁਰੂ ਜੀ ਨੇ ਸਿੰਘਾਂ ਸਮੇਤ ਕੀਰਤਨ ਵੀ ਕੀਤਾ। ਇਸ ਥਾਂ ਦੇ ਨਾਲ ਦੱਖਣ ਵਲ ਕਾਜ਼ੀ ਰੁਸਤਮ ਖਾਂ ਦੀ ਹਵੇਲੀ ਸੀ, ਜਿੱਥੇ ਹੁਣ ਬੜੀ ਸੰਘਣੀ ਆਬਾਦੀ ਵਾਲੇ ਦੁਮੰਜ਼ਲੇ-ਤਿੰਨ ਮੰਜ਼ਲੇ ਘਰ ਦਿਸ ਰਹੇ ਹਨ। ਇਸੇ ਕਾਜ਼ੀ ਦੀ ਧੀ ਦਾ ਨਾਂ 'ਕੌਲਾਂ' ਸੀ ਜਿਸ ਨੂੰ ਸਿੱਖ ਜਗਤ "ਮਾਤਾ ਕੌਲਾਂ" ਦਾ ਅਦਬ ਦਿੰਦਾ ਹੈ। ਗੁਰੂ ਜੀ ਦੇ ਠਹਿਰਨ ਸਮੇਂ ਗੁਰਬਾਣੀ ਦੇ ਕੀਰਤਨ ਨੇ ਗੁਆਂਢ ਵਿਚ ਰਹਿੰਦੀ ਕਾਜ਼ੀ ਦੀ ਧੀ ਕੌਲਾਂ 'ਤੇ ਵੀ ਬਹੁਤ ਅਸਰ ਪਾਇਆ। ਦੂਜਾ, ਕੌਲਾਂ ਅਤੇ ਉਹਦੀ ਮਾਂ ਸਾਈਂ ਮੀਆਂ ਮੀਰ ਜੀ ਕੋਲ ਇਬਾਦਤ ਲਈ ਜਾਂਦੀਆਂ ਸਨ ਤੇ ਅੱਗੋਂ ਸਾਈਂ ਜੀ ਗੁਰੂ ਅਰਜਨ ਦੇਵ ਜੀ ਦੀ ਉਚਾਰੀ ਬਾਣੀ ਦਾ ਜ਼ਿਕਰ 'ਧੁਰ ਦਰਗਾਹ ਦੀ ਬਾਣੀ' ਕਹਿ ਕੇ ਕਰਿਆ ਕਰਦੇ ਤੇ ਗੁਰੂ ਹਰਗੋਬਿੰਦ ਸਾਹਿਬ ਨੂੰ ਪੀਰਾਂ ਦਾ ਵੀ ਪੀਰ ਕਹਿ ਕੇ ਅਦਬ ਦਿੰਦੇ। ਇਸ ਨਾਲ ਬੀਬੀ ਕੌਲਾਂ ਗੁਰੂ ਜੀ ਦੇ ਦਰਸ਼ਨਾਂ ਲਈ ਉਤਾਵਲੀ ਹੋ ਗਈ, ਜਦੋਂ ਉਹਨੇ ਆਪਣੇ ਕਾਜ਼ੀ ਬਾਪ ਕੋਲ ਗੁਰੂ ਜੀ ਦੀ ਸ਼ੋਭਾ ਵਿਚ ਕੁਝ ਬੋਲ ਦਿੱਤਾ ਤਾਂ ਕਾਜ਼ੀ ਨੇ ਉਹਦਾ ਬਾਹਰ ਜਾਣਾ ਬੰਦ ਕਰ ਦਿੱਤਾ। ਉਸ ਮੁੰਡੇ ਨੇ ਕਿਹਾ ਕਿ ਫਿਰ ਮਾਤਾ ਕੌਲਾਂ ਨੇ ਗੁਰੂ ਜੀ ਦਾ ਧਿਆਨ ਧਰਕੇ ਅਰਦਾਸ ਕੀਤੀ ਕਿ ਮੈਨੂੰ ਮੁਤਸਬੀ ਬਾਪ ਦੀ ਜੇਲ੍ਹ ਤੋਂ ਆਪ ਗੁਰੂ ਜੀ ਬਚਾਵੋ।

ਇਹ ਗੱਲਾਂ ਉਹ ਸਾਨੂੰ ਗੁਰਦੁਆਰੇ ਦੀ ਇਮਾਰਤ ਦੇ ਨਾਲ ਇਕ ਦਰਖਤ ਕੋਲ ਖੜ੍ਹ ਕੇ ਦੱਸ ਰਿਹਾ ਸੀ, ਇਸਨੂੰ ਵੀ ਉਹਨੇ ਜੰਡ ਹੀ ਦੱਸਿਆ, ਪਰ ਇੰਦਾਂ ਲਗਦਾ ਸੀ ਕਿ ਇਹ ਟੁੱਟ ਕੇ ਮੁੜ ਫੁੱਟਿਆ ਹੋਇਆ ਹੈ। ਇਥੇ ਹੀ ਇਕ ਪਿੱਪਲ ਨਾਲ ਗੁਰੂ ਜੀ ਘੋੜਾ ਬੰਨ੍ਹਦੇ ਹੁੰਦੇ ਸਨ। ਇਥੇ ਗੁਰੂ ਜੀ ਕਸ਼ਮੀਰ ਤੋਂ ਵਾਪਸੀ ਤੇ ਫਿਰ ਆਏ ਤਾਂ ਸੁਨੇਹਾ ਭਿਜਵਾ ਕੇ ਬੀਬੀ ਕੌਲਾਂ ਨੂੰ ਇਸੇ ਜਗ੍ਹਾ 'ਤੇ ਸੱਦ ਲਿਆ। ਇਥੋਂ ਹੀ ਗੁਰੂ ਜੀ ਆਪ ਬੀਬੀ ਕੌਲਾਂ ਨੂੰ ਲੈ ਕੇ ਅੰਮ੍ਰਿਤਸਰ ਚਲੇ ਗਏ। ਇਸ ਯਾਦ ਵਿਚ ਇਹ ਗੁਰਦੁਆਰਾ ਪਾਤਿਸ਼ਾਹੀ ਛੇਵੀਂ, ਮੁਜੰਗ ਹੈ। ਉਸ ਮੁੰਡੇ ਨੂੰ ਜਦੋਂ ਅਸੀਂ ਪੁੱਛਿਆ ਕਿ ਜੋ ਕੁਝ ਸਾਨੂੰ ਉਹ ਦੱਸ ਰਿਹਾ ਸੀ, ਉਸ ਨੂੰ ਇਸ ਇਤਿਹਾਸ ਬਾਰੇ ਕਿੱਦਾਂ ਪਤਾ ਹੈ? ਤਾਂ ਉਸਨੇ ਦੱਸਿਆ ਕਿ ਉਹ ਇਥੇ ਚੌਕੀਦਾਰ ਹੈ ਤੇ ਉਸ ਦਾ ਪਰਿਵਾਰ ਹੀ ਇਥੇ ਰਿਹਾਇਸ਼ੀ ਕਮਰਿਆਂ ਵਿਚ ਰਹਿੰਦਾ ਹੈ ਤੇ ਇਸ ਗੁਰਦੁਆਰੇ ਦੀ ਸਾਫ-ਸਫਾਈ ਵੀ ਉਹ ਹੀ ਕਰਦੇ ਹਨ। ਅਸਲ ਵਿਚ ਉਹ ਔਕਾਫ ਬੋਰਡ ਦਾ ਕਰਮਚਾਰੀ ਹੈ।

ਜਿੱਦਾਂ ਕਾਦਿਰ ਭਾਈ ਨੂੰ ਗੁਰਦੁਆਰਿਆਂ ਬਾਰੇ ਬਹੁਤ ਜਾਣਕਾਰੀ ਸੀ, ਉਸੇ ਤਰ੍ਹਾਂ ਉਸ ਨੂੰ ਉਥੇ ਵਾਪਰਦੀਆਂ ਘਟਨਾਵਾਂ ਦਾ ਵੀ ਪੂਰਾ-ਪੂਰਾ ਪਤਾ ਸੀ। ਫਿਰ ਉਹ ਹੀ ਸਾਨੂੰ ਦੱਸਣ ਲੱਗਾ ਕਿ ਇਸ ਪਰਿਵਾਰ ਨਾਲ ਪਿਛਲੇ ਹਫਤੇ ਬੜੀ ਵੱਡੀ ਮੰਦਭਾਗੀ ਘਟਨਾ ਵਾਪਰ ਗਈ। ਇਸ ਮੁੰਡੇ ਦਾ ਬਾਪ, ਇਥੋਂ ਦਾ ਚੌਕੀਦਾਰ ਸੀ ਜਿਸ ਦੀ ਅਚਾਨਕ ਇਕ ਹਫਤਾ ਪਹਿਲਾਂ ਮੌਤ ਹੋ ਗਈ। ਬਜ਼ੁਰਗ ਤੇ ਮਾਈ ਬਾਰੇ ਉਸਨੇ ਦੱਸਿਆ ਕਿ ਉਹ ਉਹਦੇ ਬਾਪ ਤੇ ਮਾਂ ਮਤਲਬ ਇਸ ਮੁੰਡੇ ਦੇ ਦਾਦਾ-ਦਾਦੀ ਹਨ। ਉਹਨੇ ਹੀ ਦੱਸਿਆ ਕਿ ਇਹੋ ਇਕ ਗੁਰਦੁਆਰਾ ਹੈ ਜਿੱਥੇ ਰਹਿਣ ਲਈ ਘਰ ਔਕਾਫ ਬੋਰਡ ਦੇ ਚੌਕੀਦਾਰ ਨੂੰ ਮੁਫਤ ਦਿੱਤਾ ਜਾਂਦਾ ਹੈ ਤੇ ਤਨਖਾਹ ਤਾਂ ਮਿਲਣੀ ਹੀ ਮਿਲਣੀ ਹੈ। ਕਾਦਿਰ ਹੀ ਦੱਸਦਾ ਸੀ ਕਿ ਉਹਦੇ ਅੱਬੂ ਦੀ ਮੌਤ ਤੋਂ ਬਾਅਦ ਬਹੁਤ ਸਾਰੇ ਔਕਾਫ ਬੋਰਡ ਦੇ ਚੌਕੀਦਾਰ ਇਥੇ ਆਪਣੀ ਬਦਲੀ ਕਰਾਉਣੀ ਚਾਹੁੰਦੇ ਸਨ ਕਿਉਂਕਿ ਲਾਹੌਰ ਦੇ ਇਸ ਵਧੀਆ ਇਲਾਕੇ ਵਿਚ ਰਿਹਾਇਸ਼ ਮਿਲਣੀ ਬੜੀ ਔਖੀ ਹੀ ਨਹੀਂ, ਮਹਿੰਗੀ ਵੀ ਬਹੁਤ ਹੈ। ਉਹਨੇ ਦੱਸਿਆ ਕਿ ਦੋ ਦਿਨ ਪਹਿਲਾਂ ਹੀ ਇਹਦੇ ਅੱਬੂ ਦੀਆਂ ਅੰਤਿਮ ਰਸਮਾਂ ਸਮੇਂ ਔਕਾਫ ਬੋਰਡ ਦੇ ਵੱਡੇ ਅਧਿਕਾਰੀ ਵੀ ਆਏ ਸਨ ਤੇ ਇਥੋਂ ਦੇ ਲੋਕਾਂ ਨੇ ਇਸ ਪਰਿਵਾਰ ਦੀ ਮਦਦ ਕਰਨ ਲਈ ਉਨ੍ਹਾਂ ਨੂੰ ਅਪੀਲ ਕੀਤੀ ਸੀ ਤਾਂ ਉਨ੍ਹਾਂ ਨੇ ਇਸ ਮੁੰਡੇ ਨੂੰ ਬਾਪ ਦੀ ਥਾਂ ਪੱਕੀ ਨੌਕਰੀ ਵੀ ਦੇ ਦਿੱਤੀ ਤੇ ਨਾਲ ਹੀ ਪੋਸਟਿੰਗ ਵੀ ਇੱਥੇ ਹੀ ਕਰ ਦਿੱਤੀ।

ਇਹ ਸੁਣ ਕੇ ਮੇਰੇ ਵੱਡੇ ਭਰਾ ਨੇ ਉਸ ਬਜ਼ੁਰਗ 'ਤੇ ਮਾਈ ਕੋਲ ਉਨ੍ਹਾਂ ਦੇ ਪੁੱਤ ਦੇ ਅਚਾਨਕ ਤੁਰ ਜਾਣ 'ਤੇ ਅਫਸੋਸ ਵੀ ਕੀਤਾ। ਉਹ ਬਜ਼ੁਰਗ ਬਹੁਤ ਘੱਟ ਬੋਲਦਾ ਸੀ ਤੇ ਬੱਸ ਇੰਨਾ ਹੀ ਕਹਿੰਦਾ ਸੀ ਕਿ ਜੋ ਅੱਲਾਹ ਨੂੰ ਮਨਜ਼ੂਰ। ਉਸ ਮੁੰਡੇ ਦੀ ਮਾਂ ਵੀ ਉਥੇ ਹੀ ਇਕ ਮੰਜੇ 'ਤੇ ਬੈਠੀ ਸੀ। ਉਸ ਨੇ ਹੀ ਦੱਸਿਆ ਕਿ ਮਾੜਾ ਜਿਹਾ ਬੀਮਾਰ ਹੋਇਆ ਤਾਂ ਹਸਪਤਾਲ ਲੈ ਗਏ ਸੀ, ਬੱਸ ਉਥੋਂ ਹੀ ਫੌਤ ਹੋ ਕੇ ਆਇਆ। ਨਾਲੇ ਗੁਰਦੁਆਰੇ ਵਲ ਨੂੰ ਹੱਥ ਕਰਕੇ ਕਹਿ ਰਹੀ ਸੀ ਕਿ ਅਸੀਂ ਤਾਂ ਅੱਜ ਤੱਕ ਇਥੋਂ ਹੀ ਸਾਰਾ ਕੁਝ ਲਿਆ, ਅੱਗੋਂ ਵੀ ਇੱਥੋਂ ਦੀ ਸੰਭਾਲ ਸਾਨੂੰ ਮਿਲ ਗਈ ਹੈ। ਆਪੇ ਹੀ ਔਖੇ ਦਿਨ ਵੀ ਨਿਕਲ ਜਾਣਗੇ। ਉਥੋਂ ਤੁਰਨ ਲੱਗਿਆਂ ਮੇਰੇ ਭਰਾ ਨੇ ਕੁਝ ਪੈਸੇ ਉਸ ਮੁੰਡੇ ਨੂੰ ਦੇ ਦਿੱਤੇ ਜਿਹੜੇ ਉਹਨੇ ਬਿਨਾਂ ਨਾਂਹ ਕੀਤਿਆਂ ਜਕਦੇ ਜਿਹੇ ਨੇ ਫੜ ਲਏ ਤੇ ਉਹਦੀਆਂ ਅੱਖਾਂ ਹੀ ਧੰਨਵਾਦ ਕਰਦੀਆਂ ਲੱਗੀਆਂ। ਉਹਦੀ ਮਾਂ ਆਖਣ ਲਗੀ, 'ਸਾਨੂੰ ਗੁਰੂ ਦੀਆਂ ਸੰਗਤਾਂ ਦਾ ਵੱਡਾ ਆਸਰਾ ਹੈ।'

ਉਥੋਂ ਤੁਰਨ ਵੇਲੇ ਇਕ ਗੱਲ ਜ਼ਿਹਨ ਵਿਚ ਆਈ ਕਿ ਇਹ ਗੁਰਦੁਆਰਾ ਗੁਰੂ ਜੀ ਵਲੋਂ ਕਾਜ਼ੀ ਦੀ ਧੀ ਕੌਲਾਂ ਨੂੰ, ਉਹਦੇ ਪਿਉ ਦੀ ਮਰਜ਼ੀ ਦੇ ਵਿਰੁਧ ਆਪਣੇ ਨਾਲ ਅੰਮ੍ਰਿਤਸਰ ਲਿਜਾਣ ਦੀ ਯਾਦ ਵਿਚ ਹੈ। ਇਹ ਗੁਰਦੁਆਰਾ ਸੰਘਣੀ ਮੁਸਲਮਾਨ ਆਬਾਦੀ ਵਿਚ ਹੈ। ਕਦੇ ਵੀ ਕਿਸੇ ਮੁਸਲਮਾਨ ਨੇ ਇਸ ਵਲ ਨਫਰਤ ਭਰੀ ਅੱਖ ਨਹੀਂ ਚੁੱਕੀ, ਉਲਟਾ ਪੂਰਾ ਅਦਬ ਦਿੱਤਾ ਜਾਂਦਾ ਹੈ। ਭਾਵੇਂ 1947 ਵਿਚ ਕਿੰਨੀ ਨਫਰਤ ਸਿੱਖਾਂ ਤੇ ਮੁਸਲਮਾਨਾਂ ਵਿਚ ਹੋ ਗਈ ਸੀ ਪਰ ਉਨ੍ਹਾਂ ਕਦੀ ਵੀ ਇਸਨੂੰ ਕੌਮ ਦੀ ਇੱਜ਼ਤ ਦਾ ਸਵਾਲ ਨਹੀਂ ਬਣਾਇਆ ਕਿ ਇਕ ਮੁਸਲਮਾਨਾਂ ਦੀ ਧੀ ਨੂੰ ਸਿੱਖ ਗੁਰੂ ਲੈ ਕਿੱਦਾਂ ਗਿਆ? ਹੁਣ ਵੀ ਜਦੋਂ ਉਹ ਮੁਸਲਮਾਨ ਚੌਕੀਦਾਰ ਹੀ ਸਾਰਾ ਕੁਝ ਦੱਸ ਰਿਹਾ ਸੀ ਤਾਂ ਵੀ ਗੁਰੂ ਜੀ ਦਾ ਨਾਂ ਅਦਬ ਨਾਲ ਲੈਂਦਾ ਸੀ ਤੇ ਕਾਜ਼ੀ ਦਾ ਆਪਣੀ ਧੀ ਕੌਲਾਂ ਨੂੰ ਗੁਰੂ ਦਰਸ਼ਨਾਂ ਤੋਂ ਰੋਕਣ ਨੂੰ ਗ਼ਲਤ ਕਹਿੰਦਾ ਸੀ। ਮੈਂ ਸੋਚਿਆ ਕਿਤੇ ਇਹੋ ਜਿਹੀ ਯਾਦਗਾਰ ਆਪਣੇ ਮੁਲਕ ਵਿਚ ਨਿੰਰਕਾਰਧਾਰੀਆਂ ਵਲ ਬਣੀ ਹੁੰਦੀ ਤਾਂ ਹੁਣ ਤੱਕ ਰੋੜਾ ਵੀ ਉਥੇ ਨਹੀਂ ਸੀ ਰਹਿਣ ਦੇਣਾ।

ਕਾਦਿਰ ਭਾਈ ਸਾਨੂੰ ਲਾਹੌਰ ਵੀ ਥੋੜ੍ਹਾ ਦਿਖਾਉਣਾ ਚਾਹੁੰਦਾ ਸੀ, ਉਸ ਤੋਂ ਪਹਿਲਾਂ ਉਹ ਸਾਨੂੰ ਗੁਰਦੁਆਰਾ ਭਾਈ ਤਾਰੂ ਸਿੰਘ ਜੀ ਸ਼ਹੀਦ ਦਿਖਾਉਣ ਲੈ ਗਿਆ। ਅਸਲ ਵਿਚ ਇਹ ਗੁਰਦੁਆਰਾ ਤਾਂ ਗੁਰਦੁਆਰਾ ਸ਼ਹੀਦ ਸਿੰਘ-ਸਿੰਘਣੀਆਂ ਦੇ ਨੇੜੇ ਹੀ ਨੌਲੱਖਾ ਬਾਜ਼ਾਰ ਵਿਚ ਹੈ। ਬਾਜ਼ਾਰ ਵਿਚ ਇਕ ਬਹੁਤ ਹੀ ਛੋਟਾ ਜਿਹਾ ਗੇਟ ਸੀ, ਜਿੱਦਾਂ ਪਹਿਲਾਂ ਹੀ ਦੱਸਿਆ ਕਿ ਇਹ ਬਾਜ਼ਾਰ ਬਹੁਤ ਭੀੜਾ ਹੈ। ਦੋਵੇਂ ਪਾਸੀਂ ਦੁਕਾਨਾਂ ਹੀ ਦੁਕਾਨਾਂ ਹਨ। ਬੱਸ ਇਨ੍ਹਾਂ ਦੁਕਾਨਾਂ ਦੇ ਵਿਚਾਲੇ ਹੀ ਗੇਟ ਸੀ ਜਿਸ ਨੂੰ ਜਿੰਦਾ ਲੱਗਾ ਹੋਇਆ ਸੀ। ਕਾਦਿਰ ਨੇ ਕਿਸੇ ਨੂੰ ਟੈਲੀਫੋਨ ਕੀਤਾ ਹੋਇਆ ਸੀ, ਉਹ ਸ਼ਾਇਦ ਉਥੇ ਹੀ ਕਿਸੇ ਦੁਕਾਨ ਦਾ ਮਾਲਕ ਹੋਵੇਗਾ। ਉਹਨੇ ਆ ਕੇ ਜਿੰਦਾ ਖੋਲ੍ਹ ਦਿੱਤਾ ਤਾਂ ਅਸੀਂ ਅੰਦਰ ਲੰਘ ਗਏ। ਗੁਰਦੁਆਰਾ ਤਾਂ ਛੋਟਾ ਜਿਹਾ ਹੈ, ਨਿਸ਼ਾਨ ਸਾਹਿਬ ਵੀ ਹੈ ਤੇ ਪਿੱਛੇ ਦੇ ਪਾਸੇ ਨੂੰ ਖਾਲੀ ਥਾਂ ਜਿਵੇਂ ਖੋਲ੍ਹਾ ਹੁੰਦੇ ਪਿਆ ਹੈ। ਲਹਿੰਦੇ ਪਾਸੇ ਇਕ ਛੋਟੀ ਜਿਹੀ ਵਰਕਸ਼ਾਪ ਚਲਦੀ ਹੈ। ਗੁਰਦੁਆਰੇ ਦੇ ਬਾਹਰਵਾਰ ਇਕ ਪਾਸੇ ਕੂੜਾ ਕਾਗਜ਼ ਜਿਹੇ ਸੁੱਟੇ ਹੋਏ ਹਨ। ਚੜ੍ਹਦੇ ਪਾਸੇ ਗੁਰਦੁਆਰੇ ਦੇ ਨਾਲ ਹੀ 'ਸ਼ਾਹ ਕਾਕੂ ਚਿਸ਼ਤੀ' ਦਾ ਦਰਬਾਰ ਹੈ। ਇਹਦੀ ਬਿਲਡਿੰਗ ਨਵੀਂ ਬਣੀ ਹੋਈ ਹੈ। ਇਸ ਬਾਰੇ ਕਾਦਿਰ ਨੇ ਦੱਸਿਆ ਕਿ ਇਹ ਬਾਬਾ ਫਰੀਦ ਜੀ ਦੀ ਅੰਸ਼-ਵੰਸ਼ ਵਿਚੋਂ ਸੀ ਤੇ ਮੀਰ ਮੰਨੂ ਦਾ ਧਾਰਮਿਕ ਗੁਰੂ ਰਿਹੈ। ਸ਼ਾਹ ਕਾਕੂ ਦੇ ਦਰਬਾਰ ਅਤੇ ਗੁਰਦੁਆਰੇ ਦੇ ਵਿਚਕਾਰ ਇਕ ਕੰਧ ਬਣਦੀ-ਬਣਦੀ ਰੁਕੀ ਹੋਈ ਲੱਗੀ ਤਾਂ ਕਾਦਿਰ ਨੇ ਦੱਸਿਆ ਕਿ ਦਰਬਾਰ ਵਾਲੇ ਗੁਰਦੁਆਰੇ ਦੀ ਜ਼ਮੀਨ ਤੇ ਨਾਜਾਇਜ਼ ਕਬਜ਼ਾ ਕਰਨਾ ਚਾਹੁੰਦੇ ਸਨ, ਕਿਉਂਕਿ ਜਿਹੜਾ ਬਾਜ਼ਾਰ ਵਿਚੋਂ ਗੇਟ ਹੈ, ਉਹ ਗੁਰਦੁਆਰੇ ਦਾ ਹੈ। ਦਰਬਾਰ ਵਾਲੇ ਚਾਹੁੰਦੇ ਸਨ ਕਿ ਇਹ ਗੇਟ ਉਸ ਪਾਸੇ ਆ ਜਾਵੇ ਕਿਉਂਕਿ ਦਰਬਾਰ ਨੂੰ ਬਾਜ਼ਾਰ ਵਿਚੋਂ ਕੋਈ ਰਸਤਾ ਨਹੀਂ ਹੈ, ਪਰ ਹੁਣ ਔਕਾਫ ਬੋਰਡ ਨੇ ਕੋਰਟ ਵਿਚੋਂ ਸਟੇਅ ਲੈ ਕੇ ਕੰਧ ਬਣਨੋਂ ਰੁਕਵਾ ਦਿੱਤੀ ਹੈ ਤੇ ਇਸ ਗੇਟ ਦੀ ਵਰਤੋਂ ਸਿਰਫ ਗੁਰਦੁਆਰੇ ਲਈ ਹੀ ਕੀਤੀ ਜਾਂਦੀ ਹੈ। ਇਸ ਕਰਕੇ ਮੁਸਲਮਾਨ ਹੁਣ ਇੱਧਰ ਆਉਣੇ ਘਟ ਗਏ ਹਨ।

ਉਥੇ ਖੜ੍ਹ ਕੇ ਉਸ ਸਮੇਂ ਨੂੰ ਯਾਦ ਕੀਤਾ ਤੇ ਫਿਰ ਭਾਈ ਤਾਰੂ ਸਿੰਘ ਦਾ ਖੋਪੜੀ ਉਤਰਿਆ ਸਿਰ ਮਨ-ਮਸਤਕ ਵਿਚ ਲਿਆਂਦਾ। ਉਸ ਜਗ੍ਹਾ ਨੂੰ ਅੱਖਾਂ ਭਰ ਕੇ ਦੇਖਿਆ ਜਿੱਥੇ ਇਹ ਇਕ ਜਿਉਂਦੇ-ਜਾਗਦੇ ਇਨਸਾਨ ਨਾਲ ਵਾਪਰਿਆ ਤੇ ਉਹ ਵੀ ਚਿੱਟੇ ਦਿਨ ਰੱਬ ਤੋਂ ਬੇਖੌਫ ਹੋ ਕੇ ਸਭ ਤੋਂ ਭੀੜੇ ਚੌਕ 'ਨਖਾਸ ਚੌਕ' ਦੇ ਨਾਲ ਲੋਕਾਂ ਦੀ ਭੀੜ ਦੇ ਕੋਲ। ਫਿਰ ਉਸ ਇਨਸਾਨ ਨੂੰ ਇਸੇ ਹਾਲਾਤ ਵਿਚ ਪਿਆ ਰਹਿਣ ਦਿੱਤਾ ਤਿਲ-ਤਿਲ ਹੋ ਕੇ ਮਰਨ ਨੂੰ। ਲੋਕਾਈ ਨੂੰ ਖਬਰਦਾਰ ਕਰ ਦਿੱਤਾ ਕਿ ਜਿਸ ਨੇ ਵੀ ਹਮਦਰਦੀ ਦਿਖਾਈ ਤਾਂ ਇਸ ਵਰਗਾ ਹਸ਼ਰ ਉਹਦਾ ਵੀ ਕੀਤਾ ਜਾਊਗਾ ਤੇ ਧੰਨ ਉਹ ਗੁਰੂ ਦਾ ਸਿੱਖ ਜਿਹੜਾ ਇਹਨੂੰ ਵੀ 'ਤੇਰਾ ਭਾਣਾ ਮੀਠਾ ਲਾਗੇ' ਕਰਕੇ ਜਰ ਹੀ ਨਹੀਂ ਗਿਆ ਸਗੋਂ ਸ਼ੁਕਰਾਨਾ ਕੀਤਾ ਕਿ ਤੂੰ ਮੇਰੀ ਰੱਖ ਲਈ ਕਿ ਮੇਰੇ ਕੇਸ ਸਿਰ ਨਾਲ ਹੀ ਰਹੇ, ਸਿੱਖੀ ਕੇਸਾਂ-ਸੁਆਸਾਂ ਨਾਲ ਨਿਭ ਚੱਲੀ। ਕਹਿੰਦੇ ਹਨ ਕਿ ਭਾਈ ਤਾਰੂ ਸਿੰਘ ਇਸੇ ਤਰ੍ਹਾਂ ਇਥੇ ਪਿਆ ਰਿਹਾ ਤੇ ਨਿਤਨੇਮ ਨਾਲ ਜੁੜੇ ਰਹੇ ਨੇ ਹੀ ਸੁਆਸ ਛੱਡੇ। ਉਸ ਪਵਿੱਤਰ ਸ਼ਹੀਦ ਦੀ ਜਗ੍ਹਾ ਨੂੰ ਫਿਰ ਪ੍ਰਣਾਮ ਕੀਤਾ, ਜਿਹਦਾ ਜ਼ਿਕਰ ਅਰਦਾਸ ਵਿਚ ਰੋਜ਼ ਕਰੀਦਾ ਤੇ ਇਕ ਦੁਆ ਵੀ ਕੀਤੀ ਕਿ ਐਹੋ ਜਿਹੀ ਅਡੋਲਤਾ ਤੇ ਸ਼ੁਕਰਾਨਾ ਕਰਨ ਦੀ ਭੋਰਾ ਕੁ ਬਖਸ਼ਿਸ਼ ਮੇਰੇ ਵਰਗੇ ਬੰਦੇ ਤੇ ਵੀ ਰੱਬਾ ਕਰ ਦੇਈਂ ਜਿਹੜਾ ਅੱਜ-ਕੱਲ੍ਹ ਛੋਟੀ-ਛੋਟੀ ਗੱਲ ਤੋਂ ਐਨਾ ਤ੍ਰਹਿੰਦਾ ਕਿ ਬੇਵਜ੍ਹਾ ਤੈਨੂੰ ਉਲਾਂਭੇ ਦੇਈ ਜਾਂਦੈ।



ਫਿਰ ਕਾਦਿਰ ਭਾਈ ਸਾਨੂੰ ਲਾਹੌਰ ਦਿਖਾਉਣ ਚਲ ਪਿਆ। ਉਸ ਪੁਛਿਆ ਕਿ ਜੇ ਕੋਈ ਚੀਜ਼ ਖਰੀਦਣੀ ਹੋਈ ਤਾਂ ਦੱਸ ਦਿਓ। ਅਸੀਂ ਕਿਹਾ ਕਿ ਕੁਝ ਖਰੀਦਣਾ ਤਾਂ ਹੈ ਨਹੀਂ ਪਰ ਲੰਘਦੇ-ਲੰਘਦੇ ਇਕ ਬਾਜ਼ਾਰ ਵਿਚੋਂ ਨਿਕਲੇ ਤਾਂ ਉਥੇ ਦੇਸੀ ਜੁੱਤੀਆਂ ਦੀਆਂ ਬਹੁਤ ਦੁਕਾਨਾਂ ਸਨ। ਉਸਨੇ ਦੱਸਿਆ ਕਿ ਇਹ ਜ਼ਿਆਦਾ ਕਸੂਰ ਤੋਂ ਮੰਗਵਾਂਦੇ ਹਨ ਤੇ ਅੱਗੇ ਵੀ ਸਪਲਾਈ ਹੁੰਦੀਆਂ ਨੇ। ਤਿੱਲੇ ਨਾਲ ਕੱਢੀਆਂ, ਨੋਕਾਂ ਵਾਲੀਆਂ ਜੁੱਤੀਆਂ ਬਹੁਤ ਸਨ। ਮੈਂ ਕਿਹਾ ਕਿ ਮੇਰਾ ਜੀਅ ਕਰਦੈ ਬਿਨਾਂ ਕਢਾਈ ਤੋਂ ਜੁੱਤੀ ਲੈਣ ਨੂੰ ਤਾਂ ਉਹ ਝੱਟ ਇਕ ਦੁਕਾਨ 'ਤੇ ਰੁਕ ਗਿਆ। ਬੱਸ ਮੈਨੂੰ ਤਾਂ ਇਕ ਸਾਦੀ ਜਿਹੀ ਜੁੱਤੀ ਪਸੰਦ ਆ ਗਈ। ਜਦੋਂ ਮੇਰਾ ਭਰਾ ਦੁਕਾਨ ਵਾਲੇ ਨੂੰ ਪੈਸੇ ਦੇਣ ਲੱਗਿਆ ਤਾਂ ਕਾਦਿਰ ਕਹਿੰਦਾ, 'ਕਿੰਨੇ ਦੇਣ ਲੱਗੇ ਹੋ', ਦੱਸਣ ਤੇ ਦੁਕਾਨ ਵਾਲੇ ਨੂੰ ਕਹਿੰਦਾ ਕਿ ਸਰਦਾਰ ਮਹਿਮਾਨ ਹਨ ਤਾਂ ਉਹਨੇ ਪਹਿਲਾਂ ਦੱਸੇ ਮੁੱਲ ਨਾਲੋਂ ਅੱਧੇ ਪੈਸੇ ਲਏ। ਸਾਨੂੰ ਉਹ ਮਾਲ ਰੋਡ 'ਤੇ ਲੈ ਕੇ ਚਲ ਪਿਆ। ਜ਼ਿਆਦਾਤਰ ਸਰਕਾਰੀ ਬਿਲਡਿੰਗਾਂ ਇਸੇ ਰੋਡ 'ਤੇ ਹਨ। ਇਹ ਸਾਰੀਆਂ ਹੀ ਅੰਗਰੇਜ਼ਾਂ ਦੀਆਂ ਬਣੀਆਂ ਹੋਈਆਂ ਹਨ। ਉਚੀਆਂ ਉਚੀਆਂ, ਵੱਡੇ-ਵੱਡੇ ਗੇਟਾਂ ਵਾਲੀਆਂ ਹਨ। ਜਿੱਦਾਂ ਦੀਆਂ ਦਿੱਲੀ ਵਿਚ ਹਨ। ਮਾਲ ਰੋਡ ਬਾਰੇ ਕਾਦਿਰ ਭਾਈ ਨੇ ਦੱਸਿਆ ਕਿ ਇਹਦਾ ਪਲਾਨ ਮਹਾਰਾਜਾ ਰਣਜੀਤ ਸਿੰਘ ਵੇਲੇ ਬਣ ਚੁੱਕਾ ਸੀ ਪਰ ਕੰਮ ਸ਼ੁਰੂ ਹੋਣ ਤੋਂ ਪਹਿਲਾਂ ਉਨ੍ਹਾਂ ਦੀ ਮੌਤ ਹੋਣ ਕਰਕੇ ਇਹ ਸਕੀਮ ਸਿਰੇ ਨਹੀਂ ਸੀ ਚੜ੍ਹੀ। ਜਦੋਂ ਅੰਗਰੇਜ਼ਾਂ ਦਾ ਪੰਜਾਬ 'ਤੇ ਕਬਜ਼ਾ ਹੋ ਗਿਆ ਤਾਂ ਉਨ੍ਹਾਂ ਨੇ ਉਹੀ ਪਲਾਨ ਜਾਚਿਆ ਤਾਂ ਸਹੀ ਲੱਗਿਆ। ਉਸੇ ਮੁਤਾਬਿਕ ਹੀ ਮਾਲ ਰੋਡ ਬਣੀ। ਹੁਣ ਇਸ ਤੇ ਵੱਡੇ-ਵੱਡੇ ਸਟੋਰ ਵੀ ਹਨ। ਇਕ ਥਾਂ ਤੇ ਛੋਟਾ ਜਿਹਾ ਪਾਰਕ ਹੈ ਤੇ ਵਿਚਕਾਰ ਇਕ ਪੁਰਾਣੀ ਤਰ੍ਹਾਂ ਦੀ ਤੋਪ ਪਈ ਹੋਈ ਹੈ, ਜਿੱਦਾਂ ਆਪਣੇ ਜਲੰਧਰ ਵਿਚ 'ਟੈਂਕ' ਰੱਖੇ ਹੋਏ ਹਨ। ਇਹ 'ਭੰਗੀ ਤੋਪ' ਸੀ ਜਿਹੜੀ ਰਣਜੀਤ ਸਿੰਘ ਦੇ ਰਾਜ ਦੀ ਮਸ਼ਹੂਰ ਤੋਪ ਸੀ। 'ਅਨਾਰਕਲੀ ਬਾਜ਼ਾਰ' ਵੀ ਇਕ ਪਾਸਿਓਂ ਮਾਲ ਰੋਡ ਤੋਂ ਹੀ ਸ਼ੁਰੂ ਹੁੰਦਾ ਹੈ। ਅਸੀਂ ਅੰਦਰ ਤਾਂ ਗਏ ਨਹੀਂ, ਬੱਸ ਉਥੇ ਖੜ੍ਹਕੇ ਹੀ ਬਾਜ਼ਾਰ ਵਲ ਨੂੰ ਦੇਖ ਲਿਆ ਤਾਂ ਕਿ ਕਹਾਵਤ ਵਿਚ ਨਾ ਆ ਜਾਈਏ ਕਿ ਜਿਸ ਨੇ ਅਨਾਰਕਲੀ ਨਹੀਂ ਦੇਖਿਆ, ਉਸਨੇ ਦੁਨੀਆਂ ਨਹੀਂ ਦੇਖੀ।

ਜਾਂਦਿਆਂ ਹੀ ਉਸਨੇ ਸਾਨੂੰ ਡਿਸਟ੍ਰਿਕਟ ਜੇਲ੍ਹ ਦਾ ਬਾਹਰੀ ਗੇਟ ਦਿਖਾਇਆ ਜਿੱਥੇ ਸਰਦਾਰ ਭਗਤ ਸਿੰਘ ਤੇ ਉਹਦੇ ਸਾਥੀਆਂ ਨੂੰ ਫਾਂਸੀ ਦਿੱਤੀ ਗਈ ਸੀ। ਜਿਨ੍ਹਾਂ ਕੋਠੜੀਆਂ ਵਿਚ ਭਗਤ ਸਿੰਘ ਨੂੰ ਰੱਖਿਆ ਸੀ, ਹੁਣ ਉਹ ਢਾਹ ਕੇ ਮਾਡਰਨ ਜੇਲ੍ਹ ਬਣਾਈ ਹੋਈ ਹੈ। ਲਾਹੌਰ ਦਾ ਅਸੈਂਬਲੀ ਹਾਲ ਵੀ ਮਾਲ ਰੋਡ 'ਤੇ ਹੀ ਹੈ। ਮੈਂ ਕਾਦਿਰ ਭਾਈ ਨੂੰ ਕਿਹਾ ਕਿ ਕਿਸੇ ਬੁੱਕ ਸਟਾਲ ਤੋਂ ਹਜ਼ਰਤ ਮੁਹੰਮਦ ਸਾਹਿਬ ਦੀ ਜੀਵਨੀ ਬਾਰੇ ਕੋਈ ਕਿਤਾਬ ਲੈਣੀ ਹੈ, ਜਿਹੜੀ ਧਾਰਮਿਕ ਰੰਗ ਵਿਚ ਨਾ ਲਿਖੀ ਹੋਵੇ। ਸਹੀ ਤੇ ਅਸਲੀ, ਜਿੱਦਾਂ ਦਾ ਉਨ੍ਹਾਂ ਦਾ ਜੀਵਨ ਰਿਹਾ ਹੋਵੇ। ਉਸ ਕਿਹਾ, 'ਚੰਗਾ ਕੀਤਾ, ਹੁਣੇ ਦੱਸ ਦਿੱਤਾ। ਇਸੇ ਮਾਲ ਰੋਡ 'ਤੇ ਬਹੁਤ ਵੱਡਾ ਕਿਤਾਬਾਂ ਦਾ ਸ਼ੋਅ-ਰੂਮ ਹੈ।' ਫਿਰ ਅਸੀਂ 'ਫਿਰੋਜ਼ ਸੰਨਜ਼ ਪ੍ਰਾ. ਲਿਮਟਿਡ' ਨਾਂ ਦੀ ਇਸ ਦੁਕਾਨ 'ਤੇ ਪਹੁੰਚ ਗਏ, ਵਾਕਿਆ ਹੀ ਬਹੁਤ ਵੱਡਾ ਤੇ ਸਿਸਟੇਮੈਟਿਕ ਬੁੱਕ ਸਟੋਰ ਹੈ। ਹਰ ਵਿਸ਼ੇ ਦੀਆਂ ਕਿਤਾਬਾਂ ਲਈ ਵੱਖਰੇ ਕੈਬਿਨ ਬਣੇ ਹੋਏ ਹਨ ਤੇ ਹਰ ਕਿਤਾਬ ਦਾ ਵੇਰਵਾ ਉਨ੍ਹਾਂ ਦੇ ਕੰਪਿਊਟਰ 'ਚ ਫੀਡ ਸੀ। ਅਸੀਂ ਕਿਤਾਬਾਂ ਬਾਰੇ ਕਿਹਾ ਤਾਂ ਉਹਨੇ ਸਾਨੂੰ ਇਸਲਾਮਿਕ ਸੈਕਸ਼ਨ ਵਿਚ ਵਾੜ ਦਿੱਤਾ ਤੇ ਕਿਤਾਬ ਸਿਲੈਕਟ ਕਰਨ ਲਈ ਕਿਹਾ। ਸਾਰੀਆਂ ਕਿਤਾਬਾਂ ਉਰਦੂ ਜਾਂ ਅੰਗਰੇਜ਼ੀ ਵਿਚ ਸਨ ਜਦੋਂ ਕਿ ਮੈਂ ਪੰਜਾਬੀ ਵਿਚ ਚਾਹੁੰਦਾ ਸੀ। ਨਾਲੇ ਐਨੀਆਂ ਕਿਤਾਬਾਂ ਵਿਚੋਂ ਲੱਭਣੀ ਕਿਹੜਾ ਸੌਖੀ ਗੱਲ ਸੀ। ਹਜ਼ਰਤ ਸਾਹਿਬ ਦੇ ਜੀਵਨ 'ਤੇ ਤਾਂ ਬਹੁਤ

*(ਬਾਕੀ ਸਫਾ 33 'ਤੇ)*

# ਗੁਰਬਾਣੀ ਕੀਰਤਨ ਤੇ ਸਿੱਖ ਸੱਭਿਆਚਾਰ ਦੀ ਸਿਰਜਣਾ

## ਖਾਲਸਾ ਪੰਥ

**ਡਾ. ਦਰਸ਼ਨ ਸਿੰਘ**

ਸਿੱਖੀ ਜੀਵਨ ਦੇ ਸੰਸਕਾਰਾਂ ਦੀ ਸਥਾਪਨਾ ਗੁਰੂ ਨਾਨਕ ਦੇਵ ਨੇ ਕੀਤੀ ਅਤੇ ਸਿੱਖ ਸੱਭਿਆਚਾਰਕ ਸਮਾਜ ਦੀ ਸਥਾਪਨਾ ਪਹਿਲੇ ਪਾਤਸ਼ਾਹ ਦੇ ਨਾਲ-ਨਾਲ ਬਾਅਦ ਦੇ ਗੁਰੂ-ਜਨਾਂ ਨੇ ਕੀਤੀ ਹੈ ਜਿਸ ਵਿਚ ਜਾਤ-ਪਾਤ, ਊਚ-ਨੀਚ ਤੇ ਵਹਿਮਾਂ-ਭਰਮਾਂ ਲਈ ਕੋਈ ਥਾਂ ਨਹੀਂ ਹੈ। ਇਹ ਵੱਖਰੀ ਧਾਰਮਿਕ-ਵਿਗਿਆਨਕ ਸੋਚ ਦਾ ਆਧਾਰ ਹੈ ਜਿਸ ਨੂੰ ਸਿੱਖੀ ਜੀਵਨ ਦੇ ਸੰਸਕਾਰ ਜਾਂ ਸਿੱਖ ਸੱਭਿਆਚਾਰ ਕਿਹਾ ਜਾਂਦਾ ਹੈ।

ਸੰਸਕਾਰ ਆਪਣੇ ਘਰ-ਪਰਿਵਾਰ, ਪਾਲਣ-ਪੋਸ਼ਣ ਅਤੇ ਜੀਵਨ ਦੀ ਸਾਧਨਾ ਵਿਚੋਂ ਬਣਦੇ ਹਨ ਪ੍ਰੰਤੂ ਸੱਭਿਆਚਾਰਕ ਆਦਤਾਂ ਆਪਣੇ ਚੌਗਿਰਦੇ ਵਿਚੋਂ ਸੰਗੀ-ਸਾਥੀਆਂ ਅਤੇ ਪੜ੍ਹਾਈ-ਲਿਖਾਈ ਵਿਚੋਂ ਬਣਦੀਆਂ ਹਨ ਜਿਸ ਤੋਂ ਸੱਭਿਆਚਾਰਕ ਮਾਹੌਲ ਤੇ ਸੱਭਿਅਕ ਸ਼ਖ਼ਸੀਅਤਾਂ ਬਣਦੀਆਂ ਹਨ, ਵਿਕਸਿਤ ਵੀ ਹੁੰਦੀਆਂ ਹਨ ਅਤੇ ਸਮਾਜ ਨੂੰ ਪ੍ਰਭਾਵਿਤ ਵੀ ਕਰਦੀਆਂ ਹਨ। ਗੁਰੂ ਸਾਹਿਬਾਨ ਨੇ ਸਿੱਖ-ਸੱਭਿਆਚਾਰ ਦੀ ਇਕ ਵੱਖਰੀ-ਪਹਿਚਾਣ ਸਥਾਪਤ ਕੀਤੀ। ਸਮੇਂ ਦੀਆਂ ਸਰਕਾਰਾਂ ਦੇ ਰਾਜਸੀ, ਧਾਰਮਿਕ ਤੇ ਪੱਖਪਾਤੀ ਰਵੱਈਏ ਦੇ ਸਨਮੁਖ ਸਿੱਖਾਂ ਨੇ ਆਪਣੀ ਧਾਰਮਿਕ-ਵਿਚਾਰਧਾਰਾ 'ਤੇ ਕਾਇਮ ਰਹਿ ਕੇ ਸੰਘਰਸ਼ ਕੀਤਾ, ਜਿਸ ਦੇ ਨਤੀਜੇ ਵਜੋਂ ਅੱਜ ਵਿਸ਼ਵ-ਭਰ ਵਿਚ ਸਿੱਖ ਸਮਾਜ ਨੇ ਆਪਣੀ ਮਹੱਤਵਪੂਰਨ ਥਾਂ ਬਣਾਈ ਹੈ।

ਹਰੇਕ ਸੱਭਿਆਚਾਰ ਦਾ ਇਕ ਸੱਭਿਆਚਾਰਕ-ਅਵਚੇਤਨ ਹੁੰਦਾ ਹੈ ਜਿਹੜਾ ਸੰਬੰਧਤ ਸੱਭਿਆਚਾਰ ਦੀ ਸੱਭਿਆਚਾਰਕ ਉਚਿਤਤਾ ਦਾ ਵਿਸ਼ੇਸ਼ ਤੌਰ 'ਤੇ ਜ਼ਾਮਨ ਹੁੰਦਾ ਹੈ। ਅੰਮ੍ਰਿਤ-ਰਾਗ-ਪ੍ਰਗਾਸ, ਸਿੱਖ ਸੱਭਿਆਚਾਰ ਦੇ, ਸੱਭਿਆਚਾਰਕ-ਅਵਚੇਤਨ ਦਾ ਮੂਲ-ਧੁਰਾ ਜਾਂ ਸੰਗੀਤਕ-ਤਰਕ ਹੈ। ਹਰੇਕ ਵੱਡੇ ਸੱਭਿਆਚਾਰ ਦੀਆਂ ਕੁਝ ਨਿਸ਼ਾਨੀਆਂ ਹੁੰਦੀਆਂ ਹਨ। ਭਾਰਤੀ ਸੱਭਿਆਚਾਰ ਦੀ ਵੱਡੀ ਨਿਸ਼ਾਨੀ ਸੰਗੀਤ ਅਤੇ ਨਾਚ ਹੈ। ਸਿੱਖ-ਸੱਭਿਆਚਾਰ ਜਾਂ ਮਨ ਦਾ ਸਭ ਤੋਂ ਸੁੱਚਾ ਨਿਸ਼ਾਨ, ਸ਼ਬਦ ਦੀ ਸਰੋਦੀ-ਸੰਗੀਤਕ ਹੋਂਦ ਹੈ।

ਸ੍ਰੀ ਹਰਿਮੰਦਰ ਸਾਹਿਬ ਦੀ ਕੀਰਤਨ ਮਰਿਆਦਾ ਆਦਿ ਗੁਰੂ ਪਾਤਸ਼ਾਹ ਹੀ ਬੰਨ੍ਹ ਕੇ ਗਏ ਹਨ। ਬਾਬਾ ਬੁੱਢਾ ਜੀ ਦਾ ਸ਼ਬਦ-ਸੁਰਤਿ ਦੀ ਸਰੋਦੀ ਹਾਜ਼ਰੀ ਦਾ ਪਹਿਰਾ, ਪੰਚਮ ਪਾਤਸ਼ਾਹ ਨੇ ਐਵੇਂ ਤਾਂ ਨਿਸ਼ਚਿਤ ਨਹੀਂ ਸੀ ਕੀਤਾ। ਕਵੀ ਚੂੜਾਮਣਿ ਭਾਈ ਸੰਤੋਖ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਸਮੇਂ ਦੇ, ਰਾਗਾਂ ਦਾ ਸਮਾਂ ਤੇ ਨਾਮ ਤੀਕ ਵੀ ਦੇਂਦੇ ਹਨ। ਚੌਕੀਆਂ ਦਾ ਸੰਸਥਾਪਨ ਵੀ ਉਸੇ ਸਰੋਦੀ-ਤਰਤੀਬ ਦੀ ਦੇਣ ਹੈ। ਸਿੱਖ-ਸੱਭਿਆਚਾਰ ਦੀ ਸਭ ਤੋਂ ਸੁੱਚੀ ਪਰਵਾਜ਼, ਕੀਰਤਨ ਦਾ ਇਲਾਹੀ-ਅਵਚੇਤਨ (ਏਟਅਪਹਿਸਚਿਅਲ ਫਰਸਇਨਚਣ) ਜਾਂ ਉਸ ਦਾ ਨੂਰੀ-ਆਰੋਹਣ ਹੈ। ਬਾਣੀ ਦਾ ਕੀਰਤਨ, ਸਿੱਖ-ਸੱਭਿਆਚਾਰ ਦੀ ਭਾਵੀ-ਨਿਧੀ ਹੈ। ਸਿੱਖ-ਮਨ ਦਾ ਵਡੇਰਾ ਭਾਗ, ਇਸ ਸੁੱਚਮ ਨੇ ਮੱਲਿਆ ਹੋਇਆ ਹੈ।

ਚਿੰਤਾ ਦਾ ਵਿਸ਼ਾ ਹੈ ਕਿ ਅੱਜ ਆਡੀਓ-ਵੀਡੀਓ ਅਤੇ ਸੀਡੀਜ਼ ਦੀ ਦੁਕਾਨਦਾਰੀ ਵਿਚ ਲੱਗੇ ਹੋਣ ਕਾਰਨ ਰਾਗ-ਰਸ ਤੇ ਬੋਲ-ਬਾਣੀ ਦੀ ਮਧੁਰਤਾ ਗਾਇਬ ਹੋ ਰਹੀ ਹੈ ਪਰ ਕੀ ਅਸੀਂ ਸੰਗੀਤ ਨੂੰ ਇਸ ਪ੍ਰਵਿਰਤੀ ਨਾਲ, ਸੱਭਿਆਚਾਰਕ-ਪਤਨ ਵਲ ਤਾਂ ਨਹੀਂ ਲਿਜਾ ਰਹੇ? ਕੀ ਸੱਭਿਆਚਾਰਕ ਮਿਲਾਵਟ ਪ੍ਰਤੀ ਅਸੀਂ ਚੇਤੰਨ ਹਾਂ? ਭਾਰਤੀ ਸਮਾਜ ਵਿਚ ਕੀਰਤਨ ਦੇ ਸੰਸਕਾਰ ਪ੍ਰਾਚੀਨ ਕਾਲ ਦੇ ਇਤਿਹਾਸ ਤੋਂ ਭਲੀਭਾਂਤ ਦ੍ਰਿਸ਼ਟੀਗੋਚਰ ਹਨ। ਕੀਰਤਨ ਦੀ ਪੁਸ਼ਟ-ਪਰੰਪਰਾ ਦਾ ਵਿਕਾਸ ਹੋਇਆ। ਇਹ ਪਰੰਪਰਾ ਅੱਜ ਵੀ ਸੰਗਤਾਂ ਦਾ ਸ਼ਿੰਗਾਰ ਬਣੀ ਹੋਈ ਹੈ। ਪੰਜਾਬ ਵਿਚ ਇਸ ਅਧਿਆਤਮਕ-ਸੰਗੀਤ ਦੀ ਪਰੰਪਰਾ, ਭਗਤੀ ਕਾਲ ਵਿਚ ਭਗਤਜਨਾਂ ਦੇ ਪਦ, ਗੁਰਬਾਣੀ ਦੇ ਸ਼ਬਦਾਂ, ਸੂਫੀ-ਦਰਵੇਸ਼ਾਂ ਦੀਆਂ ਕਾਫੀਆਂ, ਦੋਹੜਿਆਂ ਅਤੇ ਮੁਸਲਮਾਨਾਂ ਵਿਚ ਪ੍ਰਚਲਤ ਹਮਦਾਂ ਤੇ ਨਾਤਾਂ ਤੋਂ ਮਿਲ ਜਾਂਦੇ ਹਨ। ਇਹ ਬਹੁਪੱਖੀ ਸੰਸਕ੍ਰਿਤੀ ਤੇ ਬਹੁਮੁਖੀ ਗਾਇਨ ਸਮੱਗਰੀ ਦੀ ਰਚਨਾਕਾਰੀ ਵਲ ਸੰਕੇਤ ਕਰਦੇ ਹਨ। ਇਨ੍ਹਾਂ ਨੂੰ ਵੱਖ-ਵੱਖ ਸ਼੍ਰੇਣੀਆਂ ਦੇ ਵਰਗਬੱਧ ਗਾਇਕਾਂ ਨੇ ਨਿਸ਼ਚਿਤ-ਰੀਤੀਆਂ ਅਨੁਸਾਰ ਸਦੀਆਂ ਤੱਕ ਗਾਇਆ ਹੈ। ਇਹ ਸਭ ਕੁਝ ਪੰਜਾਬ ਦੀ ਅਮੀਰ ਸਾਹਿਤਕ ਅਤੇ ਸੰਗੀਤਕ ਪਰੰਪਰਾ ਵਲ ਇਸ਼ਾਰਾ ਕਰਦਾ ਹੈ। ਇਸ ਦਾ ਇਤਿਹਾਸ ਕਈ ਸਦੀਆਂ ਪੁਰਾਣਾ ਅਤੇ ਸ਼ਾਨਦਾਰ ਹੈ। ਇਸ ਸਾਰੀ ਪਰੰਪਰਾ ਨੂੰ ਅਸੀਂ ਪੰਜਾਬ ਦੀ ਅਧਿਆਤਮਕ-ਸੰਗੀਤ ਪਰੰਪਰਾ ਕਹਿ ਸਕਦੇ ਹਾਂ ਜੋ ਇਕ ਤਰ੍ਹਾਂ ਨਾਲ ਅਧਿਆਤਮਕ ਕਾਵਿ-ਧਾਰਾ ਨਾਲ ਜੁੜੀ ਹੋਈ ਹੈ। ਇਸ ਲਈ ਪੰਜਾਬ ਨੂੰ ਧਾਰਮਿਕ ਅਤੇ ਸੱਭਿਆਚਾਰਕ ਵਿਰਾਸਤ ਵਿਚ ਸਿੱਖ ਗੁਰੂ ਸਾਹਿਬਾਨ ਦੀ ਮਹੱਤਵਪੂਰਨ ਦੇਣ ਹੈ।

ਲਲਿਤ ਕਲਾ: ਕਵਿਤਾ, ਸੰਗੀਤ ਜਾਂ ਕੀਰਤਨ ਦੀ ਪ੍ਰਤਿਭਾ ਕਈ ਵਾਰੀ ਘਰ-ਪਰਿਵਾਰ ਵਿਚੋਂ, ਜਨਮਜਾਤ ਆਪਣੇ ਚੌਗਿਰਦੇ ਜਾਂ ਰੋਜ਼ਾਨਾ ਗੁਰਦੁਆਰੇ ਜਾਂ ਸੰਗਤ ਵਿਚੋਂ ਵੀ ਵਿਕਸਤ ਹੋ ਕੇ ਉਜਾਗਰ ਹੁੰਦੀ ਹੈ। ਜਿਵੇਂ ਪਦਮਸ੍ਰੀ ਸੋਹਣ ਸਿੰਘ, ਪ੍ਰੋ. ਤਾਰਾ ਸਿੰਘ, ਭਾਈ ਦੇਵਿੰਦਰ ਸਿੰਘ, ਗਿਆਨੀ ਸੋਹਣ ਸਿੰਘ ਸੀਤਲ, ਸ੍ਰੀ ਓਂਕਾਰ ਨਾਥ ਠਾਕੁਰ ਆਦਿ ਅਨੇਕਾਂ ਕਲਾਕਾਰ। ਪ੍ਰਾਚੀਨ, ਮੱਧਕਾਲੀਨ ਤੇ ਆਧੁਨਿਕ ਪੰਜਾਬ ਵਿਚ ਵੀ ਪੰਜਾਬ ਦੀ ਵਿਰਾਸਤ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਪੱਧਰ 'ਤੇ ਲੋਕਪ੍ਰਿਯ ਹੈ।

ਸਿੱਖੀ ਜੀਵਨ ਸੰਸਕਾਰ, ਸਿੱਖ ਸੱਭਿਆਚਾਰ ਤੇ ਕੀਰਤਨ-ਗੁਰੂ ਨਾਨਕ ਦੇਵ ਜੀ ਦਾ ਆਦੇਸ਼ ਹੈ;

'ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ।' (ਪੰਨਾ 920)

ਬਾਣੀ ਦੇ ਗਾਇਨ ਦਾ ਆਦੇਸ਼ ਇਸ ਦਾ ਸੰਦੇਸ਼ ਤੇ ਹੁਕਮ ਹੈ। ਪ੍ਰੋ. ਪਿਆਰਾ ਸਿੰਘ ਪਦਮ ਨੇ ਆਪਣੀ ਪੁਸਤਕ ਰਬਾਬ ਨੂੰ ਪਰਮਾਤਮਨਾਦ, ਆਤਮ-ਨਾਦ, ਧਰਮ-ਨਾਦ ਅਤੇ ਜੁਗਤ-ਨਾਦ ਵਿਚ ਵੰਡਿਆ ਹੈ।

ਗੁਰੂ ਨਾਨਕ ਦੇਵ ਜੀ ਦੀ ਸਿੱਖਿਆ ਤੇ ਆਦੇਸ਼ ਅਨੁਸਾਰ:

'ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ॥' (ਵਾਰ 1:27)

ਅਰਥਾਤ ਹਰੇਕ ਘਰ ਇਕ ਗੁਰਦੁਆਰਾ (ਧਰਮ ਦੀ ਸ਼ਾਲ) ਹੋਵੇ ਅਤੇ ਜਿੱਥੇ ਸਵੇਰੇ-ਸ਼ਾਮ ਕੀਰਤਨ ਵੀ ਹੋਵੇ। ਬਾਬੇ ਨੇ ਹੀ ਚਾਰੇ ਕੁੰਟਾਂ ਵਿਚ ਅਨਹਦ-ਬਾਣੀ ਤੇ ਰਬਾਬ ਦੇ ਨਾਲ ਕੀਰਤਨ ਦੀ ਮਰਿਆਦਾ ਬੰਨ੍ਹ ਕੇ ਆਪਣਾ ਅਧਿਆਤਮਕ ਸੰਦੇਸ਼ ਦਿੱਤਾ।

ਕੀਰਤਨ ਦੇ ਸੰਸਕਾਰ ਦੀ ਸਥਾਪਨਾ ਤਾਂ ਗੁਰੂ ਨਾਨਕ ਨੇ ਅਰੰਭ ਤੋਂ ਹੀ ਕਰ ਦਿੱਤੀ ਸੀ। ਉਨ੍ਹਾਂ ਨੇ ਆਪਣਾ ਸਾਥੀ ਭਾਈ ਮਰਦਾਨਾ ਤੇ ਉਨ੍ਹਾਂ ਦੀ ਰਬਾਬ ਨੂੰ ਚੁਣਿਆ। ਭਾਈ ਫਿਰੰਦਾ ਕੋਲੋਂ ਬਾਕਾਇਦਾ ਰਬਾਬ ਬਣਵਾ ਕੇ, ਭਾਈ ਮਰਦਾਨਾ ਨੂੰ ਬਖ਼ਸ਼ਿਸ਼ ਕੀਤੀ ਕਿਉਂਕਿ ਰਬਾਬ ਉਨ੍ਹਾਂ ਦਾ ਮਨਭਾਉਂਦਾ ਸਾਜ਼ ਸੀ। ਸਾਜ਼ਾਂ ਦੇ ਅਨੇਕਾਂ ਪ੍ਰਕਾਰਾਂ ਨੂੰ ਉਦੋਂ ਵਾਜੇ ਕਿਹਾ ਜਾਂਦਾ ਸੀ। ਗੁਰੂ ਨਾਨਕ ਦੇਵ ਜੀ ਨੇ ਵਾਜਿਆਂ ਬਾਰੇ ਬਾਣੀ ਵਿਚ ਇਸ ਤਰ੍ਹਾਂ ਜ਼ਿਕਰ ਕੀਤਾ ਹੈ:

-ਵਾਜਾ ਮਤਿ ਪਖਾਵਜੁ ਭਾਉ।
ਹੋਇ ਅਨਦੁ ਸਦਾ ਮਨਿ ਚਾਉ। (ਪੰਨਾ 350)



-ਬਿਨੁ ਬਾਜੇ ਕੈਸੋ ਨਿਰਤਿਕਾਰੀ।
ਬਿਨੁ ਕੰਠੈ ਕੈਸੇ ਗਾਵਨਹਾਰੀ।
ਜੀਲ ਬਿਨਾ ਕੈਸੇ ਬਜੈ ਰਬਾਬ। (ਪੰਨਾ 1140)
-ਘਟਿ ਘਟਿ ਵਾਜੈ ਕਿੰਗੁਰੀ ਅਨਦਿਨੁ ਸਬਦਿ ਸੁਭਾਇ। (ਪੰਨਾ 62)
-ਕਿੰਕੁਰੀ ਅਨੂਪ ਵਾਜੈ। ਜੋਗੀਆ ਮਤਵਾਰੋ ਰੇ। (ਪੰਨਾ 886)

ਗੁਰੂ ਅਰਜਨ ਦੇਵ ਨੇ ਕੀਰਤਨ ਤੇ ਕੀਰਤਨੀਏ ਦੀ ਪਰਿਭਾਸ਼ਾ ਤੇ ਕੀਰਤਨ ਦੀ ਮਹਿਮਾ ਕੀਤੀ ਹੈ:

-ਓਅੰਕਾਰਿ ਏਕ ਧੁਨਿ ਏਕੈ ਏਕੈ ਰਾਗੁ ਅਲਾਪੈ।
ਏਕਾ ਦੇਸੀ ਏਕੁ ਦਿਖਾਵੈ ਏਕੋ ਰਹਿਆ ਬਿਆਪੈ।
ਏਕਾ ਸੁਰਤਿ ਏਕਾ ਹੀ ਸੇਵਾ ਏਕੋ ਗੁਰ ਤੇ ਜਾਪੈ। (ਪੰਨਾ 885)
-ਭਲੋ ਭਲੋ ਰੇ ਕੀਰਤਨੀਆ।
ਰਾਮ ਰਮਾ ਰਾਮਾ ਗੁਨ ਗਾਉ।
ਛੋਡਿ ਮਾਇਆ ਕੇ ਧੰਧ ਸੁਆਉ। (ਉਹੀ)

ਪੰਜਾਬ ਵਿਚ ਸੰਗੀਤ-ਵਾਦਯ ਅਤੇ ਇਨ੍ਹਾਂ ਦੀ ਸਾਜ਼-ਕਲਾ ਦਾ ਵਿਕਾਸ ਤੇ ਨਿਰਮਾਣ ਵੀ ਪਿਛਲੇ ਦੋ ਸੌ ਸਾਲਾਂ ਤੋਂ ਹੋ ਰਿਹਾ ਹੈ। ਪੰਜਾਬੀ ਤਬਲਾ-ਵਾਦਕਾਂ, ਰਬਾਬ-ਵਾਦਕਾਂ ਤੇ ਮ੍ਰਿਦੰਗ-ਵਾਦਕਾਂ ਦੇ ਘਰਾਣਿਆਂ ਅਤੇ ਮ੍ਰਿਦੰਗ, ਤਬਲਾ ਤੇ ਪੰਜਾਬੀ-ਵਾਜਿਆਂ ਦਾ ਵਿਕਾਸ ਹੁੰਦਾ ਰਿਹਾ ਹੈ। ਗੁਰਮਤਿ ਸੰਗੀਤ ਦੇ ਅਰੰਭ ਕਰਤਾ ਗੁਰੂ ਨਾਨਕ ਦੇਵ ਤੋਂ ਲੈ ਕੇ ਹੁਣ ਤੱਕ ਦੀਆਂ ਟਕਸਾਲਾਂ ਵਿਚ ਇਨ੍ਹਾਂ ਦੀ ਬਾਕਾਇਦਾ ਸਿੱਖਿਆ ਵਲ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ।

ਗੁਰਬਾਣੀ ਵਿਚ ਵੀਣਾ, ਰਬਾਬ, ਬੀਨ, ਕਿੰਗਰੀ, ਮੁਰਲੀ (ਬੰਸੀ), ਪਖਾਵਜ, ਮ੍ਰਿਦੰਗ, ਢੋਲਕ, ਮਜੀਰਾ, ਸਿੰਙੀ, ਘੁੰਗਰੂ ਆਦਿ ਅਨੇਕਾਂ ਸਾਜ਼ਾਂ ਦਾ ਵਰਣਨ ਉਪਲਬਧ ਹੈ। ਗੁਰੂ ਸਾਹਿਬਾਨ ਦੇ ਦਰਬਾਰੀ-ਕੀਰਤਨ ਵਿਚ ਰਬਾਬ, ਸਾਰੰਦਾ, ਸਾਰੰਗੀ, ਤਾਊਸ, ਇਸਰਾਜ (ਦਿਲਰੁਬਾ) ਅਤੇ ਮ੍ਰਿਦੰਗ ਜਾਂ ਪਖਾਵਜ ਦਾ ਆਮ ਪ੍ਰਯੋਗ ਹੁੰਦਾ ਸੀ। ਹਾਰਮੋਨੀਅਮ ਦੇ ਆਉਣ ਅਤੇ ਵਧੇਰੇ ਪ੍ਰਚਲਤ ਹੋ ਜਾਣ ਨਾਲ ਤੰਤੀ ਸਾਜ਼ਾਂ (ਤਾਰ-ਸਾਜ਼) ਦੀ ਕਠਿਨ ਸਾਧਨਾ ਦੇ ਕਾਰਨ ਇਨ੍ਹਾਂ ਦੀ ਲੋਕਪ੍ਰਿਅਤਾ ਘਟ ਗਈ ਹੈ ਪ੍ਰੰਤੂ ਅਜਕਲ੍ਹ ਵੀ ਅਨੇਕਾਂ ਰਾਗੀ ਕੀਰਤਨ ਨਾਲ ਸਿਤਾਰ ਜਾਂ ਦਿਲਰੁਬਾ ਦੀ ਸੰਗਤ ਕਰਵਾਉਂਦੇ ਹਨ। ਪ੍ਰਭਾਤ ਫੇਰੀਆਂ, ਇਸਤਰੀ ਸਤਿਸੰਗ ਅਤੇ ਪੇਂਡੂ ਖੇਤਰਾਂ ਵਿਚ ਢੋਲਕੀ, ਚਿਮਟਾ ਅਤੇ ਕੈਂਸੀਆਂ-ਖੜਤਾਲਾਂ ਨਾਲ ਕੀਰਤਨ ਕੀਤਾ ਜਾਂਦਾ ਹੈ। ਗੁਰਮਤਿ ਸੰਗੀਤ ਦੇ ਵਿਦਵਾਨਾਂ ਦਾ ਮਤ ਹੈ ਕਿ ਸਾਨੂੰ ਗੁਰਬਾਣੀ ਗਾਇਨ ਦੇ ਨਾਲ-ਨਾਲ ਤੰਤੀ ਸਾਜ਼ਾਂ ਦੀ ਸਿਖਲਾਈ ਵਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ।

ਪ੍ਰੋ. ਕਰਤਾਰ ਸਿੰਘ ਤੇ ਉਨ੍ਹਾਂ ਦੇ ਅਨੇਕਾਂ ਸ਼ਿਸ਼ ਤਾਨਪੁਰੇ (ਤੰਬੂਰੇ), ਰਬਾਬ, ਸੁਰਮੰਡਲ ਤੇ ਤਬਲੇ ਨਾਲ ਕੀਰਤਨ ਕਰਨ ਦੇ ਮੁਦਈ ਹਨ। ਭਾਈ ਬਤਨ ਸਿੰਘ ਪੰਜਾਬ ਦੇ ਪ੍ਰਸਿਧ ਦਿਲਰੁਬਾ-ਵਾਦਕ ਸਨ। ਤਾਊਸ ਦੀ ਰਚਨਾ ਪਟਿਆਲਾ ਦੇ ਹਜ਼ੂਰੀ ਰਾਗੀ ਭਾਈ ਕਾਨ੍ਹ ਸਿੰਘ ਨੇ ਕੀਤੀ ਸੀ। ਹਾਰਮੋਨੀਅਮ ਦਾ ਪ੍ਰਯੋਗ ਪਹਿਲਾਂ ਫਿਲਮੀ ਸੰਗੀਤਕਾਰਾਂ ਨੇ 19ਵੀਂ ਸਦੀ ਵਿਚ ਕੀਤਾ। ਫੇਰ ਲੋਕ-ਗਾਇਕਾਂ ਅਤੇ ਸ਼ਾਸਤਰੀ-ਗਾਇਕਾਂ ਨੇ ਵੀ ਕੀਤਾ। 20ਵੀਂ ਸਦੀ ਵਿਚ ਦਰਬਾਰ ਸਾਹਿਬ ਦੇ ਰਾਗੀਆਂ ਨੇ ਵੀ ਇਸ ਦੀ ਵਰਤੋਂ ਅਰੰਭੀ। ਧਰਮ ਦੇ ਅਨੇਕਾਂ ਸਿਧਾਂਤ ਤੇ ਰੀਤਾਂ, ਲੋਕ-ਧਾਰਾ ਤੋਂ ਵਿਗਸੀਆਂ ਹਨ। ਕਲਾ ਦੇ ਮੁਢਲੇ ਪੈਟਰਨ ਦੀ ਜਨਮਦਾਤੀ ਵੀ ਲੋਕ-ਧਾਰਾ ਹੈ; ਸਾਹਿਤ ਦੇ ਵਿਭਿੰਨ ਰੂਪ, ਮੁਢਲੀਆਂ ਕਾਵਿ-ਸ਼ੈਲੀਆਂ, ਕਾਵਿ ਦੇ ਤੱਤ, ਲੈਅ, ਤਾਲ, ਛੰਦ ਤੇ ਅਲੰਕਾਰ ਆਦਿ ਸਭ ਲੋਕਧਾਰਾ ਵਿਚੋਂ ਨਿੰਮੇ ਹਨ।

ਸੰਗੀਤ ਦਾ ਖੇਤਰ, ਉਦੇਸ਼ ਤੇ ਸਥਾਨ: ਸੰਗੀਤ ਮਨੁੱਖੀ ਸਮਾਜ ਦੀ ਇਕ ਮਹਾਨ ਪ੍ਰਾਪਤੀ ਹੈ। ਇਸ ਦੀ ਲੈਅ ਤੇ ਸੁਰ (ਆਵਾਜ਼) ਸਦੀਆਂ ਤੋਂ ਚਲੀ ਆ ਰਹੀ ਸੰਸਕ੍ਰਿਤਕ ਪਰੰਪਰਾ ਦੀ ਪ੍ਰਤੀਕ ਹੈ। ਇਹ ਮਨੁੱਖੀ-ਭਾਵਨਾ ਦੀ ਉਚ ਕਲਾਕ੍ਰਿਤ ਹੈ। ਇਸ ਵਿਚ ਹਿਰਦੇ ਦੀਆਂ ਭਾਵਨਾਵਾਂ ਨੂੰ ਸਪਰਸ਼ ਤੇ ਉਜਾਗਰ ਕਰਨ ਦਾ ਗੁਣ ਹੈ। ਇਹ ਮਾਨਵ-ਮਨ ਦੀਆਂ ਤਰਬਾਂ ਨੂੰ ਗੁੰਜਾਇਮਾਨ ਕਰਨ ਦੇ ਸਮਰਥ ਹੈ। ਰਾਗ-ਰਸ ਤੇ ਭਾਵਨਾਵਾਂ ਦਾ ਸਾਗਰ ਸੰਗੀਤਕ ਸੱਭਿਆਚਾਰ ਤੇ ਸੰਗੀਤਕ ਸੁਹਜ ਰਾਹੀਂ ਪ੍ਰਗਟ ਹੁੰਦਾ ਹੈ, ਅਧਿਆਤਮਕ ਅਤੇ ਸੰਸਾਰਕ ਅਨੰਦ ਦੀ ਲਲਿਤ ਅਭਿਵਿਅਕਤੀ ਹੈ। ਇਹ ਖੇਤਰ ਸਰਬ ਵਿਆਪਕ ਹੈ। ਮਾਨਵ-ਸ੍ਰਿਸ਼ਟੀ ਅਤੇ ਪ੍ਰਕ੍ਰਿਤੀ ਦੇ ਕਣ-ਕਣ ਵਿਚ ਸੰਗੀਤ ਹੈ। ਹਰੇਕ ਧਰਮ ਤੇ ਸਮਾਜ ਵਿਚ ਇਸ ਦੀ ਵਰਤੋਂ ਹੈ। ਸੰਗੀਤ ਖੇਤਰ ਦੇ ਪ੍ਰਮੁੱਖ ਆਧਾਰ ਇਹ ਹਨ;

1. ਸੁਹਜ 2. ਭਾਵ ਪ੍ਰਦਰਸ਼ਨ 3. ਸਾਧਨਾ 4. ਲਲਿਤ-ਕਲਾ 5. ਲੋਕ-ਪਰਲੋਕ 6. ਮਨੁੱਖੀ ਸਮਾਜ 7. ਸਰਬ ਵਿਆਪਕਤਾ 8. ਮਾਨਵ ਹਿਰਦਾ 9. ਸਮਾਜਿਕ ਜੀਵਨ 10. ਸਿੱਖਿਆ ਖੇਤਰ 11. ਵਿਗਿਆਨ 12. ਆਵਾਜ਼ ਸ਼ਾਸਤਰੀ 13. ਭਾਰਤੀ ਸੱਭਿਆਚਾਰ

ਤੱਥਾਂ ਦੇ ਆਧਾਰ 'ਤੇ ਇਹ ਸਵੀਕਾਰ ਕਰਨ ਵਿਚ ਕੋਈ ਸੰਕੋਚ ਨਹੀਂ ਕਿ ਸੰਗੀਤ ਵਿਚ ਉਤਮ ਕਾਵਿ ਵੀ ਹੋ ਜਾਵੇ ਤਾਂ ਭਾਵ-ਰਸ ਦੀ ਸੁੰਦਰਤਾ ਫੁੱਟਦੀ ਹੈ। ਗੁਰੂ ਸਾਹਿਬਾਨ, ਭਗਤ ਸਾਹਿਬਾਨ ਅਤੇ ਭੱਟਾਂ ਦੀ ਪਾਵਨ ਬਾਣੀ ਰਾਗ (ਸੰਗੀਤ) ਵਿਚ ਹੈ। ਇਸ ਲਈ ਗੁਰੂ ਸਾਹਿਬਾਨ, ਭਗਤ ਸਾਹਿਬਾਨ ਦੇ ਕਾਵਿ ਤੇ ਰਾਗ ਗੇਯਾਤਮਕ ਤੱਤਾਂ ਦੇ ਸਫਲ ਸਿੱਧ ਪ੍ਰਯੋਗ ਨਾਲ ਅਮਰ (ਅਮਿਟ) ਹੋ ਗਏ ਹਨ। ਲੋਕ-ਕਾਵਿ ਵਿਚ ਕਿੱਸੇ ਅਤੇ ਪੁਰਾਤਨ ਵਾਰਾਂ ਦੀਆਂ ਧੁਨਾਂ ਅੱਜ ਵੀ ਲੋਕਪ੍ਰਿਯ ਹਨ। ਭਗਤੀ-ਸੰਗੀਤ ਦਾ ਸਥਾਨ ਅੱਜ ਵੀ ਸਰਬਉਚ ਹੈ ਤੇ ਰਹੇਗਾ। ਸਾਰੇ ਭਗਤੀਕਾਲੀਨ ਕਵੀਆਂ ਨੇ ਰਾਗਾਂ ਦੇ ਸਮੇਂ-ਸਿਧਾਂਤ ਅਤੇ ਰੁੱਤ-ਵਰਨਣ ਵੀ ਕੀਤਾ ਹੈ। ਜਿਵੇਂ ਬਸੰਤ ਰੁੱਤ ਤੇ ਵਰਖਾ ਰੁੱਤ ਦਾ ਵਰਣਨ ਤੇ ਰਾਗ ਤਰਕਸੰਗਤ ਹੈ। ਸੰਗੀਤਕ ਸਾਜ਼ਾਂ ਦੀ ਵਰਤੋਂ ਵਿਚ ਵੀ ਅਦਭੁਤ ਸਮਾਨਤਾ ਹੈ। ਸਾਰਿਆਂ ਨੇ ਹੀ ਅਘੋਟੀ, ਅੰਮ੍ਰਿਤ-ਕੁੰਡਲੀ, ਉਪੰਗ, ਕਠਤਾਲ, ਕਾਤਰ, ਕਿੰਨਰੀ, ਘੰਟਾ, ਝਾਂਝ, ਡਫ, ਢੋਲ, ਤਾਰ, ਤੂਰ, ਦਮਾਮਾ, ਦੁੰਦਭੀ, ਧੌਂਸਾ, ਨਿਸ਼ਾਨ, ਪਖਾਵਜ, ਬੰਸਰੀ, ਬੇਨਾ, ਬੇਲਾ, ਵੇਲਾ, ਬੇਨ, ਬੀਨ, ਭੇਰੀ, ਤੰਬੂਰਾ, ਵੀਣਾ, ਮੁਹਚਰੀ, ਮੁਰਜ, ਮੁਰਲੀ, ਮ੍ਰਿਦੰਗ, ਰਬਾਬ, ਰੁੰਜ, ਸ਼ੀਰੰਗੀ, ਸ਼ਹਿਨਾਈ, ਸੰਖ, ਇਕ-ਤਾਰਾ, ਦੋ-ਤਾਰਾ ਆਦਿ ਦਾ ਉਲੇਖ ਕੀਤਾ ਹੈ। ਨ੍ਰਿਤ, ਨ੍ਰਿਤ ਕਲਾ, ਨ੍ਰਿਤਕਾਰੀ, ਨ੍ਰਿਤ ਦੇ ਬੋਲ ਆਦਿ ਵੀ ਲਿਖੇ ਹਨ। ਕਈਆਂ ਨੇ ਪਖਾਵਜ (ਮ੍ਰਿਦੰਗ) ਦੇ ਬੋਲ ਵੀ ਲਿਖੇ ਹਨ। ਸੰਗੀਤਕ ਕ੍ਰਿਆਵਾਂ ਦੇ ਲਈ ਪਰਿਭਾਸ਼ਕ-ਸ਼ਬਦ ਵੀ ਵਰਤੇ ਹਨ। ਉਨ੍ਹਾਂ ਦੀ 'ਸੰਗੀਤ-ਸਿੱਖਿਆ, ਸਿਖਿਅਕ' ਬਾਰੇ ਇਤਿਹਾਸਕਾਰਾਂ ਨੇ ਪ੍ਰਕਾਸ਼ ਨਹੀਂ ਕੀਤਾ। ਉਨ੍ਹਾਂ ਦੇ ਰਾਗਾਂ ਵਿਚ ਲਗਭਗ ਸਮਾਨਤਾ ਸੀ ਪਰ ਮੁੱਖ ਵਿਸ਼ਾ ਭਗਤੀ ਸੀ।

ਪੁਰਾਤਨ ਕਾਲ ਦੇ ਰਿਸ਼ੀ-ਮੁਨੀ ਲਗਭਗ ਸਾਰੇ ਹੀ ਆਪਣੇ ਕੋਲ ਕੋਈ ਨਾ ਕੋਈ ਸੰਗੀਤਕ ਸਾਜ਼ ਜ਼ਰੂਰ ਰੱਖਦੇ ਸਨ। ਪ੍ਰਮੇਸ਼ਰ ਦੀ ਬੰਦਗੀ ਵਿਚ ਨਾਮ ਨੂੰ ਦ੍ਰਿੜ੍ਹ ਕਰਨ-ਕਰਾਉਣ ਲਈ ਅਨੇਕਾਂ ਸਾਧਨ ਵਰਤਦੇ ਸਨ। ਡਾ. ਗੁਰਭਗਤ ਸਿੰਘ ਲਿਖਦੇ ਹਨ ਕਿ ਬਾਬਾ ਸੁੱਚਾ ਸਿੰਘ ਨੇ ਗੁਰਬਾਣੀ ਸ਼ਬਦ ਸੰਗੀਤ ਦੇ ਵਿਚ ਕ੍ਰਾਂਤੀਕਾਰੀ ਮੌਲਿਕਤਾ ਨੂੰ ਪਛਾਣਿਆ। ਇਹ ਬਹੁਤ ਗੌਰਵਸ਼ੀਲ ਯੋਗਦਾਨ ਹੈ। ਇਥੇ ਇਹ ਵਰਣਨ ਕਰਨਾ ਵੀ ਜ਼ਰੂਰੀ ਹੈ ਕਿ ਜਿਸ ਵਿਸਮਾਦੀ ਇਕਸੁਰਤਾ ਵਿਚ ਸ਼ਬਦ-ਸੰਗੀਤ ਪਰਵੇਸ਼ ਤੇ ਪ੍ਰੇਰਨਾ ਦਿੰਦਾ ਹੈ, ਉਹ ਨਾ ਕੇਵਲ ਰਹੱਸਮਈ ਹੈ ਸਗੋਂ ਕਿਸੇ ਪ੍ਰਕਾਰ ਦਾ ਇਕਵਾਦ ਵੀ ਨਹੀਂ ਹੈ ਜੋ ਸ੍ਰਿਸ਼ਟੀ ਦੀ ਭਿੰਨਤਾ ਤੇ ਵਿਚਿਤਰਤਾ ਤੋਂ ਦੂਰ ਲੈ ਜਾਵੇ।

'ਆਸਾ ਕੀ ਵਾਰ' ਵਿਚ ਗੁਰੂ ਨਾਨਕ ਦੇਵ ਜੀ ਨੇ ਸਪੱਸ਼ਟ ਰੂਪ ਵਿਚ ਫ਼ਰਮਾਇਆ ਹੈ:

ਵਿਸਮਾਦੁ ਨਾਦ ਵਿਸਮਾਦੁ ਵੇਦ।
ਵਿਸਮਾਦੁ ਜੀਅ ਵਿਸਮਾਦੁ ਭੇਦ।
ਵਿਸਮਾਦੁ ਰੂਪ ਵਿਸਮਾਦੁ ਰੰਗ।
ਵਿਸਮਾਦੁ ਨਾਗੇ ਫਿਰਹਿ ਜੰਤ। (ਪੰਨਾ 463)

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਗੁਰਬਾਣੀ ਦੇ ਵਿਵਿਧ ਪਰਿਪੇਖ ਹਨ ਜਿਨ੍ਹਾਂ ਵਿਚ ਧਾਰਮਿਕ, ਦਾਰਸ਼ਨਿਕ, ਸੰਗੀਤਕ, ਸਮਾਜਿਕ, ਇਤਿਹਾਸਕ ਤੇ ਸਾਹਿਤਕ ਪੱਖਾਂ ਨੂੰ ਨਿਵੇਕਲੇ ਢੰਗ ਨਾਲ ਪੇਸ਼ ਕੀਤਾ ਗਿਆ ਹੈ, ਉਹ ਇਸ ਨੂੰ ਅਦੁੱਤੀ ਸਥਾਨ ਪ੍ਰਦਾਨ ਕਰਦਾ ਹੈ। ਆਪਣੀਆਂ ਵਿਲੱਖਣਤਾਵਾਂ ਕਾਰਨ ਗੁਰੂ ਗ੍ਰੰਥ ਸਾਹਿਬ ਨਵੀਨ ਜਾਣਕਾਰੀ ਵੀ ਦੇਂਦਾ ਆ ਰਿਹਾ ਹੈ ਤੇ ਸਮਾਜ ਨੂੰ ਪ੍ਰਭਾਵਿਤ ਵੀ ਕਰਦਾ ਆ ਰਿਹਾ ਹੈ। ਇਸ ਦੀ ਰਹਿਨੁਮਾਈ ਇਕ ਨਰੋਏ ਸਮਾਜ ਦੀ ਸਿਰਜਣਾ ਕਰਨ ਵਿਚ ਸਹਾਈ ਹੋ ਸਕਦੀ ਹੈ। ਅੱਜ ਵਿਸ਼ਵ ਜਿਸ ਅਸ਼ਾਂਤੀ ਦੇ ਦੌਰ ਵਿਚੋਂ ਗੁਜ਼ਰ ਰਿਹਾ ਹੈ, ਉਸ ਦਾ ਸਮਾਧਾਨ ਗੁਰਬਾਣੀ ਦੇ ਦਰਸਾਏ ਆਦਰਸ਼ਾਂ ਨੂੰ ਅਪਣਾ ਕੇ ਹੀ ਹੋ ਸਕਦਾ ਹੈ।

ਡਾ. ਰਤਨ ਸਿੰਘ ਜੱਗੀ ਕੀਰਤਨ ਦੇ ਮੂਲਿਕ ਅਤੇ ਇਤਿਹਾਸਕ ਯੋਗਦਾਨ ਨੂੰ ਉਜਾਗਰ ਕਰਦਿਆਂ ਲਿਖਦੇ ਹਨ, "ਮਨ ਮਾਰਨ ਤੋਂ ਬਾਅਦ ਭਗਤੀ ਦੀ ਕਾਰਵਾਈ ਸ਼ੁਰੂ ਹੁੰਦੀ ਹੈ। ਸਭ ਤੋਂ ਪਹਿਲਾਂ ਕੀਰਤਨ ਦੀ ਸਥਿਤੀ ਹੈ। ਕੀਰਤਨ ਤੋਂ ਭਾਵ ਹੈ ਭਗਵਾਨ ਦੇ ਗੁਣਾਂ, ਮਹਾਤਮ ਤੇ ਯਸ਼ ਦਾ ਗਾਇਨ ਕਰਨਾ। ਨਵਧਾ-ਭਗਤੀ ਦੇ ਇਸ ਅੰਗ ਨੂੰ ਮੱਧ ਯੁਗ ਦੇ ਸਾਰੇ ਸੰਤਾਂ-ਭਗਤਾਂ ਨੇ ਆਪਣੀ ਸਾਧਨਾ ਲਈ ਸਵੀਕਾਰ ਕੀਤਾ ਹੈ। ਗੁਰੂ ਨਾਨਕ ਦੇਵ ਜੀ ਨੇ ਹਰਿ ਭਗਤੀ ਵਿਚ ਕੀਰਤਨ ਦੀ ਘੋਸ਼ਣਾ ਕੀਤੀ ਕਿਉਂਕਿ:

ਹਰਿ ਦਿਨੁ ਰੈਨਿ ਕੀਰਤਨੁ ਗਾਈਐ।
ਬਹੁੜਿ ਨ ਜੋਨੀ ਪਾਈਐ। (ਪੰਨਾ 623)

ਜਪੁਜੀ ਸਾਹਿਬ ਵਿਚ ਕੀਰਤਨ ਨੂੰ ਸ੍ਰਵਣ ਤੇ ਮਨਨ ਵਿਚ ਪ੍ਰਥਮ ਸਥਾਨ ਦਿੱਤਾ ਗਿਆ ਹੈ।

ਧਾਰਮਿਕ ਸੱਭਿਆਚਾਰ ਤੋਂ ਅੱਗੇ ਸਮਾਜਿਕ ਸੱਭਿਆਚਾਰ ਵਿਚ ਇਕ ਅਜਿਹੇ ਸੱਭਿਆਚਾਰਕ ਸਮਾਜ ਦੀ ਲੋਚਨਾ ਕੀਤੀ ਹੈ ਜਿਸ ਵਿਚ ਕੋਈ ਜਾਤ-ਪਾਤ ਨਹੀਂ ਹੈ। ਇਕ ਨੂਰ ਤੋਂ ਸਭ ਜਗ ਉਪਜੇ ਹੋਣ ਕਰਕੇ ਸਾਰੇ ਮਨੁੱਖ ਇਕ ਸਮਾਨ ਹਨ। ਗੁਰੂ ਨਾਨਕ ਦੇਵ ਜੀ ਫ਼ੁਰਮਾਉਂਦੇ ਹਨ:

'ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ।
ਅਨਹਤਾ ਸਬਦ ਵਾਜੰਤ ਭੇਰੀ।੧।' ਰਹਾਉ (ਪੰਨਾ 663)

ਅਰਥਾਤ: ਹੇ ਪਰਮਾਤਮਾ! ਅਨਹਦ-ਨਾਦ (ਸੰਗੀਤ ਉਤਪਤੀ) ਦਾ ਸ਼ਬਦ ਹੀ ਆਪਣੇ ਆਪ ਸਾਜ਼ (ਭੇਰੀ) ਵਜਾ ਰਿਹਾ ਹੈ। ਇਹ ਧੂਫ਼ (ਅਗਰਬੱਤੀਆਂ) ਤੇ ਥਾਲੀ-ਫੁੱਲਾਂ ਦੀ ਤੇ ਘਿਉ ਦੀ ਜ਼ਰੂਰਤ ਨਹੀਂ ਹੈ। ਕੁਦਰਤੀ ਫੁੱਲਾਂ ਤੇ ਬਨਸਪਤੀ ਦੀ ਖੁਸ਼ਬੋ ਤਾਂ ਸਾਰੇ ਬ੍ਰਹਿਮੰਡ ਵਿਚ ਹੈ। ਤੇਰੀ ਆਰਤੀ ਤਾਂ ਕੁਦਰਤੀ ਤੌਰ 'ਤੇ ਹੋ ਰਹੀ ਹੈ। ਇਸ ਲਈ ਸਿੱਖ ਪੰਥ ਨੂੰ ਧਰਮ-ਫ਼ਿਲਾਸਫ਼ੀ ਅਤੇ ਕੀਰਤਨ-ਸੰਗੀਤ ਨੂੰ ਹੋਰ ਵਧੇਰੇ ਮਾਨਤਾ ਦੇਣੀ ਚਾਹੀਦੀ ਹੈ।

## ਗੁਰਧਾਮਾਂ ਦੇ ਦਰਸ਼ਨ ਦੀਦਾਰੇ

**(ਸਫਾ 32 ਦੀ ਬਾਕੀ)**

ਵੱਡੀਆਂ-ਵੱਡੀਆਂ ਕਿਤਾਬਾਂ ਪਈਆਂ ਸਨ। ਕਈ ਤਾਂ ਚਾਰ ਭਾਗਾਂ ਵਿਚ ਸਨ। ਥੋੜ੍ਹਾ ਚਿਰ ਸਿਰ ਖਪਾਈ ਕਰਕੇ ਮੈਂ ਕਾਦਿਰ ਨੂੰ ਹੀ ਕਿਹਾ ਕਿ ਇਨ੍ਹਾਂ ਨੂੰ ਕਹੋ ਕਿ ਕੋਈ ਛੋਟੀ ਜਿਹੀ ਕਿਤਾਬ ਲੱਭ ਦੇਣ। ਉਹਦੇ ਕਹਿਣ ਤੇ ਸਟੋਰ ਦਾ ਇਕ ਹੋਰ ਕਰਮਚਾਰੀ ਆ ਗਿਆ, ਸ਼ਾਇਦ ਉਹਨੂੰ ਇਸਲਾਮਿਕ ਕਿਤਾਬਾਂ ਦੀ ਜਿਆਦਾ ਜਾਣਕਾਰੀ ਹੋਵੇਗੀ। ਉਹਨੂੰ ਕਾਦਿਰ ਨੇ ਹੀ ਦੱਸਿਆ ਕਿ ਸਰਦਾਰ ਜੀ ਹਜ਼ਰਤ ਸਾਹਿਬ ਦੇ ਅਸਲੀ ਜੀਵਨ ਬਾਰੇ ਜਾਣਨਾ ਚਾਹੁੰਦੇ ਹਨ। ਉਹਨੇ ਕਈ ਕਿਤਾਬਾਂ ਦੇਖੀਆਂ ਤੇ ਇਕ ਲਿਆ ਕੇ ਆਖਿਆ ਕਿ ਤੁਹਾਡੇ ਮਤਲਬ ਦੀ ਇਹ ਹੈ ਕਿਉਂਕਿ ਇਸਦਾ ਲੇਖਕ ਪ੍ਰੋਫੈਸਰ ਹੈ, ਨਾ ਕਿ ਕੋਈ ਕੱਟੜ ਧਾਰਮਿਕ ਵਿਅਕਤੀ। ਪੰਜਾਬੀ ਵਿਚ ਤਾਂ ਉਸ ਨੇ ਦੱਸਿਆ ਕਿ ਕੋਈ ਮਿਲਣੀ ਨਹੀਂ। ਕਾਊਂਟਰ 'ਤੇ ਜਦੋਂ ਪੈਸੇ ਦਿੱਤੇ ਤਾਂ ਉਹ ਲਿਖੇ ਮੁੱਲ ਨਾਲੋਂ ਘੱਟ ਸਨ, ਇਹਦਾ ਕਾਰਨ ਉਹਨੇ ਇਹ ਦੱਸਿਆ ਕਿ ਸਾਰੀਆਂ ਇਸਲਾਮਿਕ ਕਿਤਾਬਾਂ ਤੇ ਸਰਕਾਰ ਸਬਸਿਡੀ ਦਿੰਦੀ ਹੈ। ਇਹ ਕਿਤਾਬ 'ਪ੍ਰੋ. ਮੁਹੰਮਦ ਜ਼ੁਲਿਫਕਾਰ ਅਲੀ ਅਵਾਨ' ਦੀ ਲਿਖੀ ਹੋਈ ਹੈ।

**(ਬਾਕੀ ਅਗਲੇ ਅੰਕ 'ਚ)**

ਕਹਾਣੀ

# ਇੱਕੀਵੀਂ ਸਦੀ

**ਗੁਰਬਚਨ ਸਿੰਘ ਭੁੱਲਰ**

''ਲਗਦਾ ਐ, ਆਹੂਜੇ ਦੀ ਮਾਂ ਪੂਰੀ ਹੋ ਗਈ'', ਮੇਰੀ ਪਤਨੀ ਨੇ ਬਾਹਰੋਂ ਆ ਕੇ ਮੇਰੇ ਕੋਲ ਖਲੋਂਦਿਆਂ ਕਿਹਾ। ਸਵੇਰੇ-ਸਵੇਰੇ ਅਜਿਹੀ ਖ਼ਬਰ ਬੰਦੇ ਨੂੰ ਸੋਗੀ ਬਣਾ ਦਿੰਦੀ ਹੈ, ਪਰ ਮੈਂ ਅਖਬਾਰ ਪੜ੍ਹ ਰਿਹਾ ਸੀ ਜੋ ਇਸ ਨਾਲੋਂ ਵੱਧ ਸੋਗੀ ਖਬਰਾਂ ਨਾਲ ਭਰਿਆ ਪਿਆ ਸੀ।

ਉਹ ਪਿੰਜਰੇ ਵਿਚ ਫ਼ਸੀ ਹੋਈ ਚੂਹੀ ਨੂੰ ਘਰੋਂ ਦੂਰ ਛੱਡਣ ਗਈ ਸੀ। ਜਦੋਂ ਉਹਨੂੰ ਕਦੀ ਘਰ ਵਿਚ ਚੂਹਾ ਹੋਣ ਦਾ ਸ਼ੱਕ ਪੈਂਦਾ, ਉਹ ਰਾਤ ਨੂੰ ਪਿੰਜਰਾ ਲਾ ਦਿੰਦੀ ਅਤੇ ਆਮ ਕਰਕੇ ਸਵੇਰ ਨੂੰ ਚੂਹਾ ਫਸਿਆ ਪਿਆ ਹੁੰਦਾ। ਸਵੇਰੇ ਉੱਠ ਕੇ ਉਹ ਸੁਵਖ਼ਤੇ ਹੀ ਉਹਨੂੰ ਦੂਰ, ਖਾਲੀ ਮੈਦਾਨ ਵਿਚ ਛੱਡ ਆਉਂਦੀ ਸੀ। ਅੱਜ ਵੀ ਉਹ ਇਸੇ ਤਰ੍ਹਾਂ ਫਸੀ ਹੋਈ ਇੱਕ ਚੂਹੀ ਨੂੰ ਛੱਡ ਕੇ ਮੁੜੀ ਸੀ।

''ਕਿਉਂ? ਰੋਣ-ਚੀਕਣ ਦੇ ਪਖੰਡ ਕਰਦੇ ਨੇ?'' ਮੈਂ ਅਖ਼ਬਾਰ ਤੋਂ ਨਜ਼ਰ ਹਟਾ ਕੇ ਪੁੱਛਿਆ। ਮੈਨੂੰ ਮਰਨ ਵਾਲੀ ਦੇ ਪੁੱਤਰ ਅਤੇ ਨੂੰਹ ਨਾਲ ਉੱਕਾ ਹੀ ਕੋਈ ਹਮਦਰਦੀ ਨਹੀਂ ਸੀ।

''ਰੋਣਾ ਕੀ ਸੁਆਹ ਐ ਉਨ੍ਹਾਂ ਨੇ। ਉਨ੍ਹਾਂ ਦੇ ਮਕਾਨ ਦੇ ਨਾਲ ਵਾਲੇ ਖਾਲੀ ਪਲਾਟ ਵਿਚ ਇਕ ਬਿਸਤਰਾ ਤੇ ਜਨਾਨੇ ਕੱਪੜੇ ਸੁੱਟੇ ਪਏ ਨੇ'', ਉਹਨੇ ਆਪਣੇ ਸ਼ੱਕ ਦਾ ਆਧਾਰ ਦੱਸਿਆ।

ਇਹ ਪਿੰਜਰੇ ਵਿਚ ਫਸੇ ਚੂਹਿਆਂ ਨੂੰ ਜਿਊਂਦੇ ਛੱਡ ਦੇਣ ਦੀ ਵੀ ਇੱਕ ਆਪਣੀ ਹੀ ਕਹਾਣੀ ਸੀ। ਕੁਝ ਸਾਲ ਪਹਿਲਾਂ ਜਦੋਂ ਇਸ ਨਵੀਂ ਕਾਲੋਨੀ ਦੇ ਘਰ ਬਣਨੇ ਸ਼ੁਰੂ ਹੋਏ ਸਨ, ਇਥੇ ਖੇਤ ਸਨ। ਇਕ-ਇਕ ਕਰਕੇ ਮਕਾਨ ਬਣਨੇ ਅਤੇ ਵਸਣੇ ਸ਼ੁਰੂ ਹੋਏ। ਜੋ ਪਲਾਟ ਖ਼ਾਲੀ ਪਏ ਹੁੰਦੇ ਸਨ, ਉਨ੍ਹਾਂ ਵਿਚ ਚੂਹੇ ਵਸਦੇ ਸਨ। ਜਦੋਂ ਦਾਅ ਲਗਦਾ, ਉਹ ਘਰਾਂ ਵਿਚ ਆ ਵੜਦੇ।

ਸਾਡੇ ਇਸ ਮਕਾਨ ਵਿਚ ਨਵੇਂ ਲਿਆਂਦੇ ਪਿੰਜਰੇ ਵਿਚ ਜਦੋਂ ਪਹਿਲਾ ਚੂਹਾ ਫਸਿਆ, ਇਸ ਗੱਲ ਉੱਤੇ ਕਾਫ਼ੀ ਬਹਿਸ ਹੋਈ ਕਿ ਉਹਦਾ ਕੀ ਕੀਤਾ ਜਾਵੇ। ਮੈਂ ਆਪਣਾ ਸੰਕੋਚ ਪ੍ਰਗਟ ਕੀਤਾ, ''ਇਸ ਤਰ੍ਹਾਂ ਚੂਹਾ ਜਿਊਂਦਾ ਤਾਂ ਨਹੀਂ ਛੱਡਣਾ ਚਾਹੀਦਾ। ਪਤਾ ਹੈ, ਸਰਕਾਰੀ ਅੰਕੜਿਆਂ ਮੁਤਾਬਕ ਚੂਹੇ ਲੱਖਾਂ ਮਣ ਅਨਾਜ ਖਾ ਜਾਂਦੇ ਨੇ, ਜੋ ਭੁੱਖੇ ਬੰਦਿਆਂ ਦੇ ਮੂੰਹ ਪੈ ਸਕਦਾ ਹੈ।''

''ਸਰਕਾਰੀ ਅੰਕੜੇ।'' ਮੇਰੀ ਪਤਨੀ ਨੇ ਜਿਵੇਂ ਇਹ ਗੱਲ ਤਲੀ ਉੱਤੇ ਰੱਖ ਕੇ ਫੂਕ ਨਾਲ ਉਡਾ ਦਿੱਤੀ। ''ਤੁਹਾਡਾ ਕੀ ਖ਼ਿਆਲ ਐ, ਜੇ ਚੂਹੇ ਇਹ ਅਨਾਜ ਨਾ ਖਾਣ, ਇਹ ਬੰਦਿਆਂ ਨੂੰ ਖਾਣ ਲਈ ਮਿਲ ਜਾਵੇ? ਇਹ ਸਰਕਾਰੀ ਭੰਡਾਰਾਂ ਵਿਚ ਹੀ ਪਵੇ ਅਤੇ ਇਹਨੂੰ ਸੰਬੰਧਿਤ ਵਿਭਾਗਾਂ ਦੇ ਕਰਤੇ-ਧਰਤੇ ਚੂਹੇ ਬਣ ਕੇ ਖਾਂਦੇ ਰਹਿਣ। ਇਹ ਬਿਚਾਰੇ ਪੂਛਾਂ ਵਾਲੇ ਚੂਹੇ ਤਾਂ ਅਸਲ ਧਾਂਦਲੀਆਂ ਕਰਨ ਵਾਲੇ ਬੇਪੂਛੇ ਚੂਹਿਆਂ ਨੂੰ ਬਚਾਉਣ ਲਈ ਬਦਨਾਮ ਕੀਤੇ ਜਾਂਦੇ ਨੇ।''

ਸੋ ਸਾਡੇ ਨਵੇਂ ਘਰ ਵਿਚ ਫਸਿਆ ਉਹ ਪਹਿਲਾ ਚੂਹਾ ਮਾਰਨ ਦੀ ਥਾਂ ਦੂਰ ਮੈਦਾਨ ਵਿਚ ਜਾ ਕੇ ਜਿਊਂਦਾ ਛੱਡ ਦਿੱਤੇ ਜਾਣ ਦਾ ਫ਼ੈਸਲਾ ਕਰ ਦਿੱਤਾ ਗਿਆ। ਤੇ ਇਸ ਰੀਤ ਦੀ ਪੂਰਤੀ ਕਰਦਿਆਂ ਹੀ ਅੱਜ ਵੀ ਮੇਰੀ ਪਤਨੀ ਇਕ ਜਿਊਂਦੀ ਚੂਹੀ ਨੂੰ ਬਾਹਰ ਛੱਡ ਕੇ ਆਈ ਸੀ।

''ਮੈਂ ਛਾਬੜਿਆਂ ਤੋਂ ਪਤਾ ਕਰਕੇ ਆਵਾਂ? ਮੇਰੀ ਪਤਨੀ ਦੇ ਇਹ ਸ਼ਬਦ ਮੈਨੂੰ ਸਵਾਲ ਵੀ ਸਨ ਅਤੇ ਆਪਣੇ ਆਪ ਨਾਲ ਕੀਤੀ ਸਲਾਹ ਵੀ।

''ਏਨਾ ਸਵੇਰੇ? ਪਤਾ ਨਹੀਂ ਉਹ ਨਵਾਬ ਅਜੇ ਜਾਗੇ ਹੋਣਗੇ ਵੀ ਜਾਂ ਨਹੀਂ,'' ਮੈਂ ਉਤਰ ਦਿੱਤਾ।

ਅਸਲ ਵਿਚ ਇਹੋ ਜਵਾਬ ਉਹਦੇ ਮਨ ਵਿਚ ਵੀ ਸਵਾਲ ਦੇ ਨਾਲ-ਨਾਲ ਹੀ ਆ ਗਿਆ ਸੀ। ਉਹ ਖਾਲੀ ਪਿੰਜਰਾ ਲੈ ਕੇ ਘਰ ਦੇ ਅੰਦਰ ਚਲੀ ਗਈ।

ਆਹੂਜੇ ਦੇ ਨਾਲ ਵਾਲੇ ਘਰ ਸਪੇਅਰ ਪਾਰਟਸ ਵਾਲਾ ਛਾਬੜਾ ਰਹਿੰਦਾ ਸੀ। ਇੱਕ ਤਾਂ ਛਾਬੜਾ-ਪਰਿਵਾਰ ਜਾਗਦਾ ਹੀ ਗੋਡੇ-ਗੋਡੇ ਦਿਨ ਚੜ੍ਹਿਆਂ ਸੀ। ਜਾਗਦੇ ਤਾਂ ਪਤਾ ਨਹੀਂ ਕੌਣ ਸਨ, ਕਹਿੰਦੇ ਉਹ ਇਹੋ ਸਨ। ਉਨ੍ਹਾਂ ਦਾ ਮੱਤ ਸੀ ਕਿ ਬਹੁਤਾ ਸਵੇਰੇ ਤਾਂ ਨਿੱਕੇ-ਮੋਟੇ ਕੰਮਾਂ ਉੱਤੇ ਲੱਗਣ ਵਾਲੇ ਜਾਂ ਨੌਕਰੀਆਂ ਕਰਨ ਵਾਲੇ ਲੋਕ ਜਾਗਦੇ ਸਨ। ਪਰ ਉਹ ਤਾਂ ਮਾਲਕ ਸਨ-ਦੂਜਿਆਂ ਨੂੰ ਨੌਕਰ ਰੱਖਣ ਵਾਲੇ। ਉਨ੍ਹਾਂ ਨੂੰ ਸੁਵਖਤੇ ਜਾਗਣ ਦੀ ਕੀ ਲੋੜ ਸੀ। ਤੇ ਉਨ੍ਹਾਂ ਦੀ ਦੂਜੀ ਅਜੀਬ ਆਦਤ ਇਹ ਸੀ ਕਿ ਬਹੁਤੀ ਵਾਰ ਬਾਹਰ ਖਲੋਤੇ ਆਦਮੀ ਨਾਲ ਲੋਹੇ ਦੇ ਬੰਦ ਗੇਟ ਦੇ ਅੰਦਰੋਂ ਹੀ ਗੱਲ ਕਰਦੇ ਸਨ। ਜੇ ਕਿਸੇ ਭਰਾ ਜੀ ਜਾਂ ਭੈਣ ਜੀ ਵਿਚ ਘਰ ਦੇ ਅੰਦਰ ਪਹੁੰਚਣ ਦੀ ਕੁਝ ਬਹੁਤੀ ਦ੍ਰਿੜਤਾ ਹੁੰਦੀ, ਗੇਟ ਤਦ ਹੀ ਖੁਲ੍ਹਦਾ। ਆਮ ਕਰਕੇ ਤਾਂ ਜਦੋਂ ਗੱਲ ਕਰਨ ਵਾਲੇ ਜਾਂ ਕਰਨ ਵਾਲੀ ਦੇ ਪੈਰ ਪੁੱਠੇ ਮੁੜ ਪੈਂਦੇ ਤਾਂ ਮਿਸਟਰ ਛਾਬੜਾ ਜਾਂ ਮਿਸਿਜ਼ ਛਾਬੜਾ ਮੁਲਾਇਮ ਆਵਾਜ਼ ਵਿਚ ਕਹਿੰਦੇ, ''ਲਊ, ਤੁਸੀਂ ਬਾਹਰੋਂ ਹੀ ਮੁੜ ਚੱਲੇ, ਅੰਦਰ ਤਾਂ ਆਉਂਦੇ, ਦੋ ਘੜੀਆਂ ਬੈਠਦੇ।''

ਇਹ ਸਥਿਤੀ ਅਜਿਹੀ ਹੁੰਦੀ ਸੀ ਕਿ ਬੰਦਾ ਚਾਹੁੰਦਾ ਹੋਇਆ ਵੀ ਉਨ੍ਹਾਂ ਨੂੰ ਕੋਈ ਉੱਤਰ ਨਾ ਦੇ ਸਕਦਾ।

ਜਾਣਾ ਤਾਂ ਅਸਲ ਵਿਚ ਸਾਡਾ ਸਿੱਧਾ ਆਹੂਜੇ ਦੇ ਘਰ ਹੀ ਬਣਦਾ ਸੀ। ਪਰ ਉਹਦੇ ਘਰ ਕੌਣ ਜਾਵੇ? ਉਹਦੇ ਹੀ ਕੀ, ਕਿਸੇ ਦੇ ਘਰ ਵੀ ਸਵੇਰੇ-ਸਵੇਰੇ ਕੌਣ ਜਾਵੇ?

ਸੋ ਆਹੂਜਾ ਤੋਂ ਸਵੇਰੇ ਸਵੇਰੇ ਕਿੱਥੇ ਪੁੱਛਿਆ ਜਾ ਸਕਦਾ ਸੀ ਕਿ ਕੀ ਉਨ੍ਹਾਂ ਦੀ ਮਾਂ ਹੀ ਮਰੀ ਹੈ ਜਾਂ ਇਹ ਲੀੜੇ-ਕੱਪੜੇ ਸੁੱਟਣ ਵਾਲੇ ਹੋ ਜਾਣ ਕਰਕੇ ਸੁੱਟ ਦਿੱਤੇ ਗਏ ਹਨ? ਉਨ੍ਹਾਂ ਨਾਲ ਤਾਂ ਦਿਨ ਨੂੰ ਵੀ ਮੇਲ ਜੋਲ ਕਰਨਾ ਔਖਾ ਸੀ। ਕਿਸੇ ਨੂੰ ਮਿਲ ਕੇ ਉਹ ਖੁਸ਼ ਨਹੀਂ ਸਨ ਹੁੰਦੇ। ਇਸ ਹਾਲਤ ਵਿਚ ਤਾਂ ਉਨ੍ਹਾਂ ਦੇ ਗੁਆਂਢੀ, ਮਿਸਟਰ ਅਤੇ ਮਿਸਿਜ਼ ਛਾਬੜਾ ਹੀ ਕੋਈ ਥਹੁ ਪਤਾ ਦੇ ਸਕਦੇ ਹਨ। ਗੁਆਂਢ ਦੀ ਕੁਝ ਤਾਂ ਸੋਅ ਲੱਗ ਹੀ ਜਾਂਦੀ ਹੈ ਪਰ ਉਹ ਜਾਗਦੇ ਚਿਰਾਕੇ ਸਨ।

ਅਜੀਬ ਸਮਾਂ ਆ ਗਿਆ ਹੈ। ਜੇ ਕਿਸੇ ਦੁਖਦੇ-ਸੁਖਦੇ ਦਾ ਪਤਾ ਲੈਣ ਜਾਣਾ ਹੈ, ਵੇਲਾ ਦੇਖ ਕੇ ਜਾਓ। ਇੱਕ ਤਾਂ ਐਤਵਾਰ ਤੋਂ ਬਿਨਾ ਅਜਿਹੇ ਕੰਮਾਂ ਲਈ ਵਿਹਲ ਹੀ ਕੀਹਨੂੰ ਹੈ। ਤੇ ਐਤਵਾਰ ਨੂੰ ਵੀ ਹੁਣ ਉਹ ਨਾਸ਼ਤਾ ਨਾ ਕਰਦੇ ਹੋਣ, ਹੁਣ ਉਹ ਸੀਰੀਅਲ ਦੇਖਦੇ ਹੋਣਗੇ, ਹੁਣ ਤਾਂ ਰੋਟੀ ਦਾ ਵੇਲਾ ਹੋ ਗਿਆ, ਪਿਛਲੇ ਪਹਿਰ ਤਾਂ ਉਹ ਸੌਂ ਨਾ ਗਏ ਹੋਣ, ਹੁਣ ਤਾਂ ਫਿਲਮ ਚੱਲ ਰਹੀ ਹੈ।

ਦੁਖਦਾ-ਸੁਖਦਾ ਤਾਂ ਇਕ ਪਾਸੇ ਰਿਹਾ, ਮਰੇ ਦੀ ਹਮਦਰਦੀ ਲਈ ਜਾਣ ਵਾਸਤੇ ਵੀ ਵੇਲਾ ਵਿਚਾਰਨਾ ਪੈਂਦਾ ਹੈ। ਇਕ ਪਾਸੇ ਮਰਦ ਇਕ ਦੂਜੇ ਨਾਲ ਸਲਾਹਾਂ ਕਰਦੇ ਹਨ ਕਿ ਕਿੰਨੇ ਵਜੇ ਚੱਲਣਾ ਹੈ ਅਤੇ ਉਸ ਸਮੇਂ ਤੱਕ ਆਪਣੇ-ਆਪਣੇ ਮਕਾਨ ਅੰਦਰ ਵੜ ਜਾਂਦੇ ਹਨ। ਦੂਜੇ ਪਾਸੇ ਔਰਤਾਂ ਜਾਣ ਦਾ ਸਮਾਂ ਨਿਸ਼ਚਿਤ ਕਰਦੀਆਂ ਹਨ ਅਤੇ ਆਪਣੇ-ਆਪਣੇ ਘਰ ਸੂਟ-ਸਾੜ੍ਹੀਆਂ ਛਾਂਟਣ ਤੇ ਕੰਘੀ-ਪੱਟੀ ਕਰਨ ਜਾ ਲਗਦੀਆਂ ਹਨ। ਮੌਤ ਕਿਸੇ ਹੋਰ ਦੇ ਘਰ ਹੋ ਗਈ ਹੈ, ਉਹ ਸੋਗੀ ਕੱਪੜੇ ਕਿਉਂ ਪਾਉਣ। ਇਹ ਵਾਧੂ ਪੁਰਾਣਾ ਰਿਵਾਜ ਛੱਡ ਦਿੱਤਾ ਗਿਆ ਹੈ।

ਹੁਣ ਆਹੂਜੇ ਦੇ ਨਾਲ ਵਾਲੇ ਖਾਲੀ ਪਲਾਟ ਵਿਚ ਇਕ ਬਿਸਤਰਾ ਅਤੇ ਕੁਝ ਜਨਾਨੇ ਕੱਪੜੇ ਸੁੱਟੇ ਪਏ ਹਨ। ਮੇਰੀ ਪਤਨੀ ਦਾ ਕਹਿਣਾ ਹੈ ਕਿ ਆਹੂਜੇ ਦੀ ਮਾਂ ਪੂਰੀ ਹੋ ਗਈ ਹੈ। ਪਰ ਇਹ ਸ਼ੱਕ ਵੀ ਜਾਗਦਾ ਹੈ ਕਿ ਕਿਤੇ ਇਹ ਸਭ ਕੁਝ ਸੁੱਟਣ ਵਾਲਾ ਹੋ ਜਾਣ ਕਰਕੇ ਹੀ ਨਾ ਸੁੱਟ ਦਿੱਤਾ ਗਿਆ ਹੋਵੇ। ਪਹਿਲਾਂ ਕਿਤੋਂ ਇਹ ਤਾਂ ਪਤਾ ਲੱਗੇ ਕਿ ਆਹੂਜੇ ਦੀ ਮਾਂ ਸੱਚਮੁੱਚ ਮਰ ਵੀ ਗਈ ਹੈ ਜਾਂ ਨਹੀਂ। ਉਨ੍ਹਾਂ ਦੇ ਘਰ ਤਾਂ ਸੱਚਮੁੱਚ ਦੀ ਮੌਤ ਕਾਰਨ ਜਾਣਾ ਵੀ ਔਖਾ ਸੀ, ਪਰ ਜੇ ਉਹ ਮਾਈ ਦੀ ਮੌਤ ਤੋਂ ਬਿਨਾ ਹੀ ਹਮਦਰਦੀ ਲਈ ਪੁੱਜ ਗਏ, ਹਾਲਤ ਬਹੁਤ ਕਸੂਤੀ ਹੋ ਜਾਣੀ ਸੀ।

ਉਹ ਵੀ ਸਮਾਂ ਸੀ, ਜਦੋਂ ਦੁਖਦੇ-ਸੁਖਦੇ ਦਾ ਵੇਲਾ ਨਹੀਂ ਸੀ ਦੇਖਿਆ ਜਾਂਦਾ। ਤਾਏ ਸੁਰਜਨ ਸਿੰਘ ਦੀ ਮਾਂ ਬਿਸ਼ਨੀ ਅੰਬੋ ਮੰਜੇ ਉੱਤੇ ਪੈ ਗਈ ਤਾਂ ਆਥਣ-ਉਗਣ, ਦੁਪਹਿਰੇ-ਤਿਪਹਿਰੇ, ਜਦੋਂ ਵੀ ਠੀਕ ਲਗਦਾ, ਉਹਦਾ ਪਤਾ ਲੈਣ ਵਾਲੇ ਆਉਂਦੇ ਰਹਿੰਦੇ। ਤੇ ਜਦੋਂ ਉਹਦੇ ਸਾਹਾਂ ਦੀ ਸੰਗਲੀ ਟੁੱਟੀ, ਸਿਆਲ ਦੀ ਠਰੀ ਹੋਈ ਰਾਤ ਅੱਧੀ ਇੱਧਰ ਸੀ, ਅੱਧੀ ਉੱਧਰ।

ਅਸੀਂ ਤਾਂ ਡੂੰਘੇ ਸੋਤੇ ਉਹਦਾ ਪਤਾ ਲੈ ਕੇ ਆਏ ਸੀ। ਉਹ ਬੇਸੁਰਤੀ ਜਿਹੀ ਵਿਚ ਪਈ ਸੀ, ਪਰ ਸਾਹ ਟਿਕਾਵੇਂ ਆ ਰਹੇ ਸਨ। ਮੇਰੇ ਬਾਪੂ ਨੇ ਇਕ ਹੱਥ ਨਾਲ ਉਹਦਾ ਸਿਰ ਥੋੜ੍ਹਾ ਜਿੰਨਾ ਚੁੱਕ ਕੇ ਦੂਜੇ ਨਾਲ ਥਾਂ-ਥਾਂ ਤੋਂ ਗਿੱਚੀ ਟੋਹੀ ਸੀ। ਫੇਰ ਨਰਮੀ ਨਾਲ ਸਿਰ ਸਰ੍ਹਾਣੇ ਉੱਤੇ ਟਿਕਾਉਂਦਿਆਂ ਕਿਹਾ ਸੀ, ''ਜਿਵੇਂ ਵਾਹਿਗੁਰੂ ਦੀ ਮਰਜ਼ੀ।''

ਘਰ ਮੁੜਦਿਆਂ ਰਾਹ ਵਿਚ ਬਾਪੂ ਬੋਲਿਆ ਸੀ, ''ਗਿੱਚੀ ਠਰੀ ਪਈ ਐ, ਹੁਣ ਚਾਚੀ ਬਹੁਤਾ ਚਿਰ ਨਹੀਂ ਲੰਘਾਉਂਦੀ।''

''ਰੱਬ ਦੇ ਘਰ ਦਾ ਕੀ ਪਤਾ। ਸਾਹ ਤਾਂ ਬਿਲਕੁਲ ਸੌਖੇ ਆ ਰਹੇ ਨੇ। ਪਈ ਰਹੇ ਤਾਂ ਚਾਰ ਦਿਨ ਹੋਰ ਪਈ ਰਹੇ,'' ਸ਼ਾਇਦ ਮਾਂ ਨੂੰ ਅੰਬੋ ਦੀ ਮੌਤ ਦੀ ਕਲਪਨਾ ਚੰਗੀ ਨਹੀਂ ਸੀ ਲੱਗ ਰਹੀ।

''ਨਹੀਂ, ਹੁਣ ਦਿਨਾਂ ਦੀ ਖੇਡ ਨਹੀਂ ਰਹੀ, ਹੁਣ ਤਾਂ ਘੰਟਿਆਂ ਦਾ ਮਾਮਲਾ ਐ'', ਮੇਰੇ ਬਾਪੂ ਨੇ ਨਿਰਾਸ਼ਾ ਨਾਲ ਹੱਥ ਮਾਰਿਆ ਸੀ।

ਮੈਂ ਬੋਲਿਆ ਕੁਝ ਨਾ। ਇਹ ਜਿਊਣ-ਮਰਨ ਦੀਆਂ ਗੱਲਾਂ ਮੇਰੇ ਸਮਝਣ ਤੋਂ ਅਤੇ ਕੁਝ ਬੋਲਣ ਤੋਂ ਬਹੁਤ ਉੱਚੀਆਂ ਸਨ। ਪਰ ਮੇਰੇ ਅੰਦਰ ਕੁਝ ਮਰੋੜਿਆ ਜਿਹਾ ਗਿਆ, ਇਹ ਕੀ? ਅੰਬੋ ਬਿਸ਼ਨੀ ਮਰ ਜਾਵੇਗੀ? ਉਹ ਸਾਡੇ ਘਰਾਂ ਵਿਚੋਂ ਨਹੀਂ ਸੀ, ਪਰ ਮੈਥੋਂ ਤਾਂ ਉਹ ਤੋਂ ਸੱਖਣਾ ਆਪਣਾ ਗਲੀ-ਗੁਆਂਢ ਸੋਚਿਆ-ਕਲਪਿਆ ਨਹੀਂ ਸੀ ਜਾਂਦਾ। ਤੇ ਸਾਨੂੰ ਸਾਰਿਆਂ ਨੂੰ ਸੁੱਤਿਆਂ ਪਤਾ ਨਹੀਂ ਕਿੰਨਾ ਕੁ ਸਮਾਂ ਹੋਇਆ ਹੋਵੇਗਾ, ਜਦੋਂ ਮੇਰੇ ਬਾਪੂ ਨੂੰ ਮੇਰੀ ਮਾਂ ਝੰਜੋੜਦੀ ਹੋਈ ਬੋਲੀ, ''ਮੈਂ ਕਿਹਾ ਜੀ, ਉੱਠੋ। ਲਗਦਾ ਐ, ਅੰਬੋ ਬਿਸ਼ਨੀ ਪੂਰੀ ਹੋ ਗਈ। ਵੈਣ ਤਾਂ ਭੈਣ ਸ਼ਾਮ ਕੁਰ ਦੇ ਲਗਦੇ ਨੇ।''

ਮੇਰੀ ਅੱਖ ਵੀ ਨਾਲ ਹੀ ਖੁਲ੍ਹ ਗਈ।

''ਵਾਹਿਗੁਰੂ, ਵਾਹਿਗੁਰੂ'', ਕਹਿੰਦਾ ਮੇਰਾ ਬਾਪੂ ਉੱਠ ਖਲੋਤਾ। ਉਹਨੇ ਲਾਲਟੈਨ ਬਾਲ ਦਿੱਤੀ ਅਤੇ ਬੋਲਿਆ, ''ਹਾਂ, ਬੋਲ ਤਾਂ ਭਾਬੀ ਸ਼ਾਮ ਕੁਰ ਦਾ ਹੀ ਐ।''

ਮੈਂ ਰਜਾਈ ਵਿਚੋਂ ਨਿਕਲ ਕੇ ਜੁੱਤੇ ਪਾਉਣ ਲੱਗ ਪਿਆ।

''ਲੈ ਇਹਨੂੰ ਦੇਖੋ'', ਮਾਂ ਬੋਲੀ , ''ਵੇ ਤੂੰ ਕਿਧਰ ਤੁਰ ਪਿਆਂ ?''

''ਮੈਂ ਵੀ ਚੱਲੂਗਾਂ'' ਮੈਂ ਓਦਰੇ ਜਿਹੇ ਨਾਲ ਜਵਾਬ ਦਿੱਤਾ। ਮੇਰਾ ਤਾਂ ਰੋਣ ਨਿਕਲਣ ਵਾਲਾ ਹੋਇਆ ਪਿਆ ਸੀ।

''ਕਾਕਾ, ਤੂੰ ਕਿੱਧਰ ਚਲਣਾ ਐ,'' ਬਾਪੂ ਬੋਲਿਆ, ''ਘਰੇ ਰਹਿ। ਬੇਬੇ ਨਾਲ ਪੈ ਜਾ।'' ਮੈਂ ਆਪਣੀ ਦਾਦੀ ਨੂੰ ਬਾਪੂ ਦੀ ਰੀਸ ਨਾਲ ਬੇਬੇ ਹੀ ਆਖਦਾ ਸੀ।

''ਮੁੰਡਿਓ, ਮੇਰੀ ਸੋਟੀ ਕਿੱਥੇ ਐ'', ਬੇਬੇ ਦਾ ਗਲ ਭਰਿਆ ਪਿਆ ਸੀ। ''ਗਈ ਭੈਣ ਬਿਸ਼ਨੋ! ਮੇਰੀ ਬਾਂਹ ਫੜ੍ਹ ਕੇ ਲੈ ਚੱਲੋ ਭਾਈ, ਔਖੇ-ਸੌਖੇ। ਮੈਥੋਂ ਨਹੀਂ ਹੁਣ ਪਿਆ ਜਾਂਦਾ। ਹੁਣ ਪੈਣਾ ਕਿੱਥੇ!''

ਇਸ ਪਿੱਛੋਂ ਮਾਂ ਅਤੇ ਬਾਪੂ ਦਾਦੀ ਨੂੰ ਜਾਂ ਮੈਨੂੰ ਰੋਕਣ ਲਈ ਕੁਝ ਨਹੀਂ ਬੋਲੇ। ਸਾਂ-ਸਾਂ ਕਰਦੀ ਰਾਤ ਵਿਚ ਅਸੀਂ ਸਾਰੇ ਗਏ ਤਾਂ ਤਾਏ ਸੁਰਜਨ ਸਿੰਘ ਦਾ ਦਰਵਾਜ਼ਾ ਚੁਪੱਟ ਖੁਲ੍ਹਾ ਪਿਆ ਸੀ। ਅੰਬੋ ਬਿਸ਼ਨੀ ਭੁੰਜੇ ਲਾਹੀ ਪਈ ਸੀ ਅਤੇ ਉਹਦੇ ਸਿਰ ਵਲ ਬਠਲੀ ਵਿਚ ਧੂਫ਼ ਧੁਖ ਰਹੀ ਸੀ। ਨੇੜੇ ਦੇ ਘਰਾਂ ਵਾਲੇ ਲੋਕ ਪਹਿਲਾਂ ਹੀ ਇਕੱਠੇ ਹੋਏ ਬੈਠੇ ਸਨ। ਇਕ-ਇਕ ਕਰਕੇ ਹੋਰ ਲੋਕ ਆ ਰਹੇ ਸਨ। ਉਨ੍ਹਾਂ ਦੇ ਬੈਠਣ ਲਈ ਮੰਜੇ-ਬਿਸਤਰੇ ਅਤੇ ਘਰ ਦੀਆਂ ਹੋਰ ਚੀਜ਼ਾਂ-ਵਸਤਾਂ ਇਧਰ ਉਧਰ ਸਮੇਟਦਿਆਂ ਭੁੰਜੇ ਦਰੀਆਂ ਖੇਸ ਵਿਛਾ ਕੇ ਥਾਂ ਬਣਾਈ ਜਾ ਰਹੀ ਸੀ। ਰਾਤੋ-ਰਾਤ ਰਿਸ਼ਤੇਦਾਰੀਆਂ ਵਾਲੇ ਪਿੰਡਾਂ ਵਿਚ ਪਤਾ ਕਰਨ ਲਈ ਗੱਭਰੂ ਮੁੰਡੇ ਵਿਉਂਤ ਬਣਾ ਕੇ ਆਪਣੇ ਆਪ ਤੁਰ ਰਹੇ ਸਨ। ਉਸ ਪਿੱਛੋਂ ਸਾਰੀ ਰਾਤ ਕਿਸੇ ਨੇ ਅੱਖ ਨਹੀਂ ਸੀ ਲਾਈ। ਤੇ ਸਭ ਦੀਆਂ ਗੱਲਾਂ ਦਾ ਇੱਕੋ ਵਿਸ਼ਾ ਸੀ-ਅੰਬੋ ਬਿਸ਼ਨੀ।

''ਉਹ ਤਾਂ ਸਾਰੇ ਘਰਾਂ ਨੂੰ ਹੀ ਆਪਣੇ ਸਮਝਦੀ ਸੀ।''

''ਕਿਸੇ ਦੇ ਕੋਈ ਦੁਖ-ਸੁਖ ਹੋਇਆ ਨਹੀਂ, ਅੰਬੋ ਡੰਗੋਰੀ ਫੜ ਕੇ ਪਹੁੰਚੀ ਨਹੀਂ।''

''ਮੇਰੇ ਗੁਰਜੰਟੇ ਦਾ ਵਿਆਹ ਹੋਇਆ, ਮੈਂ ਤਾਂ ਮਠਿਆਈ ਵਾਲੀ ਕੋਠੜੀ ਦੀਆਂ ਕੁੰਜੀਆਂ ਅੰਬੋ ਨੂੰ ਫੜ੍ਹਾ ਕੇ ਬੇਫ਼ਿਕਰ ਹੋ ਗਈ।''

''ਸਾਡੇ ਛੋਟੇ ਦਾ ਤਾਪ ਜਦੋਂ ਬਹੁਤ ਵਧ ਗਿਆ, ਮੁੰਡਾ ਹੂੰਗਰਾਂ ਮਾਰੇ, ਨਾਲੇ ਰੋਵੇ ਹੀ ਰੋਵੇ। ਅੰਬੋ ਸਾਰੀ ਰਾਤ ਉਹਨੂੰ ਬੁੱਕਲ ਵਿਚ ਪਾ ਕੇ ਹਿਲਾਉਂਦੀ ਰਹੀ। ਤੇ ਮੁੰਡਾ ਵੀ ਅੰਬੋ ਦੀ ਬੁੱਕਲ ਵਿਚ ਜਾਂਦਾ ਹੀ ਚੁੱਪ ਕਰ ਗਿਆ।'' ਅੰਬੋ ਬਿਸ਼ਨੀ ਬਾਰੇ ਨਾ ਮੁੱਕਣ ਵਾਲੀਆਂ ਇਨ੍ਹਾਂ ਗੱਲਾਂ ਵਿਚ ਹੀ ਸੁਸਤ ਚਾਲ ਚਲਦੀ ਉਦਾਸੀ ਹੋਈ ਸਵੇਰ ਆਈ।

ਤੇ ਹੁਣ ਇਹ ਵੀ ਪਤਾ ਨਹੀਂ ਸੀ ਕਿ ਆਹੂਜੇ ਦੀ ਮਾਂ ਮਰੀ ਹੈ ਜਾ ਬੱਸ ਉਹਦੇ ਲੀੜੇ ਕੱਪੜੇ ਹੀ ਬਦਲ ਦਿੱਤੇ ਗਏ ਹਨ? ਜੇ ਮਰੀ ਹੈ ਤਾਂ ਕਦੋਂ ਮਰੀ ਹੈ? ਉਹਨੂੰ ਨੁਆਉਣ-ਧੁਆਉਣ ਦੀ, ਉਹਦੀ ਮਿੱਟੀ ਸਮੇਟਣ ਦੀ ਕੀ ਸਲਾਹ ਬਣੀ ਹੈ?

ਉਂਜ ਤਾਂ ਬਿਚਾਰੀ ਦਾ ਛੁਟਕਾਰਾ ਹੀ ਹੋਇਆ। ਇੱਕ ਦਿਨ ਸੰਗਮਰਮਰ ਦੀਆਂ ਪੌੜੀਆਂ ਤੋਂ ਅਜਿਹੀ ਤਿਲਕੀ ਸੀ ਕਿ ਮੰਜੇ ਨਾਲ ਮੰਜਾ ਹੋ ਰਹੀ ਸੀ। ਇਕ ਪੌੜੀ ਦੀ ਨੁੱਕਰ ਉਹਦੇ ਰੁੜ੍ਹਦੀ ਆਉਂਦੀ ਦੇ ਰੀੜ੍ਹ ਦੀ ਹੱਡੀ ਵਿਚ ਚੁਭ ਗਈ ਅਤੇ ਦੋਵੇਂ ਲੱਤਾਂ ਕੰਮ ਕਰਨੋਂ ਹਟ ਗਈਆਂ। ਉਹ ਸਹਾਰੇ ਤੋਂ ਬਿਨਾ ਉੱਠ-ਬੈਠ ਵੀ ਨਹੀਂ ਸੀ ਸਕਦੀ। ਪਾਸਾ ਵੀ ਨਹੀਂ ਸੀ ਬਦਲ ਸਕਦੀ। ਇਕ ਪਲ ਵਿਚ ਉਹ ਹੀਣੀ ਬਣ ਕੇ ਰਹਿ ਗਈ ਸੀ, ਜਿਸਨੂੰ ਹੁਣ ਬਾਕੀ ਉਮਰ ਦੂਜਿਆਂ ਉੱਤੇ ਹੀ ਨਿਰਭਰ ਕਰਨਾ ਪੈਣਾ ਸੀ।

ਸੱਟ ਦਾ ਪਤਾ ਲੱਗਣ ਉੱਤੇ ਸਾਡੀ ਗਲੀ ਦੀਆਂ ਤਿੰਨ-ਚਾਰ ਜਨਾਨੀਆਂ ਇਕੱਠੀਆਂ ਹੋ ਕੇ ਗਈਆਂ ਸਨ। ਘੰਟੀ ਵਜਾਈ ਤਾਂ ਕੁਝ ਸਮੇਂ ਮਗਰੋਂ ਨੌਕਰ ਆਇਆ ਸੀ ਅਤੇ ਗੇਟ ਖੋਲ੍ਹੇ ਬਿਨਾ ਤੇ ਕੁਝ ਪੁੱਛੇ ਜਾਂ ਸੁਣੇ ਬਿਨਾਂ ਆਪ ਹੀ ਬੋਲਿਆ ਸੀ, ''ਮਾਤਾ ਜੀ ਤੋਂ ਸੋਏ ਹੂਏ ਹੈਂ। ਅਬ ਠੀਕ ਹੈਂ। ਬੀਬੀ ਜੀ ਨ੍ਹਾ ਰਹੇ ਹੈਂ।''

ਗੇਟ ਖੋਲ੍ਹਣ ਦਾ ਉਹਦਾ ਕੋਈ ਇਰਾਦਾ ਨਹੀਂ ਸੀ। ਉੱਪਰੋਂ ਭਾਣਾ ਇਹ ਵਰਤਿਆ ਕਿ ਘੰਟੀ ਵਜਾਈ ਤੋਂ ਆਇਆ ਭਾਵੇਂ ਨੌਕਰ ਸੀ, ਪਰ ਮਿਸਿਜ਼ ਆਹੂਜਾ ਨੇ ਵੀ ਡਰਾਇੰਗ ਰੂਮ ਦੇ ਪਰਦੇ ਪਿੱਛੋਂ ਬਾਹਰ ਦੇਖਿਆ ਸੀ ਅਤੇ ਉਹ ਅਜਿਹਾ ਕਰਦੀ ਉਨ੍ਹਾਂ ਸਾਰੀਆਂ ਨੇ ਦੇਖ ਲਈ ਸੀ। ਉਹ ਦਿਨ ਸੋ ਉਹ ਦਿਨ, ਫੇਰ ਕਿਸੇ ਨੇ ਆਹੂਜੇ ਦੀ ਮਾਂ ਦਾ ਪਤਾ ਲੈਣ ਲਈ ਉਨ੍ਹਾਂ ਦੇ ਘਰ ਵਲ ਮੂੰਹ ਨਹੀਂ ਸੀ ਕੀਤਾ।

ਆਹੂਜੇ ਦਾ ਪਹਿਲੇ ਦਿਨੋਂ ਹੀ ਕਿਸੇ ਨਾਲ ਵੀ ਕੋਈ ਬਹੁਤਾ ਵਾਹ-ਵਾਸਤਾ ਨਹੀਂ ਸੀ। ਜਦੋਂ ਉਹਨੇ ਮਕਾਨ ਪਾਇਆ, ਕੰਮ ਠੇਕੇਦਾਰ ਨੂੰ ਸੌਂਪਿਆ ਹੋਇਆ ਸੀ। ਨਿਗਰਾਨੀ ਲਈ ਅਤੇ ਚੀਜ਼ਾਂ ਖਰੀਦ ਕੇ ਦੇਣ ਲਈ ਉਹਦੀ ਫੈਕਟਰੀ ਵਿਚੋਂ ਹੀ ਬੰਦੇ ਆ ਜਾਂਦੇ ਸਨ। ਬੱਸ ਉਹ ਕਦੀ-ਕਦਾਈਂ ਚੱਕਰ ਮਾਰਦਾ ਅਤੇ ਕਿਸੇ ਨਾਲ ਮਿਲਣ-ਬੋਲਣ ਦੀ ਕੋਈ ਰੁਚੀ ਦਿਖਾਏ ਬਿਨਾ ਆਪਣਾ ਕੰਮ ਕਰ ਕੇ ਪਰਤ ਜਾਂਦਾ।

ਪਹਿਲਾਂ ਤੋਂ ਵਸੇ ਹੋਏ ਲੋਕ ਇੱਕ ਨਵੇਂ ਗੁਆਂਢੀ ਦੀ ਆਉਂਦ ਬਾਰੇ ਥੋੜ੍ਹੇ ਉਤਸੁਕ ਤਾਂ ਹੁੰਦੇ, ਪਰ ਬਿਲਕੁਲ ਹੀ ਇੱਕ-ਪੱਖੀ ਹੋ ਕੇ ਉਹ ਵੀ ''ਤੂੰ-ਕੌਣ, ਮੈਂ ਖਾਹਮਖਾਹ'' ਵਾਲੀ ਹਾਲਤ ਵਿਚ ਨਹੀਂ ਸਨ ਪੈਣਾ ਚਾਹੁੰਦੇ।

ਪਹਿਲਾਂ ਆਹੂਜਾ ਦੀ ਕੋਠੀ ਦਾ ਬੇਸਮੈਂਟ ਬਣਿਆ ਅਤੇ ਫੇਰ ਕੋਠੀ ਉਸਰੀ। ਇੰਡਸਟਰੀਅਲ ਏਰੀਏ ਵਿਚ ਉਹਦੀ ਸਟੇਨਲੈੱਸ ਸਟੀਲ ਦੇ ਬਰਤਨਾਂ ਦੀ ਫੈਕਟਰੀ ਸੀ। ਇਹ ਬੇਸਮੈਂਟ ਉਹਨੇ ਸਟੀਲ ਦੀਆਂ ਚਾਦਰਾਂ ਦੇ ਰੂਪ ਵਿਚ ਕੱਚਾ ਮਾਲ ਰੱਖਣ ਲਈ ਬਣਾਇਆ ਸੀ। ਜਦੋਂ ਓਹਨੇ ਇੱਥੇ ਰਹਿਣਾ ਸ਼ੁਰੂ ਕੀਤਾ, ਅਕਸਰ ਹੀ ਉਹਦੀ ਫ਼ੈਕਟਰੀ ਦਾ ਟੈਂਪੂ ਆਉਂਦਾ। ਕਦੀ ਉਹ ਨਵੀਆਂ ਖ਼ਰੀਦੀਆਂ ਚਾਦਰਾਂ ਰੱਖ ਜਾਂਦਾ ਅਤੇ ਕਦੀ ਬਰਤਨ ਬਣਾਉਣ ਲਈ ਉਨ੍ਹਾਂ ਨੂੰ ਲੈ ਆਉਂਦਾ ਅਤੇ ਕਦੀ ਕਿਸੇ ਗਾਹਕ ਦੁਕਾਨਦਾਰ ਦੀ ਮੰਗ ਪੂਰੀ ਕਰਨ ਲਈ ਉਹ ਬਰਤਨ ਚੁੱਕ ਲਿਜਾਂਦਾ।

ਜਿਸ ਦਿਨ ਆਹੂਜਾ ਨੇ ਇੱਥੇ ਵਸਣਾ ਸ਼ੁਰੂ ਕੀਤਾ, ਕੁਝ ਧਾਰਮਿਕ ਰਸਮਾਂ ਕੀਤੀਆਂ ਗਈਆਂ ਅਤੇ ਮਹਿਮਾਨਾਂ ਨੂੰ ਖਾਣ-ਪਾਣ ਕਰਵਾਇਆ ਗਿਆ। ਬਹੁਤੇ ਲੋਕ ਤਾਂ ਓਪਰੇ ਹੀ ਸਨ। ਸ਼ਾਇਦ ਉਹ ਉਹਦੇ ਕਾਰੋਬਾਰੀ ਵਰਤੋਂ-ਵਿਹਾਰ ਵਾਲੇ ਲੋਕ ਸਨ। ਹੋ ਸਕਦਾ ਹੈ, ਕੁਝ ਉਹਦੇ ਪਹਿਲਾਂ ਦੇ ਗੁਆਂਢੀ ਹੋਣ। ਪਰ ਇਹ ਸੰਭਾਵਨਾ ਘੱਟ ਹੀ ਸੀ। ਆਂਢ-ਗੁਆਂਢ ਨਾਲ ਵਰਤੋਂ ਵਿਹਾਰ ਦੀ ਸੀਮਾ ਆਹੂਜਾ ਨੇ ਉਸੇ ਦਿਨ ਸਪੱਸ਼ਟ ਕਰ ਦਿੱਤੀ ਸੀ। ਬਿਲਕੁਲ ਨੇੜੇ ਦੇ ਦੋ-ਚਾਰ ਗੁਆਂਢੀਆਂ ਨੂੰ ਉਹਦੇ ਨੌਕਰ ਨੇ ਘੰਟੀ ਵਜਾ ਕੇ ਕਾਰਡ ਹੱਥੀਂ ਫੜ੍ਹਾ ਦਿੱਤੇ ਸਨ। ਗਲੀ ਦੇ ਬਾਕੀ ਲੋਕਾਂ ਦੇ ਕਾਰਡ ਉਨ੍ਹਾਂ ਦੇ ਲੈਟਰ-ਬਾਕਸਾਂ ਵਿਚ ਸੁੱਟ ਦਿੱਤੇ ਗਏ ਸਨ। ਅੱਗੇ ਪਿੱਛੇ ਦੀਆਂ ਇਹ ਦੋ ਗਲੀਆਂ ਛੱਡ ਕੇ ਉਹਨੇ ਕਾਲੋਨੀ ਵਿਚ ਕਿਸੇ ਹੋਰ ਨੂੰ ਕਾਰਡ ਨਹੀਂ ਸੀ ਦਿੱਤਾ।

ਤੇ ਲੋਕ ਏਨੇ ਭੋਲੇ ਤਾਂ ਹੈ ਨਹੀਂ ਕਿ ਕਾਰਡ ਭੇਜਣ ਦੇ ਢੰਗ ਤੋਂ ਉਹਦੇ ਅਰਥ ਨਾ ਸਮਝਦੇ ਹੋਣ। ਇਹੋ ਢੰਗ ਹੀ ਤਾਂ ਸਪੱਸ਼ਟ ਕਰਦਾ ਹੈ ਕਿ ਬੁਲਾਉਣ ਵਾਲਾ ਬੁਲਾਏ ਜਾਣ ਵਾਲੇ ਨੂੰ ਸੱਚ-ਮੁੱਚ ਬੁਲਾ ਰਿਹਾ ਹੈ ਜਾਂ ਐਵੇਂ ਕੰਡਿਆਂ ਉੱਤੋਂ ਦੀ ਘੜੀਸ ਰਿਹਾ ਹੈ। ਤੇ ਜੇ ਬੁਲਾ ਰਿਹਾ ਹੈ ਤਾਂ ਕਿੰਨੇ ਕੁ ਆਦਰ-ਮਾਣ ਨਾਲ।

ਸੋ ਨੌਕਰ ਹੱਥ ਭੇਜੇ ਜਾਂ ਲੈਟਰ-ਬਾਕਸਾਂ ਵਿਚ ਸੁਟਵਾਏ ਆਹੂਜਾ ਦੇ ਕਾਰਡਾਂ ਉੱਤੇ ਕੌਣ ਜਾਂਦਾ। ਬਹੁਤਿਆਂ ਦਾ ਜਵਾਬ, ਜੋ ਉਹਦੀ ਪਿੱਠ ਪਿੱਛੇ ਹੀ ਦਿੱਤਾ ਗਿਆ, ਇਹੋ ਸੀ ਕਿ ਕੋਈ ਕਿਸੇ ਦੇ ਖਾਣ ਦਾ ਭੁੱਖਾ ਥੋੜ੍ਹੇ ਹੁੰਦਾ ਹੈ। ਸਭ ਹੀ ਆਪਣੇ-ਆਪਣੇ ਘਰ ਰਾਣੀ ਖਾਂ ਹਨ। ਪਰ ਬਿਲਕੁਲ ਨੇੜੇ ਦੇ ਗੁਆਂਢੀਆਂ ਨੂੰ ਅਜਿਹੇ ਸਮੇਂ ਇਹ ਵੀ ਸੋਚਣਾ ਪੈਂਦਾ ਹੈ, ਕੀ ਪਤਾ ਕਦੋਂ ਕੀਹਨੂੰ ਕੀਹਦੀ ਲੋੜ ਪੈ ਜਾਵੇ। ਚਲੋ, ਇਹ ਤਾਂ ਜਿਸ ਅਕਲ ਦਾ ਮਾਲਕ ਹੈ, ਉਹਦਾ ਵਿਖਾਵਾ ਇਹਨੇ ਕਰ ਦਿੱਤਾ, ਆਪਾਂ ਇਹਦੇ ਵਰਗੇ ਹੋਛੇ ਕਿਉਂ ਬਣੀਏ। ਗੁਆਂਢ-ਮੱਥੇ ਜਾਣਾ ਹੀ ਬਣਦਾ ਹੈ।

ਹੁਣ ਉਹਦੀ ਮਾਂ ਮਰੀ ਤੇ ਗੁਆਂਢ-ਮੱਥੇ ਜਾਣਾ ਹੋਰ ਵੀ ਬਣਦਾ ਸੀ। ਕਹਿੰਦੇ ਹਨ, ਖੁਸ਼ੀ ਦੇ ਮੌਕੇ ਕਿਸੇ ਦੇ ਜਾਣ ਤੋਂ ਤਾਂ ਬੰਦਾ ਬੇਸ਼ੱਕ ਖੁੰਝ ਜਾਵੇ, ਪਰ ਗਮੀ ਦੇ ਮੌਕੇ ਕਦੀ ਪਿੱਛੇ ਨਹੀਂ ਰਹਿਣਾ ਚਾਹੀਦਾ। ਖੁਸ਼ੀ ਦੇ ਮੌਕੇ ਤਾਂ ਉਤਸ਼ਾਹ ਹੋਣ ਸਦਕਾ ਆਪਣਾ ਕੰਮ ਨਿਭਾਉਣਾ ਕਿਸੇ ਲਈ ਵੀ ਔਖਾ ਨਹੀਂ ਹੁੰਦਾ, ਪਰ ਗ਼ਮੀ ਦੇ ਮੌਕੇ ਚਾਰ ਬੰਦੇ ਅਰਥੀ ਨੂੰ ਮੋਢਾ ਦੇਣ ਵਾਲੇ ਹੀ ਚਾਹੀਦੇ ਹਨ।

ਮੇਰੀ ਪਤਨੀ ਨੇ ਮੈਨੂੰ ਚਾਹ ਫੜ੍ਹਾ ਕੇ ਆਪਣੀ ਪਿਆਲੀ ਮੂੰਹ ਨੂੰ ਲਾਈ ਤਾਂ ਮੈਂ ਆਖਿਆ, ''ਚਾਹ ਪੀ ਕੇ ਆਪਾਂ ਛਾਬੜੇ ਤੋਂ ਪੁੱਛ ਹੀ ਆਈਏ। ਹੁਣ ਤੱਕ ਤਾਂ ਜਾਗ ਪਏ ਹੋਣਗੇ।''

''ਚੱਲੋ, ਚੱਲ ਆਉਂਦੇ ਹਾਂ'', ਉਹ ਅੱਧ-ਮੰਨੇ ਜਿਹੇ ਮਨ ਨਾਲ ਬੋਲੀ। ''ਉਨ੍ਹਾਂ ਤੋਂ ਕਿਹੜਾ ਫਟਾ-ਫਟ ਪਤਾ ਲੱਗ ਜਾਣਾ ਹੈ। ਤੁਹਾਡੇ ਯਾਦ ਹੈ ਨਾ ਜਦੋਂ ਇਸੇ ਮਾਤਾ ਦਾ ਚੀਕ ਚਿਹਾੜਾ ਸੁਣ ਕੇ...''

ਹਾਂ, ਮੈਨੂੰ ਉਹ ਘਟਨਾ ਪੂਰੀ ਦੀ ਪੂਰੀ ਯਾਦ ਸੀ। ਉਸ ਦਿਨ ਆਹੂਜਾ ਦੀ ਕੋਠੀ ਦੀ ਪਿਛਲੀ ਖਿੜਕੀ ਪਤਾ ਨਹੀਂ ਕਿਵੇਂ ਖੁੱਲ੍ਹੀ ਰਹਿ ਗਈ ਸੀ ਅਤੇ ਸਾਨੂੰ ਮਾਈ ਦੇ ਚੀਕਣ ਦੀਆਂ ਆਵਾਜ਼ਾਂ ਸੁਣ ਗਈਆਂ ਸਨ। ਜਿਵੇਂ ਉਹ ਬਹੁਤ ਔਖੀ ਹੋਵੇ ਜਾਂ ਕਿਸੇ ਕਾਰਨ ਜਿਵੇਂ ਕੋਈ ਉਹਨੂੰ ਖਿੱਚ-ਧੂਹ ਕਰ ਰਿਹਾ ਹੋਵੇ ਜਾਂ ਜਿਵੇਂ ਉਹ ਰੱਬ ਅੱਗੇ ਕੂਕ ਰਹੀ ਹੋਵੇ, ਫਰਿਆਦ ਕਰ ਰਹੀ ਹੋਵੇ।

ਮਾਈ ਦੀਆਂ ਕੂਕਾਂ ਦੇ ਖਿੱਚੇ ਅਸੀਂ ਦੋਵੇਂ ਉੱਠੇ। ਇਨ੍ਹਾਂ ਕੂਕਾਂ ਦਾ ਕਾਰਨ ਜਾਣਨ ਲਈ ਸਿੱਧੇ ਆਹੂਜਾ ਦੇ ਘਰ ਜਾਣ ਦਾ ਤਾਂ ਸਵਾਲ ਹੀ ਨਹੀਂ ਸੀ, ਅਸੀਂ ਛਾਬੜਾ ਦੇ ਘਰ ਚਲੇ ਗਏ। ਛਾਬੜਾ ਬਹੁਤ ਦਬਵੀਂ ਆਵਾਜ਼ ਵਿਚ ਬੋਲਿਆ, ''ਛੱਡੋ, ਭਾਈ ਸਾਹਿਬ, ਤੁਸੀਂ ਰਤਾ ਹਟਵੇਂ ਹੋ ਅਤੇ ਉਧਰ ਇਨ੍ਹਾਂ ਦੇ ਬੂਹੇ-ਬਾਰੀਆਂ ਬੰਦ ਹੀ ਰਹਿੰਦੇ ਨੇ। ਸਾਡੀ ਤਾਂ ਕੰਧ ਸਾਂਝੀ ਹੈ। ਅਸੀਂ ਤਾਂ ਇਹ ਸਭ ਸਿੱਧਾ-ਅਸਿੱਧਾ ਸੁਣਦੇ ਹੀ ਰਹਿੰਦੇ ਹਾਂ।''

ਮਿਸਿਜ਼ ਛਾਬੜਾ ਦਾ ਕਹਿਣਾ ਸੀ ਕਿ ''ਮਾਈ ਕਈ ਵਾਰ ਕੱਪੜੇ ਗੰਦੇ ਕਰ ਦਿੰਦੀ ਹੈ। ਆਪ ਤਾਂ ਆਹੂਜਾ ਜੋ ਚੰਗਾ-ਮੰਦਾ ਬੋਲਦਾ ਹੈ, ਮੂੰਹੋਂ ਹੀ ਬੋਲਦਾ ਹੈ, ਪਰ ਉਹਦੀ ਜਨਾਨੀ ਤਾਂ ਬੁੱਢੀ ਦੀਆਂ ਬਾਹਾਂ ਮਰੋੜਨ ਤੱਕ ਜਾਂਦੀ ਹੈ।''

ਉਹਨੂੰ ਇਹ ਸਾਰੀ ਜਾਣਕਾਰੀ ਆਹੂਜੇ ਦੀ ਨੌਕਰਾਣੀ ਤੋਂ ਮਿਲੀ ਸੀ। ਇਕ ਦਿਨ ਜੋੜੀ ਤਾਂ ਬਾਲ-ਬੱਚੇ ਸਮੇਤ ਕਿਧਰੇ ਗਈ ਹੋਈ ਸੀ। ਘਰ ਵਿਚ ਸਨ ਕੇਵਲ ਮਾਤਾ ਅਤੇ ਨੌਕਰਾਣੀ। ਮਿਸਿਜ਼ ਛਾਬੜਾ ਨੇ ਪਨੀਰ ਦੇ ਪਕੌੜੇ ਕੱਢ ਕੇ ਵਿਹੜੇ ਵਿਚ ਫਿਰਦੀ ਨੌਕਰਾਣੀ ਨੂੰ ਬੁਲਾ ਲਿਆ। ਮਾਤਾ ਤਾਂ ਨਾ-ਹੋਇਆਂ ਵਰਗੀ ਸੀ। ਘਰੇ ਹੋਰ ਕੋਈ ਵੀ ਨਾ ਹੋਣ ਦੇ ਬਾਵਜੂਦ ਉਹ ਚਾਰ-ਚੁਫੇਰੇ ਦੇਖਦੀ ਹੋਈ ਆਈ ਸੀ। ਉਹਨੂੰ ਹਦਾਇਤ ਸੀ ਕਿ ਉਹਨੇ ਨਾ ਕਿਸੇ ਦੇ ਘਰ ਆਉਣਾ ਜਾਣਾ ਹੈ ਅਤੇ ਨਾ ਕਿਸੇ ਦੇ ਨਾਲ ਕੋਈ ਗੱਲ ਕਰਨੀ ਹੈ। ਪਰ ਸੀ ਤਾਂ ਆਖ਼ਰ ਬਿਚਾਰੀ ਰੱਬ ਦਾ ਜੀਅ। ਅੰਨ੍ਹ ਖਾਂਦੀ ਸੀ ਤਾਂ ਮਨ ਵਿਚ ਇੱਛਾਵਾਂ ਪੈਦਾ ਹੁੰਦੀਆਂ ਸਨ। ਕਦੀ ਤਾਂ ਕਿਸੇ ਨਾਲ ਬੋਲਣ ਨੂੰ, ਗੱਲ ਕਰਨ ਨੂੰ ਦਿਲ ਕਰਦਾ ਹੀ ਹੈ। ਬੱਸ ਗਰਮ ਚਾਹ ਦੀਆਂ ਘੁੱਟਾਂ ਨਾਲ ਪਕੌੜਿਆਂ ਦਾ ਅੰਦਰ ਲੰਘਣਾ ਸੀ ਕਿ ਗੱਲਾਂ ਉਹਨੇ ਸਾਰੀਆਂ ਬਾਹਰ ਉਗਲੱਛ ਦਿੱਤੀਆਂ। ਜਿਵੇਂ ਕੱਢੂ-ਕੱਢੂ ਕਰਦੀ ਹੋਈ ਹੀ ਇਹ ਸਭ ਕੁਝ ਆਪਣੇ ਢਿੱਡ ਵਿਚ ਚੁੱਕੀ ਫ਼ਿਰਦੀ ਹੋਵੇ।

''ਸੋ ਭਾਈ ਸਾਹਬ, ਇਹ ਮਾਤਾ ਜੀ ਦੀਆਂ ਚੀਕਾਂ ਤਾਂ ਰੋਜ਼ ਦਾ ਹੀ ਮਾਮਲਾ ਐ। ਆਪਾਂ ਕਿਸੇ ਦੀ ਅੱਗ ਨਾਲ ਹੱਥ ਕਿਉਂ ਫੂਕੀਏ। ਤੁਸੀਂ ਚਾਹ-ਪਾਣੀ ਦੱਸੋ ਅਤੇ ਘਰੇ ਜਾ ਕੇ ਆਰਾਮ ਕਰੋ,'' ਛਾਬੜਾ ਸਾਹਬ ਨੇ ਗੱਲ ਮੁਕਾ ਦਿੱਤੀ।

ਚਾਹ ਵਾਲੀਆਂ ਪਿਆਲੀਆਂ ਰਸੋਈ ਵਿਚ ਰੱਖਦਿਆਂ ਮੇਰੀ ਪਤਨੀ ਨੇ ਕਿਹਾ, ''ਚਲੋ ਛਾਬੜਿਆਂ ਨੂੰ ਘੱਟੋ-ਘੱਟ ਇਹ ਤਾਂ ਪਤਾ ਲੱਗ ਗਿਆ ਹੋਵੇਗਾ ਕਿ ਮਾਤਾ ਪੂਰੀ ਹੋ ਗਈ ਹੈ ਜਾਂ...''

''ਚੱਲ'', ਮੈਂ ਖੜ੍ਹਾ ਹੋਇਆ, ''ਜੇ ਮਾਈ ਚੱਲ ਗਈ ਹੋਈ, ਅੱਜ ਤਾਂ ਸਾਲੇ ਨੂੰ ਉਹਦੇ ਅੰਤਿਮ ਅਸ਼ਨਾਨ ਲਈ ਦੋ-ਚਾਰ ਔਰਤਾਂ ਅਤੇ ਉਹਨੂੰ ਸ਼ਮਸ਼ਾਨ ਲਿਜਾਣ ਲਈ ਪੰਜ-ਸੱਤ ਬੰਦੇ ਚਾਹੀਦੇ ਹੀ ਹੋਣਗੇ।''

ਸਾਡਾ ਗੇਟ ਤੋਂ ਪਰਤਣ ਦਾ ਇਰਾਦਾ ਨਾ ਦੇਖ ਕੇ ਡਰਾਇੰਗ-ਰੂਮ ਦਾ ਬੂਹਾ ਖੋਲ੍ਹਦਿਆਂ ਛਾਬੜਾ ਬੋਲਿਆ, ''ਅੱਜ ਕਿਵੇਂ, ਸਵੇਰੇ ਹੀ ਸਵੇਰੇ?''

***(ਬਾਕੀ ਅਗਲੇ ਸਫੇ 'ਤੇ)***

# ਯੂਨੀਵਰਸਿਟੀ ਦਾ ਅਕਾਦਮਿਕ ਮਾਹੌਲ

## ਰੰਗ-ਬੇਰੰਗ

**ਡਾ. ਗੁਰਨਾਮ ਕੌਰ**

ਪੰਜਾਬੀ ਯੂਨੀਵਰਸਿਟੀ ਦੀ ਸਥਾਪਤੀ ਦਾ ਮੁਖ ਮਕਸਦ ਪੰਜਾਬੀ ਬੋਲੀ, ਇਸ ਖਿੱਤੇ ਦੇ ਧਰਮ, ਇਤਿਹਾਸ ਅਤੇ ਸਭਿਆਚਾਰ ਦਾ ਵਿਕਾਸ ਕਰਨਾ ਹੈ। ਇਸ ਮਕਸਦ ਦੀ ਪੂਰਤੀ ਲਈ ਪੰਜਾਬੀ ਭਾਸ਼ਾ ਅਤੇ ਇਥੋਂ ਦੀ ਐਥਨੀਸਿਟੀ ਨਾਲ ਸਬੰਧਿਤ ਵੱਖ ਵੱਖ ਖੋਜ ਵਿਭਾਗ ਖੋਲੇ ਗਏ ਜਿਵੇਂ ਪੰਜਾਬੀ ਵਿਉਂਤ ਵਿਕਾਸ ਵਿਭਾਗ ਜਿਸ ਦੇ ਨਾਲ ਪਹਿਲਾਂ ਅਨੁਵਾਦ ਵਿੰਗ ਵੀ ਸੀ ਜਿਸ ਨੂੰ ਪਿਛੋਂ ਵਿਉਂਤ ਅਤੇ ਵਿਕਾਸ ਵਿਭਾਗ ਵਿਚ ਹੀ ਮਿਲਾ ਦਿੱਤਾ ਗਿਆ, ਪੰਜਾਬੀ ਸਾਹਿਤ ਅਧਿਐਨ ਵਿਭਾਗ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬ ਇਤਿਹਾਸ ਅਧਿਐਨ ਵਿਭਾਗ ਜੋ ਇਤਿਹਾਸ ਵਿਭਾਗ ਤੋਂ ਵੱਖਰਾ ਹੈ ਅਤੇ ਪਿਛੋਂ ਸੰਨ 1969 ਵਿਚ ਵੱਖ ਵੱਖ ਧਰਮਾਂ ਦੀ ਤੁਲਨਾਤਮਕ ਖੋਜ ਲਈ ਗੁਰੂ ਗੋਬਿੰਦ ਸਿੰਘ ਡਿਪਾਰਟਮੈਂਟ ਆਫ ਰਿਲੀਜੀਅਸ ਸਟੱਡੀਜ਼ ਬਣਾ ਦਿੱਤਾ ਗਿਆ। ਕਿਸੇ ਭਾਸ਼ਾ ਜਾਂ ਬੋਲੀ ਦੇ ਨਾਂ 'ਤੇ ਸਥਾਪਤ ਹੋਣ ਵਾਲੀ ਇਸ ਖਿੱਤੇ ਵਿਚ ਇਹ ਪਹਿਲੀ ਤੇ ਇਕੋ-ਇਕ ਯੂਨੀਵਰਸਿਟੀ ਹੈ ਜਦਕਿ ਸੰਸਾਰ ਪੱਧਰ 'ਤੇ ਇਜ਼ਰਾਈਲ ਦੀ ਹਿਬਰੂ ਭਾਸ਼ਾ 'ਤੇ ਆਧਾਰਤ ਪਹਿਲੀ ਯੂਨੀਵਰਸਿਟੀ ਤੋਂ ਬਾਅਦ ਕਿਸੇ ਬੋਲੀ ਦੇ ਨਾਂ 'ਤੇ ਬਣਨ ਵਾਲੀ ਇਹ ਸੰਸਾਰ ਦੀ ਦੂਜੀ ਯੂਨੀਵਰਸਿਟੀ ਹੈ। ਪੰਜਾਬੀ ਬੋਲੀ ਨੂੰ ਪ੍ਰਫੁਲਤ ਕਰਨ ਲਈ ਪਹਿਲਾ ਕੰਮ ਪੰਜਾਬੀ ਭਾਸ਼ਾ ਨੂੰ ਐਮ.ਏ. ਅਤੇ ਪੀ.ਐਚ ਡੀ. ਦੇ ਪੱਧਰ 'ਤੇ ਮਾਧਿਅਮ ਵਜੋਂ ਲਾਗੂ ਕਰਨਾ ਸੀ। ਇਸ ਕੰਮ ਲਈ ਵੱਖ ਵੱਖ ਵਿਸ਼ਿਆਂ ਦੀਆਂ ਚੋਣਵੀਆਂ ਕਿਤਾਬਾਂ ਦੇ ਅਨੁਵਾਦ ਦਾ ਕੰਮ ਅਰੰਭਿਆ ਗਿਆ ਅਤੇ ਅਲੱਗ-ਅਲੱਗ ਵਿਸ਼ਿਆਂ ਦਾ ਖੋਜ ਅਮਲਾ ਵੀ ਭਰਤੀ ਹੋਇਆ। ਮੈਨੂੰ ਹੁਣ ਵੀ ਯਾਦ ਹੈ ਕਿ ਅਰਥ-ਸ਼ਾਸਤਰ ਵਿਚ ਗੁਰਬਖਸ਼ ਕੌਰ ਕਾਹਲੋਂ (ਸੁਣਿਆ ਸੀ ਕਿ ਪਹਿਲਾਂ ਡਾ. ਉਪਿੰਦਰਜੀਤ ਕੌਰ ਵੀ ਇਸੇ ਵਿਭਾਗ ਵਿਚ ਅਰਥਸ਼ਾਸਤਰ ਦੇ ਖੋਜੀ ਸਨ ਫਿਰ ਪੱਤਰ-ਵਿਹਾਰ ਸਿਖਿਆ ਵਿਭਾਗ ਵਿਚ ਚਲੇ ਗਏ ਪਰ ਇਹ ਮੇਰੇ ਯੂਨੀਵਰਸਿਟੀ ਵਿਚ ਆਉਣ ਤੋਂ ਪਹਿਲਾਂ ਦੀਆਂ ਗੱਲਾਂ ਹਨ), ਰਾਜਨੀਤੀ ਵਿਗਿਆਨ ਵਿਚ ਮਿਸਿਜ ਦਿਉਲ, ਸਮਾਜ ਵਿਗਿਆਨ ਵਿਚ ਡਾ. ਪ੍ਰਕਾਸ਼ ਸਿੰਘ ਜੰਮੂ ਤੇ ਮਿਸਿਜ ਸਵਿੰਦਰਜੀਤ ਕੌਰ ਅਨੁਵਾਦ ਵਿਭਾਗ ਵਿਚ ਆਏ। ਇਸੇ ਤਰ੍ਹਾਂ ਪੰਜਾਬੀ ਵਿਚ ਕਵੀ ਕੁਲਵੰਤ ਸਿੰਘ ਗਰੇਵਾਲ, ਓਮ ਪ੍ਰਕਾਸ਼ ਵਿਸ਼ਿਸ਼ਟ, ਡਾ. ਬਲਬੀਰ ਸਿੰਘ ਨੰਦਾ, ਡਾ. ਮਨਮੋਹਣ ਕੇਸਰ , ਕੈਮਿਸਟਰੀ ਦੇ ਸੁਰਿੰਦਰ ਸਿੰਘ ਖਹਿਰਾ, ਡਾ. ਪਿਆਰ ਸਿੰਘ ਅਤੇ ਸ. ਸੂਬਾ ਸਿੰਘ ਵੀ ਇਸੇ ਵਿਭਾਗ ਦਾ ਸ਼ਿੰਗਾਰ ਸਨ।




ਡਾ. ਗੁਰਨਾਮ ਕੌਰ

ਮਾਧਿਅਮ ਤਬਦੀਲੀ ਲਈ ਵਿਭਾਗ ਵਿਚ ਕਾਫੀ ਅਨੁਵਾਦ ਦਾ ਕੰਮ ਹੋਇਆ। ਹੌਲੀ ਹੌਲੀ ਬਹੁਤੇ ਅਧਿਆਪਕਾਂ ਨੇ ਇਸ ਖੋਜ ਵਿਭਾਗ ਨੂੰ ਛੱਡ ਕੇ, ਜਿਸ ਕਿਸੇ ਦਾ ਵੀ ਦਾਅ ਲੱਗਿਆ, ਹੋਰ ਅਧਿਆਪਨ ਵਿਭਾਗਾਂ ਵਿਚ ਚਲੇ ਗਏ। ਸੁਣਦੀ ਹੁੰਦੀ ਸਾਂ ਕਿ ਡਾ. ਅਤਰ ਸਿੰਘ ਵੀ ਸ਼ਾਇਦ ਕਿਸੇ ਵੇਲੇ ਇਸੇ ਵਿਭਾਗ ਵਿਚ ਹੁੰਦੇ ਸਨ। ਖੋਜ ਵਿਭਾਗਾਂ ਤੋਂ ਅਧਿਆਪਨ ਵਿਭਾਗਾਂ ਵਿਚ ਜਾਣ ਦੀ ਵਜ੍ਹਾ ਖੋਜ ਵਿਭਾਗਾਂ ਨੂੰ ਉਨ੍ਹਾਂ ਦਾ ਬਣਦਾ ਸਨਮਾਨ ਨਾ ਦੇਣਾ ਸੀ। ਉਨ੍ਹਾਂ ਨੂੰ ਕਰਮਚਾਰੀਆਂ ਵਾਲੀਆਂ ਸਹੂਲਤਾਂ ਹੀ ਦਿੱਤੀਆਂ ਜਾਂਦੀਆਂ ਸਨ। ਅਧਿਆਪਨ ਵਿਭਾਗਾਂ ਵਾਂਗ ਯੂਨੀਵਰਸਿਟੀ ਦੀਆਂ ਨੀਤੀਆਂ ਤੈਅ ਕਰਨ ਜਾਂ ਵੱਖ ਵੱਖ ਪ੍ਰਬੰਧਕੀ ਕਮੇਟੀਆਂ ਜਾਂ ਬਾਡੀਜ਼ 'ਤੇ ਆਉਣ ਦਾ ਇਨ੍ਹਾਂ ਵਿਭਾਗਾਂ ਨੂੰ ਅਧਿਕਾਰ ਪ੍ਰਾਪਤ ਨਹੀਂ ਸੀ। ਚਾਹੀਦਾ ਤਾਂ ਇਹ ਸੀ ਕਿ ਯੂਨੀਵਰਸਿਟੀ ਦੀਆਂ ਨੀਤੀਆਂ ਬਣਾਉਣ ਵਿਚ ਇਨ੍ਹਾਂ ਵਿਭਾਗਾਂ ਦੀ ਵੱਧ ਤੋਂ ਵੱਧ ਸ਼ਮੂਲੀਅਤ ਹੁੰਦੀ ਕਿਉਂਕਿ ਇਹ ਵਿਸ਼ਵਵਿਦਿਆਲ਼ਾ ਬਣਿਆ ਹੀ ਖੋਜ ਕਾਰਜਾਂ ਲਈ ਸੀ। ਖੋਜ ਸਬੰਧੀ ਫੈਸਲੇ ਉਹ ਕਰਦੇ ਸਨ ਜਿਨ੍ਹਾਂ ਦਾ ਖੋਜ ਨਾਲ ਕੋਈ ਸਬੰਧ ਨਹੀਂ ਸੀ। ਇਸ ਨਾਲ ਇਨ੍ਹਾਂ ਵਿਭਾਗਾਂ ਦਾ ਅਸਲੀ ਮਕਸਦ ਰੋਡ-ਰੋਲ ਹੋ ਗਿਆ। ਇਕ ਹੋਰ ਨੁਕਸਾਨ ਉਚ-ਅਧਿਕਾਰੀਆਂ ਦੇ ਇਨ੍ਹਾਂ ਵਿਭਾਗਾਂ ਪ੍ਰਤੀ ਨਾਂਹਵਾਚੀ ਰਵੱਈਏ ਦਾ ਇਹ ਹੋਇਆ ਕਿ ਇਨ੍ਹਾਂ ਵਿਭਾਗਾਂ ਵਿਚੋਂ ਜਿਵੇਂ ਜਿਵੇਂ ਅਧਿਆਪਕਾਂ ਦੀ ਸੇਵਾ ਮੁਕਤੀ ਹੁੰਦੀ ਗਈ ਤਿਵੇਂ ਤਿਵੇਂ ਨਵੀਂ ਭਰਤੀ ਨਹੀਂ ਹੋਈ ਜਿਸ ਕਰਕੇ ਪ੍ਰੌਢ ਪ੍ਰਤਿਭਾ ਦੀ ਅਤੇ ਖੋਜ ਸਟਾਫ ਦੀ ਘਾਟ ਕੁਝ ਸਮੇਂ ਵਿਚ ਹੀ ਰੜਕਣ ਲੱਗ ਪਈ। ਇਹ ਧੱਕਾ ਸਭ ਤੋਂ ਵੱਧ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਾਗ ਅਤੇ ਪੰਜਾਬ ਹਿਸਟੌਰੀਕਲ ਸਟੱਡੀਜ ਵਿਭਾਗ ਨਾਲ ਹੋਇਆ।

ਖ਼ੈਰ! ਗੱਲ ਹੋਰ ਪਾਸੇ ਪੈ ਗਈ। ਯੂਨੀਵਰਸਿਟੀ ਬਣਨ ਤੋਂ ਬਾਅਦ ਪੰਜਾਬੀ ਯੂਨੀਵਰਸਿਟੀ ਜਿਵੇਂ ਵਿਦਵਾਨਾਂ ਦਾ ਗੜ੍ਹ ਬਣ ਗਈ ਹੋਵੇ। ਖਾਸ ਉਪਰਾਲਿਆਂ ਨਾਲ ਇਥੇ ਲਿਆਂਦੇ ਗਏ ਵਿਦਵਾਨ ਆਪਣੇ ਆਪਣੇ ਖ਼ੇਤਰ ਵਿਚ ਖਾਸ ਨਾਂ ਰੱਖਦੇ ਸਨ। ਜੇ ਪੰਜਾਬੀ ਦੇ ਵਿਦਵਾਨਾਂ ਤੋਂ ਗੱਲ ਸ਼ੁਰੂ ਕਰਨੀ ਹੋਵੇ ਤਾਂ ਇਨ੍ਹਾਂ ਚੋਟੀ ਦੇ ਸਭ ਵਿਦਵਾਨਾਂ ਦਾ ਪੰਜਾਬੀ ਯੂਨੀਵਰਸਿਟੀ ਘਰ ਸੀ। ਡਾ. ਹਰਚਰਨ ਸਿੰਘ ਦੀ ਪੰਜਾਬੀ ਨਾਟਕ ਦੇ ਇਤਿਹਾਸ ਵਿਚ ਖਾਸ ਅਤੇ ਬਹੁਤ ਹੀ ਮਹੱਤਵਪੂਰਨ ਥਾਂ ਹੈ। ਪੰਜਾਬੀ ਵਿਭਾਗ ਦੇ ਉਹ ਪਿਤਾਮਿਆਂ ਵਿਚੋਂ ਸਨ। ਉਹ ਸਿਧੇ-ਸਾਦੇ ਸੁਭਾ ਦੇ ਮਾਲਕ ਪਰ ਲੋੜ ਵੇਲੇ ਹਰ ਇਕ ਦੇ ਕੰਮ ਆਉਣ ਵਾਲੇ ਸਨ। ਉਨ੍ਹਾਂ ਨੇ ਨਾਟਕ ਲਿਖੇ ਵੀ ਅਤੇ ਸਟੇਜ ਵੀ ਕੀਤੇ। ਬਹੁਤ ਵਾਰ ਉਹ ਗੱਲਾਂ ਸੁਣਾਉਂਦੇ ਹੁੰਦੇ ਕਿ ਜਦੋਂ ਨਾਟਕ ਕਰਨ ਨੂੰ, ਖਾਸ ਕਰਕੇ ਕੁੜੀਆਂ ਵਾਸਤੇ ਬਹੁਤਾ ਚੰਗਾ ਨਹੀਂ ਸੀ ਸਮਝਿਆ ਜਾਂਦਾ, ਉਨ੍ਹਾਂ ਨੂੰ ਨਾਟਕ ਤਿਆਰ ਕਰਾਉਣ ਅਤੇ ਸਟੇਜ ਕਰਨ ਵਿਚ ਕਿੰਨੀਆਂ ਦਿੱਕਤਾਂ ਆਉਂਦੀਆਂ ਹੁੰਦੀਆਂ ਸਨ। ਉਨ੍ਹਾਂ ਨਾਲ ਮੇਰਾ ਨੇੜਿਉਂ ਵਾਹ ਮੇਰੇ ਛੋਟੇ ਭਤੀਜੇ ਗੁਰਮੁਖ ਸਿੰਘ ਕਰਕੇ ਪਿਆ ਜੋ ਮਹਿੰਦਰਾ ਕਾਲਜ ਪੜ੍ਹਦਿਆਂ ਉਨ੍ਹਾਂ ਦੇ ਛੋਟੇ ਬੇਟੇ ਹਰਬਖ਼ਸ਼ ਲਾਟੇ ਦਾ ਦੋਸਤ ਬਣ ਗਿਆ ਸੀ, ਜੋ ਉਸ ਵੇਲੇ ਯਾਦਵਿੰਦਰਾ ਪਬਲਿਕ ਸਕੂਲ ਦਾ ਵਿਦਿਆਰਥੀ ਸੀ ਅਤੇ ਦੋਵੇਂ ਯੂਨੀਵਰਸਿਟੀ ਬੱਸ 'ਤੇ ਜਾਂਦੇ ਸਨ। ਮੇਰਾ ਭਤੀਜਾ ਮਹਿੰਦਰਾ ਕਾਲਜ ਅਤੇ ਫੇਰ ਯੂਨੀਵਰਸਿਟੀ ਦੀ ਭੰਗੜੇ ਦੀ ਟੀਮ ਦਾ ਕੈਪਟਨ ਵੀ ਰਿਹਾ ਅਤੇ ਦੋਹਾਂ ਦੀ ਦੋਸਤੀ ਦਾ ਇਹ ਵੀ ਇਕ ਕਾਰਨ ਸੀ। ਬਹੁਤ ਪਹਿਲਾਂ ਜਦੋਂ ਮੈਂ ਸਕੂਲ ਵਿਚ ਪੜ੍ਹਦੀ ਸਾਂ ਤਾਂ ਡਾ. ਹਰਚਰਨ ਸਿੰਘ ਦਾ ਨਾਟਕ 'ਰੱਤਾ ਸਾਲੂ' ਪੜ੍ਹਿਆ ਸੀ। ਡਾ. ਪ੍ਰੇਮ ਪ੍ਰਕਾਸ਼ ਸਿੰਘ ਪੰਜਾਬੀ ਅਤੇ ਸੰਸਕ੍ਰਿਤ ਦੋਹਾਂ ਭਾਸ਼ਾਵਾਂ ਦੇ ਚੰਗੇ ਵਿਦਵਾਨ ਸਨ ਪਰ ਮੇਰਾ ਉਨ੍ਹਾਂ ਨਾਲ ਕਦੀ ਬਹੁਤਾ ਵਾਹ-ਵਸਤਾ ਨਹੀਂ ਰਿਹਾ। ਉਨ੍ਹਾਂ ਦੀ ਸੇਵਾਮੁਕਤੀ ਤੋਂ ਬਾਅਦ ਜਦੋਂ ਉਹ ਕੋਸ਼ਕਾਰੀ ਵਿਭਾਗ ਵਿਚ ਕੰਮ ਕਰਦੇ ਸਨ ਤਾਂ ਇਕੋ ਬਿਲਡਿੰਗ ਵਿਚ ਹੋਣ ਕਰਕੇ ਲੰਘਦੇ ਵੜਦੇ ਕਈ ਵਾਰ ਸਾਹਬ-ਸਲਾਮ ਤੋਂ ਬਾਅਦ ਕਿਸੇ ਸਾਹਿਤਕ ਵਿਸ਼ੇ 'ਤੇ ਚਰਚਾ ਹੋ ਜਾਂਦੀ ਸੀ। ਡਾ. ਜੀਤ ਸਿੰਘ ਸੀਤਲ ਲੰਬਾ ਸਮਾਂ ਪੰਜਾਬੀ ਸਾਹਿਤ ਅਧਿਐਨ ਵਿਭਾਗ ਦੇ ਮੁਖੀ ਰਹੇ। ਡਾ. ਦਲੀਪ ਕੌਰ ਟਿਵਾਣਾ ਦਾ ਨਾਂ ਕੌਣ ਨਹੀਂ ਜਾਣਦਾ? ਉਨ੍ਹਾਂ ਮਾਂ ਬੋਲੀ ਦੀ ਝੋਲੀ ਵਿਚ ਅਨੇਕਾਂ ਨਾਵਲ ਤੇ ਕਹਾਣੀਆਂ ਪਾਈਆਂ ਹਨ। ਪੰਜਾਬੀ ਸਾਹਿਤ ਨੂੰ ਉਨ੍ਹਾਂ ਦੀ ਵਡਮੁੱਲੀ ਦੇਣ ਕਾਰਨ ਸਾਹਿਤ ਅਕਾਡਮੀ ਦੇ ਮਾਣਯੋਗ ਸਨਮਾਨ ਤੋਂ ਲੈ ਕੇ ਅਨੇਕਾਂ ਇਨਾਮ ਉਨ੍ਹਾਂ ਦੀ ਝੋਲੀ ਵਿਚ ਪਏ ਹਨ। ਪੰਜਾਬੀ ਸਾਹਿਤ ਦੇ ਮਹਿਲਾ ਲੇਖਕਾਂ ਵਿਚ ਅੰਮ੍ਰਿਤਾ ਪ੍ਰੀਤਮ ਤੋਂ ਬਾਅਦ ਦੂਸਰਾ ਨਾਂ ਦਲੀਪ ਕੌਰ ਟਿਵਾਣਾ ਦਾ ਹੀ ਆਉਂਦਾ ਹੈ। ਸਕੂਲ ਪੜ੍ਹਦਿਆਂ ਪਿੰਡ ਦੀ ਲਾਇਬ੍ਰੇਰੀ ਵਿਚੋਂ ਮੇਰੀ ਵੱਡੀ ਭੈਣ ਗੁਰਮੇਲ ਕੌਰ, ਟਿਵਾਣਾ ਦੀਦੀ (ਕੈਂਪਸ ਵਿਚ ਉਨ੍ਹਾਂ ਤੋਂ ਛੋਟੇ ਸਭ ਉਨ੍ਹਾਂ ਨੂੰ ਦੀਦੀ ਹੀ ਕਹਿੰਦੇ ਸਨ) ਦੀ ਕਹਾਣੀਆਂ ਦੀ ਇਕ ਕਿਤਾਬ ਲੈ ਕੇ ਆਈ ਸੀ ਜਿਸ ਦਾ ਨਾਂ ਤਾਂ ਮੈਨੂੰ ਹੁਣ ਯਾਦ ਨਹੀਂ ਪਰ ਉਸ ਕਹਾਣੀ ਦਾ ਪਹਿਲਾ ਫਿਕਰਾ ਅੱਜ ਵੀ ਮੇਰੇ ਜ਼ਹਿਨ ਵਿਚ ਉਵੇਂ ਹੀ ਤਾਜ਼ਾ ਹੈ, "ਵੀਰਾ ਵੇ! ਹਾਂ ਦੀਦੀ! ਪਾਵਾਂ ਮੈਂ ਕਹਾਣੀਆਂ ਤੂੰ ਭਰੀਂ ਹੁੰਗਾਰਾ!"। ਲੰਬਾ ਸਮਾਂ ਕੈਂਪਸ ਵਿਚ ਰਹਿਣ ਕਰਕੇ ਉਨ੍ਹਾਂ ਨਾਲ ਕਾਫੀ ਨੇੜਤਾ ਰਹੀ ਹੈ ਖਾਸ ਕਰਕੇ ਮੇਰੀ ਧੀ ਦੇ ਇਸ ਦੁਨੀਆਂ ਨੂੰ ਸਦਾ ਲਈ ਅਲਵਿਦਾ ਕਹਿ ਦੇਣ ਤੋਂ ਬਾਅਦ।

ਪੰਜਾਬੀ ਨਾਟਕ ਦੀ ਦੁਨੀਆਂ ਵਿਚ ਇਕ ਹੋਰ ਮਹੱਤਵਪੂਰਨ ਨਾਂ ਡਾ. ਸੁਰਜੀਤ ਸਿੰਘ ਸੇਠੀ ਦਾ ਹੈ। ਡਾ. ਸੇਠੀ ਵੀ ਪੰਜਾਬੀ ਯੂਨੀਵਰਸਿਟੀ ਦੇ ਨਾਮਵਰ ਅਧਿਆਪਕਾਂ ਵਿਚੋਂ ਸਨ। ਇਨ੍ਹਾਂ ਨਾਟਕਕਾਰਾਂ ਕਾਰਨ ਹੀ ਛੇਤੀ ਨਾਟਕ ਦੇਖਣ ਦਾ ਮੌਕਾ ਲੱਗ ਜਾਂਦਾ ਸੀ। ਕਦੀ ਡਾ. ਸੇਠੀ ਨਾਟਕ ਕਰਵਾ ਰਹੇ ਹੁੰਦੇ, ਕਦੀ ਨੀਨਾ ਟਿਵਾਣਾ ਅਤੇ ਹਰਪਾਲ ਟਿਵਾਣਾ ਦੀ ਜੋੜੀ, ਪਰਾਣ ਸਭਰਵਾਲ, ਬਲਰਾਜ ਪੰਡਿਤ ਜਾਂ ਡਾ. ਦਿਵੇਦੀ। ਪੰਜਾਬੀ ਬੋਲੀ ਦੀ ਕਹਾਵਤ ਹੈ ਕਿ ਇਕ ਮਿਆਨ ਵਿਚ ਦੋ ਤਲਵਾਰਾਂ ਨਹੀਂ ਸਮਾ ਸਕਦੀਆਂ ਪਰ ਇੱਥੇ ਤਾਂ ਪੰਜਾਬੀ ਵਿਭਾਗ ਵਿਚ ਅੱਛੀ-ਖਾਸੀ ਗਿਣਤੀ ਵਿਚ ਤਲਵਾਰਾਂ ਦੇ ਇਕੱਠਾ ਹੋ ਜਾਣ ਦੀ ਸੰਭਾਵਨਾ ਬਣੀ ਹੋਈ ਸੀ। ਸੁਣਨ ਵਿਚ ਆਇਆ ਸੀ ਕਿ ਡਾ. ਸੁਰਜੀਤ ਸਿੰਘ ਸੇਠੀ ਨੂੰ ਹੀ ਅਸਲ ਵਿਚ ਅਲੱਗ ਵਿਭਾਗ ਵਿਚ ਅਡਜਸਟ ਕਰਨ ਲਈ 'ਸਪੀਚ ਐਂਡ ਡਰਾਮਾ' ਵਿਭਾਗ ਦੀ ਸਥਾਪਨਾ, ਜਿਸ ਦਾ ਬਦਲਵਾਂ ਨਾਂ ਹੁਣ ਥਿਏਟਰ ਐਂਡ ਟੈਲੀਵਿਜ਼ਨ ਡਿਪਾਰਟਮੈਂਟ ਰੱਖ ਦਿੱਤਾ ਗਿਆ ਹੈ, ਪ੍ਰੋ. ਨਾਰੰਗ ਨੇ ਕੀਤੀ ਸੀ।



ਗੁਰਦਿਆਲ ਬਲ ਅਤੇ ਪ੍ਰੋ. ਗੁਲਵੰਤ ਸਿੰਘ

ਡਾ. ਜੀਤ ਸ਼ਿੰਘ ਸੀਤਲ ਅਤੇ ਡਾ. ਰਤਨ ਸਿੰਘ ਜੱਗੀ ਦੋਵੇਂ ਹੀ ਲੰਬਾ ਸਮਾਂ ਵਾਰੀ ਵਾਰੀ ਪੰਜਾਬੀ ਸਾਹਿਤ ਅਧਿਐਨ ਵਿਭਾਗ ਦੇ ਮੁਖੀ ਰਹੇ ਅਤੇ ਪ੍ਰੋ. ਗ਼ੁਲਵੰਤ ਸਿੰਘ ਪਰਸ਼ੀਅਨ ਦੇ। ਡਾ. ਰਤਨ ਸਿੰਘ ਜੱਗੀ ਆਪਣੇ-ਆਪ ਵਿਚ ਇਕ ਸੰਸਥਾ ਹਨ ਕਿਉਂਕਿ ਉਹ ਇਕੱਲੇ ਹੀ ਇਕ ਸੰਸਥਾ ਜਿੰਨਾ ਕੰਮ ਕਰੀ ਜਾ ਰਹੇ ਹਨ। ਉਨ੍ਹਾਂ ਨੇ ਵਿਦਿਆ ਪੱਖੋਂ ਵੀ ਡਾਕਟਰੇਟ ਤੋਂ ਬਾਅਦ ਡੀ.ਲਿੱਟ ਵੀ ਕੀਤੀ ਹੈ। ਪਿੱਛੋਂ ਭਾਵੇਂ ਇਕ ਅਦਾਰੇ ਦੇ ਕਹਿਣ ਤੇ ਦਸਮ ਗ੍ਰੰਥ ਵਿਚ ਸ਼ਾਮਲ ਸਾਰੀਆਂ ਰਚਨਾਵਾਂ ਦਾ ਟੀਕਾ ਕੀਤਾ ਹੈ ਪਰ ਉਨ੍ਹਾਂ ਨੇ ਆਪਣੀ ਪੀ. ਐਚ. ਡੀ ਦੀ ਖੋਜ ਵਾਲੀ ਇਹ ਧਾਰਨਾ ਕਾਇਮ ਰੱਖੀ ਹੈ ਕਿ ਸਾਰੀਆਂ ਰਚਨਾਵਾਂ ਸਾਹਿਬ ਗੁਰੂ ਗੋਬਿੰਦ ਸਿੰਘ ਦੀਆਂ ਨਹੀਂ ਹੋ ਸਕਦੀਆਂ। ਇਸ ਗੱਲ ਦਾ ਸਬੂਤ ਹੈ, ਟੀਕਾ ਕਰਦੇ ਸਮੇਂ ਰਚਨਾਵਾਂ ਵਿਚ ਆਏ ਵੱਖ ਵੱਖ ਕਵੀਆਂ ਦੇ ਨਾਮ ਜਿਵੇਂ ਰਾਮ ਅਤੇ ਸ਼ਾਮ ਆਦਿ ਦਾ ਜ਼ਿਕਰ ਕਰਨਾ। ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਤੇ ਕੋਸ਼ ਤਿਆਰ ਕਰਕੇ ਸ੍ਰੋਤ ਸਾਹਿਤ ਵਿਚ ਵਾਧਾ ਕੀਤਾ ਹੈ। ਖੋਜ ਕਾਰਜਾਂ ਨਾਲ ਸਬੰਧਤ ਬਹੁਤੇ ਵਿਭਾਗਾਂ ਦਾ ਡੇਰਾ ਪੰਜਾਬੀ ਭਵਨ ਵਿਚ ਹੈ। ਇਸ ਲਈ ਜੱਗੀ ਸਾਹਿਬ ਨਾਲ ਵੀ ਵਾਹ ਪੈਂਦਾ ਰਹਿੰਦਾ ਸੀ ਪਰ ਉਨ੍ਹਾਂ ਦੀ ਧਰਮ ਪਤਨੀ ਡਾ. ਗੁਰਸ਼ਰਨ ਕੌਰ ਜੱਗੀ ਕਰਕੇ ਕਾਫੀ ਨੇੜਤਾ ਹੋ ਗਈ ਭਾਵੇਂ ਜੱਗੀ ਸਾਹਿਬ ਮੇਰੇ ਤੋਂ ਬਹੁਤ ਸੀਨੀਅਰ ਹਨ। ਉਨ੍ਹਾਂ ਨਾਲ ਸੈਮੀਨਾਰਾਂ ਵਿਚ ਇਕੱਠੇ ਹੋਣ ਅਤੇ ਇਕੱਠਿਆਂ ਟੀ.ਵੀ. 'ਤੇ ਗੁਰਮਤਿ ਪ੍ਰੋਗਰਾਮ ਰਿਕਾਰਡ ਕਰਾਉਣ ਦਾ ਵੀ ਸੁਭਾਗ ਪ੍ਰਾਪਤ ਹੋਇਆ।

ਪ੍ਰੋ. ਗੁਲਵੰਤ ਸਿੰਘ ਵਰਗੇ ਵਿਦਵਾਨ ਦਾ ਪੰਜਾਬੀ ਯੂਨੀਵਰਸਿਟੀ ਵਿਚ ਹੋਣਾ ਯੂਨੀਵਰਸਿਟੀ ਲਈ ਬਹੁਤ ਮਾਣ ਵਾਲੀ ਗੱਲ ਰਹੀ ਹੈ। ਪੰਜਾਬੀ ਵਿਭਾਗ ਵਿਚ ਰੀਡਰ ਲੱਗਣ ਤੋਂ ਪਹਿਲਾਂ ਪ੍ਰੋਫੈਸਰ ਸਾਹਿਬ ਗੌਰਮਿੰਟ ਕਾਲਜ ਲੁਧਿਆਣਾ ਵਿਚ ਅਧਿਆਪਕ ਸਨ। ਜਿਵੇਂ ਮੈਂ ਪਹਿਲਾਂ ਵੀ ਗੱਲ ਕੀਤੀ ਹੈ ਕਿ ਪੰਜਾਬੀ ਵਿਭਾਗ ਵਿਚ ਇਕ ਤੋਂ ਵੱਧ ਕੇ ਇਕ ਵਿਦਵਾਨ ਸੀ। ਜਿਨ੍ਹਾਂ ਵਿਦਵਾਨਾਂ ਦਾ ਉਪਰ ਜ਼ਿਕਰ ਕੀਤਾ ਹੈ ਸਭ ਦੀਆਂ ਨਿਯੁਕਤੀਆਂ ਪਹਿਲਾਂ ਆਮ ਤੌਰ ਤੇ ਪੰਜਾਬੀ ਵਿਭਾਗ ਵਿਚ ਹੀ ਹੋਈਆਂ। ਪ੍ਰੋ. ਗ਼ੁਲਵੰਤ ਸਿੰਘ ਨੂੰ ਵੀ ਕਾਫੀ ਲੰਬਾ ਸਮਾਂ ਪੰਜਾਬੀ ਵਿਭਾਗ ਵਿਚ ਪੜ੍ਹਾਉਣ ਤੋਂ ਬਾਅਦ ਪਰਸ਼ੀਅਨ ਵਿਭਾਗ ਦੇ ਮੁਖੀ ਲਾ ਦਿੱਤਾ ਗਿਆ। ਯੂਨੀਵਰਸਿਟੀ ਵਿਚ ਬਹੁਤ ਸਾਰੇ ਅਧਿਆਪਕ ਅਜਿਹੇ ਸਨ ਜੋ ਪੰਜਾਬੀ ਜਾਂ ਪਰਸ਼ੀਅਨ ਵਿਚ ਪ੍ਰੋ. ਗੁਲਵੰਤ ਸਿੰਘ ਦੇ ਵਿਦਿਆਰਥੀ ਰਹੇ ਸਨ। ਮੈਨੂੰ ਭਾਵੇਂ ਉਨ੍ਹਾਂ ਦੀ ਵਿਦਿਆਰਥਣ ਹੋਣ ਦਾ ਸੁਭਾਗ ਤਾਂ ਨਹੀਂ ਪ੍ਰਾਪਤ ਹੋਇਆ ਪਰ ਮੇਰੇ ਮਨ ਵਿਚ ਉਨ੍ਹਾਂ ਦਾ ਸਤਿਕਾਰ ਇਕ ਟੀਚਰ ਵਾਲਾ ਹੀ ਰਿਹਾ ਹੈ। ਉਹ ਆਪਣੇ ਆਖ਼ਰੀ ਸਮੇਂ ਤੱਕ ਯੂਨੀਵਰਸਿਟੀ ਕੈਂਪਸ ਵਿਚ ਹੀ ਰਹੇ ਅਤੇ ਪਹਿਲਾਂ-ਪਹਿਲ ਯੂਨੀਵਰਸਿਟੀ ਬੱਸ ਦੀ ਸਟੇਸ਼ਨ ਵਾਲੇ ਸਟਾਪ ਤੇ ਖੜ੍ਹ ਕੇ ਉਡੀਕ ਕਰਦਿਆਂ ਉਨ੍ਹਾਂ ਨੂੰ ਵੀ ਰਸਮੀ 'ਸਤਿ ਸ੍ਰੀ ਅਕਾਲ' ਬੁਲਾ ਦੇਈਦੀ ਸੀ। ਮੇਰੇ ਵਿਭਾਗ ਵਿਚ ਦਾਖ਼ਲੇ ਤੋਂ ਬਾਅਦ 'ਨਾਨਕ ਪ੍ਰਕਾਸ਼ ਪਤ੍ਰਿਕਾ' ਵਿਚ ਮੇਰੇ ਲੇਖ ਡਾ. ਤਾਰਨ ਸਿੰਘ ਨੇ 'ਤੁਲਨਾਤਮਿਕ ਅਧਿਐਨ' ਦੇ ਸਿਰਲੇਖ ਹੇਠ ਛਾਪਣੇ ਸ਼ੁਰੂ ਕਰ ਦਿੱਤੇ ਸਨ ਕਿਉਂਕਿ ਮੈਂ ਹਰ ਇਕ ਸਿਧਾਂਤ ਦਾ ਭਾਰਤੀ ਦਰਸ਼ਨ ਵਿਚ ਪ੍ਰਾਪਤ ਸਿਧਾਂਤ ਨਾਲ ਤੁਲਨਾਮਿਕ ਅਧਿਐਨ ਕਰਕੇ ਸਿੱਖ ਸਿਧਾਂਤ ਦੀ ਸੁਤੰਤਰਤਾ ਸਥਾਪਤ ਕਰਨਾ ਆਪਣਾ ਵਿਸ਼ਾ ਬਣਾ ਲਿਆ ਸੀ। ਪ੍ਰੋ. ਸਾਹਿਬ ਗੁਰਬਾਣੀ, ਪੰਜਾਬੀ ਭਾਸ਼ਾ, ਸੰਸਕ੍ਰਿਤ, ਹਿੰਦੀ, ਉਰਦੂ, ਪਰਸ਼ੀਅਨ ਅਤੇ ਅੰਗਰੇਜ਼ੀ ਆਦਿ ਭਾਸ਼ਾਵਾਂ ਵਿਚ ਇਕੋ ਜਿੰਨੀ ਮੁਹਾਰਤ ਰੱਖਦੇ ਸਨ। ਮੈਂ ਭਾਈ ਗੁਰਦਾਸ ਦੀ ਪਹਿਲੀ ਵਾਰ ਵਿਚ ਦਿੱਤੇ ਛੇ ਦਰਸ਼ਨਾਂ ਦਾ ਵਿਸ਼ਲੇਸ਼ਣ ਸ਼ੁਰੂ ਕੀਤਾ ਤਾਂ ਮੇਰਾ ਪਹਿਲਾ ਲੇਖ 'ਨਿਆਇ ਸ਼ਾਸਤਰ ਅਤੇ ਰਿਗ ਵੇਦ' ਨਾਨਕ ਪ੍ਰਕਾਸ਼ ਪਤ੍ਰਿੱਕਾ ਵਿਚ ਛਪਿਆ। ਮੇਰੇ ਸੀਨੀਅਰ ਕੁਲੀਗ ਡਾ. ਬਲਕਾਰ ਸਿੰਘ ਫਾਰਸੀ ਵਿਚ ਪ੍ਰੋ. ਗ਼ੁਲਵੰਤ ਸਿੰਘ ਦੇ ਵਿਦਿਆਰਥੀ ਸਨ ਅਤੇ ਇਕ ਦਿਨ ਪ੍ਰੋ. ਸਾਹਿਬ ਨੇ (ਜੋ ਕਈ ਵਾਰ ਉਰਦੂ ਵਿਚ ਗੱਲ ਕਰਦੇ ਸਨ) ਪੁਛਿਆ, "ਅਰੇ ਭਾਈ! ਯੇ ਆਪ ਕੇ ਡਿਪਾਰਟਮੈਂਟ ਮੇਂ ਗੁਰਨਾਮ ਕੌਰ ਕੌਣ ਹੈ? ਇਸ ਕੇ ਲੇਖ ਕੋ ਪੜ੍ਹ ਕਰ ਲਗਾ ਕਿ ਵਾਕਿਆ ਹੀ ਯੇ ਇੰਟੈਲੀਜੈਂਟ ਹੈ ਔਰ ਇਸ ਕੋ ਰਿਸਰਚ ਆਤੀ ਹੈ।" ਮੇਰੇ ਲਈ ਇਹ ਬਹੁਤ ਹੀ ਮਾਣ ਵਾਲੀ ਗੱਲ ਸੀ। ਮੇਰੇ ਪਤੀ ਗੁਰਦਿਆਲ ਬੱਲ ਪ੍ਰੋ. ਸਾਹਿਬ ਦੀ ਬਹੁਤ ਇੱਜ਼ਤ ਕਰਦੇ ਸਨ ਕਿਉਂਕਿ ਉਨ੍ਹਾਂ ਨੂੰ ਵਿਦਵਾਨਾਂ ਨਾਲ ਬੈਠ ਕੇ ਦੁਨੀਆਂ ਭਰ ਦੇ ਸਾਹਿਤ ਦੀ ਚਰਚਾ ਕਰਨਾ ਚੰਗਾ ਲਗਦਾ ਹੈ। ਬਹੁਤਾ ਵਾਹ ਉਦੋਂ ਪਿਆ ਜਦੋਂ ਉਨ੍ਹਾਂ ਨੂੰ ਵਿਭਾਗ ਦੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਹਿੰਦੀ ਸ਼ਬਦਾਰਥ' ਪ੍ਰਾਜੈਕਟ ਨਾਲ ਜੋੜਿਆ ਗਿਆ ਅਤੇ ਉਨ੍ਹਾਂ ਨੇ ਸੁਧਾਈ ਦਾ ਸਾਰਾ ਕੰਮ ਕੀਤਾ। ਉਨ੍ਹਾਂ ਵਲੋਂ ਕੁਝ ਬਾਣੀਆਂ ਜਿਵੇਂ ਜਾਪ ਸਾਹਿਬ, ਜਪੁਜੀ ਸਾਹਿਬ ਅਤੇ ਸੁਖਮਨੀ ਸਾਹਿਬ ਦੇ ਫਾਰਸੀ ਵਿਚ ਕੀਤੇ ਅਨੁਵਾਦ ਵੀ ਛਾਪੇ ਗਏ। ਉਨ੍ਹਾਂ ਨੇ ਬਾਬਾ ਫ਼ਰੀਦ ਦੇ ਸਲੋਕਾਂ ਦਾ ਅਨੁਵਾਦ ਵੀ ਕੀਤਾ ਜੋ ਭਾਰਤ ਸਰਕਾਰ ਨੇ ਛਾਪਿਆ। ਫਾਰਸੀ ਦਾ ਵਿਦਵਾਨ ਹੋਣ ਦੇ ਨਾਤੇ ਉਨ੍ਹਾਂ ਨੂੰ ਭਾਰਤੀ ਰਾਸ਼ਟਰਪਤੀ ਵਲੋਂ ਵੀ ਸਨਮਾਨਤ ਕੀਤਾ ਗਿਆ। ਬਚਿੱਤਰ ਨਾਟਕ ਬਾਰੇ ਚਰਚਾ ਕਰਦਿਆਂ ਉਹ ਕਈ ਵਾਰ ਕਹਿੰਦੇ, "ਗੁਰੂ ਗੋਬਿੰਦ ਸਿੰਘ ਵਰਗੀ ਸਖਸ਼ੀਅਤ ਅਜਿਹੀ ਰਚਨਾ ਕਿਵੇਂ ਕਰ ਸਕਦੀ ਹੈ? ਮੇਰਾ ਮਨ ਸਿਧਾਂਤਕ ਤੌਰ ਤੇ ਅਜਿਹੀ ਗੱਲ ਮੰਨਣ ਲਈ ਤਿਆਰ ਨਹੀਂ।" ਆਪਣੇ ਆਖਰੀ ਸਮੇਂ ਤੋਂ ਸਿਰਫ ਇਕ ਦਿਨ ਪਹਿਲਾਂ ਪੰਜਾਬੀ ਭਵਨ ਦੀ ਉਪਰਲੀ ਮੰਜ਼ਿਲ ਤੇ ਡਾ. ਰਜਿੰਦਰ ਸਿੰਘ ਲਾਂਬਾ ਨੂੰ ਮਿਲਣ ਆਏ ਤੇ ਲਾਂਬਾ ਜੀ ਲੰਘਦੇ ਲੰਘਦੇ ਮੇਰੇ ਦਫਤਰ ਵਿਚ ਆ ਗਏ ਅਤੇ ਉਪਰੋਂ ਸੁਨੇਹਾ ਆ ਗਿਆ, "ਲਾਂਬਾ ਜੀ! ਪ੍ਰੋ. ਗ਼ੁਲਵੰਤ ਸਿੰਘ ਤੁਹਾਡਾ ਇੰਤਜ਼ਾਰ ਕਰ ਰਹੇ ਹਨ।" ਮੈਂ ਰਜਿੰਦਰ ਸਿੰਘ ਲਾਂਬਾ ਦੇ ਬੋਲਣ ਤੋਂ ਪਹਿਲਾਂ ਹੀ ਕਿਹਾ, "ਪ੍ਰੋ. ਸਾਹਿਬ ਨੂੰ ਇਥੇ ਹੀ ਭੇਜ ਦਿਉ। ਕਹੋ ਕਿ ਬਿਨਾਂ ਮਿੱਠੇ ਤੋਂ ਚਾਹ ਤੁਹਾਡੇ ਲਈ ਬਣ ਰਹੀ ਹੈ।" ਗ਼ੁਲਵੰਤ ਸਿੰਘ ਆ ਗਏ, ਚਾਹ ਪੀਂਦਿਆਂ ਗੱਲਾਂ-ਬਾਤਾਂ ਹੁੰਦੀਆਂ ਰਹੀਆਂ। ਇਹ ਉਨ੍ਹਾਂ ਨਾਲ ਆਖਰੀ ਮੁਲਾਕਾਤ ਹੋ ਨਿਬੜੀ। ਦੂਸਰੇ ਦਿਨ ਅਚਾਨਕ ਉਨ੍ਹਾਂ ਦੀ ਤਬੀਅਤ ਖਰਾਬ ਹੋ ਗਈ ਤਾਂ ਰਜਿੰਦਰ ਸਿੰਘ ਲਾਂਬਾ ਉਨ੍ਹਾਂ ਨੂੰ ਹਸਪਤਾਲ ਦਾਖਲ ਕਰਾਉਣ ਤੋਂ ਪਹਿਲਾਂ ਸ਼ਹਿਰ ਰਹਿੰਦੀ ਉਨ੍ਹਾਂ ਦੀ ਭਤੀਜੀ ਦੇ ਘਰ ਲੈ ਗਿਆ ਤਾਂ ਕਿ ਉਹਨੂੰ ਦਾਖਲ ਕਰਾਉਣ ਬਾਰੇ ਦਸਿਆ ਜਾ ਸਕੇ ਪਰ ਪ੍ਰੋ. ਗ਼ੁਲਵੰਤ ਸਿੰਘ ਦੇ ਪ੍ਰਾਣ ਪੰਖੇਰੂ ਉਨ੍ਹਾਂ ਦੀ ਭਤੀਜੀ ਦੇ ਘਰ ਹੀ ਮਿੰਟਾਂ-ਸਕਿੰਟਾਂ ਵਿਚ ਉਡ ਗਏ।

**(ਚਲਦਾ...)**

# ਇੱਕੀਵੀਂ ਸਦੀ

*(ਪਿਛਲੇ ਸਫੇ ਦੀ ਬਾਕੀ)*

ਅੰਦਰੋਂ ਮੈਕਸੀ ਦੇ ਅੱਗੇ ਨਾਲ ਹੱਥ ਪੂੰਝਦੀ ਮਿਸਿਜ਼ ਛਾਬੜਾ ਵੀ ਸਾਡੇ ਕੋਲ ਆ ਬੈਠੀ।

"ਸਵੇਰੇ ਸਵੇਰੇ ਗੱਲ ਤਾਂ ਹੋਰ ਤਰ੍ਹਾਂ ਦੀ ਲਗਦੀ ਐ, ਛਾਬੜਾ ਸਾਹਬ, ਪਰ ਕੀ ਕਰੀਏ, ਆਖ਼ਰ ਗੁਆਂਢ ਮੱਥੇ...," ਮੈਂ ਝਿਜਕ ਜਿਹੀ ਨਾਲ ਗੱਲ ਤੋਰੀ।

ਉਹ ਦੋਵੇਂ ਇਕੱਠੇ ਹੀ ਸਾਵਧਾਨ ਹੋ ਕੇ ਬੋਲੇ, "ਦੱਸੋ।" ਸ਼ਾਇਦ ਉਹ ਸਮਝਦੇ ਸਨ ਕਿ ਅਸੀਂ ਉਨ੍ਹਾਂ ਕੋਲ ਹੀ ਕਿਸੇ ਕਿਸਮ ਦਾ ਗਿਲਾ ਕਰਨ ਜਾਂ ਉਲਾਂਭਾ ਦੇਣ ਆਏ ਹਾਂ। ਆਖਰ ਘਰ ਦੇ ਪਿੱਛੇ ਘਰ ਹੋਣ ਦੀ ਸਾਂਝ ਸੀ।

"ਗੱਲ ਇਹ ਹੈ, ਵੈਸੇ ਤਾਂ ਸਵੇਰੇ ਸਵੇਰੇ...," ਮੈਂ ਫੇਰ ਝਿਜਕਿਆ। ਅਸਲ ਵਿਚ ਕਿਸੇ ਹੋਰ ਦੇ ਘਰ ਦੀ ਮੌਤ ਦੀ ਗੱਲ ਕਿਸੇ ਤੀਜੇ ਦੇ ਘਰ, ਉਹ ਵੀ ਸਵੇਰੇ-ਸਵੇਰੇ, ਕਰਦਿਆਂ ਮੈਨੂੰ ਪਰੇਸ਼ਾਨੀ ਹੋ ਰਹੀ ਸੀ ਪਰ ਝਿਜਕ ਤਾਂ ਛੱਡਣੀ ਹੀ ਪੈਣੀ ਸੀ, "ਐਧਰ ਖਾਲੀ ਪਲਾਟ ਵਿਚ ਬਿਸਤਰਾ ਤੇ ਜਨਾਨੇ ਕੱਪੜੇ ਸੁੱਟੇ ਪਏ ਨੇ। ਲੱਗਦਾ ਐ ਆਹੂਜੇ ਦੀ ਮਾਤਾ...।" ਛਾਬੜੇ ਨੇ ਤਣਾਓਮੁਕਤ ਹੋ ਕੇ ਸੋਫੇ ਨਾਲ ਢੋਅ ਲਾਈ ਅਤੇ ਮੇਰੀ ਗੱਲ ਵਿਚਾਲਿਓਂ ਟੁੱਕੀ, "ਅੱਛਾ! ਇਹ ਪਰੇਸ਼ਾਨੀ ਹੈ। ਉਹ ਤਾਂ ਬਿਚਾਰੀ ਕੱਲ੍ਹ ਦੁਪਹਿਰੇ ਹੀ ਮਰ ਗਈ ਸੀ।"

ਮਿਸਿਜ਼ ਛਾਬੜਾ ਵੀ ਸਹਿਜ ਹੋ ਗਈ, "ਮਰੀ ਕੀ ਭਰਾ ਜੀ, ਪਿੰਜਰੇ ਵਿਚੋਂ ਛੁਟ ਗਈ। ਨਰਕ ਜੂਨ ਕੱਟੀ ਗਈ ਬਿਚਾਰੀ ਦੀ।" ਉਹਨੇ ਸ਼ੁਕਰਾਨੇ ਵਜੋਂ ਰੱਬ ਵੱਲ ਹੱਥ ਜੋੜੇ। "ਇਹੋ ਜਿਹਾ ਵੇਲਾ ਰੱਬ ਕਿਸੇ ਉਤੇ ਨਾ ਲਿਆਵੇ।"

"ਤੁਹਾਨੂੰ ਸਭ ਪਤਾ ਹੀ ਹੈ, ਗੱਲ ਨੂੰ ਕੀ ਖਿੱਚਣਾ ਹੈ।" ਛਾਬੜੇ ਨੇ ਮੁਕਦੀ ਕਰਨੀ ਚਾਹੀ, "ਚਾਹ ਪੀਓ, ਪਿਆਲੀ ਪਿਆਲੀ।"

"ਨਹੀਂ, ਚਾਹ ਤਾਂ ਹੁਣੇ ਪੀ ਕੇ ਆਏ ਹਾਂ," ਮੇਰੀ ਪਤਨੀ ਬੋਲੀ। "ਕੱਲ੍ਹ ਸ਼ਾਮ ਨੂੰ ਤਾਂ ਉਹ ਲੀੜੇ-ਕੱਪੜੇ ਉਥੇ ਹੈ ਨਹੀਂ ਸੀ। ਅਸੀਂ ਸੋਚਿਆ, ਮਾਤਾ ਰਾਤ ਨੂੰ ਪੂਰੀ ਹੋਈ ਹੋਵੇਗੀ।"

"ਚਲੋ ਜੋ ਹੋਇਆ, ਛਾਬੜਾ ਸਾਹਿਬ, ਸੋ ਤਾਂ ਹੋਇਆ", ਮੈਂ ਉਹਦੇ ਮੋਢੇ ਉਤੇ ਹੱਥ ਰੱਖਿਆ।

"ਆਓ ਚੱਲੀਏ। ਇਨ੍ਹਾਂ ਨਾਲ ਸਬੰਧ ਕਿਹੋ ਜਿਹੇ ਵੀ ਹੋਣ, ਮਰਨ ਵਾਲੀ ਦੇ ਅੰਤਿਮ ਸਸਕਾਰ ਵਾਸਤੇ ਤਾਂ...।"

"ਉਹ ਵੀ ਕੱਲ੍ਹ ਪਿਛਲੇ ਪਹਿਰ ਹੀ ਹੋ ਗਿਆ," ਉਹਨੇ ਜਵਾਬ ਦਿੱਤਾ। "ਸਾਨੂੰ ਵੀ ਸ਼ਾਮ ਨੂੰ ਜਾ ਕੇ ਪਤਾ ਲੱਗਿਆ।"

"ਕਿਵੇਂ? ਆਦਮੀਆਂ-ਔਰਤਾਂ ਤੋਂ ਬਿਨਾ...," ਮੈਂ ਹੈਰਾਨ ਹੋ ਕੇ ਰਹਿ ਗਿਆ।

"ਅੰਤਿਮ ਅਸ਼ਨਾਨ ਤਾਂ ਵਾਧੂ ਦੀ ਰਸਮ ਹੈ, ਭਾਈ ਸਾਹਬ, ਮਿੱਟੀ ਨੂੰ ਨੁਹਾਓ ਜਾਂ ਨਾ ਨੁਹਾਓ, ਕੀ ਫਰਕ ਪੈਂਦਾ ਹੈ? ਨਾ ਮਿੱਟੀ ਨੂੰ ਫਰਕ, ਨਾ ਕਿਸੇ ਹੋਰ ਨੂੰ। ਤੇ ਅਰਥੀ ਲਈ ਫੈਕਟਰੀ ਤੋਂ ਮਜ਼ਦੂਰ ਟੈਂਪੂ ਲੈ ਆਏ ਸੀ। ਮਾਤਾ ਦੀ ਦੇਹ ਲੱਦ ਕੇ ਸ਼ਮਸ਼ਾਨਘਟ ਲੈ ਗਏ।" ਛਾਬੜੇ ਨੇ ਸਾਰਾ ਕੁਝ ਏਨੇ ਸਹਿਜ ਵਿਚ ਹੋਇਆ ਦੱਸਿਆ ਜਿੰਨੇ ਸਹਿਜ ਨਾਲ ਮੇਰੀ ਪਤਨੀ ਕੁਝ ਸਮਾਂ ਪਹਿਲਾਂ ਚੂਹੀ ਨੂੰ ਪਿੰਜਰੇ ਵਿਚੋਂ ਬਾਹਰ ਛੱਡ ਕੇ ਆਈ ਸੀ।

# ਸਿੱਖ ਇਤਿਹਾਸ ਦਾ ਮਹਾਨ ਵਿਦਵਾਨ ਡਾ. ਗੰਡਾ ਸਿੰਘ

**ਰੰਗਲਾ ਸੱਜਣ**

**ਪ੍ਰੋ. ਪ੍ਰੀਤਮ ਸਿੰਘ**



ਡਾ. ਗੰਡਾ ਸਿੰਘ

*ਡਾ. ਗੰਡਾ ਸਿੰਘ ਪੰਜਾਬ ਵਿਚ ਆਧੁਨਿਕ ਇਤਿਹਾਸਕਾਰੀ ਦੇ ਪਿਤਾਮਾ ਸਨ। ਉਨ੍ਹਾਂ ਨੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ 'ਚ ਜਾ ਕੇ ਮਹਾਨ ਇਤਿਹਾਸਕਾਰ ਇਰਫਾਨ ਹਬੀਬ ਦੇ ਪਿਤਾ ਡਾ. ਮੁਹੰਮਦ ਹਬੀਬ ਦੀ ਨਿਗਰਾਨੀ ਹੇਠ ਅਹਿਮਦ ਸ਼ਾਹ ਅਬਦਾਲੀ ਬਾਰੇ ਆਪਣੀ ਡਾਕਟਰੇਟ ਦੀ ਡਿਗਰੀ ਹਾਸਲ ਕੀਤੀ। ਉਨ੍ਹਾਂ ਦੀ ਇਹ ਕਿਤਾਬ ਅੱਜ ਵੀ ਸ਼ਾਹਕਾਰ ਹੈ। ਇਸ ਤੋਂ ਪਿੱਛੋਂ ਸਿੱਖ ਇਤਿਹਾਸ ਬਾਰੇ ਹੋਰ ਅਨੇਕਾਂ ਪੁਸਤਕਾਂ ਲਿਖਣ ਤੋਂ ਪਹਿਲਾਂ ਉਨ੍ਹਾਂ ਬਾਬਾ ਬੰਦਾ ਸਿਘ ਬਹਾਦਰ ਬਾਰੇ ਆਪਣੀ ਅਹਿਮ ਪੁਸਤਕ ਲਿਖੀ ਅਤੇ ਬੰਦਾ ਬਹਾਦਰ ਦੀ ਸ਼ਖਸੀਅਤ ਅਤੇ ਉਨ੍ਹਾਂ ਸਮਿਆਂ ਬਾਰੇ ਅਨੇਕਾਂ ਭਰਮ-ਭੁਲੇਖਿਆ ਨੂੰ ਦੂਰ ਕੀਤਾ। ਪੇਸ਼ ਹੈ ਪ੍ਰੋ. ਪ੍ਰੀਤਮ ਸਿੰਘ ਹੋਰਾਂ ਦੀ ਉਨ੍ਹਾਂ ਬਾਰੇ 1963 ਵਿਚ ਲਿਖੀ ਗਈ ਇਕ ਸੰਖੇਪ ਯਾਦ। -ਸੰਪਾਦਕ*

ਡਾ. ਗੰਡਾ ਸਿੰਘ ਨਾਲ ਨਿੱਘੀ ਜਾਣ-ਪਛਾਣ ਹੋਇਆਂ 25 ਵਰ੍ਹੇ ਪੂਰੇ ਹੋ ਚੱਲੇ ਹਨ। ਜਿਸ ਬੰਦੇ ਨਾਲ ਏਨੀ ਪੁਰਾਣੀ ਸਾਂਝ ਹੋਵੇ, ਉਹ ਭਾਵੇਂ ਕਿੰਨਾ ਪਿਆਰਾ ਹੋਵੇ, ਉਸ ਦੀਆਂ ਮਿੱਠੀਆਂ ਯਾਦਾਂ ਦੀ ਤਾਣੀ ਵਿਚ ਕੌੜੀਆਂ-ਕਸੈਲੀਆਂ ਯਾਦਾਂ ਦੀਆਂ ਕੁਝ ਬਦ-ਰੰਗ ਵਰ੍ਹੀਆਂ ਵੀ ਉਣੀਆਂ ਹੁੰਦੀਆਂ ਹਨ। ਪਰ ਡਾ. ਗੰਡਾ ਸਿੰਘ ਨਾਲ ਇਸ ਇਕ-ਚੁਥਾਈ ਸਦੀ ਦੇ ਪੁਰਾਣੇ ਸੰਪਰਕ ਦੀ ਸਾਰੀ ਦੀ ਸਾਰੀ ਯਾਦ ਪਤਾਸੇ-ਘੁਲੀ ਹੈ। ਫੇਰ ਵੀ ਡਾ. ਗੰਡਾ ਸਿੰਘ ਦੇ ਸਨਮਾਨ ਵਾਲੇ ਦਿਨ ਇਨ੍ਹਾਂ ਲੰਮੇਂ ਵਰ੍ਹਿਆਂ ਦੀ ਯਾਦ-ਗੈਲਰੀ ਵਿਚ ਖੜੇ ਹੋ ਕੇ ਆਪ-ਬੀਤੀਆਂ ਜਾਂ ਗੰਡਾ ਸਿੰਘ ਬੀਤੀਆਂ ਨੂੰ ਚੇਤੇ ਕਰਨ ਨਾਲ ਪਤਾ ਨਹੀਂ ਕਿਉਂ ਮਨ ਅਜੀਬ ਮਿੱਠ-ਉਦਾਸ ਅਵਸਥਾ ਵਿਚ ਜਾ ਵਿਚਰਿਆ ਹੈ।

ਮੇਰੀ ਪਹਿਲੀ ਯਾਦ ਖ਼ਾਲਸਾ ਕਾਲਜ, ਅੰਮ੍ਰਿਤਸਰ ਦੀ ਹੈ, ਜਿੱਥੇ ਇਕ ਰੰਡੀ, ਨਿਰਜਨ ਦੁਪਹਿਰ ਮੈਂ ਸ. ਗੰਡਾ ਸਿੰਘ ਹੁਰਾਂ ਦਾ ਮਕਾਨ ਲੱਭਣ ਵਿਚ ਲਾਈ ਸੀ। ਅੰਮ੍ਰਿਤਸਰ ਤੇ ਖਾਲਸਾ ਕਾਲਜ ਮੇਰੇ ਲਈ ਓਪਰੇ ਸਨ। ਮੈਂ ਅੰਗਰੇਜ਼ੀ ਦੀ ਐਮ.ਏ. ਵਿਚ ਦਾਖਲ ਹੋਣਾ ਸੀ ਤੇ ਇਸੇ ਸਿਲਸਿਲੇ ਵਿਚ ਸਰਕਾਰੀ ਹਾਈ ਸਕੂਲ, ਫਿਰੋਜ਼ਪੁਰ ਦੇ ਮੇਰੇ ਅੰਗਰੇਜ਼ੀ ਦੇ ਮਾਸਟਰ ਬਲਵੰਤ ਸਿੰਘ ਗੁੱਜਰਖਾਨੀ ਨੇ ਮੈਨੂੰ ਸ. ਗੰਡਾ ਸਿੰਘ ਪਾਸ ਇਕ ਚਿੱਠੀ ਦੇ ਕੇ ਭੇਜਿਆ ਸੀ। ਮੈਂ ਉਨ੍ਹਾਂ ਦਾ ਮਕਾਨ ਤਾਂ ਟੋਲ ਲਿਆ ਪਰ ਇਕ ਦਮ ਖਿਆਲ ਆਇਆ ਕਿ ਗਰਮੀ ਨਾਲ ਕਾਂ ਦੀ ਅੱਖ ਪਈ ਨਿਕਲਦੀ ਹੈ, ਸਿਖਰ ਦੁਪਹਿਰਾ ਹੈ, ਲੋਕੀਂ ਕੰਮ ਤੋਂ ਆ ਕੇ ਤੇ ਖਾ ਪੀ ਕੇ ਘੁਰਾੜੇ ਮਾਰ ਰਹੇ ਹੋਣਗੇ, ਆਪਣੇ ਕੰਮ ਲਈ ਇਸ ਵੇਲੇ ਕਿਸੇ ਦੇ ਘਰ ਜਾਣਾ ਅਸਲੋਂ ਅਯੋਗ ਗੱਲ ਹੈ। ਮੁੜਨ ਵਾਲਾ ਸਾਂ ਕਿ ਸ. ਗੰਡਾ ਸਿੰਘ ਦੇ ਮਕਾਨ ਦੇ ਸਾਹਮਣੇ ਵਾਲੇ ਬਰਾਂਡੇ ਦੇ ਇਕ ਪਾਸੇ ਦੇ ਨਿੱਕੇ ਜਿਹੇ ਕਮਰੇ ਵਿਚ ਇਕ ਉਚੀ ਸਜੀਵ ਨਿੱਛ ਵੱਜੀ। ਨਿੱਛ ਨੂੰ ਅਪਸ਼ਗਨ ਮੰਨਿਆ ਜਾਂਦਾ ਹੈ, ਪਰ ਮੇਰੀ ਤਾਂ ਇਸ ਨੇ ਉਸ ਵੇਲੇ ਬੜੀ ਬਹੁੜੀ ਕੀਤੀ। ਮੈਨੂੰ ਚੇਤਾਵਨੀ ਦੇ ਦਿੱਤੀ ਕਿ ਕੋਈ ਜਾਗ ਰਿਹਾ ਹੈ। ਮੈਂ ਅੱਧੇ ਬੰਦ ਤਾਕ ਉਤੇ ਪੋਲੀ ਜਿਹੀ ਦਸਤਕ ਦਿੱਤੀ। ਸ. ਗੰਡਾ ਸਿੰਘ ਹੋਰਾਂ ਉਹ ਤਾਕ ਖੋਲ੍ਹ ਦਿੱਤਾ। ਉਨ੍ਹਾਂ ਨੇ ਸਿਰ ਉਤੇ ਇਕ ਤੌਲੀਆ ਸੁੱਟਿਆ ਹੋਇਆ ਸੀ, ਜਿਸ ਦੇ ਸਿਰੇ ਮੋਢਿਆਂ ਉਤੇ ਆ ਕੇ ਇੱਕਠੇ ਹੋਏ ਹੋਏ ਸਨ। ਭੂਰੇ ਘਸਮੈਲੇ ਰੰਗ ਦੇ ਖੱਦਰ ਦੀ ਕਮੀਜ਼ ਗਲ ਵਿਚ, ਤੇੜ ਕਛਹਿਰਾ ਤੇ ਪੈਰਾਂ ਵਿਚ ਚੱਪਲਾਂ ਸਨ। ਮੇਰੀ ਝੱਕਦੀ-ਝੱਕਦੀ ਫਤਿਹ ਦੇ ਉੱਤਰ ਵਿਚ ਉਨ੍ਹਾਂ ਨੇ ਜੀ-ਆਇਆਂ ਕਹਿੰਦੀ ਉਜਲ ਮੁਸਕਰਾਹਟ ਦਾ ਜਿਹੜਾ ਮੀਂਹ ਵਸਾਇਆ, ਉਸ ਨੇ ਮੇਰੇ ਓਪਰੇਪਨ ਦੀ ਕੱਸ ਢਿੱਲੀ ਕਰ ਦਿੱਤੀ। ਮੈਂ ਚਿੱਠੀ ਫੜਾ ਕੇ ਆਲੇ-ਦੁਆਲੇ ਉਤੇ ਉਡਦੀ-ਉਡਦੀ ਨਜ਼ਰ ਮਾਰੀ। ਜਿੱਥੇ ਅਸੀਂ ਬੈਠੇ ਸਾਂ ਉਹ ਕਮਰਾ ਨਹੀਂ, ਕੋਠੜੀ ਸੀ, ਜਿਸ ਵਿਚ ਦੋ ਬੰਦੇ ਬੈਠੇ ਹੋਣ ਤਾਂ ਭਰੀ ਹੋਣ ਦਾ ਪ੍ਰਭਾਵ ਪਾਉਂਦੀ ਸੀ। ਕਿਤਾਬਾਂ ਨਾਲ ਭਰੀ ਇਕ ਅਲਾਣੀ ਮੇਜ਼ ਉਤੇ ਇਕ ਹੱਥ-ਲਿਖਤ ਖੁੱਲ੍ਹੀ ਪਈ ਸੀ। ਆਸ-ਪਾਸ ਸਭ ਪਾਸੇ ਕਿਤਾਬਾਂ ਦੇ ਕੋਟ ਉਸਰੇ ਹੋਏ ਸਨ। ਕੰਵਰ ਦਲੀਪ ਸਿੰਘ ਦੀ ਜਵਾਨੀ ਦੀ ਇਕ ਬੜੀ ਖੂਬਸੂਰਤ ਤਸਵੀਰ ਸਾਹਮਣੇ ਪਾਸੇ ਕੰਧ ਨਾਲ ਲਟਕ ਰਹੀ ਸੀ ਤੇ ਦੂਜੀ ਕੰਧ ਉਤੇ ਸਭਰਾਉਂ ਵਿਚ ਖੁੱਸੀਆਂ ਸਿੱਖ ਤੋਪਾਂ ਦੀ ਕਲਕੱਤੇ ਵਿਚ ਹੋਈ ਨੁਮਾਇਸ਼ ਦੀ ਇਕ ਬੜੀ ਵੱਡੀ ਤਸਵੀਰ ਟੰਗੀ ਹੋਈ ਸੀ। ਕੁਝ ਹੋਰ ਤਸਵੀਰਾਂ ਥਾਂ ਦੀ ਥੁੜ ਕਰਕੇ ਥੱਲੇ ਮੂਧੀਆਂ ਖੜੀਆਂ ਕੀਤੀਆਂ ਹੋਈਆਂ ਸਨ। ਕੋਠੜੀ ਭੱਠੀ ਵਾਂਗ ਤਪ ਰਹੀ ਸੀ ਪਰ ਪੱਖਾ ਕਿਤੇ ਨਹੀਂ ਸੀ ਦਿਸ ਰਿਹਾ। ਗੰਡਾ ਸਿਘ ਹੁਰਾਂ ਚਿੱਠੀ ਉਤੇ ਛੇਤੀ ਨਾਲ ਨਜ਼ਰ ਮਾਰੀ। ਲਿਖਿਆ ਸੀ, "ਇਹ ਗ਼ਰੀਬ ਮੁੰਡਾ ਹੋਣਹਾਰ ਹੈ, ਅੰਗਰੇਜ਼ੀ ਦੀ ਐਮ.ਏ. ਕਰਨੀ ਚਾਹੁੰਦਾ ਹੈ, ਸੋ ਤੁਹਾਡੇ ਪਾਸ ਭੇਜ ਰਿਹਾ ਹਾਂ।"

ਮਾਸਟਰ ਬਲਵੰਤ ਸਿੰਘ ਨਾਲ ਸ. ਗੰਡਾ ਸਿੰਘ ਹੋਰਾਂ ਦੀ ਮਾਮੂਲੀ ਜਹੀ ਸਾਹਬ-ਸਲਾਮ ਸੀ, ਮੈਂ ਮਿਲ ਵੀ ਪਹਿਲੀ ਵਾਰੀ ਰਿਹਾ ਸਾਂ ਤੇ ਕੰਮ ਵੀ ਕੋਈ ਫੌਰੀ ਕਿਸਮ ਦਾ ਨਹੀਂ ਸੀ, ਪਰ ਸ. ਗੰਡਾ ਸਿੰਘ ਇਕ ਝਟਕੇ ਨਾਲ ਸਾਵਧਾਨ ਹੋ ਗਏ, ਜਿਵੇਂ ਕਿਸੇ ਨੇ ਬਟਨ ਦੱਬ ਕੇ ਖੜਾ ਕੀਤਾ ਹੋਵੇ। ਪਜਾਮਾ ਪਾਇਆ, ਤੌਲੀਏ ਨੂੰ ਮੱਥੇ ਵਲ ਜ਼ਰਾ ਹੋਰ ਉਲਾਰ ਕੇ ਮੈਨੂੰ ਕਿਹਾ "ਆਓ, ਤੇਜਾ ਸਿੰਘ ਹੁਰਾਂ ਵਲ ਚੱਲੀਏ।" ਮੈਂ ਵਰ੍ਹਦੀ ਅੱਗ ਵਿਚ ਖੇਚਲ ਨਾ ਕਰਨ ਬਾਰੇ ਜ਼ਰੂਰ ਕੁਝ ਬੁੜਬੁੜਾਇਆ ਹੋਵਾਂਗਾ, ਪਰ ਸ. ਗੰਡਾ ਸਿੰਘ ਹੁਰੀਂ ਕੋਠੜੀ ਤੇ ਬਰਾਂਡੇ ਤੋਂ ਬਾਹਰ ਪਹੁੰਚ ਕੇ ਮੇਰੀ ਉਡੀਕ ਕਰ ਰਹੇ ਸਨ। ਪ੍ਰੋ. ਤੇਜਾ ਸਿੰਘ ਹੁਰਾਂ ਦੀ ਕੋਠੀ ਓਥੋਂ ਫਰਲਾਂਗ, ਡੇਢ ਤੋਂ ਘੱਟ ਵਿੱਥ ਉਤੇ ਨਹੀਂ ਸੀ।

ਪਰਉਪਕਾਰ ਦੀ ਸੁਗੰਧਿਤ ਬੂਟੀ ਸ. ਗੰਡਾ ਸਿੰਘ ਵਿਚ ਕਿੰਨੀ ਖੁਦ-ਰੌ ਹੈ, ਉਸ ਦੀ ਇਕ ਹੋਰ ਮਿਸਾਲ ਯਾਦ ਦੀ ਤਖਤੀ ਉਤੇ ਡੂੰਘੀ ਉਕਰੀ ਹੋਈ ਹੈ। ਮੈਂ ਅੰਗਰੇਜ਼ੀ ਐਮ.ਏ. ਦਾ ਇਮਤਿਹਾਨ ਪਾਸ ਕਰ ਲਿਆ ਤੇ ਲਾਹੌਰ ਦੇ ਕਿਸੇ ਕਾਲਜ ਵਿਚ ਦਾਖਲ ਹੋ ਕੇ ਇਕ ਸਾਲ ਵਿਚ ਫਾਰਸੀ ਦੀ ਐਮ.ਏ. ਪਾਸ ਕਰਨ ਦੀ ਸਲਾਹ ਬਣਾਈ। ਟਿਊਸ਼ਨਾਂ ਦਾ ਅਨਿਸਚਿਤ ਜਿਹਾ ਆਸਰਾ ਤਕਾ ਕੇ ਮੈਂ ਲਾਹੌਰ ਦੇ ਇਕ ਸਸਤੇ ਜਿਹੇ ਪ੍ਰਾਈਵੇਟ ਨਿਵਾਸ-ਅਸਥਾਨ, 'ਹਿੰਦੂ ਹੋਸਟਲ' ਵਿਚ ਜਾ ਡੇਰਾ ਲਾਇਆ। ਇਕ ਦਿਨ ਪ੍ਰੋ. ਗੰਡਾ ਸਿੰਘ ਹੁਰਾਂ ਨੇ ਆ ਦਰਵਾਜ਼ਾ ਖੜਕਾਇਆ। ਉਨ੍ਹਾਂ ਨੇ ਕੁਝ ਕਿਤਾਬਾਂ 'ਰਾਮ ਕ੍ਰਿਸ਼ਨ' ਤੋਂ ਲੈ ਕੇ ਅੰਮ੍ਰਿਤਸਰ ਮੁੜ ਜਾਣਾ ਸੀ। ਮੈਂ ਝੱਟ ਤਿਆਰ ਹੋ ਕੇ ਨਾਲ ਤੁਰ ਪਿਆ। ਅਸੀਂ ਪਹਿਲਾਂ 'ਮਨਰਵਾ' ਉਤੇ ਗਏ, ਇਤਿਹਾਸ ਦੀਆਂ ਕੁਝ ਪੁਰਾਣੀਆਂ, ਖੱਦੀਆਂ ਕਿਤਾਬਾਂ ਸ. ਗੰਡਾ ਸਿੰਘ ਹੁਰਾਂ ਨੂੰ ਪਸੰਦ ਆਈਆਂ। ਫੇਰ ਅਸੀਂ 'ਰਾਮ ਕ੍ਰਿਸ਼ਨ ਐਂਡ ਸੰਨਜ਼' ਦੀ ਵੱਡੀ ਹੱਟੀ ਉਤੇ ਪਹੁੰਚੇ। ਇਸ ਦੁਕਾਨ ਦੇ ਮਾਲਕ ਰਾਜ ਕ੍ਰਿਸ਼ਨ ਹੁਰੀਂ ਪ੍ਰੋਫੈਸਰ ਸਾਹਿਬ ਦੇ ਚੰਗੇ ਮਿੱਤਰ ਲਗਦੇ ਸਨ। ਮੈਨੂੰ ਇਉਂ ਲੱਗਿਆ ਜਿਵੇਂ ਪ੍ਰੋਫੈਸਰ ਸਾਹਿਬ ਓਸੇ ਦਿਨ ਪਹਿਲਾਂ ਵੀ ਇਕ ਗੇੜਾ ਮਾਰ ਚੁੱਕੇ ਹੋਣ। ਕਿਤਾਬਾਂ ਦਾ ਇਕ ਬੰਡਲ ਤਿਆਰ ਪਿਆ ਸੀ। ਫੇਰ ਵੀ ਅੱਧਾ-ਪੌਣਾ ਘੰਟਾ ਅਸੀਂ ਕਿਤਾਬਾਂ ਦੀਆਂ ਕਿਆਰੀਆਂ ਵਿਚ ਸੈਰ ਕੀਤੀ। ਜਦੋਂ ਕੰਮ ਮੁਕਾ ਕੇ ਬਾਹਰ ਨਿਕਲਣ ਲੱਗੇ ਤਾਂ ਅਚਾਨਕ ਉਨ੍ਹਾਂ ਨੇ ਮੇਰੇ ਵਲ ਇਸ਼ਾਰਾ ਕਰਦਿਆਂ ਰਾਜ ਨੂੰ ਕਿਹਾ, "ਇਨ੍ਹਾਂ ਨੂੰ ਚੰਗੀ ਤਰ੍ਹਾਂ ਪਛਾਣ ਲਓ, ਕਦੀ ਨਾਂਹ ਨਾ ਹੋਵੇ।"

ਮੈਨੂੰ ਸ. ਗੰਡਾ ਸਿੰਘ ਦੇ ਆਖਰੀ ਬਚਨ ਦੀ ਸਮਝ ਕੋਈ ਨਾ ਆਈ। ਕਾਹਦੀ ਨਾਂਹ ਨਾ ਹੋਵੇ? ਸ. ਗੰਡਾ ਸਿੰਘ ਫੌਜੀ ਫੁਰਤੀ ਨਾਲ ਦੁਕਾਨ ਦੀਆਂ ਪੌੜੀਆਂ ਉਤਰ ਕੇ ਇਕ ਖਾਲੀ ਟਾਂਗੇ ਨੂੰ ਠਹਿਰਨ ਦੀ ਸੈਨਤ ਕਰ ਰਹੇ ਸਨ। ਬੰਡਲ ਟਾਂਗੇ ਵਿਚ ਰੱਖੇ ਗਏ ਤੇ ਜਦੋਂ ਟਾਂਗਾ ਸਟੇਸ਼ਨ ਵਲ ਜਾਣ ਲਈ ਅਸਲੋਂ ਤਿਆਰ ਸੀ ਤੇ ਉਹ ਪਿਛਲੀ ਸੀਟ ਉਤੇ ਬੈਠ ਚੁੱਕੇ ਸਨ, ਓਦੋਂ ਗੰਡਾ ਸਿੰਘ ਹੁਰਾਂ, ਥੋੜ੍ਹਾ ਮੇਰੇ ਵਲ ਲਿਫ ਕੇ, ਮੈਨੂੰ ਬੜੇ ਸਹਿਜ-ਸੁਭਾਈ ਅੰਦਾਜ਼ ਵਿਚ ਕਿਹਾ, "ਰਾਜ ਨਾਲ ਮੇਰਾ ਪੁਰਾਣਾ ਹਿਸਾਬ ਚਲਦੈ, ਮੈਂ ਇਸ ਦੇ ਕੋਲ ਪੈਸੇ ਜਮ੍ਹਾਂ ਕਰਵਾ ਦਿੱਤੇ ਨੇ ਤੇ ਕਹਿ ਦਿੱਤੈ ਕਿ ਤੁਹਾਨੂੰ ਜਿੰਨਿਆਂ ਪੈਸਿਆਂ ਦੀ ਲੋੜ ਹੋਵੇ, ਉਹ ਦੇ ਦਿਆ ਕਰੇ। ਨਾ ਸੰਗਣ ਦੀ ਲੋੜ ਹੈ, ਨਾ ਤੰਗੀ ਕੱਟਣ ਦੀ। ਅੱਛਾ, ਸਤਿ ਸ੍ਰੀ ਅਕਾਲ।" ਟਾਂਗਾ ਤਾਂ ਤੁਰ ਗਿਆ ਪਰ ਮੈਂ, ਉਸ ਘੜੀ, ਅਨਾਰਕਲੀ ਦੇ ਗਹਿਮਾ-ਗਹਿਮ ਚੌਂਕ ਵਿਚ ਅਲਿਫ ਲੈਲਾ ਦੀ ਕਥਾ ਦਾ ਕੋਈ ਪਾਤਰ ਬਣਿਆ ਪਤਾ ਨਹੀਂ ਕਿੰਨਾ ਚਿਰ, ਅਚੰਭਿਆਂ-ਭਰੇ ਬਗਦਾਦ ਦੀ ਕਿਸੇ ਰੋਮਾਂਚਿਕ ਗਲੀ ਵਿਚ ਖੜਾ ਰਿਹਾ...।

1947 ਦੇ ਸੁਦਾਈ ਦਿਨ ਸਨ, ਮਾਨਸ ਦੇ ਮਾਸ ਦੀ ਭੁੱਖ ਜੋਬਨ ਉਤੇ ਸੀ, ਵਗੀ ਹੋਈ ਰੱਤ ਦੀ ਬਹੁਲਤਾ ਨੇ ਕਾਇਰਾਂ ਨੂੰ ਰੱਤ ਵਗਾਉਣ ਦਾ ਸਾਹਸ ਬਖਸ਼ ਦਿੱਤਾ ਸੀ ਤੇ ਚੁਪਾਸੀਂ ਲੱਗੀਆਂ ਅੱਗਾਂ ਵੇਖ ਕੇ ਅੱਗ ਲਾਉਣ ਦੀ ਰੀਝ ਜਣੇ-ਖਣੇ ਵਿਚ ਚਮਕ ਉਠੀ ਸੀ। ਉਨ੍ਹਾਂ ਦਿਨਾਂ ਵਿਚੋਂ ਇਕ ਦਿਨ ਸ. ਗੰਡਾ ਸਿੰਘ ਹੁਰੀਂ ਆਪਣੇ ਕੋਠੇ ਉਤੇ ਖੜੇ ਸਨ ਕਿ ਹਾਥੀ ਦਰਵਾਜ਼ੇ ਵਾਲੇ ਪਾਸਿਓਂ ਉਚੇ ਲਾਂਬੂ ਨਿਕਲਦੇ ਦੇਖੇ। ਹਾਥੀ ਦਰਵਾਜ਼ੇ ਉਤੇ ਖਤਰਨਾਕ ਮੁਸਲਮਾਨ ਗੁੰਡਿਆਂ ਦਾ ਕਬਜ਼ਾ ਸੀ। ਜਿਹੜਾ ਹਿੰਦੂ ਜਾਂ ਸਿੱਖ ਇਨ੍ਹਾਂ ਤੋਂ ਬਚ ਨਿਕਲਦਾ, ਉਸ ਨੂੰ ਥਾਣੇ ਦੀ ਮੁਸਲਮਾਨ ਪੁਲਿਸ ਬੋਚ ਲੈਂਦੀ ਸੀ। ਦਰਵਾਜ਼ੇ ਦੇ ਅੰਦਰ ਦੇ ਹਿੰਦੂ-ਸਿੱਖ ਅੰਦਰ ਅਤੇ ਬਾਹਰ ਦੇ ਬਾਹਰ ਫਸੇ ਹੋਏ ਸਨ। ਸ. ਗੰਡਾ ਸਿੰਘ ਦੀ ਇਕ ਭੈਣ, ਆਪਣੇ ਟੱਬਰ ਸਮੇਤ, ਇਸ ਦਰਵਾਜ਼ੇ ਦੇ ਅੰਦਰਵਾਰ ਰਹਿੰਦੀ ਸੀ। ਇਹ ਲਾਂਬੂ ਭੈਣ ਦੇ ਘਰ ਦੇ ਵੀ ਹੋ ਸਕਦੇ ਹਨ, ਇਹ ਖਿਆਲ ਆਉਣ ਦੀ ਦੇਰ ਸੀ ਕਿ ਗੰਡਾ ਸਿੰਘ ਹੁਰੀਂ ਫੌਜੀ ਵਰਦੀ ਪਹਿਨ, ਪੈਂਟ ਦੇ ਸੱਜੇ-ਖੱਬੇ ਬੋਝਿਆਂ ਵਿਚ ਪਿਸਤੌਲ ਪਾ, ਨਰਕ ਵਿਚ ਛਾਲ ਮਾਰਨ ਲਈ ਤਿਆਰ ਹੋ ਗਏ। ਮਸਾਂ-ਮਸਾਂ, ਇਕ ਟਾਂਗੇ ਵਾਲਾ, ਹਾਥੀ ਦਰਵਾਜ਼ੇ ਵਲ ਜਾਣਾ ਮੰਨਿਆ। ਸਰਪਟ ਜਾਂਦੇ ਟਾਂਗੇ ਨੂੰ ਦਰਵਾਜ਼ੇ ਦੇ ਅੰਦਰ ਜਾਣੋਂ ਕਿਸੇ ਨੇ ਨਾ ਟੋਕਿਆ, ਪਰ ਜਿਉਂ-ਜਿਉਂ ਉਸ ਮੁਸਲਮਾਨ ਕਿਲ੍ਹੇ ਵਿਚ, ਕਿਸੇ ਸਿੱਖ ਦੀ ਹੋਂਦ ਦਾ ਪਤਾ ਲਗਦਾ ਗਿਆ, ਸਰਗਰਮ ਘੁਸਰ-ਮੁਸਰ ਸ਼ੁਰੂ ਹੋ ਗਈ। ਅੱਗ ਦੀ ਖੇਡ ਦੇ ਨਜ਼ਾਰੇ ਚਾਰੇ ਪਾਸੇ ਸਪੱਸ਼ਟ ਦਿਸ ਰਹੇ ਸਨ। ਭੈਣ ਦੇ ਘਰ ਕੋਲ ਟਾਂਗਾ ਰੁਕਿਆ। ਨਾਲ ਦੇ ਮਕਾਨ ਵਿਚੋਂ ਲਾਂਬੂ ਨਿਕਲਣੇ ਸ਼ੁਰੂ ਹੋਏ ਹੋਏ ਸਨ। ਅਗਲੀ ਵਾਰੀ ਭੈਣ ਦੇ ਮਕਾਨ ਦੀ ਸੀ। ਕੋਠਿਆਂ ਉਤੇ ਖੜੇ ਦੋਖੀ ਇਸ ਸਿੱਖ ਦੀ ਬਿਜਲਈ ਤੇਜ਼ੀ ਉਤੇ ਅਜੇ ਭਮੱਤਰੇ ਹੋਏ ਸਨ। ਗੰਡਾ ਸਿੰਘ ਇਕ ਪਾਸੇ ਭੈਣ ਦੇ ਬੰਦ ਦਰਵਾਜ਼ੇ ਨੂੰ ਠੁੱਡੇ ਮਾਰ ਰਿਹਾ ਸੀ, ਭੈਣ ਨੂੰ ਕਾਹਲੀਆਂ ਆਵਾਜ਼ਾਂ ਦੇ ਰਿਹਾ ਸੀ ਤੇ ਦੂਜੇ ਪਾਸੇ ਦੁਸ਼ਮਣ ਦੀ ਘਾਤ ਤੋਂ ਚੁਕੰਨਾ ਹੋਇਆ ਖੜਾ ਸੀ। ਭੈਣ ਦਾ ਸਾਰਾ ਟੱਬਰ, ਅੱਗ ਦੀ ਪ੍ਰਾਣ-ਚੱਟਣੀ ਜੀਭ ਦੀ ਮਾਰ ਤੋਂ ਤਰਾਸਿਆ, ਚੁਬਾਰੇ ਦੀ ਕਿਸੇ ਨੁੱਕਰ ਵਿਚ ਸੁੰਗੜਿਆ ਬੈਠਾ ਸੀ ਪਰ ਫੌਜੀ ਵੀਰੇ ਦੀ ਅੰਮ੍ਰਿਤਮਈ ਧੁਨੀ ਓਥੇ ਜਾ ਪਹੁੰਚੀ। ਦਰਵਾਜ਼ਾ ਖੁੱਲ੍ਹਿਆ, ਪੰਜਾਂ ਮਿੰਟਾਂ ਦੇ ਵਿਚ-ਵਿਚ ਸਭ ਨੂੰ ਤਿਆਰ ਹੋਣਾ ਪਿਆ। ਜਿੰਨੀ ਦੇਰ ਭੈਣ ਦਾ ਟੱਬਰ ਟਾਂਗੇ ਵਿਚ ਨਾ ਜਾ ਬੈਠਾ, ਭੈਣ ਦਾ ਵੀਰ ਦਲ੍ਹੀਜਾਂ ਵਿਚ ਹੀ ਖੜਾ ਰਿਹਾ। ਅਗਲੇ ਪਲ ਉਹ ਆਪ ਵੀ ਟਾਂਗੇ ਵਿਚ ਸੀ। ਓਦੋਂ ਤੱਕ ਬਾਜ਼ਾਰ ਦੇ ਦੁਹੀਂ ਪਾਸੀਂ ਖੂਨੀ ਅੱਖਾਂ ਵਾਲੀ ਭੀੜ ਇਕੱਠੀ ਹੋ ਚੁੱਕੀ ਸੀ। ਇਕ ਮਨਚਲੇ ਨੇ ਅੱਗੇ ਵਧ ਕੇ ਘੋੜੇ ਦੀ ਲਗਾਮ ਨੂੰ ਹੱਥ ਪਾਇਆ। ਸ. ਗੰਡਾ ਸਿੰਘ ਨੇ ਦੋਵੇਂ ਪਿਸਤੌਲ ਬੋਝਿਆਂ ਵਿਚੋਂ ਕੱਢ ਕੇ ਇਕ ਘੂਰਕੀ ਨਾਲ, ਜਵਾਨ ਦੀ ਛਾਤੀ ਵਲ ਸਿੱਧੇ ਕਰ ਦਿੱਤੇ। ਖਿਮਾ-ਯਾਚਨਾ ਤੇ ਖਿਸਿਆਨੇਪਣ ਦੀ ਇਕ ਰਲਵੀਂ ਤੱਕਣੀ ਨਾਲ ਮਨਚਲੇ ਨੇ ਵਾਗ ਛੱਡ ਦਿੱਤੀ ਤੇ ਟਾਂਗਾ ਚਲ ਪਿਆ। ਦਰਵਾਜ਼ੇ ਵਿਚ ਪੁਲਸੀਏ ਉਡੀਕ ਰਹੇ ਸਨ ਪਰ ਪਿਸਤੌਲ ਉਨ੍ਹਾਂ ਨੂੰ ਵੀ ਤੋਪਾਂ ਵਾਂਗ ਮੂੰਹ-ਅੱਡੀ ਦਿਸੇ। ਉਨ੍ਹਾਂ ਰਾਹ ਤਾਂ ਦੇ ਦਿੱਤਾ ਪਰ 'ਜਾਹ-ਜਾਂਦੀਆਂ' ਦੀਆਂ ਡੂੰਘੀਆਂ ਲੀਕਾਂ ਉਨ੍ਹਾਂ ਦੇ ਫਿਟਕਾਰੇ ਚਿਹਰਿਆਂ ਉਤੇ ਪਈਆਂ ਦੂਰੋਂ ਦਿਸਦੀਆਂ ਸਨ। ਗੰਡਾ ਸਿੰਘ ਜੀ ਦੀ ਇਸ ਸਿਰਲੱਥ ਵੀਰਤਾ ਦੀ ਸਨਦ ਵਜੋਂ, ਕਾਇਰ, ਆਪਣੇ ਵਲੋਂ ਕੇਵਲ ਇਕ ਵੱਡੀ, ਗੰਦੀ ਗਾਲ੍ਹ ਹੀ ਪੇਸ਼ ਕਰ ਸਕੇ।

ਪਰਉਪਕਾਰ ਸਰਦਾਰ ਗੰਡਾ ਸਿੰਘ ਦੀ ਖ਼ਮੀਰ ਵਿਚ ਹੈ। ਉਸ ਨੇ ਆਪਣੇ ਲਈ ਕਦੀ ਕੁਝ ਨਹੀਂ ਮੰਗਿਆ ਤੇ ਨਾ ਅੱਗੇ ਨੂੰ ਮੰਗੇਗਾ, ਪਰ ਦੂਜਿਆਂ ਲਈ ਉਹ ਦਰ-ਦਰ ਮੰਗਣ ਜਾ ਸਕਦਾ ਹੈ। ਉਸ ਨੇ ਆਪਣੇ ਬੱਚਿਆਂ ਦਾ ਕੁਝ ਨਹੀਂ ਸਵਾਰਿਆ, ਪਰ ਦੂਜਿਆਂ ਦਿਆਂ ਬੱਚਿਆਂ ਲਈ ਉਹ ਕੀ ਨਹੀਂ ਕਰ ਸਕਦਾ? ਜੋ ਉਸ ਦੇ ਸੰਪਰਕ ਵਿਚ ਆਇਆ ਹੈ, ਉਹ ਦੋਸਤ ਬਣਿਆ ਹੈ ਤੇ ਜੇ ਕੋਈ ਦੋਖੀ ਹੈ ਤਾਂ ਉਸ ਵਿਚ ਕਸੂਰ ਸਰਦਾਰ ਗੰਡਾ ਦਾ ਨਹੀਂ। ਉਸ ਵਿਚ ਨਾਂਹ ਕਰਨ ਦੀ ਸ਼ਕਤੀ ਹੈ ਪਰ ਇਸ ਦੀ ਵਰਤੋਂ ਆਮ ਨਹੀਂ। ਲੇਖੇ ਦੇ ਮੁਆਮਲੇ ਵਿਚ ਉਸ ਨੂੰ ਇਕ ਪੈਸੇ ਦਾ ਧੋਖਾ ਨਹੀਂ ਦਿੱਤਾ ਜਾ ਸਕਦਾ (ਉਸ ਨੂੰ ਅਕਾਊਂਟੈਂਸੀ ਦਾ ਤਜਰਬਾ ਹੈ), ਪਰ ਉਸ ਦਾ ਉਗਰਾਹੀ ਵਾਲਾ ਪਾਸਾ ਅਸਲੋਂ ਸਾਫ਼ ਹੈ। ਉਹ ਪੈਸੇ ਦੇ ਮੋਹ ਤੋਂ ਮੁਕਤ ਹੈ ਤੇ ਇਸੇ ਤਰ੍ਹਾਂ ਘਰ ਤੇ ਜ਼ਮੀਨ ਦੇ ਮੋਹ ਤੋਂ ਵੀ। ਉਹ ਬਹੁਤ ਕੁਝ ਵੇਖ ਕੇ ਅਣਡਿੱਠ ਕਰ ਸਕਦਾ ਹੈ, ਸੁਣ ਕੇ ਅਣਸੁਣਿਆ ਕਰ ਸਕਦਾ ਹੈ, ਪਰ ਕੰਮ ਦੀ ਕਿਤਾਬ ਨੂੰ ਵੇਖ ਕੇ ਜਾਂ ਉਸ ਬਾਰੇ ਪੜ੍ਹ-ਸੁਣ ਕੇ ਓਨੀ ਦੇਰ ਤਰਲੋ-ਮੱਛੀ ਰਹਿੰਦਾ ਹੈ ਜਿੰਨੀ ਦੇਰ ਉਹ ਮਿਲ ਨਹੀਂ ਜਾਂਦੀ। ਇਸੇ ਲਈ ਉਸ ਦਾ ਨਿੱਜੀ ਪੁਸਤਕ-ਸੰਗ੍ਰਿਹ ਪੰਜਾਬ ਭਰ ਵਿਚ ਸ਼ਾਇਦ ਪਹਿਲੇ ਸਥਾਨ ਉਤੇ ਹੋਵੇ। ਉਹ ਸ਼ਰਾਫਤ ਦਾ ਪੁਤਲਾ ਹੈ, ਜਿਵੇਂ ਆਦਰਸ਼ ਸਾਊਪੁਣੇ ਉਤੇ ਲਿਖਿਆ ਕੋਈ ਲੇਖ ਕਿਸੇ ਕਿਤਾਬ ਵਿਚੋਂ ਨਿਕਲ ਕੇ ਤੁਰਨ-ਫਿਰਨ ਲੱਗ ਪਿਆ ਹੋਵੇ। ਉਸ ਵਿਚ ਕਾਹਲ ਤੇ ਨਿਮਰਤਾ ਦੀ ਅਜੀਬ ਦੋਰੰਗੀ ਹੈ। ਉਸ ਦੀ ਮਿਹਨਤ ਦੀ ਸ਼ਕਤੀ ਅਪਾਰ ਹੈ। ਉਹ ਜਦੋਂ ਖਾਲਸਾ ਕਾਲਜ, ਅੰਮ੍ਰਿਤਸਰ ਵਿਚ ਸਿੱਖ ਇਤਿਹਾਸ ਦੇ ਵਿਭਾਗ ਦਾ ਮੁਖੀ ਨਿਯੁਕਤ ਹੋਇਆ, ਕੇਵਲ ਦਸ ਜਮਾਤਾਂ ਪਾਸ ਸੀ, ਹੁਣ ਡਾਕਟਰ ਦੀ ਉਪਾਧੀ ਪ੍ਰਾਪਤ ਕਰ ਚੁੱਕਾ ਹੈ। ਇਹ ਕੰਮ, ਉਸ ਨੇ ਕਾਲਜ ਜਾਂ ਦਫਤਰ ਦੇ ਸਮੇਂ ਤੋਂ ਪਹਿਲਾਂ ਜਾਂ ਪਿੱਛੋਂ, ਬੜੀਆਂ ਔਕੜਾਂ ਝਾਗ-ਝਾਗ ਕੇ ਸਿਰੇ ਚਾੜ੍ਹਿਆ ਹੈ। ਉਹ ਉਸੇ ਕੰਮ ਨੂੰ ਹੱਥ ਪਾਉਂਦਾ ਹੈ, ਜਿਸ ਦੇ ਕਰਨ ਦੀ ਉਸ ਵਿਚ ਸਮਰੱਥਾ ਹੁੰਦੀ ਹੈ, ਦੂਜੇ ਕੰਮ ਵਲ ਉਕਾ ਅੱਖ ਪੁੱਟ ਕੇ ਵੀ ਨਹੀਂ ਵੇਖਦਾ। ਉਸ ਦੇ ਸ਼ੌਂਕ ਬਿਲਕੁੱਲ ਸੀਮਿਤ ਹਨ, ਜੇ ਕਰੇਗਾ ਤਾਂ ਸਾਰਾ, ਹਨੇਰੀ ਵਾਂਗ ਝੁੱਲ ਕੇ, ਨਹੀਂ ਤਾਂ ਨਹੀਂ ਕਰੇਗਾ, ਪਰ ਉਸ ਪਾਸੇ ਵਲੋਂ ਕੋਈ ਝਾਕ ਵੀ ਕਦੀ ਨਹੀਂ ਰੱਖੇਗਾ। ਉਸ ਨੂੰ ਨਾ ਕੋਈ ਮਿਹਣਾ ਆਪਣੀ ਧੁਨ ਤੋਂ ਥਿੜਕਾ ਸਕਦਾ ਹੈ, ਨਾ ਲਾਲਚ ਤੇ ਨਾ ਵਿਰੋਧ। ਥੋੜ੍ਹੇ-ਕੀਤਿਆਂ ਉਹ ਆਪਣੇ ਕੰਮ ਵਿਚ ਕੋਈ ਦਖਲ ਨਹੀਂ ਸਹਿੰਦਾ ਤੇ ਨਾ ਕਿਸੇ ਦੇ ਕੰਮ ਵਿਚ ਕੋਈ ਦਖਲ ਦੇਂਦਾ ਹੈ। ਅੰਗ ਪਾਲਣ, ਵਫਾ ਨਿਭਾਉਣ ਤੇ ਹੁਕਮ ਮੰਨਣ ਵਿਚ ਉਹ ਫੌਜੀ ਦ੍ਰਿੜਤਾ ਤੋਂ ਕੰਮ ਲੈਂਦਾ ਹੈ ਤੇ ਇਉਂ ਕਰਦਿਆਂ ਆਪਣੇ ਹਾਣ-ਲਾਭ ਨੂੰ ਨਹੀਂ ਵਿਚਾਰਦਾ। ਉਹ ਆਪਣੀਆਂ ਬਹੁਤ ਆਦਤਾਂ ਵਿਚ ਅੜੁਕ, ਪੱਕਾ ਤੇ ਬਾਕਾਇਦਾ ਹੈ। ਤਿੰਨ ਫੁਲਕੇ ਖਾਣੇ ਹਨ ਤੇ ਚੌਥੇ ਨੂੰ ਕਦੀ ਕਲਪਨਾ ਵਿਚ ਵੀ ਨਹੀਂ ਆਉਣ ਦੇਣਾ, ਤਿੰਨੇ ਫੁਲਕੇ ਇੱਕੋ ਵਾਰੀ ਥਾਲੀ ਵਿਚ ਰਖਵਾ ਲੈਣੇ ਹਨ, ਇਕ-ਇਕ ਕਰਕੇ ਨਹੀਂ ਲੈਣੇ, ਇਕ ਡੰਗ ਵਿਚ ਇੱਕੋ ਸਬਜ਼ੀ ਜਾਂ ਇੱਕੋ ਦਾਲ ਲੈਣੀ ਹੈ, ਚਾਹੇ ਬਣੀਆਂ ਕਿੰਨੀਆਂ ਹੀ ਹੋਣ, ਰੋਟੀ ਨਾਲ ਪਾਣੀ ਨਹੀਂ ਪੀਣਾ, ਗਰਮੀਆਂ ਵਿਚ ਪੱਖਾ ਨਹੀਂ ਵਰਤਣਾ, ਦਾਰੂ ਨੂੰ ਹੱਥ ਨਹੀਂ ਲਾਉਣਾ, ਮਾਸ ਨਹੀਂ ਖਾਣਾ, ਵਕਤ ਦਾ ਪਾਬੰਦ ਰਹਿਣਾ ਹੈ, ਇਤਿਆਦਿ।


ਸ. ਗੰਡਾ ਸਿੰਘ ਦੇ ਅੰਦਰ ਗੈਰ ਬੋਲੀਆਂ ਵਿਚ ਪ੍ਰਬੀਨਤਾ ਪ੍ਰਾਪਤ ਕਰਨ ਦੀ ਬੜੀ ਭਾਰੀ ਕੁਸ਼ਲਤਾ ਹੈ। ਜਦੋਂ ਇਨ੍ਹਾਂ ਨੇ ਫੌਜੀ ਨੌਕਰੀ ਅਰੰਭ ਕੀਤੀ ਤਾਂ ਪਸ਼ਤੋ ਵਿਚ ਇਮਤਿਹਾਨ ਪਾਸ ਕਰਨ ਦੀ ਲੋੜ ਪਈ। ਇਨ੍ਹਾਂ ਨੇ ਇਕ ਹਫਤੇ ਦੀ ਛੁੱਟੀ ਲਈ ਤੇ ਬਿਨਾਂ ਕਿਸੇ ਨੂੰ ਦੱਸੇ, ਘੋੜੇ ਨੂੰ ਅੱਡੀ ਲਾ ਕੇ ਸੂਬਾ ਸਰਹੱਦ ਦੇ ਕਬਾਇਲੀ ਇਲਾਕੇ ਵਿਚ ਜਾ ਵੜੇ। ਉਥੇ ਇਨ੍ਹਾਂ ਦੀ ਕੋਈ ਜਾਣ-ਪਛਾਣ ਨਹੀਂ ਸੀ ਤੇ ਜਾਨ ਨੂੰ ਵੀ ਸਖ਼ਤ ਖ਼ਤਰਾ ਸੀ। ਇਕ ਹਫਤੇ ਪਿੱਛੋਂ ਉਹ ਆਪਣੇ ਅੰਗਰੇਜ਼ ਅਫਸਰ ਨਾਲ ਪਸ਼ਤੋ ਪਟਾਕਣ ਲੱਗੇ ਤਾਂ ਅਫਸਰ ਦੀ ਹੈਰਾਨੀ ਦੀ ਹੱਦ ਨਾ ਰਹੀ। ਈਰਾਨ ਵਿਚ ਰਹਿਣ ਦਾ ਮੌਕਾ ਮਿਲਿਆ ਤਾਂ ਫਾਰਸੀ ਬੋਲਣੀ ਸਿੱਖ ਲਈ ਤੇ ਇਸੇ ਤਰ੍ਹਾਂ ਅੰਗਰੇਜ਼ੀ, ਫਰਾਂਸੀਸੀ, ਉਰਦੂ, ਹਿੰਦੀ ਤੇ ਮਰਾਠੀ ਆਦਿ ਬੋਲੀਆਂ ਵਿਚ ਮੁਹਾਰਤ ਪ੍ਰਾਪਤ ਕੀਤੀ। ਪੰਜਾਬੀ ਤੋਂ ਇਲਾਵਾ ਉਰਦੂ, ਹਿੰਦੂ, ਅੰਗਰੇਜ਼ੀ ਤੇ ਫਰਾਂਸੀਸੀ ਵਿਚ ਰਚਨਾ ਵੀ ਕੀਤੀ ਹੈ। ਗੰਡਾ ਸਿੰਘ ਹੁਰਾਂ ਦਾ ਸਟੇਜ ਉਤੇ ਬੋਲਣ ਦਾ ਤਜਰਬਾ ਬੜਾ ਲੰਮਾ ਹੈ, ਪਰ ਸਟੇਜ ਦੇ ਇਸ ਤਜਰਬੇ ਤੇ ਉਪਰੋਕਤ ਭਾਸ਼ਾ-ਕੁਸ਼ਲਤਾ ਦੇ ਬਾਵਜੂਦ, ਉਨ੍ਹਾਂ ਲਈ, ਭਾਸ਼ਣ ਵਿਚ ਕਿਸੇ ਦੀ ਟੋਕ ਝੱਲਣੀ ਔਖੀ ਹੋ ਜਾਂਦੀ ਹੈ ਜਾਂ ਕਈ ਵਾਰ ਗੱਲ ਦੀ ਕੰਨੀਂ ਹੱਥੋਂ ਛੁਟਕ ਜਾਂਦੀ ਹੈ। ਉਨ੍ਹਾਂ ਨੂੰ ਸਟੇਜ ਉਤੇ ਬੋਲਦਿਆਂ ਸੁਣ ਕੇ ਇਹ ਅਨੁਮਾਨ ਲਾਉਣਾ ਔਖਾ ਹੁੰਦਾ ਹੈ ਕਿ ਇਨ੍ਹਾਂ ਦੀ ਲਿਖਤ ਦਾ ਮੀਰੀ ਗੁਣ ਤੱਥਾਂ ਦੀ ਤਰਤੀਬਵਾਰ ਪੇਸ਼ਕਾਰੀ ਹੈ। ਸ. ਗੰਡਾ ਸਿੰਘ ਨੇ ਸੁਰਗਵਾਸੀ ਸ. ਕਰਮ ਸਿੰਘ ਇਤਿਹਾਸਕਾਰ ਦੀ ਜੋਤ ਤੋਂ ਜੋਤ ਲੈ ਕੇ, ਸਿੰਘ ਸਭਾਈ ਉਭਾਰ ਦੀ ਪ੍ਰੇਰਨਾ ਨਾਲ ਪੰਜਾਬੀ ਵਿਚ ਲਿਖਣਾ ਸ਼ੁਰੂ ਕੀਤਾ। ਸਿੱਖ ਇਤਿਹਾਸ ਦੀ ਖੋਜ ਵਾਲੀ ਕੁਰਸੀ ਸਾਂਭਣ ਕਰਕੇ, ਪਹਿਲਾਂ ਸ. ਗੰਡਾ ਸਿੰਘ ਦੀ ਇਤਿਹਾਸ ਸੋਝੀ, ਸਿੱਖ ਇਤਿਹਾਸ ਤੋਂ ਬਾਹਰ ਨਹੀਂ ਸੀ ਜਾਂਦੀ। ਇਸ ਦਾ ਇਕ ਲਾਭ ਇਹ ਹੋਇਆ ਕਿ ਹਿੰਦੁਸਤਾਨ ਵਿਚ ਜਿੱਥੇ-ਜਿੱਥੇ ਕਿਸੇ ਪੁਸਤਕਾਲੇ ਜਾਂ ਨਿੱਜੀ ਸੰਗ੍ਰਿਹ ਵਿਚ ਕਿਸੇ ਭਾਸ਼ਾ ਦੀ ਸਿੱਖਾਂ ਨਾਲ ਸੰਬੰਧਿਤ ਕੋਈ ਚੀਜ਼ ਸਾਂਭੀ ਪਈ ਸੀ, ਉਹ ਜਾਂ ਉਸ ਦੀ ਨਕਲ ਖਾਲਸਾ ਕਾਲਜ, ਅੰਮ੍ਰਿਤਸਰ ਦੇ ਪੁਸਤਕਾਲੇ ਲਈ ਪ੍ਰਾਪਤ ਕਰ ਲਈ ਗਈ। ਰਾਮਪੁਰ, ਪਟਨਾ, ਕਲਕੱਤਾ ਤੇ ਹੈਦਰਾਬਾਦ ਆਦਿ ਥਾਂਵਾਂ ਉਤੇ, ਆਪ ਜਾ-ਜਾ ਕੇ, ਕੰਮ ਦੀਆਂ ਚੀਜ਼ਾਂ ਲੱਭ-ਲੱਭ ਕੇ ਨਕਲ ਕਰ ਕੇ ਜਾਂ ਨਕਲ ਲਈ ਆਪਣਾ ਕਾਤਿਬ ਲਾ ਕੇ ਜਾਂ ਟਾਈਪ ਦਾ ਬੰਦੋਬਸਤ ਕਰਵਾ ਕੇ, ਉਨ੍ਹਾਂ ਨੇ ਕਿਸੇ ਲਗਨ ਵਾਲੇ ਮਿਸ਼ਨਰੀ ਵਾਂਗ, ਸਿੱਖ ਇਤਿਹਾਸ ਦਾ ਕੱਚਾ ਮਸਾਲਾ ਸਾਰੇ ਦੇਸ ਵਿਚੋਂ ਹੀ ਨਹੀਂ, ਬਦੇਸ਼ਾਂ ਵਿਚੋਂ ਵੀ ਇਕੱਤਰ ਕੀਤਾ ਹੈ।

ਡਾ. ਗੰਡਾ ਸਿੰਘ ਇਸ ਵੇਲੇ ਸਿੱਖ ਇਤਿਹਾਸ ਜਾਂ ਦੂਜੇ ਸ਼ਬਦਾਂ ਵਿਚ ਗੁਰੂ ਨਾਨਕ ਉਪਰੰਤ ਪੰਜਾਬ-ਇਤਿਹਾਸ ਦਾ ਸਭ ਤੋਂ ਵੱਡਾ ਜਿਊਂਦਾ ਵਿਦਵਾਨ ਹੈ। ਕਰੜੀ ਘਾਲ ਨਾਲ ਸ. ਗੰਡਾ ਸਿੰਘ ਨੇ ਆਪਣੇ ਲਈ ਇਕ ਐਸਾ ਅਸਥਾਨ ਬਣਾ ਲਿਆ ਕਿ ਸਿੱਖ ਇਤਿਹਾਸ ਬਾਰੇ ਕੋਈ ਭੁਲੇਖਾ ਹੋਵੇ, ਕੋਈ ਵਿਵਾਦ ਹੋਵੇ, ਹਰ ਕਿਸੇ ਨੂੰ ਝਾਕ ਹੁੰਦੀ ਹੈ ਕਿ ਕੇਵਲ ਉਹੀ ਇਸ ਸਮੱਸਿਆ ਉਤੇ ਪ੍ਰਮਾਣਿਕ ਚਾਨਣ ਪਾਉਣਗੇ। ਇਸ ਤਰ੍ਹਾਂ ਵਿਵਾਦ-ਪ੍ਰੇਰਿਤ, ਸੰਸਾ-ਨਿਵਾਰਕ ਫੁਟਕਲ ਲਿਖਤਾਂ ਨੇ ਸਰਦਾਰ ਸਾਹਿਬ ਦਾ ਬੜਾ ਸਮਾਂ ਲਿਆ ਹੈ। ਅਸਲ ਵਿਚ ਖਾਲਸਾ ਕਾਲਜ ਦੇ ਅਧਿਕਾਰੀਆਂ ਦੀਆਂ ਲੋੜਾਂ ਸਿੱਖ ਇਤਿਹਾਸ ਦੀਆਂ ਵਿੱਕੋਲਿੱਤਰੀਆਂ ਸਮੱਸਿਆਵਾਂ, ਵਿਅਕਤੀਆਂ ਜਾਂ ਘਟਨਾਵਾਂ ਬਾਰੇ ਹੀ ਹੋ ਸਕਦੀਆਂ ਸਨ, ਸੋ ਇਨ੍ਹਾਂ ਨੂੰ ਨਿੱਠ ਕੇ ਕਿਸੇ ਵੱਡੀ ਯੋਜਨਾ ਅਨੁਸਾਰ ਬੱਝਵਾਂ ਕੰਮ ਕਰਨ ਦਾ ਵਿਹਲ ਜਾਂ ਅਵਸਰ ਜਾਂ ਉਤਸ਼ਾਹ ਹੀ ਨਹੀਂ ਮਿਲਿਆ।

*ਡਾ. ਗੰਡਾ ਸਿੰਘ ਉਨ੍ਹਾਂ ਵਿਰਲੇ ਵਿਦਵਾਨਾਂ ਵਿਚੋਂ ਸਨ ਜਿਨ੍ਹਾਂ ਨੇ ਆਪਣੇ ਹੱਥਾਂ ਦੀਆਂ ਰੇਖਾਵਾਂ ਆਪ ਵਾਹੀਆਂ ਸਨ। ਜ਼ਿਲ੍ਹਾ ਹੁਸ਼ਿਆਰਪੁਰ ਦੇ ਇਕ ਪਿੰਡ ਹਰਿਆਣਾ ਦੇ ਇਕ ਸਾਧਾਰਾਨ ਕਿਸਾਨ ਸ. ਜਵਾਲਾ ਸਿੰਘ ਦੇ ਘਰ ਮਿਤੀ 15 ਨਵੰਬਰ, 1901 ਨੂੰ ਜਨਮ ਲੈਣ ਵਾਲੇ ਇਸ ਵਿਦਵਾਨ ਨੂੰ ਦਸਵੀਂ ਤੋਂ ਬਾਅਦ ਬਾਕਾਇਦਾ ਪੜ੍ਹਾਈ ਵਿਚੇ ਛੱਡ ਕੇ ਮਿਲਟਰੀ ਵਿਚ ਇਕ ਮਾਮੂਲੀ ਅਸਾਮੀ ਉਤੇ ਭਰਤੀ ਹੋਣਾ ਪਿਆ। ਫੌਜ ਵਿਚ ਹੀ ਸਿੱਖ ਇਤਿਹਾਸ ਦੀ ਖੋਜ ਦੀ ਅਜਿਹੀ ਲਟਕ ਲੱਗੀ ਕਿ ਇਹ ਉਨ੍ਹਾਂ ਦੀ ਜ਼ਿੰਦਗੀ ਦਾ ਮੁੱਖ ਮੰਤਵ ਬਣ ਗਈ। ਖੁਸ਼ਕਿਸਮਤੀ ਨਾਲ ਫੌਜ ਤੋਂ ਛੁੱਟੀ ਹੋਣ ਉਪਰੰਤ ਉਨ੍ਹਾਂ ਨੂੰ ਖਾਲਸਾ ਕਾਲਜ, ਅੰਮ੍ਰਿਤਸਰ ਦੇ ਸਿੱਖ ਇਤਿਹਾਸ ਖੋਜ-ਵਿਭਾਗ ਵਿਚ ਖੋਜ ਲਈ ਬੁਲਾ ਲਿਆ ਗਿਆ। ਇਥੇ ਬੈਠ ਕੇ ਖੋਜ ਦੇ ਨਾਲ-ਨਾਲ ਪ੍ਰਾਈਵੇਟ ਪੜ੍ਹਾਈ ਜਾਰੀ ਰੱਖੀ। ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ ਇਤਿਹਾਸ ਦੇ ਐਮ. ਏ. ਦੇ ਇਮਤਿਹਾਨ ਵਿਚ ਸਭ ਤੋਂ ਵਧ ਨੰਬਰ ਲੈ ਕੇ ਪਾਸ ਹੋਏ। ਬਾਅਦ ਵਿਚ ਇਸੇ ਯੂਨੀਵਰਸਿਟੀ ਨੇ ਆਪ ਨੂੰ ਡੀ. ਲਿਟ ਦੀ ਮਾਨ-ਅਰਥ ਡਿਗਰੀ ਨਾਲ ਸਨਮਾਨਿਤ ਕੀਤਾ।*

*ਪੈਪਸੂ ਸਰਕਾਰ ਨੇ ਆਪ ਨੂੰ ਖਾਲਸਾ ਕਾਲਜ, ਅੰਮ੍ਰਿਤਸਰ ਤੋਂ ਬੁਲਾ ਕੇ ਆਰਕਾਈਜ਼ ਵਿਭਾਗ ਦਾ ਡਾਇਰੈਕਟਰ ਲਾਇਆ ਤੇ ਬਾਅਦ ਵਿਚ, ਪੰਜਾਬੀ ਮਹਿਕਮੇ ਦੀ ਡਾਇਰੈਕਟਰੀ ਵੀ ਇਨ੍ਹਾਂ ਨੂੰ ਹੀ ਸੰਭਾਲ ਦਿੱਤੀ। ਸਰਕਾਰੀ ਸੇਵਾ ਤੋਂ ਵਿਹਲੇ ਹੋਣ ਤੋਂ ਬਾਅਦ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਪੰਜਾਬ ਦੇ ਇਤਿਹਾਸ ਨਾਲ ਸੰਬੰਧਿਤ ਖੋਜ-ਕਾਰਜ ਦੇ ਸਰਬਰਾਹ ਬਣਾ ਦਿੱਤੇ ਗਏ। ਇੰਡੀਅਨ ਹਿਸਟਰੀ ਕਾਂਗਰਸ ਦੇ ਪ੍ਰਧਾਨ ਰਹੇ। ਪੰਜਾਬ ਹਿਸਟਰੀ ਕਾਨਫਰੰਸ ਦੀ ਬੁਨਿਆਦ ਰੱਖੀ ਤੇ ਅੰਤਲੇ ਸਾਹਾਂ ਤਕ ਆਪਣੇ ਚਾਲੂ ਕੀਤੇ ਰਸਾਲੇ 'ਪੰਜਾਬ ਪਾਸਟ ਐਂਡ ਪ੍ਰੈਜ਼ੈਂਟ' ਦੇ ਸੰਪਾਦਕ ਰਹੇ। 27 ਦਸੰਬਰ 1987 ਨੂੰ ਆਪ ਸਦਾ ਦੀ ਨੀਂਦਰ ਸੌਂ ਗਏ।*

# ਹਿੰਦੀ ਸਿਨੇਮਾ ਅਤੇ ਸੰਵੇਦਨਸ਼ੀਲਤਾ



ਸਿਨੇਮਾ ਵਿਚ ਅਦਾਕਾਰਾਂ ਨੇ ਆਪਣੀ ਅਦਾਕਾਰੀ ਨਾਲ ਇਨਸਾਨੀ ਲਾਚਾਰੀ ਨੂੰ ਕਈ ਰੂਪਾਂ ਵਿਚ ਪਰਦੇ 'ਤੇ ਉਭਾਰਿਆ ਹੈ। ਕਰਨ ਜੌਹਰ ਦੀ ਫਿਲਮ 'ਮਾਈ ਨੇਮ ਇਜ਼ ਖ਼ਾਨ' ਵਿਚ ਸ਼ਾਹਰੁਖ਼ ਖ਼ਾਨ 'ਇਸਪਾਰੇਗਸ' ਸਿੰਡ੍ਰੋਮ ਤੋਂ ਪੀੜਤ ਸਨ। 'ਪਾ' ਵਿਚ ਅਮਿਤਾਭ ਬੱਚਨ ਨੇ 'ਪ੍ਰੋਜੇਰੀਆ' ਤੋਂ ਪੀੜਤ ਕਿਰਦਾਰ ਨੂੰ ਜੀਵਿਆ ਸੀ। ਸੁਭਾਸ਼ ਘਈ ਦੀ ਫਿਲਮ 'ਯੁਵਰਾਜ' ਵਿਚ ਅਨਿਲ ਕਪੂਰ ਨੂੰ 'ਵਿਲੀਅਮਸ' ਸਿੰਡ੍ਰੋਮ ਸੀ ਜਦਕਿ ਆਮਿਰ ਖ਼ਾਨ ਦੀ ਨਿਰਦੇਸ਼ਕ ਵਜੋਂ ਪਹਿਲੀ ਫਿਲਮ 'ਤਾਰੇ ਜ਼ਮੀਂ ਪਰ' ਡਿਸਲੇਕਸੀਆ ਰੋਗ 'ਤੇ ਕੇਂਦਰਿਤ ਸੀ।



ਕੁਝ ਦਿਨ ਪਹਿਲਾਂ ਸ਼ਾਇਰ-ਗੀਤਕਾਰ ਗੁਲਜ਼ਾਰ ਨੇ ਮੁੰਬਈ ਦੇ ਅਮਰੀਕਨ ਸੈਂਟਰ ਵਿਚ ਅਪੰਗ ਜਾਗਰੂਕਤਾ ਪ੍ਰੋਗਰਾਮ ਦਾ ਉਦਘਾਟਨ ਕੀਤਾ। ਆਪਣੇ ਭਾਸ਼ਣ ਵਿਚ ਉਨ੍ਹਾਂ ਨੇ ਦੋ ਮਹੱਤਵਪੂਰਨ ਬਿੰਦੂਆਂ ਵਲ ਇਸ਼ਾਰਾ ਕੀਤਾ। ਪਹਿਲਾ ਇਹ ਕਿ ਸਾਨੂੰ ਅਪੰਗ ਲੋਕਾਂ ਲਈ ਅਪਾਹਜ ਜਾਂ ਲਾਚਾਰ ਵਰਗੇ ਸ਼ਬਦਾਂ ਦਾ ਇਸਤੇਮਾਲ ਨਹੀਂ ਕਰਨਾ ਚਾਹੀਦਾ। ਦੂਜਾ ਇਹ ਕਿ ਸਕੂਲ ਦੇ ਪਾਠਕ੍ਰਮ ਵਿਚ ਬਰੇਨ ਲਿੱਪੀ ਅਤੇ ਚਿੰਨ੍ਹਾਂ ਦੀ ਭਾਸ਼ਾ ਦੀ ਜਾਣਕਾਰੀ ਨੂੰ ਸ਼ਾਮਲ ਕੀਤਾ ਜਾਵੇ। ਅਪਰਨਾ ਸੇਨ ਅਜਿਹੀ ਨਿਰਦੇਸ਼ਕਾ ਹੈ ਜੋ ਸਾਲਾਂ ਤੱਕ ਫਿਲਮੀ ਪਰਦੇ 'ਤੇ ਅਪੰਗਾਂ ਦੀ ਪੀੜ ਨੂੰ ਪ੍ਰਦਰਸ਼ਿਤ ਕਰਦੀ ਰਹੀ। ਜਿੱਥੇ 'ਪੋਰੋਮਿਤਰ ਏਕ ਦਿਨ' ਸੀਜ਼ੋਫੇਰਨੀਆ 'ਤੇ ਕੇਂਦਰਿਤ ਸੀ, ਉਥੇ 'ਸਤੀ' ਗੂੰਗੀ-ਬੋਲੀ ਲੜਕੀ ਦੀ ਕਹਾਣੀ ਸੀ। '36 ਚੌਰੰਗੀ ਲੇਨ' ਵਿਚ ਜੇਨੀਫਰ ਕੈਂਡੇਲ ਨੇ ਡਿਮੇਂਟੀਆ ਦੇ ਮਰੀਜ਼ ਦਾ ਕਿਰਦਾਰ ਨਿਭਾਇਆ ਤਾਂ '15 ਪਾਰਕ ਐਵੇਨਿਊ' ਸੀਜ਼ੋਫੇਰਨੀਆ ਰੋਗ ਦੇ ਇਰਦ-ਗਿਰਦ ਘੁੰਮਦੀ ਹੈ। ਕੀ ਤੁਹਾਨੂੰ ਅਜਿਹੀਆਂ ਹੀ ਹੋਰ ਫਿਲਮਾਂ ਯਾਦ ਆ ਰਹੀਆਂ ਹਨ? ਰਾਜਸ਼੍ਰੀ ਪ੍ਰੋਡਕਸ਼ਨ ਦੀ 'ਦੋਸਤੀ' ਇਕ ਲੰਗੜੇ ਅਤੇ ਇਕ ਅੰਨ੍ਹੇ ਲੜਕੇ ਦੀ ਮਿੱਤਰਤਾ ਦੀ ਕਹਾਣੀ ਸੀ। ਗੁਲਜ਼ਾਰ ਦੀ 'ਕੋਸ਼ਿਸ਼' ਗੂੰਗੇ-ਬੋਲੇ ਪਤੀ-ਪਤਨੀ 'ਤੇ ਕੇਂਦਰਿਤ ਸੀ। ਮਹਿਮੂਦ ਦੀ 'ਕੁਆਰਾ ਬਾਪ', ਸਾਈਂ ਪਰਾਂਜਪੇ ਦੀ 'ਸਪਰਸ਼' ਅਤੇ ਸੰਜੇ ਲੀਲਾ ਭੰਸਾਲੀ ਦੀ 'ਬਲੈਕ' ਅਪੰਗਤਾ 'ਤੇ ਬਣੀਆਂ ਕੁਝ ਹੋਰ ਯਾਦਗਾਰੀ ਫਿਲਮਾਂ ਹਨ। ਰਾਕੇਸ਼ ਰੌਸ਼ਨ ਨੇ ਆਪਣੀ ਫਿਲਮ 'ਕੋਈ ਮਿਲ ਗਯਾ' ਵਿਚ ਮਨੋਰੰਜਨ ਅਤੇ ਤ੍ਰਾਸਦੀ ਦਾ ਸੁੰਦਰ ਮਿਸ਼ਰਨ ਕੀਤਾ ਸੀ। ਹਿੰਦੀ ਸਿਨੇਮਾ ਵਿਚ ਮਨੋਰੋਗੀਆਂ ਨੂੰ ਵੀ ਫਿਲਮੀ ਪਰਦੇ 'ਤੇ ਪ੍ਰਦਰਸ਼ਿਤ ਕੀਤਾ ਗਿਆ ਹੈ ਪਰ ਲੰਮੇ ਸਮੇਂ ਤਕ ਪਟਕਥਾਕਾਰਾਂ ਨੇ ਇਸ ਰੋਗ ਨੂੰ ਵਿਸਥਾਰ ਨਾਲ ਸਮਝਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਗੁਰੂਦੱਤ ਦੀ ਭੂਮਿਕਾ ਵਾਲੀ 'ਬਹੂਰਾਣੀ' ਅਤੇ ਸੰਜੀਵ ਕੁਮਾਰ ਦੀ 'ਖਿਲੌਨਾ' ਅਜਿਹੀਆਂ ਹੀ ਫਿਲਮਾਂ ਕਹੀਆਂ ਜਾ ਸਕਦੀਆਂ ਹਨ।

ਹੌਲੀ-ਹੌਲੀ ਇਸ ਪ੍ਰਵਿਰਤੀ ਵਿਚ ਬਦਲਾਅ ਦੇਖਿਆ ਜਾ ਰਿਹਾ ਹੈ। 'ਸਦਮਾ' ਫਿਲਮ ਵਿਚ ਸ੍ਰੀਦੇਵੀ ਅਤੇ 'ਈਸ਼ਵਰ' ਵਿਚ ਅਨਿਲ ਕਪੂਰ ਅਜਿਹੇ ਕਿਰਦਾਰ ਹਨ, ਜਿਨ੍ਹਾਂ ਦੀਆਂ ਮਾਨਸਿਕ ਸਮੱਸਿਆਵਾਂ ਨੂੰ ਵਿਸਥਾਰ ਨਾਲ ਪੇਸ਼ ਕੀਤਾ ਗਿਆ ਹੈ। ਹੁਣ ਤਾਂ ਫਿਲਮਕਾਰ ਇਸ ਦਿਸ਼ਾ ਵਿਚ ਕਾਫੀ ਖੋਜ ਕਰਨ ਲੱਗੇ ਹਨ। ਹਾਲੀਵੁਡ 'ਚ ਵੀ ਬੀਤੇ ਕੁਝ ਸਾਲਾਂ ਦੌਰਾਨ ਮਾਨਸਿਕ ਅਤੇ ਸਰੀਰਕ ਅਪੰਗਤਾ 'ਤੇ 'ਰੇਨ ਮੈਨ', 'ਆਈ. ਐਮ. ਸੈਮ', 'ਏ ਬਿਊਟੀਫੁਲ ਮਾਈਂਡ' ਅਤੇ 'ਦਾ ਐਵੀਏਟਰ' ਵਰਗੀਆਂ ਫਿਲਮਾਂ ਬਣੀਆਂ ਹਨ। ਸੁਮਿੱਤਰਾ ਭਾਵੇ ਅਤੇ ਸੁਨੀਲ ਮੁਖਤਾਂਕਰ ਨੇ ਮਰਾਠੀ ਵਿਚ ਇਸੇ ਵਿਸ਼ੇ 'ਤੇ ਬੇਹੱਦ ਸੰਵੇਦਨਸ਼ੀਲ ਫਿਲਮ 'ਦੇਵਰਾਇ' ਬਣਾਈ ਹੈ। ਫਿਲਮ ਵਿਚ ਇਕ ਜੰਗਲ ਦੇ ਪਵਿੱਤਰ ਕੁੰਜ ਨੂੰ ਆਧੁਨਿਕ ਅਰਾਜਕ ਦੁਨੀਆਂ ਦੇ ਸਾਹਮਣੇ ਇਕ ਰੂਪਕ ਦੀ ਤਰ੍ਹਾਂ ਪੇਸ਼ ਕੀਤਾ ਗਿਆ ਹੈ, ਜਿਥੇ ਕੁਦਰਤ ਦੇ ਵੱਖ-ਵੱਖ ਰੂਪ ਸਿਮਟੇ ਹੋਏ ਹਨ। ਫਿਲਮ ਇਹ ਸੰਦੇਸ਼ ਦਿੰਦੀ ਹੈ ਕਿ ਸਾਨੂੰ ਵੱਖ-ਵੱਖ ਮਨੋਦਸ਼ਾਵਾਂ ਪ੍ਰਤੀ ਬਿਨਾਂ ਹਕਾਰਤ ਜਤਾਏ, ਉਨ੍ਹਾਂ ਲਈ ਆਪਣੇ ਵਿਚਕਾਰ ਜਗ੍ਹਾ ਬਣਾਉਣੀ ਚਾਹੀਦੀ ਹੈ। ਬਿਮਲ ਰਾਏ ਅਤੇ ਵੀ. ਸ਼ਾਂਤਰਾਮ ਵਰਗੇ ਨਿਰਦੇਸ਼ਕਾਂ ਨੇ 'ਸੁਜਾਤਾ' ਅਤੇ 'ਦੋ ਆਂਖੇ ਬਾਰਾਂ ਹਾਥ' ਵਰਗੀਆਂ ਪ੍ਰੇਰਨਾਦਾਇਕ ਫਿਲਮਾਂ ਬਣਾਈਆਂ ਸਨ। ਗੂੰਗੀ-ਬੋਲੀ ਲੜਕੀ ਅਤੇ ਅਲਜ਼ਾਈਮਰ ਤੋਂ ਪੀੜਤ ਬੁੱਢੇ ਸਿੱਖਿਅਕ 'ਤੇ ਕੇਂਦਰਿਤ ਸੰਜੇ ਲੀਲਾ ਭੰਸਾਲੀ ਦੀ 'ਬਲੈਕ' ਹਾਸ਼ੀਏ 'ਤੇ ਜਾ ਪਹੁੰਚੇ ਲੋਕਾਂ ਨੂੰ ਰੌਸ਼ਨੀ ਵਿਚ ਲਿਆਉਂਦੀ ਹੈ। ਇਥੇ 'ਇਕਬਾਲ' ਨੂੰ ਕਿਵੇਂ ਭੁੱਲਿਆ ਜਾ ਸਕਦਾ ਹੈ, ਜਿਸ ਵਿਚ ਇਕ ਅਪੰਗ ਲੜਕਾ ਆਪਣੀ ਰਾਹ ਖ਼ੁਦ ਬਣਾਉਂਦਾ ਹੈ। ਹੌਲੀ-ਹੌਲੀ ਹੀ ਸਹੀ, ਪਰ ਹਿੰਦੀ ਸਿਨੇਮਾ ਵੀ ਦਰਸ਼ਕਾਂ ਵਿਚ ਸੰਵੇਦਨਸ਼ੀਲਤਾ ਦਾ ਬੀਜ ਬੋ ਰਿਹਾ ਹੈ।



*-ਭਾਵਨਾ ਸੋਮਾਇਆ*

# ਹਾਲੇ ਵੀ ਸਿੱਖ ਰਹੀ ਏ ਕੈਟ

ਕੈਟਰੀਨਾ ਕੈਫ ਬੇਸ਼ੱਕ ਹੁਣ ਬਾਲੀਵੁੱਡ ਦੀਆਂ ਸਭ ਤੋਂ ਸਫਲ ਅਭਿਨੇਤਰੀਆਂ 'ਚੋਂ ਇਕ ਹੈ ਪਰ ਉਸ ਦੀ ਮਾਂ ਨੇ ਕਦੇ ਨਹੀਂ ਸੋਚਿਆ ਸੀ ਕਿ ਉਸਦੀ ਬੇਟੀ ਕਿਸੇ ਦਿਨ ਹੀਰੋਇਨ ਬਣੇਗੀ ਸਗੋਂ ਉਹ ਤਾਂ ਸੋਚਦੀ ਰਹੀ ਕਿ ਉਹ ਡਾਕਟਰ ਜਾਂ ਇੰਜੀਨੀਅਰ ਬਣ ਸਕਦੀ ਹੈ। ਅਜੇ ਵੀ ਕੈਟਰੀਨਾ ਦੀ ਮੰਮੀ ਨੂੰ ਵਿਸ਼ਵਾਸ ਨਹੀਂ ਹੁੰਦਾ ਕਿ ਉਨ੍ਹਾਂ ਦੀ ਲਾਡਲੀ ਬੇਟੀ ਬਾਲੀਵੁੱਡ ਦੀ ਵੱਡੀ ਹੀਰੋਇਨ ਬਣ ਚੁੱਕੀ ਹੈ। ਇਸ ਬਾਰੇ ਕੈਟਰੀਨਾ ਨੇ ਕਿਹਾ, ''ਹਾਂ, ਇਹ ਸੱਚ ਹੈ ਅਤੇ ਮੇਰੀ ਮਾਂ ਨੂੰ ਅੱਜ ਵੀ ਮੇਰੇ ਐਕਟ੍ਰੈਸ ਹੋਣ 'ਤੇ ਹੈਰਾਨਗੀ ਹੁੰਦੀ ਹੈ। ਇਸ ਦਾ ਇਕ ਕਾਰਨ ਇਹ ਹੈ ਕਿ ਬਚਪਨ ਤੋਂ ਮੈਂ ਕਾਫੀ ਸ਼ਰਮੀਲੀ ਹੋਇਆ ਕਰਦੀ ਸੀ ਅਤੇ ਪੂਰੀ ਤਰ੍ਹਾਂ ਕਿਤਾਬਾਂ 'ਚ ਡੁੱਬੀ ਰਹਿਣ ਵਾਲੀ, ਹਰ ਵਿਸ਼ੇ 'ਚ ਪੂਰੇ ਨੰਬਰ ਲੈਣ ਵਾਲੀ ਬੱਚੀ ਸੀ। ਮੇਰੀ ਮਾਂ ਨੂੰ ਹਮੇਸ਼ਾ ਇਹੀ ਲਗਦਾ ਸੀ ਕਿ ਮੈਂ ਡਾਕਟਰ ਜਾਂ ਇੰਜੀਨੀਅਰ ਹੀ ਬਣਾਂਗੀ। ਗਲੈਮਰ ਬਿਜ਼ਨੈਸ 'ਚ ਮੇਰੇ ਆਉਣ ਦਾ ਤਾਂ ਉਹ ਸੋਚ ਵੀ ਨਹੀਂ ਸਕਦੀ ਸੀ।''

ਬਾਲੀਵੁੱਡ 'ਚ ਪੂਰੀ ਤਰ੍ਹਾਂ ਕਦਮ ਟਿਕਾ ਚੁੱਕੀ ਕੈਟਰੀਨਾ ਦਾ ਮੰਨਣਾ ਹੈ ਕਿ ਉਹ ਅੱਜ ਵੀ ਇਥੇ ਸਿੱਖ ਰਹੀ ਹੈ। ਕੈਟਰੀਨਾ ਦੇ ਹੱਥ 'ਚ ਕਈ ਫਿਲਮਾਂ ਹਨ, ਜਿਨ੍ਹਾਂ 'ਚੋਂ ਇਕ 'ਜ਼ਿੰਦਗੀ ਨਾ ਮਿਲੇਗੀ ਦੁਬਾਰਾ' ਦੀ ਸ਼ੂਟਿੰਗ ਦੇ ਸਿਲਸਿਲੇ 'ਚ ਉਹ ਇਕ ਮਹੀਨੇ ਤੋਂ ਰਿਤਿਕ ਰੌਸ਼ਨ ਦੇ ਨਾਲ ਸਪੇਨ 'ਚ ਹੈ।

ਬੇਹੱਦ ਹੱਸਮੁਖ ਸੁਭਾਅ ਵਾਲੀ ਕੈਟਰੀਨਾ ਦੀ ਉਥੇ ਰਿਤਿਕ ਦੇ ਸਾਰੇ ਪਰਿਵਾਰ ਨਾਲ ਗਹਿਰੀ ਦੋਸਤੀ ਵੀ ਹੋ ਚੁੱਕੀ ਹੈ।



# ਮੁਨਮੁਨ ਸੇਨ ਦਾ ਵੀ ਸੀ ਜ਼ਮਾਨਾ

ਉਂਜ ਤਾਂ ਫਿਲਮ ਨਗਰੀ 'ਚ ਗਲੈਮਰ ਹੀਰੋਇਨਾਂ ਦਾ ਦਬਦਬਾ ਸ਼ੁਰੂ ਤੋਂ ਹੀ ਰਿਹਾ ਹੈ ਪਰ ਕੁਝ ਅਜਿਹੀਆਂ ਵੀ ਹੀਰੋਇਨਾਂ ਨੇ ਫਿਲਮ ਨਗਰੀ 'ਚ ਦਸਤਕ ਦਿੱਤੀ ਸੀ, ਜਿਨ੍ਹਾਂ ਦਾ ਨਾਂ ਅੱਜ ਵੀ ਐਕਟਿੰਗ ਕਰਕੇ ਨਹੀਂ ਸਗੋਂ ਗਲੈਮਰ ਅਤੇ ਐਕਸਪੋਜ਼ ਕਰਕੇ ਜਾਣਿਆ ਜਾਂਦਾ ਹੈ। ਬੰਗਾਲੀ ਅਭਿਨੇਤਰੀ ਮੁਨਮੁਨ ਸੇਨ ਉਨ੍ਹਾਂ ਅਭਿਨੇਤਰੀਆਂ 'ਚੋਂ ਇਕ ਹੈ, ਜੋ ਆਪਣੇ ਜ਼ਮਾਨੇ ਦੀਆਂ ਹਾਟ ਅਭਿਨੇਤਰੀਆਂ ਮੰਨੀਆਂ ਜਾਂਦੀਆਂ ਸਨ।



ਮੁਨਮੁਨ ਨੇ ਆਪਣੇ ਫਿਲਮੀ ਅਤੇ ਟੈਲੀਵਿਜ਼ਨ ਕੈਰੀਅਰ ਦੀ ਸ਼ੁਰੂਆਤ ਵਿਆਹ ਅਤੇ ਮਾਂ ਬਣਨ ਤੋਂ ਬਾਅਦ ਕੀਤੀ ਸੀ। ਵਿਆਹ ਜਲਦੀ ਹੋਣ ਕਰਕੇ ਮੁਨਮੁਨ ਸੇਨ ਛੇਤੀ ਹੀ 2 ਬੇਟੀਆਂ ਰਾਈਮਾ ਅਤੇ ਰੀਆ ਦੀ ਮਾਂ ਬਣ ਗਈ। 2 ਬੇਟੀਆਂ ਦੀ ਮਾਂ ਬਣਨ ਕਰਕੇ ਉਸ ਦਾ ਆਪਣੀ ਕੈਰੀਅਰ ਹਾਸ਼ੀਏ 'ਤੇ ਦਿਖ ਰਿਹਾ ਸੀ। ਉਂਜ ਜੇਕਰ ਮੁਨਮੁਨ ਘੱਟ ਉਮਰ 'ਚ ਵਿਆਹ ਨਾ ਕਰਵਾਉਂਦੀ ਤਾਂ ਸ਼ਾਇਦ ਉਸਦਾ ਕੈਰੀਅਰ ਕਾਫੀ ਅੱਗੇ ਵਧਦਾ ਪਰ ਵਿਆਹ ਤੋਂ ਬਾਅਦ ਕੋਈ ਭਾਵੇਂ ਜਿੰਨੀ ਮਰਜ਼ੀ ਕਹੇ ਕਿ ਉਹ ਬੱਚਿਆਂ ਲਈ ਕੋਈ ਕਾਹਲੀ ਨਹੀਂ ਕਰਨਗੇ ਅਤੇ ਕੈਰੀਅਰ ਵਲ ਹੀ ਧਿਆਨ ਦੇਣਗੇ, ਇਸ ਤਰ੍ਹਾਂ ਘੱਟ ਹੀ ਹੁੰਦਾ ਹੈ। ਵਿਆਹ ਤੋਂ ਬਾਅਦ ਪਤੀ ਜਾਂ ਪਤਨੀ 'ਚੋਂ ਕਿਸੇ ਇਕ ਨੂੰ ਆਪਣੇ ਕੈਰੀਅਰ ਨੂੰ ਥੋੜ੍ਹਾ ਨਜ਼ਰਅੰਦਾਜ਼ ਕਰਨਾ ਪੈਂਦਾ ਹੈ, ਇਸ ਲਈ ਮੁਨਮੁਨ ਨੇ ਆਪਣੇ ਕੈਰੀਅਰ ਨੂੰ ਹਾਸ਼ੀਏ 'ਤੇ ਰੱਖ ਦਿੱਤਾ।

ਮੁਨਮੁਨ ਦੇ ਪਤੀ ਸ਼ਾਹੀ ਪਰਿਵਾਰ ਨਾਲ ਸੰਬੰਧ ਰੱਖਦੇ ਸਨ ਕਿਉਂਕਿ ਉਨ੍ਹਾਂ ਦੀ ਮਾਂ ਈਲਾ ਦੇਵੀ ਪੱਛਮੀ ਬੰਗਾਲ ਦੇ ਕੂਚ ਬਿਹਾਰ ਦੀ ਮਹਾਰਾਣੀ ਸੀ ਅਤੇ ਮਹਾਰਾਣੀ ਗਾਇਤਰੀ ਦੇਵੀ ਉਨ੍ਹਾਂ ਦੀ ਛੋਟੀ ਭੈਣ ਸੀ। ਮੁਨਮੁਨ ਸੇਨ ਖ਼ੁਦ ਵੀ ਬਹੁਤ ਧਨਾਢ ਪਰਿਵਾਰ ਨਾਲ ਸੰਬੰਧ ਰੱਖਦੀ ਸੀ। ਮੁਨਮੁਨ ਸੇਨ ਦੀ ਮਾਂ ਸੁਚਿੱਤਰਾ ਸੇਨ ਆਪਣੇ ਜ਼ਮਾਨੇ ਦੀ ਵੱਡੀ ਹੀਰੋਇਨ ਸੀ। ਇਸ ਲਈ ਕਿਹਾ ਜਾਂਦਾ ਹੈ ਕਿ ਮੁਨਮੁਨ ਦੀਆਂ ਤਿੰਨ ਪੀੜ੍ਹੀਆਂ ਦਾ ਸੰਬੰਧ ਅਭਿਨੈ ਦੀ ਦੁਨੀਆਂ ਨਾਲ ਹੈ।

ਮੁਨਮੁਨ ਨੇ ਸਕੂਲੀ ਪੜ੍ਹਾਈ ਦਾਰਜੀਲਿੰਗ ਅਤੇ ਕੋਲਕਾਤਾ ਤੋਂ ਕੀਤੀ। ਉਸਨੇ ਬਾਅਦ 'ਚ ਲੋਰੇਟੋ ਕਾਲਜ ਤੋਂ ਗਰੈਜੂਏਸ਼ਨ ਕਰਨ ਤੋਂ ਬਾਅਦ ਲਿਟਰੇਚਰ 'ਚ ਪੋਸਟ ਗਰੈਜੂਏਸ਼ਨ ਕੋਲਕਾਤਾ ਤੋਂ ਕੀਤੀ। ਬਚਪਨ ਤੋਂ ਹੀ ਮੁਨਮੁਨ ਨੂੰ ਪੇਂਟਿੰਗ ਦਾ ਸ਼ੌਂਕ ਸੀ, ਇਸ ਲਈ ਉਸਨੇ ਪ੍ਰਸਿਧ ਪੇਂਟਰ ਜੈਮਿਨੀ ਰਾਏ ਤੋਂ ਪੇਂਟਿੰਗ ਵੀ ਸਿੱਖੀ।

ਬੰਗਾਲੀ, ਹਿੰਦੀ, ਮਰਾਠੀ, ਤਮਿਲ ਅਤੇ ਮਲਿਆਲਮ ਜਿਹੀਆਂ ਕਈ ਭਾਸ਼ਾਵਾਂ 'ਚ ਅਭਿਨੈ ਕਰ ਚੁੱਕੀ ਮੁਨਮੁਨ ਨੇ ਫਿਲਮ 'ਅੰਦਰ-ਬਾਹਰ' ਤੋਂ ਆਪਣੇ ਕੈਰੀਅਰ ਦੀ ਸ਼ੁਰੂਆਤ ਕੀਤੀ ਅਤੇ ਫਿਲਮ 'ਚ ਬੋਲਡ ਰੋਲ ਕਰਕੇ ਉਹ ਵਿਵਾਦਾਂ 'ਚ ਘਿਰ ਗਈ। ਮੁਨਮੁਨ ਨੇ ਇਸ ਤੋਂ ਬਾਅਦ 'ਜ਼ੇਲ੍ਹਖਾਨਾ', 'ਜਾਸੂਸੀ' ਆਦਿ ਫਿਲਮਾਂ 'ਚ ਆਪਣੇ ਅਭਿਨੈ ਦੇ ਜਲਵੇ ਦਿਖਾਏ। 1994 'ਚ ਰਿਲੀਜ਼ ਫਿਲਮ 'ਜ਼ਖ਼ਮੀ ਦਿਲ' ਤੋਂ ਬਾਅਦ 2003 ਤਕ ਮੁਨਮੁਨ ਸੇਨ ਨੇ ਕਿਸੇ ਫਿਲਮ 'ਚ ਕੰਮ ਨਹੀਂ ਕੀਤਾ ਪਰ 2003 'ਚ ਆਈ ਥ੍ਰਿਲਰ ਫਿਲਮ 'ਕੁਛ ਤੋ ਹੈ' 'ਚ ਉਹ ਜ਼ਰੂਰ ਨਜ਼ਰ ਆਈ। ਇਹ ਫਿਲਮ ਫਲਾਪ ਰਹੀ ਅਤੇ ਉਸਦੇ ਨਾਲ ਮੁਨਮੁਨ ਇਕ ਵਾਰ ਫਿਰ ਪਿਛੋਕੜ 'ਚ ਚਲੀ ਗਈ। ਭਾਵੇਂ ਮੁਨਮੁਨ ਦੀਆਂ ਬੇਟੀਆਂ ਰਾਈਮਾ ਅਤੇ ਰੀਆ ਫਿਲਮ ਨਗਰੀ 'ਚ ਸਰਗਰਮ ਹਨ। ਰਾਈਮਾ ਜਿਥੇ ਲੀਕ ਤੋਂ ਹਟ ਕੇ ਅਭਿਨੈ ਕਰਨ ਸਦਕਾ ਕਾਫੀ ਚਰਚਾ ਖੱਟ ਰਹੀ ਹੈ, ਉਥੇ ਰੀਆ ਆਪਣੀ ਮਾਂ ਤੇ ਨਕਸ਼ੇ ਕਦਮਾਂ 'ਤੇ ਚਲ ਕੇ ਖ਼ੁਦ ਨੂੰ ਗਲੈਮਰ ਗਰਲ ਦੇ ਰੂਪ 'ਚ ਸਥਾਪਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਪਰ ਸਫਲਤਾ ਅਜੇ ਉਸ ਤੋਂ ਕੋਹਾਂ ਦੂਰ ਹੈ।

*-ਐਸ. ਕੇ. ਝਾਅ*

## ਆਪਣੀ ਸਥਿਤੀ ਤੋਂ ਖੁਸ਼ ਅਜੈ

ਬਾਲੀਵੁੱਡ 'ਚ ਅਜੇ ਦੇਵਗਨ ਤਿੰਨਾਂ ਖ਼ਾਨਾਂ ਤੋਂ ਇਲਾਵਾ ਉਨ੍ਹਾਂ ਕੁਝ ਚੁਣੇ ਹੋਏ ਸਟਾਰਾਂ 'ਚੋਂ ਇਕ ਹਨ, ਜੋ ਪਿਛਲੇ 20 ਸਾਲਾਂ ਤੋਂ ਲੀਡ ਹੀਰੋ ਬਣੇ ਹੋਏ ਹਨ ਪਰ ਦੇਵਗਨ ਦਾ ਕਹਿਣਾ ਹੈ ਕਿ ਉਹ ਸਿਖਰਲੇ ਪੰਜ ਸਟਾਰਾਂ ਦੀ ਦੌੜ 'ਚ ਕਦੇ ਵੀ ਸ਼ਾਮਲ ਨਹੀਂ ਹੋਏ। ਅਜੇ ਦਾ ਕਹਿਣਾ ਹੈ ਕਿ ਟੌਪ ਫਾਈਵ ਦਾ ਸਥਾਨ ਲੋਕਾਂ ਦੇ ਮੂਡ ਅਨੁਸਾਰ ਬਦਲਦਾ ਰਹਿੰਦਾ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਕਲਾਕਾਰ ਨੂੰ ਸਭ ਤਰ੍ਹਾਂ ਦੀਆਂ ਭੂਮਿਕਾਵਾਂ ਕਰਨ ਦੇ ਲਈ ਤਿਆਰ ਰਹਿਣਾ ਚਾਹੀਦਾ ਹੈ।

ਸ਼ਾਇਦ ਕਿਸੇ ਰੇਸ 'ਚ ਸ਼ਾਮਲ ਨਾ ਹੋਣ ਦੀ ਵਜ੍ਹਾ ਤੋਂ ਹੀ ਦੋ ਵਾਰ ਬੈਸਟ ਐਕਟਰ ਦਾ ਨੈਸ਼ਨਲ ਐਵਾਰਡ ਪਾਉਣ ਵਾਲੇ ਅਜੇ ਕਿਸੇ ਨਾਲ ਵੀ ਆਪਣੀ ਤੁਲਨਾ ਕਰਨੀ ਅਤੇ ਕਰਵਾਉਣੀ ਨਹੀਂ ਚਾਹੁੰਦੇ। ਅਜੇ ਦੇਵਗਨ ਕਾਮੇਡੀ ਫਿਲਮ 'ਅਤਿਥੀ ਤੁਮ ਕਬ ਜਾਓਗੇ' ਤੋਂ ਬਾਅਦ ਪ੍ਰਕਾਸ਼ ਝਾਅ ਦੇ ਰਾਜਨੀਤਕ ਡਰਾਮਾ 'ਰਾਜਨੀਤੀ' 'ਚ ਨਜ਼ਰ ਆਏ। ਹੁਣ ਉਨ੍ਹਾਂ ਦੀ ਨਵੀਂ ਫਿਲਮ 'ਵਨਸ ਅਪੌਨ ਏ ਟਾਈਮ ਇਨ ਮੁੰਬਈ' ਪਿਛਲੇ ਹਫਤੇ ਰਿਲੀਜ਼ ਹੋਈ ਹੈ, ਜਦੋਂਕਿ ਸਾਲ ਦੇ ਅੰਤ ਤੱਕ ਉਹ ਐਕਸ਼ਨ ਥ੍ਰਿਲਰ 'ਆਕ੍ਰੋਸ਼', ਕਾਮੇਡੀ ਫਿਲਮ 'ਗੋਲਮਾਲ-3' ਅਤੇ ਐਨੀਮੇਸ਼ਨ ਫਿਲਮ 'ਟੂਨਪੁਰ ਕਾ ਸੁਪਰ ਹੀਰੋ' 'ਚ ਨਜ਼ਰ ਆਉਣਗੇ। ਅਜੇ ਦਾ ਕਹਿਣਾ ਹੈ ਕਿ ਫਿਲਮ ਨਗਰੀ 'ਚ ਉਹ ਆਪਣੀ ਸਥਿਤੀ ਤੋਂ ਖੁਸ਼ ਹਨ।

# ਨਿੱਕੀ ਉਮਰੇ ਹੀ ਦੁੱਖਾਂ ਨੇ ਘੇਰ ਲਈ ਮੀਨਾ ਕੁਮਾਰੀ

ਹਿੰਦੀ ਫਿਲਮਾਂ ਦੇ ਇਤਿਹਾਸ ਵਿਚ ਸਭ ਤੋਂ ਵਧ ਯਾਦਗਾਰੀ ਫਿਲਮਾਂ ਕਰਨ ਅਤੇ ਸਭ ਤੋਂ ਵਧ ਯਾਦ ਕੀਤੀ ਜਾਣ ਵਾਲੀ ਅਭਿਨੇਤਰੀ ਦਾ ਨਾਂ ਹੈ ਮੀਨਾ ਕੁਮਾਰੀ। ਉਹ ਹੁਸੀਨ ਵੀ ਸੀ ਤੇ ਅਦਾਕਾਰੀ ਨਾਲ ਮਾਲਾਮਾਲ ਵੀ। ਉਸ ਦਾ ਹਰ ਅੰਦਾਜ਼ ਦਰਸ਼ਕਾਂ ਦੇ ਦਿਲ ਲੁੱਟ ਲੈਂਦਾ ਸੀ। ਉਸ ਦੀ ਅਦਾਕਾਰੀ ਦੇ ਦੀਵਾਨਿਆਂ ਵਲੋਂ ਉਸ ਦੀ ਹਰ ਫਿਲਮ ਨੂੰ ਖਿੜੇ ਮੱਥੇ ਕਬੂਲਿਆ ਜਾਂਦਾ ਸੀ ਅਤੇ ਫਿਲਮ ਆਲੋਚਕਾਂ ਕੋਲ ਵੀ ਉਸ ਦੀ ਭਰਪੂਰ ਪ੍ਰਸ਼ੰਸਾ ਕਰਨ ਤੋਂ ਇਲਾਵਾ ਹੋਰ ਕੁਝ ਵੀ ਕਹਿਣ ਲਈ ਨਹੀਂ ਸੀ ਹੁੰਦਾ।



ਮੀਨਾ ਕੁਮਾਰੀ ਆਪਣੇ ਪਿਤਾ ਅਲੀ ਬਖ਼ਸ਼ ਦੀ ਲਾਡਲੀ ਧੀ ਸੀ ਅਤੇ ਉਸ ਦਾ ਅਸਲ ਨਾਂ 'ਮਹਿਜ਼ਬੀ' ਸੀ। ਸੰਨ 1939 ਵਿਚ ਜਨਮੀ ਮੀਨਾ ਕੁਮਾਰੀ ਨੂੰ ਅੱਜ ਤੱਕ ਲੋਕ 'ਟ੍ਰੈਜ਼ਿਡੀ ਕੁਈਨ' ਦੇ ਨਾਂ ਨਾਲ ਯਾਦ ਕਰਦੇ ਹਨ। ਪਰ ਬਹੁਤ ਘੱਟ ਲੋਕ ਜਾਣਦੇ ਹਨ ਕਿ 'ਟ੍ਰੈਜ਼ਿਡੀ' ਭਾਵ ਦੁਖਾਂਤਮਈ ਘਟਨਾਵਾਂ ਨਾਲ ਉਸ ਦਾ ਵਾਹ ਨਿੱਕੀ ਉਮਰੇ ਹੀ ਪੈ ਗਿਆ ਸੀ।

ਤੇਰਾਂ ਸਾਲ ਦੀ ਉਮਰ ਵਿਚ ਉਸ ਨੇ ਬਤੌਰ ਸਹਿ-ਨਾਇਕਾ ਕੰਮ ਕਰਨਾ ਸ਼ੁਰੂ ਕਰ ਦਿੱਤਾ। ਇਸ ਭੂਮਿਕਾ ਵਿਚ ਉਸ ਨੇ ਲਗਭਗ ਅੱਧੀ ਦਰਜਨ ਦੇ ਕਰੀਬ ਫਿਲਮਾਂ ਵਿਚ ਕੰਮ ਕੀਤਾ, ਜਿਨ੍ਹਾਂ ਵਿਚੋਂ 'ਸਨਮ', 'ਮਗਰੂਰ', 'ਬਿਛੜੇ ਬਾਲਮ' ਅਤੇ 'ਪੀਆ ਘਰ ਆ ਜਾ' ਆਦਿ ਦੇ ਨਾਂ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹਨ। ਸੰਨ 1952 ਵਿਚ ਨਿਰਦੇਸ਼ਕ ਕਮਾਲ ਅਮਰੋਹੀ ਨਾਲ ਵਿਆਹ ਤਾਂ ਉਸ ਦਾ ਪਿਆਰ ਦੀਆਂ ਨੀਹਾਂ 'ਤੇ ਉਸਰਿਆ ਸੀ ਪਰ ਸੰਨ 1961 ਵਿਚ ਪਿਆਰ ਦੀ ਇਸ ਇਮਾਰਤ ਵਿਚ ਦਰਾੜਾਂ ਆ ਗਈਆਂ ਤੇ ਦੋਹਾਂ ਦੇ ਰਸਤੇ ਅੱਡੋ-ਅੱਡ ਹੋ ਗਏ। ਸੰਨ 1964 ਵਿਚ ਉਨ੍ਹਾਂ ਨੇ ਕਾਨੂੰਨੀ ਤਲਾਕ ਲੈ ਲਿਆ। ਇਹ ਮਹਾਨ ਅਦਾਕਾਰਾ ਅਖੀਰ 31 ਮਾਰਚ, 1972 ਨੂੰ ਸਭ ਦੁੱਖਾਂ-ਤਕਲੀਫਾਂ ਤੋਂ ਮੁਕਤ ਹੋ ਗਈ ਤੇ ਮੌਤ ਦੀ ਗੋਦ ਵਿਚ ਜਾ ਸਮਾਈ।

*-ਇੰਦਰਜੀਤ ਜੱਸਲ*



PUNJABI SANGEET GROUP
Bakersfield Ca
ਬੜੇ ਮਾਣ ਨਾਲ ਪੇਸ਼ ਕਰਦੇ ਹਨ
Sarabjit Cheema
Satinder Satti
Feroz Khan
Jassi from Zee TV
Sunday, Sep 19, 2010 @ 7:00 pm
@ PARADISE PALACE
1440 Weedpatch Hwy, Bakersfield CA
EVENT SPONSORS
ਮਹਿੰਦਰ ਸਿੰਘ ਧਾਲੀਵਾਲ - 661.932.3772, ਰੁਪਿੰਦਰ ਸਿੰਘ ਝੱਜ - 661.703.5368
HONORABLE SPONSORS
ਦਲਜੀਤ ਸਿੰਘ ਭੰਗੂ
ਬਲਜਿੰਦਰ ਸਿੰਘ ਸਮਰਾ
ਗੁਰਦੀਪ ਸਿੰਘ
ਦਲਜੀਤ ਸਿੰਘ ਸੰਧੂ
ਮਹਿੰਦਰ ਸਿੰਘ ਢੁੱਡੀਕੇ
ਦੀਪ ਸਿੰਘ ਰਾਏ
ਦਵਿੰਦਰ ਸਿੰਘ ਰਾਣਾ (FBT)
ਗੁਰਮੀਤ ਸਿੰਘ ਗੈਰੀ
ਸਤਨਾਮ ਸਿੰਘ ਮਣਕੂ
ਮੇਜਰ ਸਿੰਘ ਬਰਾੜ
ਮੰਗਲ ਸਿੰਘ ਸਰਪੰਚ
ਤਰਮਿੰਦਰ ਸਿੰਘ
ਬੌਬ ਵਿਰਕ
ਬਲਦੇਵ ਸਿੰਘ ਜੱਸਲ
ਗੁਰਦੇਵ ਸਿੰਘ ਗਰੇਵਾਲ
ਭਜਨ ਸਿੰਘ ਸੰਧੂ
ਮੰਦਰ ਸਿੰਘ ਸਮਰਾ
ਜੋਬਨਜੀਤ ਸਿੰਘ ਬੌਬੀ
ਸੁਖਪਾਲ ਸਿੰਘ


Apna Punjab Association
& Indo American Cultural Org., Bay Area

*Presents*

# ਪੰਜਾਬ ਮੇਲਾ

**August, 28 th, 2010 • 8:00 AM to 7:00 PM**

Calstate University • 25800 Carlos Bee Blvd., Hayward, CA 94542



**ਕਬੱਡੀ ਓਪਨ** **ਅੰਡਰ 21 ਅਤੇ ਵਾਲੀਬਾਲ**

Singer **Sarabjit Cheema**

And **Local Artists**

## Gadar Movement Exibition & Bhangra/Gidha Competition

Free Food (Langar) sponsored by our sponsors - ਛੋਲੇ ਭਠੂਰੇ, ਗਰਮਾ ਗਰਮ ਜਲੇਬੀਆਂ ਅਤੇ ਹੋਰ ਬਹੁਤ ਕੁਝ

*Guest Singer* *Stage*



Manki



Asha Sharma

### Punjab Mela Executive Commitee

Kashmir Singh Dhugga (Chairman) 510-816-9044
Manjit Gill (Vice Chairman) 510-415-2368
Jaswant Sra (President) 510-715-9017
Avtar Singh Tari (President) 510-750-5152
Santokh S. Takhar (Vice President) 510-755-3607
Darshan Aujla (Secretary) 510-750-6116
Mehnga S. Sarpanch (Secretary) 510-755-0767
Manjit Singh Virk (Treasurer) 510-676-8992
Dr. Harbhajan Phull 510-206-6808
Kanwaljit Atwal 510-750- 4303
Rajwinder S Ablowal- 510-755-0989
Ranbir Gill 510-258-6348 & Surjit Sandhu

### Event Contact

(Kabaddi) Darshan Aujla 510-750-6116 or Jaswant Sra 510-715-9017, (Volley Ball) Santokh Takhar 510-755-3607, (Bhangra/Gidha) Kashmir Dhuga 510-816-9044 or Manjeet Virk 510-676-8992

### Sponsors:

Gill Financial & Insurance Services
Kash Fabrics
Four Way Trucking
Fairway Auto Body Shop
R.D. Express
S.S. Trucking
Jeet Bazar
Mountain Mike Pizza
Kulwant Nijjar
Global Hawk Insurance

Lots of family activities, booths, food, entertainment and shopping, bhangra, gidha, international & local singers, exibitions of gadar movement, kooka movement, namdhari movement, sikh history&freedom fighters.

**ਇਨ੍ਹਾਂ ਖੇਡ ਮੁਕਾਬਲਿਆਂ ਨੂੰ ਵੇਖਣ ਲਈ ਸਮੂਹ ਭਾਈਚਾਰੇ ਨੂੰ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ ਜੀ।**

**For Sponsorship & Booths contact Manjit Gill, Ph:510-415-2368**

Our Web Site:
www.apnapunjabusa.com

ਖ਼ੁਸ਼ਖਬਰੀ!

ਹਰ ਕੋਈ ਆਪਣੇ 'ਤੇ ਮਾਣ ਕਰਦਾ ਆਇਆ ਜੋ ਵੀ ਇਸ ਜਹਾਨ ਅੰਦਰ।
ਹਿੱਕਾਂ ਚੌੜੀਆਂ ਕਰਕੇ ਤੁਰਨ ਵਾਲੇ, ਪਰਖੇ ਸਦਾ ਹੀ ਜਾਂਦੇ ਮੈਦਾਨ ਅੰਦਰ।

ਖ਼ੁਸ਼ਖਬਰੀ!

# ਯੁਨਾਈਟਿਡ ਸਪੋਰਟਸ ਕਲੱਬ ਦੀ ਪੇਸ਼ਕਸ਼ 'ਕਬੱਡੀ ਕੱਪ-2010'

## 25 ਸਤੰਬਰ, 2010

(ਦਿਨ ਸਨਿਚਰਵਾਰ)
ਸਵੇਰੇ 9 ਤੋਂ ਸ਼ਾਮ 6 ਵਜੇ ਤੱਕ

**ਸਥਾਨ** 25800 Carlos Bee Blvd, Hayward, CA-94542 (Cal State Hayward)



ਨੋਟ:ਕਬੱਡੀ ਪ੍ਰੇਮੀਆਂ ਦੀ ਮੰਗ ਨੂੰ ਮੁੱਖ ਰੱਖਦਿਆਂ ਇਸ ਵਾਰ ਸਾਰੀਆਂ ਟੀਮਾਂ ਵਿਚ 5-5 ਖਿਡਾਰੀ ਦੁਨੀਆਂ ਦੇ ਕਿਸੇ ਵੀ ਕੋਨੇ (ਅਮਰੀਕਾ ਤੋਂ ਬਾਹਰੋਂ) ਸ਼ਾਮਲ ਕੀਤੇ ਜਾਣਗੇ।

ਇਸ ਟੂਰਨਾਮੈਂਟ ਵਿਚ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਨੂੰ ਪੂਰਾ ਸਨਮਾਨ ਦਿੱਤਾ ਜਾਏਗਾ।

### ਹੋਰ ਜਾਣਕਾਰੀ ਲਈ ਕਾਲ ਕਰੋ:

ਚੇਅਰਮੈਨ
ਸ. ਅਮੋਲਕ ਸਿੰਘ ਗਾਖਲ
831-247-4637

ਪ੍ਰਧਾਨ
ਸ. ਬਲਬੀਰ ਸਿੰਘ ਭਾਟੀਆ
510-677-6248

ਜਨਰਲ ਸਕੱਤਰ
ਸ. ਗੁਰਦਾਵਰ ਸਿੰਘ ਮਹੇੜੂ
510-468-9381

ਕਬੱਡੀ ਕੋਚ ਯੁਨਾਈਟਿਡ ਕਲੱਬ
ਸ. ਪਰਮਜੀਤ ਸਿੰਘ ਸੰਧੂ
510-491-4573

ਐਗਜ਼ੈਕਟਿਵ ਕਮੇਟੀ ਡਾਇਰੈਕਟਰਜ਼: ਮੱਖਣ ਸਿੰਘ ਬੈਂਸ, ਇਕਬਾਲ ਸਿੰਘ ਗਾਖਲ, ਜੁਗਰਾਜ ਸਿੰਘ ਸਹੋਤਾ, ਪਲਵਿੰਦਰ ਸਿੰਘ ਗਾਖਲ, ਦਲਵਿੰਦਰ ਸਿੰਘ ਪੱਡਾ, ਕੁਲਦੀਪ ਸਿੰਘ ਮਾਨ, ਨਰਿੰਦਰ ਸਿੰਘ ਸਹੋਤਾ

### ਮੁੱਖ ਮਹਿਮਾਨ



ਸ. ਸਰਵਣ ਸਿੰਘ ਬੱਲ


### ਵਿਸ਼ੇਸ਼ ਮਹਿਮਾਨ



ਸ. ਸੁਰਿੰਦਰ ਸਿੰਘ ਸੋਢੀ



ਸ. ਕਸ਼ਮੀਰ ਸਿੰਘ ਸਹੋਤਾ



ਸ. ਸੋਹਣ ਸਿੰਘ



ਸ. ਬਿੱਕਰ ਸਿੰਘ

ਪਹਿਲਾ ਇਨਾਮ ਸ. ਨਰਿੰਦਰ ਸਿੰਘ ਸਹੋਤਾ ਅਤੇ ਸ. ਜੁਗਰਾਜ ਸਿੰਘ ਸਹੋਤਾ ਵਲੋਂ ਆਪਣੇ ਪਿਤਾ ਸਵਰਗੀ ਕਸ਼ਮੀਰ ਸਿੰਘ ਸਹੋਤਾ (ਬੜਾ ਪਿੰਡ) ਦੀ ਯਾਦ 'ਚ 7500 ਡਾਲਰ ਦਾ ਹੋਵੇਗਾ।

ਦੂਜਾ ਇਨਾਮ ਸ. ਕੁਲਦੀਪ ਸਿੰਘ ਬੂਟਾ ਅਤੇ ਸ. ਜੋਗਿੰਦਰ ਸਿੰਘ ਸਾਬਕਾ ਚੇਅਰਮੈਨ ਬਲਾਕ ਸਮਿਤੀ (ਕਪੂਰਥਲਾ) ਵਲੋਂ ਆਪਣੇ ਪਿਤਾ ਸਵਰਗੀ ਸੋਹਣ ਸਿੰਘ ਸਿੱਧਵਾਂ ਦੋਨਾ ਦੀ ਨਿੱਘੀ ਯਾਦ ਵਿਚ 5500 ਡਾਲਰ ਦਾ ਹੋਵੇਗਾ।

ਸ. ਕੁਲਦੀਪ ਸਿੰਘ ਧਾਲੀਵਾਲ ਆਪਣੇ ਪਿਤਾ ਸਵਰਗੀ ਬਿੱਕਰ ਸਿੰਘ ਦੀ ਯਾਦ ਵਿਚ 5100 ਡਾਲਰ ਨਾਲ ਕਲੱਬ ਦੀ ਮਾਲੀ ਮਦਦ ਕਰਨਗੇ

### ਵਿਸ਼ੇਸ਼ ਸਨਮਾਨ

ਕਬੱਡੀ ਦੇ ਸਾਬਕਾ ਖਿਡਾਰੀਆਂ ਅਜੀਤ ਸਿੰਘ ਬੱਲ, ਮੇਜਰ ਸਿੰਘ ਬੈਂਸ, ਇਕਬਾਲ ਸਿੰਘ ਮਾਨ, ਮੰਦਰ ਅਤੇ ਪਾਲੀ ਮਹੇ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।

**ਕੁਮੈਂਟੇਟਰ**
ਸੁਰਜੀਤ ਸਿੰਘ ਕਕਰਾਲੀ, ਰਾਜਵਿੰਦਰ ਸਿੰਘ ਰੰਡਿਆਲਾ, ਪ੍ਰੋ. ਮੱਖਣ ਸਿੰਘ, ਬੀਬੀ ਆਸ਼ਾ ਸ਼ਰਮਾ

**ਮੀਡੀਆ ਸਪਾਂਸਰ**
ਪੰਜਾਬ ਟਾਈਮਜ਼ ਅਤੇ ਰੇਡੀਓ ਗੀਤ-ਸੰਗੀਤ

**ਵੀਡੀਓ ਤੇ ਫੋਟੋਗ੍ਰਾਫੀ**
ਲੌਂਗਮੈਨ ਸਟੂਡੀਓ ਤੇ ਰਾਮਾ ਵੀਡੀਓ, ਫਰੀਮਾਂਟ

### ਕਬੱਡੀ ਦੇ ਸਟਾਰ ਪਲੇਅਰ




# ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ

33372 Palomino Com., Fremont, CA 94555, Ph:510-468-9381 or e-mail:2gsmann@gmail.com

ਨੋਟ:ਰਾਜਾ ਸਵੀਟਸ ਵਲੋਂ ਬਹੁਤ ਹੀ ਵਾਜਬ ਕੀਮਤਾਂ ਉਤੇ ਵਧੀਆ ਕੁਆਲਿਟੀ ਦਾ ਸਵਾਦਿਸ਼ਟ ਭੋਜਨ ਉਪਲਬਧ ਹੋਵੇਗਾ।